## ਡਿਸ਼ਵਾਸ਼ਰ ਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਡਿਸ਼ਵਾਸ਼ਰ ਤੇ ਹੈਲਪਰ ਦੀ ਲੋੜ ਹੈ। ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

*51-1*



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

*ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ*

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

120-20 101 Avenue S. Richmond Hill, NY 11419

## WorldWide Travel, Inc



ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ

ਦਿੱਲੀ $895
ਟੈਕਸ ਸਮੇਤ

734 838 9998

Fare shown above is for departure from Jan 15th, 2020 and subject to availability, other conditions apply. Please call for more details



Twentieth Year of Publication | *ਨਿਊ ਯਾਰਕ ਐਡੀਸ਼ਨ* | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 20, Issue 52, December 28, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਹਿੰਦੂਤਵਵਾਦੀਆਂ ਦਾ ਫਿਰਕੂ ਰੱਥ ਡੋਲਿਆ

## ਝਾਰਖੰਡ ਵਿਚ ਫਿਰਕੂ ਲਾਮਬੰਦੀ ਟੋਟੇ-ਟੋਟੇ ਹੋਈ

ਨਵੀਂ ਦਿੱਲੀ: ਭਾਜਪਾ ਦੀਆਂ ਫਿਰਕੂ ਰਣਨੀਤੀਆਂ ਖਿਲਾਫ ਦੇਸ਼ ਵਿਚ ਜਿਸ ਤਰ੍ਹਾਂ ਦੀ ਲਾਮਬੰਦੀ ਹੋ ਰਹੀ ਹੈ, ਝਾਰਖੰਡ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਇਸ ਦੀ ਤਸਵੀਰ ਕਾਫੀ ਹੱਦ ਤੱਕ ਸਾਫ ਕਰ ਦਿੱਤੀ ਹੈ। ਕੇਂਦਰੀ ਅਤੇ ਇਸ ਸੂਬੇ ਵਿਚ ਸੱਤਾਧਾਰੀ ਹੁੰਦਿਆਂ ਵੀ ਭਗਵਾ ਧਿਰ ਨੂੰ ਇਸ ਤਰ੍ਹਾਂ ਦਾ ਝਟਕਾ ਲੱਗਣਾ ਇਹੀ ਇਸ਼ਾਰਾ ਕਰਦਾ ਹੈ ਕਿ ਦੇਸ਼ ਦੀ ਅਵਾਮ ਭਾਜਪਾ ਦੀ ਲੋਕ ਮਸਲਿਆਂ ਦੀ ਥਾਂ ਅੰਨ੍ਹੇ ਰਾਸ਼ਟਰਵਾਦ ਵਾਲੀ ਰਣਨੀਤੀ ਤੋਂ ਮੂੰਹ ਫੇਰਨ ਲੱਗੀ ਹੈ।

ਸੂਬੇ ਵਿਚ ਝਾਰਖੰਡ ਮੁਕਤੀ ਮੋਰਚਾ (ਜੇ.ਐਮ.ਐਮ.) ਦੀ ਅਗਵਾਈ ਵਿਚ ਬਣਿਆ ਜੇ.ਐਮ.ਐਮ-ਕਾਂਗਰਸ-ਆਰ.ਜੇ.ਡੀ. ਗੱਠਜੋੜ 81 ਮੈਂਬਰੀ ਵਿਧਾਨ ਸਭਾ ਵਿਚੋਂ 47 ਸੀਟਾਂ ਜਿੱਤ ਕੇ ਸਰਕਾਰ ਕਾਇਮ ਕਰੇਗਾ; ਜਦਕਿ ਸੱਤਾਧਾਰੀ ਧਿਰ ਭਾਜਪਾ 25 ਸੀਟਾਂ ਉਤੇ ਹੀ ਸਿਮਟ ਗਈ ਹੈ। ਚੋਣਾਂ ਵਿਚ ਭਾਜਪਾ ਦੀ ਅਗਵਾਈ ਕਰ ਰਹੇ ਮੁੱਖ ਮੰਤਰੀ ਰਘੂਬਰ ਦਾਸ ਆਪਣੀ ਸੀਟ ਵੀ ਨਹੀਂ ਬਚਾ ਸਕੇ।

ਭਾਜਪਾ ਦੀ ਇਸ ਦੁਰਗਤੀ ਤੋਂ ਸਿਆਸੀ ਮਾਹਿਰ ਵੀ ਹੈਰਾਨ ਹਨ। ਪਿਛਲੇ ਸਾਲ ਮਾਰਚ ਵਿਚ ਭਾਰਤ ਦਾ ਦੋ-ਤਿਹਾਈ ਨਕਸ਼ਾ ਭਗਵੇ ਰੰਗ ਵਿਚ ਰੰਗਿਆ ਹੋਇਆ ਸੀ। ਫਿਰ ਇਕ-ਇਕ ਕਰ ਭਾਜਪਾ ਇਨ੍ਹਾਂ ਰਾਜਾਂ ਤੋਂ ਹੱਥ ਧੋ ਬੈਠੀ। ਹਾਲ ਹੀ ਵਿਚ ਮਹਾਰਾਸ਼ਟਰ ਵਿਚ ਉਸ ਕੋਲੋਂ ਸੱਤਾ ਖੁੱਸੀ। ਜਿਥੇ 2018 ਵਿਚ ਭਾਜਪਾ 21 ਰਾਜਾਂ ਵਿਚ ਸੱਤਾ ਵਿਚ ਸੀ, ਹੁਣ 2019 ਵਿਚ ਸਿਰਫ 15 ਰਾਜ ਤੱਕ ਰਹਿ ਗਈ ਹੈ।

ਪਿਛਲੇ ਸਾਲ ਭਾਜਪਾ ਤਿੰਨ ਰਾਜਾਂ ਵਿਚ ਹਾਰ ਦਾ ਸਾਹਮਣਾ ਕਰ ਚੁੱਕੀ ਹੈ। ਰਾਜਸਥਾਨ, ਛਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿਚ ਦਸੰਬਰ 2018 ਵਿਚ ਹੋਈਆਂ ਚੋਣਾਂ ਦੌਰਾਨ ਇਸ ਨੂੰ ਹਾਰ ਮਿਲੀ। ਇਸ ਤੋਂ ਬਾਅਦ ਮਹਾਰਾਸ਼ਟਰ ਦੀ ਸੱਤਾ ਵੀ ਭਾਜਪਾ ਦੇ ਹੱਥਾਂ ਵਿਚੋਂ ਨਿਕਲ ਗਈ। ਹਰਿਆਣੇ ਵਿਚ ਭਾਜਪਾ, ਸਰਕਾਰ ਬਣਾਉਣ ਲਈ ਬਹੁਮਤ ਹਾਸਲ ਕਰਨ ਵਿਚ ਨਾਕਾਮ ਰਹੀ ਅਤੇ ਉਸ ਨੂੰ ਜਨਨਾਇਕ ਜਨਤਾ ਪਾਰਟੀ ਦਾ ਸਹਾਰਾ ਲੈਣਾ ਪਿਆ।



ਸਾਲ 2017 ਵਿਚ ਭਾਜਪਾ ਦੇਸ਼ ਦੀ ਤਕਰੀਬਨ 68 ਫੀਸਦੀ ਆਬਾਦੀ ਉਤੇ ਸ਼ਾਸਨ ਕਰ ਰਹੀ ਸੀ। ਭਾਜਪਾ ਲਗਾਤਾਰ ਇਕ ਤੋਂ ਬਾਅਦ ਇਕ ਸੂਬੇ ਤੋਂ ਚੋਣਾਂ ਹਾਰ ਰਹੀ ਹੈ। ਯਾਦ ਰਹੇ ਕਿ 2014 ਵਿਚ ਭਾਜਪਾ ਲੋਕਾਂ ਨਾਲ ਵੱਡੇ ਵਾਅਦੇ ਕਰਕੇ ਕੇਂਦਰੀ ਸੱਤਾ ਵਿਚ ਆਈ ਸੀ ਪਰ ਸੱਤਾ ਮਿਲਦਿਆਂ ਹੀ ਲੋਕ ਮਸਲੇ ਪਰ੍ਹਾਂ ਕਰੇ ਆਪਣੀ ਫਿਰਕੂ ਸੋਚ ਨੂੰ ਅੱਗੇ ਕਰ ਦਿੱਤਾ। ਦੇਸ਼ ਵਿਚ ਗਊ ਰੱਖਿਆ ਦੇ ਨਾਮ ਉਤੇ ਘੱਟ ਗਿਣਤੀਆਂ ਉਤੇ ਜ਼ੁਲਮ ਢਾਹੇ ਗਏ। ਇਸ ਧੱਕੇਸ਼ਾਹੀ ਖਿਲਾਫ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀਆਂ ਨੂੰ ਦੇਸ਼ਧ੍ਰੋਹੀ ਦੱਸ ਕੇ ਪਰਚੇ ਦਰਜ ਕੀਤੇ ਗਏ। 2014 ਤੋਂ 2019 ਤੱਕ ਆਪਣੀ ਪੰਜ ਸਾਲਾ ਸੱਤਾ ਵਿਚ ਭਾਜਪਾ ਨੇ ਲੋਕ ਮਸਲਿਆਂ ਨੂੰ ਲਾਂਭੇ ਕਰਕੇ ਸਭ ਕੁਝ ਫਿਰਕੂ ਅਤੇ ਅੰਨ੍ਹੇ ਰਾਸ਼ਟਰਵਾਦ ਦੇ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕੀਤੀ। ਭਾਜਪਾ ਨੂੰ ਆਪਣੇ ਨੋਟਬੰਦੀ ਤੇ ਜੀ.ਐਸ.ਟੀ. ਵਰਗੇ ਮਾਰੂ ਫੈਸਲਿਆਂ ਕਾਰਨ ਲੋਕ ਰੋਹ ਸਾਹਮਣਾ ਕਰ ਪਿਆ। ਇਸੇ ਲਈ 2019 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਭਗਵਾ ਧਿਰ ਨੇ ਲੋਕ ਮਸਲਿਆਂ ਦੀ ਥਾਂ ਸਾਰਾ ਜ਼ੋਰ ਆਪਣੇ ਆਪ ਨੂੰ ਸੱਚੀ ਦੇਸ਼ ਭਗਤ ਧਿਰ ਸਾਬਤ ਕਰਨ ਉਤੇ ਹੀ ਲਾ ਦਿੱਤਾ।

ਜੰਮੂ ਕਸ਼ਮੀਰ ਵਿਚ ਪੁਲਵਾਮਾ ਹਮਲਾ ਤੇ ਉਸ ਤੋਂ ਬਾਅਦ ਪਾਕਿਸਤਾਨ ਉਤੇ ਸਰਜੀਕਲ ਸਟ੍ਰਾਈਕ ਇਸੇ ਰਣਨੀਤੀ ਦਾ ਹਿੱਸਾ ਸੀ ਜੋ ਕੁਝ ਹੱਦ ਤੱਕ ਸਫਲ ਵੀ ਰਹੀ ਪਰ ਸਰਕਾਰ ਬਣਦਿਆਂ ਹੀ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨਾ, ਅਯੁੱਧਿਆ ਵਿਚ ਰਾਮ ਮੰਦਰ ਦੀ ਜ਼ਿਦ ਤੇ ਹੁਣ ਨਾਗਰਿਕਤਾ ਬਿੱਲ ਵਿਚ ਸੋਧ ਬਹਾਨੇ ਘੱਟ ਗਿਣਤੀਆਂ ਨੂੰ ਨਿਸ਼ਾਨੇ ਉਤੇ ਲੈਣ ਦੀ ਰਣਨੀਤੀ ਪੁੱਠੀ ਪੈਂਦੀ ਜਾਪ ਰਹੀ ਹੈ।0

ਭਾਜਪਾ ਨੂੰ ਝਾਰਖੰਡ ਵਿਚ ਸਭ ਤੋਂ ਵੱਧ ਮਾਰ ਆਦਿਵਾਸੀ ਇਲਾਕਿਆਂ ਵਿਚ ਪਈ ਹੈ। ਦਰਅਸਲ, ਭਾਜਪਾ ਨੇ ਸੂਬੇ ਵਿਚ ਆਪਣੀ 5 ਸਾਲਾ ਸੱਤਾ ਦੌਰਾਨ ਅਜਿਹੇ ਕਾਨੂੰਨ ਬਣਾਏ ਜਿਸ ਕਾਰਨ ਆਦਿਵਾਸੀਆਂ ਦੀਆਂ ਜ਼ਮੀਨਾਂ ਸਨਅਤਕਾਰਾਂ ਤੇ ਕਾਰਪੋਰੇਟ ਜਗਤ ਨੂੰ ਦੇਣਾ ਆਸਾਨ ਹੋ ਗਿਆ। ਭਾਵੇਂ ਭਾਜਪਾ ਨੇ ਇਸ ਨੂੰ ਵਿਕਾਸ ਤੇ ਰੁਜ਼ਗਾਰ ਦਾ ਨਾਅਰੇ ਦਿੱਤਾ ਪਰ ਇਹ ਰਣਨੀਤੀ ਪੁੱਠੀ ਪੈ ਗਈ।

# ਲੋਕ ਰੋਹ ਨੇ ਮੋਦੀ ਸਰਕਾਰ ਦੀ ਜੜ੍ਹਾਂ ਹਿਲਾਈਆਂ

**ਨਵੀਂ ਦਿੱਲੀ:** ਨਾਗਰਿਕਤਾ ਸੋਧ ਕਾਨੂੰਨ ਮਾਮਲੇ ਉਤੇ ਮੋਦੀ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਹੈ। ਇਕ ਪਾਸੇ ਪੂਰੇ ਮੁਲਕ ਵਿਚ ਉਠੇ ਰੋਹ ਨੇ ਭਾਜਪਾ ਨੂੰ ਗੋਡਿਆਂ ਪਰਨੇ ਕਰ ਦਿੱਤਾ ਹੈ, ਦੂਜੇ ਪਾਸੇ ਭਾਈਵਾਲ ਧਿਰਾਂ ਵੀ ਸਾਥ ਛੱਡ ਗਈਆਂ ਹਨ। ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਕੁਝ ਉਤਰ-ਪੂਰਬੀ ਸੂਬਿਆਂ ਨੂੰ ਛੱਡ ਕੇ ਬਾਕੀ ਸਾਰੇ ਗੈਰ-





ਭਾਜਪਾ ਸਰਕਾਰ ਵਾਲੇ ਸੂਬੇ ਤਜਵੀਜ਼ਤ ਐਨ.ਆਰ.ਸੀ. (ਨੈਸ਼ਨਲ ਰਜਿਸਟਰ ਆਫ ਸਿਟੀਜ਼ਨ) ਦੀ ਮੁਖਾਲਫਤ ਕਰ ਰਹੇ ਹਨ। ਇਥੋਂ ਤੱਕ ਕਿ ਪੰਜਾਬ ਦੇ ਮਸਲਿਆਂ ਨੂੰ ਦਰਕਿਨਾਰ ਕਰਕੇ ਹਰ ਮੁੱਦੇ ਉਤੇ ਭਾਜਪਾ ਦਾ ਸਾਥ ਦੇਣ ਵਾਲਾ ਭਾਈਵਾਲ ਅਕਾਲੀ ਦਲ ਬਾਦਲ ਵੀ ਕੁਝ ਵੱਖਰੇ ਸੁਰ ਅਲਾਪ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਗਰਿਕਤਾ ਐਕਟ ਵਿਚ ਮੁਸਲਿਮ ਭਾਈਚਾਰੇ ਨੂੰ ਥਾਂ ਦੇਣ ਦੀ ਮੰਗ ਉਤੇ ਅੜ ਗਿਆ ਹੈ। ਬਿਹਾਰ ਵਿਚ ਭਾਜਪਾ ਦੇ


***(ਬਾਕੀ ਸਫਾ 6 ਉਤੇ)***



## Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



## LX Group LLC

## Now Hiring!

We are looking for professional CDL A drivers.
*Newer Model well maintained Trucks and Trailers.
*Pays up to 58C/M for Teams.
*99 % hook-n-drop opportunity

**Call, Raj: 317-374-0386**

*51-2*

## Ad Space Available

Please call
Ph: 847-359-0746

# ਅਮਰੀਕਾ 'ਚ ਸਨਦੀਪ ਧਾਲੀਵਾਲ ਨੂੰ ਸਮਰਪਤ ਕੀਤੀ ਜਾਵੇਗੀ ਸੜਕ

**ਹਿਊਸਟਨ:** ਮਰਹੂਮ ਭਾਰਤੀ-ਅਮਰੀਕੀ ਪੁਲਿਸ ਅਧਿਕਾਰੀ ਸਨਦੀਪ ਸਿੰਘ ਧਾਲੀਵਾਲ ਦੇ ਸਨਮਾਨ 'ਚ ਭਾਈਚਾਰੇ ਦੇ ਆਗੂ ਇਥੇ ਇਕ ਸਥਾਈ ਯਾਦਗਾਰ ਬਣਾਉਣ ਲਈ ਕੰਮ ਕਰ ਰਹੇ ਹਨ।



ਜ਼ਿਕਰਯੋਗ ਹੈ ਕਿ ਧਾਲੀਵਾਲ ਦੀ ਡਿਊਟੀ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਹੈਰਿਸ ਕਾਊਂਟ ਕਮਿਸ਼ਨਰ ਕੋਰਟ ਨੇ ਸੈਮ ਹਿਊਸਟਨ ਟੌਲਵੇਅ ਦੇ ਇਕ ਹਿੱਸੇ ਦਾ ਨਾਂ ਧਾਲੀਵਾਲ ਦੇ ਨਾਮ ਉਤੇ ਰੱਖਣ ਦੀ ਸਿਫ਼ਾਰਸ਼ ਕੀਤੀ। ਕੋਰਟ ਦੇ ਮੈਂਬਰਾਂ ਨੇ ਪ੍ਰੀਸਿੰਕਟ 2 ਦੇ ਕਮਿਸ਼ਨਰ ਐਂਡਰੀਅਨ ਗਾਰਸੀਆ ਦੀ ਅਪੀਲ ਸਰਬਸੰਮਤੀ ਨਾਲ ਸਵੀਕਾਰ ਕਰ ਲਈ। ਉਨ੍ਹਾਂ ਨੇ ਟੈਕਸਸ 249 ਤੇ ਯੂਐਸ 290 ਵਿਚਾਲੇ ਰੋਡਵੇਅ ਦੇ ਇਕ ਹਿੱਸੇ ਦਾ ਨਾਂ ਸਨਦੀਪ ਸਿੰਘ ਧਾਲੀਵਾਲ ਦੇ ਨਾਮ ਉਤੇ ਰੱਖਣ ਦੀ ਅਪੀਲ ਕੀਤੀ ਸੀ। ਹਾਲਾਂਕਿ ਇਸ ਅਪੀਲ ਨੂੰ ਹੁਣੇ ਟੈਕਸਸ ਟਰਾਂਸਪੋਰਟ ਵਿਭਾਗ ਤੋਂ ਮਨਜ਼ੂਰੀ ਮਿਲਣੀ ਬਾਕੀ ਹੈ। ਇਸ ਕਦਮ ਦਾ ਸਵਾਗਤ ਕਰਦੇ ਹੋਏ ਭਾਰਤ-ਅਮਰੀਕਾ ਚੈਂਬਰ ਆਫ ਕਾਮਰਸ ਗਰੇਟਰ ਹਿਊਸਟਨ ਦੇ ਸੰਸਥਾਪਕ ਸਕੱਤਰ ਜਗਦੀਪ ਆਹਲੂਵਾਲੀਆ ਅਤੇ ਇਸੇ ਦੇ ਪ੍ਰਧਾਨ ਸਵਪਨ ਧੈਰਯਵਾਨ ਨੇ ਕਿਹਾ ਕਿ ਭਾਰਤੀ-ਅਮਰੀਕੀ ਨਾਇਕ ਨੂੰ ਇਹ ਸਨਮਾਨ ਦੇਣਾ ਉਚਿਤ ਹੋਵੇਗਾ। ਟਰੈਫਿਕ ਵਿਭਾਗ 'ਚ ਤਾਇਨਾਤ 42 ਸਾਲਾ ਧਾਲੀਵਾਲ ਹੈਰਿਸ ਕਾਊਂਟੀ ਵਿਚ ਸ਼ੈਰਿਫ ਦੇ ਸਹਾਇਕ ਦੇ ਰੂਪ 'ਚ ਤਾਇਨਾਤ ਸੀ। ਉਹ ਪਹਿਲਾ ਅਜਿਹਾ ਸਿੱਖ ਅਧਿਕਾਰੀ ਸੀ ਜਿਸ ਨੂੰ ਡਿਊਟੀ ਦੌਰਾਨ ਆਪਣੇ ਧਾਰਮਿਕ ਚਿੰਨ੍ਹਾਂ ਦਾ ਇਸਤੇਮਾਲ ਕਰਨ ਤੇ ਦਾੜ੍ਹੀ ਰੱਖਣ ਦੀ ਇਜਾਜ਼ਤ ਦਿੱਤੀ ਗਈ ਸੀ।

# ਸਿੰਗਾਪੁਰ ਦੀ ਜੇਲ੍ਹ ਅਧਿਕਾਰੀ ਬਣੀ ਸੁਖਦੀਪ ਕੌਰ

**ਤਰਨ ਤਾਰਨ:** ਸਰਹੱਦੀ ਖੇਤਰ ਦੇ ਸਹੂਲਤਾਂ ਤੋਂ ਸੱਖਣੇ ਪਿੰਡ ਭੁੱਚਰ ਖੁਰਦ ਦੇ ਕਿਸਾਨ ਪਰਿਵਾਰ ਦੀ 24 ਸਾਲਾ ਸੁਖਦੀਪ ਕੌਰ ਹਾਂਗਕਾਂਗ ਪੁਲਿਸ ਦੇ ਜੇਲ੍ਹ ਵਿਭਾਗ ਵਿਚ ਅਧਿਕਾਰੀ ਬਣ ਗਈ ਹੈ। ਵਿਭਾਗ ਦੇ ਅਧਿਕਾਰੀਆਂ ਨੇ ਸਿੱਖ ਧਰਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸੁਖਦੀਪ ਕੌਰ ਨੂੰ ਆਪਣੀ ਮਰਿਆਦਾ ਦਾ ਸਤਿਕਾਰ ਕਰਨ ਦੀ ਆਗਿਆ ਦਿੱਤੀ ਹੈ।

ਹਿੰਦ-ਪਾਕਿ ਸਰਹੱਦ ਦੇ ਐਨ ਨਾਲ ਲੱਗਦੇ ਪਿੰਡ ਭੁੱਚਰ ਖੁਰਦ ਵਿਚ ਸੁਖਦੀਪ ਕੌਰ ਦਾ ਖੇਤਾਂ 'ਚ ਬਣਿਆ ਘਰ ਪਿੰਡ ਨੇੜਿਉਂ ਲੰਘਦੀ ਸੜਕ ਤੋਂ ਚਾਰ ਕਿਲੋਮੀਟਰ ਦੂਰ ਕੱਚੇ ਰਾਹਾਂ ਉਤੇ ਜਾ ਕੇ ਹੈ, ਜਿਥੇ ਆਉਣ-ਜਾਣ ਦਾ ਕੋਈ ਸਾਧਨ ਨਹੀਂ ਹੈ। ਸੁਖਦੀਪ ਦੇ ਵੱਡੇ ਭਰਾ ਜਸਕਰਨ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ 20 ਦਿਨਾਂ ਦੀ ਹੀ ਸੀ ਕਿ ਉਨ੍ਹਾਂ ਦੇ ਪਿਤਾ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਸੀ।

ਜਸਕਰਨ ਵੀ ਅਜੇ ਘਰ ਦੀ ਕਬੀਲਦਾਰੀ ਸੰਭਾਲਣ ਦੇ ਯੋਗ ਨਹੀਂ ਸੀ। ਭੈਣ-ਭਰਾ ਨੂੰ ਆਪਣੀ ਮੁੱਢਲੀ ਪੜ੍ਹਾਈ ਕਰਨ ਲਈ ਰਿਸ਼ਤੇਦਾਰ ਕੋਲ ਅੰਮ੍ਰਿਤਸਰ ਜਾਣਾ ਪਿਆ। ਜਸਕਰਨ ਸਿੰਘ ਨੇ ਦੱਸਿਆ ਕਿ ਸੁਖਦੀਪ ਸ਼ੁਰੂ



ਤੋਂ ਹੀ ਪੜ੍ਹਾਈ ਵਿਚ ਮੋਹਰੀ ਸੀ। ਪੰਜਵੀਂ ਪਾਸ ਕਰਦਿਆਂ ਹੀ ਮਾਮਾ ਦੀਦਾਰ ਸਿੰਘ ਉਸ ਨੂੰ ਆਪਣੇ ਪਰਿਵਾਰ ਨਾਲ ਹਾਂਗਕਾਂਗ ਲੈ ਗਿਆ, ਜਿਥੇ ਉਸ ਨੇ ਉੱਚ ਵਿਦਿਆ ਪ੍ਰਾਪਤ ਕੀਤੀ। ਇਸੇ ਦੌਰਾਨ ਮਾਂ ਸਤਿੰਦਰ ਕੌਰ ਬਿਮਾਰ ਰਹਿਣ ਲੱਗ ਪਈ ਜਿਸ ਕਰ ਕੇ ਉਸ ਨੂੰ ਹਾਂਗਕਾਂਗ ਤੋਂ ਪਿੰਡ ਵਾਪਸ ਆਉਣਾ ਪਿਆ।

ਸੁਖਦੀਪ ਦੀ ਮਾਂ ਵੀ ਦੋਹਾਂ ਭੈਣ-ਭਰਾਵਾਂ ਨੂੰ ਮੁਸ਼ਕਲਾਂ ਨਾਲ ਜੂਝਣ ਲਈ ਛੱਡ ਕੇ ਸਦਾ ਲਈ ਚਲੀ ਗਈ। ਜਸਕਰਨ ਨੇ ਕਿਹਾ ਕਿ ਸੁਖਦੀਪ ਨੇ ਐਨੀਆਂ ਮੁਸ਼ਕਲਾਂ ਹੋਣ ਉਤੇ ਵੀ ਹੌਸਲਾ ਨਹੀਂ ਹਾਰਿਆ। ਉਸ ਨੇ ਇਧਰੋਂ ਕੰਪਿਊਟਰ ਸਾਇੰਸ ਦੀ ਬੀ.ਐਸ.ਸੀ. ਕਰ ਲਈ ਅਤੇ ਫਿਰ ਹਾਂਗਕਾਂਗ ਆਪਣੇ ਮਾਮਾ ਕੋਲ ਚਲੀ ਗਈ। ਉੱਧਰ ਜਾ ਕੇ ਯੋਗਤਾ ਦੇ ਆਧਾਰ ਉਤੇ ਉਹ ਉਥੋਂ ਦੇ ਜੇਲ੍ਹ ਵਿਭਾਗ ਵਿਚ ਅਧਿਕਾਰੀ ਚੁਣੀ ਗਈ। ਸੁਖਦੀਪ ਕੌਰ ਸਿਰ 'ਤੇ ਦਸਤਾਰ ਸਜਾ ਕੇ ਆਪਣੀ ਡਿਊਟੀ ਉਤੇ ਜਾਂਦੀ ਹੈ ਅਤੇ ਉਹ ਵਿਲੱਖਣ ਪਹਿਰਾਵੇ ਵਿਚ ਹੋਣ ਕਰ ਕੇ ਸਭਨਾਂ ਲਈ ਖਿੱਚ ਦਾ ਕੇਂਦਰ ਬਣ ਜਾਂਦੀ ਹੈ।

# ਸਿੱਖ ਪ੍ਰਚਾਰਕ ਨੇ ਬਾਬੇ ਨਾਨਕ ਬਾਰੇ ਇਤਰਾਜ਼ਯੋਗ ਸ਼ਬਦ ਵਾਪਸ ਲਏ

**ਅੰਮ੍ਰਿਤਸਰ:** ਇੰਗਲੈਂਡ ਦੇ ਸਿੱਖ ਪ੍ਰਚਾਰਕ ਹਰਿੰਦਰ ਸਿੰਘ ਖਾਲਸਾ ਨੇ ਪ੍ਰਚਾਰ ਮੁਹਿੰਮ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਿਵਸ ਬਾਰੇ ਸੰਗਤ ਸਾਹਮਣੇ ਪੇਸ਼ ਕੀਤੇ ਆਪਣੇ ਵਿਚਾਰ ਵਾਪਸ ਲੈ ਲਏ ਹਨ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਸਿੱਖ ਪ੍ਰਚਾਰਕ ਨੂੰ ਇਤਿਹਾਸਕ ਤੱਥਾਂ ਪ੍ਰਤੀ ਸ਼ੰਕੇ ਪੈਦਾ ਕਰਨ ਵਿਰੁਧ ਤਾੜਨਾ ਕੀਤੀ ਸੀ। ਮੌਕੇ ਦੀ ਵੀਡੀਓ ਜਾਰੀ ਕਰ ਕੇ ਹਰਿੰਦਰ ਸਿੰਘ ਖਾਲਸਾ ਨੇ ਆਪਣੇ ਸ਼ਬਦ ਵਾਪਸ ਲੈਣ ਦਾ ਐਲਾਨ ਕੀਤਾ ਹੈ। ਇਹ ਵੀਡੀਓ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵੀ ਭੇਜੀ ਗਈ ਹੈ ਅਤੇ ਸੋਸ਼ਲ ਮੀਡੀਆ ਉਤੇ ਵੀ ਵਾਇਰਲ ਹੋਈ ਹੈ।

ਇਹ ਮਾਮਲਾ ਸ੍ਰੀ ਅਕਾਲ ਤਖਤ ਵਿਖੇ ਮੀਟਿੰਗ ਦੌਰਾਨ ਵਿਚਾਰੇ ਜਾਣ ਦੀ ਵੀ ਸੰਭਾਵਨਾ ਹੈ। ਆਪਣੀ ਵੀਡੀਓ ਵਿਚ ਸਿੱਖ ਪ੍ਰਚਾਰਕ ਨੇ ਦਾਅਵਾ ਕੀਤਾ ਕਿ ਉਸ ਨੇ ਇਤਿਹਾਸਕ ਤੱਥਾਂ ਨੂੰ ਤੋੜਿਆ ਮਰੋੜਿਆ ਨਹੀਂ ਹੈ, ਸਗੋਂ ਸਿਰਫ ਆਪਣੀ ਸ਼ੰਕਾ ਜ਼ਾਹਰ ਕੀਤੀ ਹੈ। ਉਸ ਨੇ ਆਖਿਆ ਕਿ ਪ੍ਰਚਾਰ ਦੌਰਾਨ ਉਸ ਨੇ ਸਿਰਫ ਆਪਣੇ ਵਿਚਾਰ ਪੇਸ਼ ਕੀਤੇ ਹਨ, ਨਾ ਕਿ ਇਤਿਹਾਸਕ ਹਵਾਲੇ ਨੂੰ ਤੋੜਿਆ ਹੈ। ਉਸ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਸਹੀ ਜਾਣਕਾਰੀ ਉਪਲਬਧ ਕਰਾਉਣ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਇਸ ਬਾਰੇ ਸਹੀ ਜਾਣਕਾਰੀ ਮਿਲ ਸਕੇ।

ਇਸ ਸਿੱਖ ਪ੍ਰਚਾਰਕ ਨੇ 7 ਦਸੰਬਰ ਨੂੰ ਇੰਗਲੈਂਡ ਦੇ ਇਕ ਗੁਰਦੁਆਰੇ ਵਿਚ ਪ੍ਰਚਾਰ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਇਤਰਾਜ਼ਯੋਗ ਤੱਥ ਪੇਸ਼ ਕੀਤੇ ਸਨ, ਜਿਸ ਦਾ ਸਿੱਖ ਸੰਗਤ ਨੇ ਵਿਰੋਧ ਕੀਤਾ ਸੀ। ਦਮਦਮੀ ਟਕਸਾਲ ਦੇ ਬੁਲਾਰੇ ਸਰਚਾਂਦ ਸਿੰਘ ਨੇ ਸ੍ਰੀ ਅਕਾਲ ਤਖਤ ਕੋਲ ਸਿੱਖ ਪ੍ਰਚਾਰਕ ਖਿਲਾਫ ਕਾਰਵਾਈ ਦੀ ਅਪੀਲ ਕੀਤੀ ਸੀ।

# ਪ੍ਰਕਾਸ਼ ਪੁਰਬ: ਜਥੇਦਾਰ ਨੂੰ ਭੇਜਿਆ ਜਾਵੇਗਾ ਅਮਰੀਕੀ ਕਾਂਗਰਸ ਦਾ ਮਤਾ

**ਵਾਸ਼ਿੰਗਟਨ:** ਅਮਰੀਕੀ ਸੈਨੇਟਰ ਨੇ ਕਿਹਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਅਕਾਲ ਤਖਤ ਦੇ ਜਥੇਦਾਰ ਨੂੰ ਅਮਰੀਕੀ ਕਾਂਗਰਸ ਦੇ ਮਤੇ ਦੀ ਵਿਸ਼ੇਸ਼ ਕਾਪੀ ਭੇਜ ਰਹੇ ਹਨ। ਅਮਰੀਕੀ ਸੈਨੇਟ 'ਚ 14 ਨਵੰਬਰ ਨੂੰ ਸਰਬਸੰਮਤੀ ਨਾਲ ਪਾਸ ਹੋਏ ਮਤੇ 'ਚ ਅਮਰੀਕਾ ਦੇ ਸਿੱਖਾਂ ਦੇ ਯੋਗਦਾਨ ਤੇ ਬਲੀਦਾਨਾਂ ਅਤੇ ਮੁਲਕ ਤੇ ਦੁਨੀਆਂ ਭਰ 'ਚ ਉਨ੍ਹਾਂ ਨਾਲ ਹੋਣ ਵਾਲੇ ਵਿਤਕਰੇ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਮਤੇ ਨੂੰ ਟੌਡ ਯੰਗ ਅਤੇ ਬੇਨ ਕਾਰਡਿਨ ਨੇ ਪੇਸ਼ ਕੀਤਾ ਸੀ। ਸੈਨੇਟਰ ਟੌਡ ਯੰਗ ਨੇ ਯੂ.ਐਸ. ਕੈਪਿਟਲ 'ਚ ਕਿਹਾ, "ਅਸੀਂ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਮਤੇ ਦੀ ਕਾਪੀ ਭੇਜ ਰਹੇ ਹਾਂ।" ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਵੀ ਮਤੇ ਦੀਆਂ ਕਾਪੀਆਂ ਭੇਜ ਰਹੇ ਹਨ। ਉਨ੍ਹਾਂ ਮਤੇ ਦੀਆਂ ਕਾਪੀਆਂ ਦੇ ਨਾਲ ਚਿੱਠੀਆਂ ਵੀ ਇੰਡੀਆਨਾ ਆਧਾਰਿਤ ਅਮਰੀਕੀ ਸਿੱਖ ਗੁਰਿੰਦਰ ਸਿੰਘ ਖਾਲਸਾ ਨੂੰ ਸੌਂਪੀਆਂ ਹਨ। ਉਹ ਇਸੇ ਮਹੀਨੇ ਭਾਰਤ ਦੇ ਦੌਰੇ 'ਤੇ ਜਾਣਗੇ ਅਤੇ ਮਤੇ ਦੀਆਂ ਕਾਪੀਆਂ ਸੌਂਪਣਗੇ। ਉਨ੍ਹਾਂ ਕਿਹਾ ਕਿ ਇਹ ਅਮਰੀਕਾ 'ਚ 10 ਲੱਖ ਅਤੇ ਦੁਨੀਆਂ 'ਚ ਵਸਦੇ ਤਿੰਨ ਕਰੋੜ ਸਿੱਖਾਂ ਲਈ ਇਤਿਹਾਸਕ ਪਲ ਹਨ।


Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
*Realtor/Broker*
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਫੋਰਬਸ ਇੰਡੀਆ ਦੀ ਸਾਲਾਨਾ ਸੂਚੀ ਵਿਚ ਵਿਰਾਟ ਕੋਹਲੀ ਮੋਹਰੀ

**ਮੁੰਬਈ:** ਫੋਰਬਸ ਇੰਡੀਆ ਨੇ 2019 ਦੀ ਸੌ ਨਾਮੀ ਹਸਤੀਆਂ ਦੀ ਸੂਚੀ ਜਾਰੀ ਕੀਤੀ ਹੈ ਜਿਸ 'ਚ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਪਹਿਲੇ




ਥਾਂ 'ਤੇ ਹੈ। ਸੂਚੀ 'ਚ ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਦੂਜੇ ਤੇ ਸਲਮਾਨ ਖਾਨ ਤੀਜੇ ਥਾਂ ਹੈ। ਪਹਿਲੇ 10 ਨੰਬਰਾਂ 'ਚ ਸਿਰਫ ਦੋ ਔਰਤਾਂ ਆਲੀਆ ਭੱਟ ਅਤੇ ਦੀਪਿਕਾ ਪਾਦੂਕੋਣ ਸ਼ਾਮਲ ਹਨ। ਇਹ ਦਰਜਾਬੰਦੀ ਪਹਿਲੀ ਅਕਤੂਬਰ 2018 ਤੋਂ 30 ਸਤੰਬਰ 2019 ਵਿਚਕਾਰ ਮਸ਼ਹੂਰ ਹਸਤੀਆਂ ਦੀ ਅੰਦਾਜ਼ਨ ਕਮਾਈ ਅਤੇ ਉਨ੍ਹਾਂ ਦੀ ਮਸ਼ਹੂਰੀ ਉਤੇ ਆਧਾਰਿਤ ਹੈ।

ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ ਨੇ 252.72 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਉਂਜ ਅਕਸ਼ੈ ਕੁਮਾਰ 293.25 ਕਰੋੜ ਰੁਪਏ ਦੀ ਕਮਾਈ ਨਾਲ ਅੱਵਲ ਰਹੇ ਪਰ ਫੋਰਬਸ ਦੀ ਸੂਚੀ 'ਚ ਉਨ੍ਹਾਂ ਨੂੰ ਦੂਜਾ ਸਥਾਨ ਮਿਲਿਆ ਹੈ।

ਪਿਛਲੇ ਸਾਲ ਦੇ ਮੁਕਾਬਲੇ ਉਨ੍ਹਾਂ ਦੀ ਆਮਦਨ ਵਿਚ 58.51 ਫੀਸਦੀ ਦਾ ਵਾਧਾ ਦਰਜ ਹੋਇਆ ਹੈ। ਸਲਮਾਨ ਖਾਨ 229.25 ਕਰੋੜ ਰੁਪਏ ਦੀ ਕਮਾਈ ਨਾਲ ਤੀਜੇ ਥਾਂ ਹੈ। ਸੁਪਰਸਟਾਰ ਅਮਿਤਾਭ ਬੱਚਨ (239.25 ਕਰੋੜ) ਚੌਥੇ, ਕ੍ਰਿਕਟਰ ਐਮ ਐਸ ਧੋਨੀ (135.93 ਕਰੋੜ) ਪੰਜਵੇਂ, ਸ਼ਾਹਰੁਖ ਖਾਨ (124.38 ਕਰੋੜ) ਛੇਵੇਂ, ਰਣਵੀਰ ਸਿੰਘ (118.2 ਕਰੋੜ) ਸੱਤਵੇਂ, ਆਲੀਆ ਭੱਟ (59.21 ਕਰੋੜ) ਅੱਠਵੇਂ, ਸਚਿਨ ਤੇਂਦੂਲਕਰ (76.96 ਕਰੋੜ) ਨੌਵੇਂ ਅਤੇ ਦੀਪਿਕਾ ਪਾਦੂਕੋਣ (48 ਕਰੋੜ) 10ਵੇਂ ਸਥਾਨ ਉਤੇ ਰਹੇ। ਮੌਜੂਦਾ ਵਰ੍ਹੇ ਦੀ ਸੂਚੀ 'ਚ ਦੱਖਣ ਭਾਰਤੀ ਫਿਲਮਾਂ ਦੇ ਸਿਤਾਰਿਆਂ ਨੂੰ ਵੀ ਨੁਮਾਇੰਦਗੀ ਮਿਲੀ ਹੈ।

## ਪਿਨਾਕਾ ਮਿਜ਼ਾਈਲ ਦੀ ਸਫਲ ਅਜ਼ਮਾਇਸ਼

**ਬਾਲਾਸੋਰ:** ਭਾਰਤ 'ਚ ਵਿਕਸਿਤ ਪਿਨਾਕਾ ਮਿਜ਼ਾਈਲ ਢਾਂਚੇ ਦੀ ਸਫਲ ਅਜ਼ਮਾਇਸ਼ ਕੀਤੀ ਗਈ, ਜੋ 75 ਕਿਲੋਮੀਟਰ ਤੱਕ ਨਿਸ਼ਾਨਾ ਫੁੰਡ ਸਕਦੀ ਹੈ। ਇਸ ਨਾਲ ਭਾਰਤ ਦੀ ਹਥਿਆਰਾਂ ਦੀ ਸਮਰੱਥਾ ਵਿਚ ਵਾਧਾ ਹੋਵੇਗਾ। ਪਿਨਾਕਾ ਐਮ.ਕੇ-ਦੋ ਰਾਕੇਟ ਨੂੰ ਰੱਖਿਆ ਖੋਜ ਤੇ ਵਿਕਾਸ ਸੰਗਠਨ ਨੇ ਮਿਜ਼ਾਈਲ ਦੇ ਰੂਪ ਵਿਚ ਵਿਕਸਿਤ ਕੀਤਾ ਹੈ। ਰਾਕੇਟ ਨੂੰ ਨੈਵੀਗੇਸ਼ਨ, ਕੰਟਰੋਲ ਤੇ ਗਾਇਡੈਂਸ ਸਿਸਟਮ ਨਾਲ ਲੈਸ ਕੀਤਾ ਗਿਆ ਹੈ।

## ਆਸਟਰੇਲੀਆ 'ਚ ਗਰਮੀ ਨੇ ਰਿਕਾਰਡ ਤੋੜੇ

**ਸਿਡਨੀ:** ਆਸਟਰੇਲੀਆ ਵਿਚ ਜ਼ਬਰਦਸਤ ਗਰਮੀ ਨੇ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਤਾਪਮਾਨ ਨੇ ਪਿਛਲੇ ਕਈ ਰਿਕਾਰਡ ਤੋੜ ਦਿੱਤੇ ਹਨ। ਦੱਖਣੀ ਆਸਟਰੇਲੀਆ 'ਚ ਤਾਪਮਾਨ 49.9 ਡਿਗਰੀ ਸੈਲਸੀਅਸ ਹੈ। ਤਾਪਮਾਨ ਹੋਰ ਵਧਣ ਦੇ ਆਸਾਰ ਹਨ। ਮੌਸਮ ਵਿਭਾਗ ਅਨੁਸਾਰ ਮੀਂਹ ਪੈਣ ਦੀ ਸੰਭਾਵਨਾ ਮੱਧਮ ਹੈ। ਇਸ ਤੋਂ ਇਲਾਵਾ ਵੱਖ-ਵੱਖ ਥਾਈਂ ਜੰਗਲਾਂ 'ਚ ਲੱਗੀ ਅੱਗ ਨਾਲ 684 ਘਰ ਸੜ ਕੇ ਸੁਆਹ ਹੋ ਗਏ ਹਨ। ਦੋ ਨਾਗਰਿਕਾਂ ਤੇ ਅੱਗ ਬੁਝਾਊ ਅਮਲੇ ਦੇ ਮੈਂਬਰ ਦੀ ਮੌਤ ਵੀ ਹੋ ਗਈ ਹੈ। ਮੀਂਹ ਨਾ ਪੈਣ ਕਰ ਕੇ ਵੀ ਅੱਗ ਉਤੇ ਕਾਬੂ ਪਾਉਣਾ ਮੁਸ਼ਕਲ ਹੋ ਰਿਹਾ ਹੈ। ਡੈਮਾਂ ਵਿਚ ਪਾਣੀ ਦਾ ਪੱਧਰ ਵੀ ਹੇਠਾਂ ਆ ਗਿਆ ਹੈ।

ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਮੁਸੀਬਤ ਦੀ ਇਸ ਘੜੀ 'ਚ ਲੋਕਾਂ ਨੂੰ ਇਕ-ਦੂਜੇ ਦੀ ਮਦਦ ਕਰਨ, ਰੇਡੀਓ ਸੂਚਨਾਵਾਂ ਸੁਣਨ ਅਤੇ ਚੌਕਸ ਰਹਿਣ ਦੀ ਅਪੀਲ ਕੀਤੀ ਹੈ। ਕੰਮਕਾਜੀ ਥਾਂਵਾਂ ਅਤੇ ਸ਼ਾਪਿੰਗ ਸੈਂਟਰਾਂ ਵਿਚ ਸਮਾਜ ਸੇਵੀ ਸੰਸਥਾਵਾਂ ਦਾਨ ਇਕੱਠਾ ਕਰ ਰਹੀਆਂ ਹਨ। ਲੋਕ ਅੱਗ ਨਾਲ ਪੀੜਤ ਪਰਿਵਾਰਾਂ ਦੀ ਮਦਦ ਕਰ ਰਹੇ ਹਨ। ਵਧੇ ਤਾਪਮਾਨ ਨੇ ਸਭ ਤੋਂ ਵੱਧ ਫਸਲਾਂ ਤੇ ਪਸ਼ੂ ਧਨ ਨੂੰ ਪ੍ਰਭਾਵਿਤ ਕੀਤਾ ਹੈ। ਫਸਲਾਂ ਦਾ ਝਾੜ ਘਟਣ, ਦੁੱਧ ਤੇ ਮੀਟ ਮਹਿੰਗਾ ਹੋਣ ਦੀ ਸੰਭਾਵਨਾ ਬਣ ਗਈ ਹੈ। ਖੇਤੀਬਾੜੀ ਵਿਭਾਗ ਦੀ ਰਿਪੋਰਟ ਅਨੁਸਾਰ ਸਾਲ 2000 ਤੋਂ ਮੌਸਮ ਵਿਚ ਆਈਆਂ ਤਬਦੀਲੀਆਂ ਨੇ ਫਸਲੀ ਸੈਕਟਰ ਦਾ ਮਾਲੀਆ ਸਾਲ ਵਿਚ 1.1 ਅਰਬ ਡਾਲਰ ਘਟਾ ਦਿੱਤਾ ਹੈ। ਸੂਬਾ ਨਿਊ ਸਾਊਥ ਵੇਲਜ਼ ਵਿਚ ਪਾਣੀ ਦੀ ਵਰਤੋਂ ਲਈ ਨਵੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ ਤੇ ਉਲੰਘਣਾ ਕਰਨ ਉਤੇ ਜਰਮਾਨੇ ਹੋਏ ਹਨ।

## ਪਾਕਿਸਤਾਨ ਵਿਚ ਕੁਫਰ ਤੋਲਣ ਦੇ ਦੋਸ਼ੀ ਪ੍ਰੋਫੈਸਰ ਨੂੰ ਮੌਤ ਦੀ ਸਜ਼ਾ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਅਦਾਲਤ ਵੱਲੋਂ ਮੁਸਲਿਮ ਪ੍ਰੋਫੈਸਰ ਨੂੰ ਕੁਫਰ ਤੋਲਣ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਸ ਪ੍ਰੋਫੈਸਰ ਵੱਲੋਂ ਆਪਣੀ ਫੇਸਬੁੱਕ ਪੋਸਟ ਵਿਚ ਕੁਫਰ ਤੋਲਿਆ ਗਿਆ ਸੀ। ਮੀਡੀਆ ਵਿਚ ਆਈਆਂ ਖਬਰਾਂ ਅਨੁਸਾਰ ਪੰਜਾਬ ਪ੍ਰਾਂਤ ਦੇ ਸ਼ਹਿਰ ਮੁਲਤਾਨ ਸਥਿਤ ਬਹਾਉਦੀਨ ਜ਼ਕਰੀਆ ਯੂਨੀਵਰਸਿਟੀ ਦੇ ਅੰਗਰੇਜ਼ੀ ਲਿਟਰੇਚਰ ਵਿਭਾਗ ਦੇ ਵਿਜ਼ਿਟਿੰਗ ਪ੍ਰੋਫੈਸਰ ਜੁਨੈਦ ਹਾਫਿਜ਼ ਖਿਲਾਫ ਕੁਫਰ ਤੋਲਣ ਦੇ ਦੋਸ਼ ਲੱਗੇ ਸਨ ਅਤੇ ਉਸ ਨੂੰ 13 ਮਾਰਚ 2013 ਵਿਚ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਦਾ ਟਰਾਇਲ 2014 ਵਿਚ ਸ਼ੁਰੂ ਹੋਇਆ ਅਤੇ ਉਦੋਂ ਤੋਂ ਹੀ ਹਾਫਿਜ਼ ਮੁਲਤਾਨ ਦੀ ਨਵੀਂ ਕੇਂਦਰੀ ਜੇਲ੍ਹ ਦੇ ਉਚ-ਸੁਰੱਖਿਆ ਵਾਰਡ ਵਿਚ ਬੰਦ ਹੈ।

**Punjab Times**
*Ph: 847-359-0746*
***punjabtimesusa.com***

# Matrimonials

## ਲੜਕੇ ਦੀ ਲੋੜ ਹੈ

Seeking a suitable vegetarian, educated boy for Canadian born Punjabi Tonk Kshatriya girl, 35 yrs, 5'-3'', educated in accounting. Caste no bar. Pl. send bio-data and photos at: canadian.alliance@yahoo.ca *51-2*

ਜੱਟ ਸਿੱਖ ਅਮਰੀਕਨ ਸਿਟੀਜ਼ਨ, RN, ਅੰਮ੍ਰਿਤਧਾਰੀ, ਮਿਸ਼ੀਗਨ ਰਹਿੰਦੀ ਲੜਕੀ ਉਮਰ 28 ਸਾਲ, ਕੱਦ 5'4" ਲਈ ਅਮਰੀਕਾ ਜਾਂ ਕੈਨੇਡਾ ਤੋਂ ਬਰਾਬਰ ਦੀ ਯੋਗਤਾ ਵਾਲੇ ਅੰਮ੍ਰਿਤਧਾਰੀ ਗੁਰਸਿੱਖ ਲੜਕੇ ਦੀ ਲੋੜ ਹੈ। ਮਾਲਵੇ ਨੂੰ ਪਹਿਲ ਤੇ ਜ਼ਮੀਨ-ਜਾਇਦਾਦ ਹੋਣੀ ਜਰੂਰੀ। ਸੰਪਰਕ ਕਰੋ: ਫੋਨ 519-732-9090 ਜਾਂ 661-800-8400 *50+4*

Suitable Ramgariha Sikh match sought for our Beautiful and slim daughter, 28 years, 5'-7", M.Sc. (Botany), Currently enrolled in LPN (US), Working as a Cert. Pharmacy tech at Wal-Mart pharmacy. Residing in Chicago. Pl. Contact: manpreets1211@gmail.com

Looking for a good match for a Jatt Sikh girl, MSc, MPhil, PhD botany, lecturer in a university in Punjab, age 34, height 5'-4". Please send bio-data to Hargun1900@gmail.com 48-51

## ਲੜਕੀ ਦੀ ਲੋੜ ਹੈ

ਕੈਨੇਡੀਅਨ ਇਮੀਗ੍ਰਾਂਟ, ਜੱਟ ਸਿੱਖ ਸਿੱਧੂ, 26 ਸਾਲ, ਕੱਦ 6 ਫੁੱਟ, ਫਾਰਮੈਸੀ ਅਸਿਸਟੈਂਟ, ਸੋਹਣੇ ਸੁਨੱਖੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਉਹੀ ਸੰਪਰਕ ਕਰਨ, ਜੋ ਇੰਡੀਆ ਰਹਿੰਦੇ ਰਿਸ਼ਤੇਦਾਰ ਜੱਟ ਸਿੱਖ ਸੰਧੂ ਲੜਕੇ 27 ਸਾਲ, ਕੱਦ 6 ਫੁੱਟ, ਗਰੈਜੁਏਟ ਨੂੰ ਕੈਨੇਡਾ ਜਾਂ ਅਮਰੀਕਾ ਵਿਚ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ ਕਰੋ, ਫੋਨ: 559-394-2388 *51-52*

Jatt Sikh Sangha parents seeking match for their US Citizen son, 26 years, 6'-2'', Vegetarian, non-drinker, working as Software Engineer in Boing, Doing Masters. PL Contact, Ph: 636-577-5615 or E-mail: sangha@charter.net. *46-4*

Wanted suitable girl for US citizen Gursikh boy, 36 yrs, height 6', non drinking, own business. The girl should be in America. No conditions. Caste no bar. Contact, Ph: 269-277-1287 *51-2*

ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ
ਇੰਡੀਅਨ-ਅਮੈਰਿਕਨ ਰੈਸਟੋਰੈਂਟ (ਮਿੱਤਰਾਂ ਦਾ ਢਾਬਾ) ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ।
(ਨਾਰਥ ਇੰਡੀਅਨ ਫੂਡ ਲਈ ਸਪੈਸ਼ਲ)
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
*ਕਿਰਪਾ ਕਰਕੇ ਪੱਕੇ ਪੇਪਰ ਵਾਲੇ ਹੀ ਸੰਪਰਕ ਕਰਨ*
ਫੋਨ: 317-786-1022
ਜਾਂ 317-782-4547
*48-52*

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*
*ਸੰਪਰਕ ਕਰੋ*
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
*22+*

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email:
Homeomedicine@yahoo.com

**Michigan Truck Driving School**
**6405 Middlebelt Road, Romulus, MI 48174**
ਖੁਸ਼ਖਬਰੀ! ਖੁਸ਼ਖਬਰੀ!!
ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
**Raj Jamarai Cell:734-644-1010 Office:734-747-4298**

# ਕੈਪਟਨ ਸਰਕਾਰ ਦੀ ਅੰਦਰੂਨੀ ਖਿੱਚੋਤਾਣ ਹੁਣ ਹੋਰ ਤਿੱਖੀ ਹੋਈ

**ਚੰਡੀਗੜ੍ਹ:** ਕੈਪਟਨ ਸਰਕਾਰ ਵਿਚ ਅੰਦਰੂਨੀ ਖਿੱਚੋਤਾਣ ਰੁਕਣ ਦਾ ਨਾਮ ਨਹੀਂ ਲੈ ਰਹੀ। ਨਿੱਤ ਦਿਨ ਕੈਪਟਨ ਦੇ ਮੰਤਰੀ ਆਪਣੀ ਹੀ ਸਰਕਾਰ ਉਤੇ ਸਵਾਲ ਚੁੱਕੇ ਕੇ ਨਵਾਂ ਵਿਵਾਦ ਖੜ੍ਹਾ ਕਰ ਰਹੇ ਹਨ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਜਿਥੇ ਬੇਅਦਬੀ ਮਾਮਲਿਆਂ ਉਤੇ ਆਪਣੀ ਹੀ ਸਰਕਾਰ ਨੂੰ ਘੇਰ ਚੁੱਕੇ ਹਨ, ਉਥੇ ਹੁਣ ਕਾਂਗਰਸ ਦੇ ਲੁਧਿਆਣਾ ਤੋਂ ਮੈਂਬਰ ਪਾਰਲੀਮੈਂਟ ਰਵਨੀਤ ਬਿੱਟੂ ਵੱਲੋਂ ਵਿੱਤ ਵਿਭਾਗ ਦੇ ਕੰਮ-ਕਾਜ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜਿਸ ਪਿੱਛੋਂ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੋੜਵਾਂ ਜਵਾਬ ਦਿੱਤਾ ਹੈ।

### ਹੁਣ ਰਵਨੀਤ ਬਿੱਟੂ ਤੇ ਮਨਪ੍ਰੀਤ ਬਾਦਲ ਆਹਮੋ-ਸਾਹਮਣੇ





ਰਵਨੀਤ ਬਿੱਟੂ ਦੇ ਬਿਆਨ ਉਤੇ ਮਨਪ੍ਰੀਤ ਬਾਦਲ ਨੇ ਕਿਹਾ ਕਿ ਇਹ ਪਾਰਟੀ ਦਾ ਅੰਦਰੂਨੀ ਮਾਮਲਾ ਹੈ ਅਤੇ ਇਸ ਨੂੰ ਹਰ ਜਗ੍ਹਾ ਚੁੱਕਣਾ ਠੀਕ ਨਹੀਂ ਹੈ। ਵਿੱਤ ਮੰਤਰੀ ਨੇ ਕਿਹਾ ਕਿ ਮੀਡੀਆ ਸਾਹਮਣੇ ਵਿੱਤ ਮੰਤਰਾਲੇ ਉਤੇ ਸਵਾਲ ਚੁੱਕਣੇ ਸਹੀ ਨਹੀਂ ਹਨ, ਜੇਕਰ ਉਨ੍ਹਾਂ ਨੂੰ ਮੇਰੇ ਉਤੇ ਵਿਸ਼ਵਾਸ ਨਹੀਂ ਹੈ ਤਾਂ ਉਹ ਕੈਪਟਨ ਅਮਰਿੰਦਰ ਸਿੰਘ ਜਾਂ ਪਾਰਟੀ ਪ੍ਰਧਾਨ ਸੁਨੀਲ ਜਾਖੜ ਨਾਲ ਮੁਲਾਕਾਤ ਕਰਕੇ ਆਪਣੀ ਗੱਲ ਰੱਖ ਸਕਦੇ ਹਨ।

ਦੱਸਣਯੋਗ ਹੈ ਕਿ ਬਿੱਟੂ ਨੇ ਕਾਂਗਰਸ ਸਰਕਾਰ ਦੇ ਮਾੜੇ ਅਕਸ ਲਈ ਸਿੱਧੇ ਤੌਰ ਉਤੇ ਮਨਪ੍ਰੀਤ ਬਾਦਲ ਨੂੰ ਜ਼ਿੰਮੇਵਾਰ ਦੱਸਿਆ ਸੀ। ਬਿੱਟੂ ਨੇ ਆਖਿਆ ਕਿ ਵਿੱਤ ਮੰਤਰੀ ਆਪਣਾ ਕੰਮ ਸਹੀ ਢੰਗ ਨਾਲ ਨਹੀਂ ਨਿਭਾਅ ਸਕੇ ਹਨ। ਆਮ ਲੋਕ ਇਸ ਲਈ ਦੁਖੀ ਹਨ ਕਿਉਂਕਿ ਜ਼ਿਆਦਾਤਰ ਵਿਕਾਸ ਕਾਰਜ ਨਹੀਂ ਹੋ ਰਹੇ। ਵਿਧਾਇਕ ਜਾਂ ਅਧਿਕਾਰੀ ਕਾਂਗਰਸੀ ਵਰਕਰਾਂ ਨੂੰ ਕੰਮ ਕਰਨ ਤੋਂ ਜਵਾਬ ਦੇ ਰਹੇ ਹਨ। ਇਸ ਲਈ ਵਰਕਰਾਂ 'ਚ ਵੀ ਰੋਸ ਹੈ। ਜਿਸ ਦਾ ਸਪੱਸ਼ਟ ਤੌਰ ਉਤੇ ਕਾਰਨ ਫੰਡਾਂ ਦੀ ਘਾਟ ਹੀ ਹੈ। ਜੇਕਰ ਹਰੇਕ ਵਿਧਾਇਕ ਜਾਂ ਵਿਭਾਗਾਂ ਨੂੰ ਲੋੜੀਂਦੇ ਫੰਡ ਮਿਲੇ ਹੁੰਦੇ ਤਾਂ ਵਰਕਰ ਤੇ ਵਿਧਾਇਕ ਲੋਕਾਂ ਦੇ ਕੰਮ ਕਰਵਾ ਸਕਦੇ ਸਨ ਪਰ ਅਜਿਹਾ ਨਹੀਂ ਹੋ ਸਕਿਆ।

ਰਵਨੀਤ ਬਿੱਟੂ ਨੇ ਨਵਜੋਤ ਸਿੰਘ ਸਿੱਧੂ ਅਤੇ ਮਨਪ੍ਰੀਤ ਸਿੰਘ ਬਾਦਲ ਨੂੰ ਲੰਬੇ ਹੱਥੀਂ ਲੈਂਦਿਆਂ ਇਹ ਵੀ ਕਹਿ ਦਿੱਤਾ ਕਿ ਨਵੇਂ ਬਣੇ ਕਾਂਗਰਸੀਆਂ ਦਾ ਚੋਟੀ ਦੇ ਮੰਤਰੀ ਬਣਨਾ ਵੀ ਸੂਬੇ ਦੇ ਕਾਂਗਰਸੀਆਂ ਨੂੰ ਚੁਭਦਾ ਹੈ। ਅਨੇਕਾਂ ਕਾਂਗਰਸੀ ਹਨ, ਜਿਨ੍ਹਾਂ ਨੇ ਆਪਣੀ ਪੂਰੀ-ਪੂਰੀ ਜ਼ਿੰਦਗੀ ਕਾਂਗਰਸ ਨੂੰ ਦੇ ਦਿੱਤੀ, ਜੋ ਕਿ ਅਜੇ ਵੀ ਉਡੀਕ 'ਚ ਹਨ ਕਿ ਉਨ੍ਹਾਂ ਨੂੰ ਕੁਝ ਹਾਸਲ ਹੋਵੇਗਾ ਪਰ ਉਪਰੋਕਤ ਦਾ ਨਵੇਂ ਆਗੂਆਂ ਦਾ ਮੰਤਰੀ ਬਣਨਾ ਜਾਇਜ਼ ਨਹੀਂ ਲੱਗਦਾ।

ਦੱਸ ਦਈਏ ਕਿ ਇਸ ਵੇਲੇ ਕਾਂਗਰਸੀਆਂ ਨੂੰ ਰਾਜ ਅੰਦਰ ਆਪਣੀ ਸਰਕਾਰ ਨਾ ਹੋਣ ਦਾ ਅਹਿਸਾਸ ਬੇਹੱਦ ਚੁੱਭਣ ਲੱਗ ਪਿਆ ਹੈ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਹਕੂਮਤੀ ਪਾਰਟੀ ਦੇ ਆਮ ਵਰਕਰ ਤੋਂ ਲੈ ਕੇ ਸਿਖਰਲੀ ਲੀਡਰਸ਼ਿਪ ਤੱਕ ਸਰਕਾਰ ਖਾਸ ਕਰ ਮੁੱਖ ਮੰਤਰੀ ਦੀ ਕਾਰਜਸ਼ੈਲੀ ਉਤੇ ਸਵਾਲ ਚੁੱਕ ਰਹੇ ਹਨ। ਇਥੋਂ ਪਹਿਲਾਂ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੀ ਅਫਸਰਸ਼ਾਹੀ ਤੋਂ ਰਾਜ ਨੂੰ ਨਿਜਾਤ ਦੁਆਉਣ ਲਈ ਸਰਕਾਰ ਦੀ ਕਮਾਨ ਸੰਭਾਲਣ ਦਾ ਬਿਆਨ ਦੇ ਕੇ ਕੈਪਟਨ ਅਮਰਿੰਦਰ ਸਿੰਘ ਦੀ ਕਾਰਜਸ਼ੈਲੀ ਨੂੰ ਵੱਡੀ ਵੰਗਾਰ ਪੇਸ਼ ਕੀਤੀ ਸੀ। ਬੇਅਦਬੀ ਮਾਮਲੇ 'ਚ ਕੋਈ ਕਾਰਵਾਈ ਨਾ ਹੋਣ ਕਾਰਨ ਮਾਝੇ ਦੇ ਕਈ ਮੰਤਰੀ ਪਹਿਲਾਂ ਹੀ ਨਾਰਾਜ਼ਗੀ ਜ਼ਾਹਰ ਕਰਦੇ ਆ ਰਹੇ ਹਨ। ਸਰਕਾਰ ਅੰਦਰ ਅਫਸਰਸ਼ਾਹੀ ਦੇ ਬੋਲਬਾਲੇ ਤੇ ਪਾਰਟੀ ਆਗੂਆਂ ਤੇ ਵਰਕਰਾਂ ਦੀ ਸਰਕਾਰੇ-ਦਰਬਾਰੇ ਕੋਈ ਪੁੱਛ ਨਾ ਹੋਣ ਦਾ ਮਾਮਲਾ ਇਸ ਵੇਲੇ ਬੇਹੱਦ ਭਖਿਆ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉੱਤੇ ਪੰਥਕ ਜਥੇਬੰਦੀਆਂ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ। ਪਿਛਲੇ ਦਿਨੀਂ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਸਾਹਮਣੇ ਰੋਸ ਪ੍ਰਗਟ ਕਰਦਿਆਂ ਮੰਤਰੀ ਨੂੰ ਸੰਗਤ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਯਾਦ ਤਾਜ਼ਾ ਕਰਵਾਈ ਗਈ। ਖੁਦ ਰੰਧਾਵਾ ਉਨ੍ਹਾਂ ਦੇ ਰੋਸ ਧਰਨੇ ਵਿਚ ਆ ਬੈਠੇ ਅਤੇ ਆਪਣਾ ਪੁਰਾਣਾ ਬਿਆਨ ਦੁਹਰਾਇਆ ਕਿ ਅਹੁਦੇ ਆਉਂਦੇ ਰਹਿੰਦੇ ਹਨ ਪਰ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲੇਗੀ। ਪੰਥਕ ਜਥੇਬੰਦੀਆਂ ਦਾ ਇਲਜ਼ਾਮ ਹੈ ਕਿ ਸਰਕਾਰ ਨੇ ਇਸ ਜਾਂਚ ਨੂੰ ਸੀ.ਬੀ.ਆਈ. ਅਤੇ ਪੰਜਾਬ ਪੁਲਿਸ ਦੇ ਚੱਕਰ ਵਿਚ ਫਸਾ ਰੱਖਿਆ ਹੈ।

### ਸਿੱਧੂ ਛੱਕਾ ਲਾਉਣ ਦੇ ਚੱਕਰ 'ਚ ਆਊਟ ਹੋਏ: ਬਿੱਟੂ

**ਬਠਿੰਡਾ:** ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਪੰਜਾਬ ਦੀ ਸਿਆਸਤ ਤੋਂ ਲਾਂਭੇ ਚੱਲ ਰਹੇ ਨਵਜੋਤ ਸਿੰਘ ਸਿੱਧੂ ਨੂੰ ਨਿਸ਼ਾਨੇ ਉਤੇ ਲਿਆ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਸਰਕਾਰ ਦੇ ਤਿੰਨ ਸਾਲ ਬੀਤ ਗਏ ਹਨ ਪਰ ਹਾਲੇ ਤੱਕ ਵਿੱਤ ਮੰਤਰੀ ਵੱਲੋਂ ਖਜ਼ਾਨਾ ਖਾਲੀ ਹੋਣ ਦੀ ਗੱਲ ਆਖੀ ਜਾ ਰਹੀ ਹੈ। ਉਨ੍ਹਾਂ ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਉਤੇ ਵਰ੍ਹਦਿਆਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਸਿਆਸਤ ਵਿਚ ਪਹਿਲੀ ਗੇਂਦ ਉਤੇ ਛੱਕਾ ਲਗਾਉਣ ਦੇ ਚੱਕਰ ਵਿਚ ਆਊਟ ਹੋ ਗਏ ਹਨ। ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਸਿਆਸਤ ਵਿਚ ਕਾਹਲੀ ਨਹੀਂ ਚੱਲਦੀ। ਕਾਂਗਰਸ ਵਿਚ ਕਈ ਨਵੇਂ ਆਏ ਲੀਡਰ ਅਹੁਦੇ ਲੈ ਜਾਂਦੇ ਹਨ ਪਰ ਚੰਗਾ ਕੰਮ ਕਰਨ ਵਾਲੇ ਵਿਧਾਇਕਾਂ ਨੂੰ ਮੌਕਾ ਨਹੀਂ ਮਿਲਦਾ।

## ਅਮਰੀਕਾ ਤੋਂ ਮਾਪਿਆਂ ਨੂੰ ਮਿਲਣ ਆਏ ਨੌਜਵਾਨ ਦਾ ਕਤਲ

**ਰਈਆ:** ਥਾਣਾ ਬਿਆਸ ਅਧੀਨ ਆਉਂਦੇ ਪਿੰਡ ਜੋਧੇ ਵਿਚ ਤਿੰਨ ਮੋਟਰਸਾਈਕਲ ਸਵਾਰ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਪਰਵਾਸੀ ਪੰਜਾਬੀ ਨੌਜਵਾਨ ਦਾ ਕਤਲ ਕਰ ਦਿੱਤਾ। ਬਲਵਿੰਦਰ ਸਿੰਘ ਵਾਸੀ ਜੋਧੇ ਨੇ ਦੱਸਿਆ ਕਿ ਉਸ ਦਾ ਪੁੱਤਰ ਕੁਲਵੰਤ ਸਿੰਘ (30 ਸਾਲ) 2015 ਵਿਚ ਅਮਰੀਕਾ ਚਲਾ ਗਿਆ ਸੀ।



ਉਹ 9 ਦਸੰਬਰ ਨੂੰ ਪਰਿਵਾਰ ਨੂੰ ਮਿਲਣ ਲਈ ਵਾਪਸ ਆਇਆ ਸੀ ਅਤੇ 28 ਦਸੰਬਰ ਨੂੰ ਵਾਪਸ ਜਾਣਾ ਸੀ। ਉਹ ਸਾਰੇ ਪਰਿਵਾਰ ਸਮੇਤ ਫਾਰਚੂਨਰ ਗੱਡੀ ਕਿਰਾਏ 'ਤੇ ਲੈ ਕੇ ਰਿਸ਼ਤੇਦਾਰਾਂ ਨੂੰ ਮਿਲਣ ਕਾਦੀਆਂ ਗਏ ਸਨ। ਜਦੋਂ ਉਹ ਵਾਪਸ ਆ ਰਹੇ ਸੀ ਉਸ ਦੇ ਭਤੀਜੇ ਦਾ ਫੋਨ ਆਇਆ ਕਿ ਤਿੰਨ ਲੜਕੇ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਕੁਲਵੰਤ ਨੂੰ ਮਿਲਣ ਆਏ ਹਨ। ਸ਼ਾਮ 7:15 ਵਜੇ ਜਦੋਂ ਉਹ ਘਰ ਪੁੱਜੇ ਤਾਂ ਕੁਲਵੰਤ ਵਿਹੜੇ ਵਿਚ ਗੱਡੀ ਲਗਾ ਕੇ ਗੇਟ ਬੰਦ ਕਰਨ ਗਿਆ। ਇਸੇ ਦੌਰਾਨ ਸਾਹਮਣੇ ਬੈਂਲ ਸਰਾਂ ਵੱਲੋਂ ਮੋਟਰਸਾਈਕਲ 'ਤੇ ਤਿੰਨ ਲੜਕੇ ਆਏ ਜਿਨ੍ਹਾਂ ਮੂੰਹ ਢਕੇ ਹੋਏ ਸਨ ਅਤੇ ਉਨ੍ਹਾਂ ਕੁਲਵੰਤ ਨੂੰ ਗੋਲੀਆਂ ਮਾਰ ਦਿੱਤੀਆਂ।

## ਕੈਪਟਨ ਦਾ ਇਕ ਹੋਰ ਮੰਤਰੀ ਵਿਵਾਦਾਂ ਵਿਚ ਘਿਰਿਆ

**ਮੁਹਾਲੀ:** ਮੁਹਾਲੀ ਵਿਚ ਖੇਤੀਬਾੜੀ ਯੋਗ ਜ਼ਮੀਨ ਨੂੰ ਉਦਯੋਗਿਕ ਤੇ ਵਪਾਰਕ ਜ਼ੋਨ ਵਿਚ ਤਬਦੀਲ ਕਰਨ ਦੇ ਮਾਮਲੇ ਸਬੰਧੀ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਪੰਜਾਬ ਕੈਬਨਿਟ ਵਿਚੋਂ ਬਰਖਾਸਤ ਕਰਨ ਦੀ ਮੰਗ ਨੇ ਜ਼ੋਰ ਫੜ ਲਿਆ ਹੈ। ਅਕਾਲੀ-ਭਾਜਪਾ ਕੌਂਸਲਰਾਂ ਅਤੇ ਹੋਰਨਾਂ ਆਗੂਆਂ ਨੇ ਮੁਹਾਲੀ ਦੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਦੇ ਨਾਮ ਸ਼ਿਕਾਇਤ ਭੇਜ ਮੰਗ ਕੀਤੀ ਹੈ ਕਿ ਸ੍ਰੀ ਸਿੱਧੂ ਨੂੰ ਕੈਬਨਿਟ 'ਚੋਂ ਬਾਹਰ ਕੀਤਾ ਜਾਵੇ।

ਇਸਤਰੀ ਅਕਾਲੀ ਦਲ ਜ਼ਿਲ੍ਹਾ ਸ਼ਹਿਰੀ ਦੀ ਪ੍ਰਧਾਨ ਕੁਲਦੀਪ ਕੌਰ ਕੰਗ, ਮੇਅਰ ਧੜੇ ਦੇ ਕੌਂਸਲਰ ਆਰਪੀ ਸ਼ਰਮਾ ਅਤੇ ਭਾਜਪਾ ਆਗੂ ਅਰੁਣ ਸ਼ਰਮਾ ਨੇ ਕਿਹਾ ਕਿ ਕੈਬਨਿਟ ਮੰਤਰੀ ਨੇ ਆਪਣੇ ਛੋਟੇ ਭਰਾ ਅਮਰਜੀਤ ਸਿੰਘ ਸਿੱਧੂ ਉਰਫ ਜੀਤੀ ਸਿੱਧੂ ਨੂੰ ਕਥਿਤ ਵਿੱਤੀ ਲਾਭ ਪਹੁੰਚਾਉਣ ਲਈ ਪਿੰਡ ਮਾਣਕਪੁਰ ਕੱਲਰ ਦੀ 68 ਏਕੜ ਖੇਤੀਬਾੜੀ ਯੋਗ ਜ਼ਮੀਨ, ਉਦਯੋਗਿਕ ਤੇ ਕਮਰਸ਼ੀਅਲ ਜ਼ੋਨ ਵਿਚ ਤਬਦੀਲ ਕਰਵਾਈ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ ਅਤੇ ਮੰਤਰੀ ਨੂੰ ਅਹੁਦੇ ਤੋਂ ਫਾਰਗ ਕਰਕੇ ਉਨ੍ਹਾਂ ਖਿਲਾਫ ਅਪਰਾਧਿਕ ਕੇਸ ਦਰਜ ਕੀਤਾ ਜਾਵੇ।



ਅਕਾਲੀ-ਭਾਜਪਾ ਆਗੂਆਂ ਨੇ ਕਿਹਾ ਕਿ ਜਿਹੜੀ ਪ੍ਰਾਈਵੇਟ ਕੰਪਨੀ ਵੱਲੋਂ ਜ਼ਮੀਨ ਖਰੀਦੀ ਗਈ ਹੈ, ਉਸ ਵਿਚ ਕੈਬਨਿਟ ਮੰਤਰੀ ਦਾ ਛੋਟਾ ਭਰਾ ਜੀਤੀ ਸਿੱਧੂ ਹਿੱਸੇਦਾਰ ਹੈ। ਸ੍ਰੀ ਸਿੱਧੂ ਨੇ ਟਾਊਨ ਪਲਾਨਿੰਗ ਬੋਰਡ ਵਿਚ ਆਪਣਾ ਰਸੂਖ ਵਰਤਦਿਆਂ ਆਪਣੇ ਭਰਾ ਨੂੰ ਵਿੱਤੀ ਲਾਭ ਪਹੁੰਚਾਉਣ ਲਈ ਖੇਤੀਬਾੜੀ ਯੋਗ ਜ਼ਮੀਨ ਨੂੰ ਉਦਯੋਗਿਕ ਤੇ ਵਪਾਰਕ ਜ਼ੋਨ ਵਿੱਚ ਤਬਦੀਲ ਕਰਵਾ ਲਿਆ ਹੈ। ਉਧਰ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਵਿਰੋਧੀ ਧਿਰ ਵੱਲੋਂ ਉਨ੍ਹਾਂ ਦੇ ਪਰਿਵਾਰ ਖਿਲਾਫ ਜ਼ਮੀਨਾਂ ਹੜੱਪਣ ਦੇ ਲਗਾਏ ਜਾ ਰਹੇ ਦੋਸ਼ਾਂ ਨੂੰ ਬਿਲਕੁਲ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਪ੍ਰਾਈਵੇਟ ਕੰਪਨੀ ਵੱਲੋਂ ਸਰਕਾਰੀ ਨੇਮਾਂ ਤਹਿਤ ਉਥੇ ਜ਼ਮੀਨ ਖਰੀਦੀ ਗਈ ਹੈ, ਜਿਸ ਨੂੰ ਸਰਕਾਰ ਨੇ ਸਨਅਤੀ ਏਰੀਆ ਘੋਸ਼ਿਤ ਕੀਤਾ ਹੈ। ਹੁਣ ਸਰਕਾਰ ਨੇ ਇਹ ਪ੍ਰੋਜੈਕਟ ਪਾਸ ਵੀ ਕਰ ਦਿੱਤਾ ਹੈ।

# ਅਫਸਰਾਂ ਦੇ ਤਬਾਦਲਿਆਂ ਨਾਲ ਮੰਤਰੀਆਂ ਨੂੰ ਖੁਸ਼ ਕਰਨ ਦਾ ਯਤਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਈ.ਏ.ਐਸ. ਅਧਿਕਾਰੀਆਂ ਤੇ ਪੀ.ਸੀ.ਐਸ. ਅਫਸਰਾਂ ਦੇ ਵੱਡੇ ਪੱਧਰ ਉਤੇ ਤਬਾਦਲੇ ਕਰਦਿਆਂ ਕੁਝ ਅਧਿਕਾਰੀਆਂ ਦੀ ਨਿਯੁਕਤੀ ਮੰਤਰੀਆਂ ਦੀ ਪਸੰਦ ਮੁਤਾਬਕ ਕਰ ਦਿੱਤੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕਈ ਮੰਤਰੀਆਂ ਦੇ ਆਪਣੇ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਨਾਲ ਮਤਭੇਦ ਸਨ ਤੇ ਮੰਤਰੀਆਂ ਵੱਲੋਂ ਆਪਣੀ ਪਸੰਦ ਦੇ ਅਫਸਰਾਂ ਨੂੰ ਤਾਇਨਾਤ ਕਰਨ ਲਈ ਸਰਕਾਰ ਉਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ। ਵੱਡੀ ਗਿਣਤੀ ਵਿਧਾਇਕ ਦੋਸ਼ ਲਾ ਰਹੇ ਹਨ ਕਿ ਅਫਸਰਸ਼ਾਹੀ ਉਨ੍ਹਾਂ ਦੀ ਸੁਣਦੀ ਨਹੀਂ। ਇਸ ਪਿੱਛੋਂ ਸਰਕਾਰ ਨੇ ਵਿਧਾਇਕਾਂ ਤੇ ਮੰਤਰੀਆਂ ਦੇ ਪਸੰਦ ਦੀਆਂ ਨਿਯੁਕਤੀਆਂ ਕਰਨ ਦਾ ਫੈਸਲਾ ਲਿਆ ਹੈ।

ਸਰਕਾਰ ਵੱਲੋਂ ਤਾਜ਼ਾ ਹੁਕਮਾਂ ਅਨੁਸਾਰ 16 ਆਈ.ਏ.ਐਸ. ਅਤੇ 5 ਪੀ.ਸੀ.ਐਸ.



ਬਦਲੇ ਗਏ ਹਨ। ਸੰਜੇ ਕੁਮਾਰ ਨੂੰ ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰਾਂ ਵਿਭਾਗ, ਏ. ਵੇਣੂ ਪ੍ਰਸਾਦ ਨੂੰ ਪ੍ਰਮੁੱਖ ਸਕੱਤਰ ਜਲ ਸਰੋਤ ਵਿਭਾਗ ਨਿਯੁਕਤ ਕੀਤਾ ਗਿਆ ਹੈ। ਸਰਵਜੀਤ ਸਿੰਘ ਪ੍ਰਮੁੱਖ ਸਕੱਤਰ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਹੀ ਰਹਿਣਗੇ। ਵਿਕਾਸ ਪ੍ਰਤਾਪ ਨੂੰ ਲੋਕ ਨਿਰਮਾਣ ਵਿਭਾਗ ਦਾ ਪ੍ਰਮੁੱਖ ਸਕੱਤਰ ਲਾਇਆ ਗਿਆ ਹੈ ਤੇ ਹੁਸਨ ਲਾਲ ਨੂੰ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਦਾ ਸਕੱਤਰ ਲਾਇਆ ਗਿਆ ਹੈ। ਰਾਹੁਲ ਭੰਡਾਰੀ ਨੂੰ ਗ੍ਰਹਿ, ਪਰਵਾਸੀ ਮਾਮਲੇ ਤੇ ਜੇਲ੍ਹਾਂ ਦੇ ਨਾਲ ਉਚੇਰੀ ਸਿੱਖਿਆ ਵਿਭਾਗ ਦਾ ਸਕੱਤਰ ਵੀ ਲਾਇਆ ਗਿਆ ਹੈ। ਨੀਲਕੰਠ ਅਵਹਦ ਨੂੰ ਪੰਜਾਬ ਗੁਦਾਮ ਨਿਗਮ ਦਾ ਮੈਨੇਜਿੰਗ ਡਾਇਰੈਕਟਰ, ਦਿਲਰਾਜ ਸਿੰਘ ਨੂੰ ਲੋਕ ਨਿਰਮਾਣ ਵਿਭਾਗ ਦੇ ਵਿਸ਼ੇਸ਼ ਸਕੱਤਰ ਦਾ ਵਾਧੂ ਚਾਰਜ, ਅਭਿਨਵ ਨੂੰ ਡਾਇਰੈਕਟਰ ਖਜ਼ਾਨਾ ਤੇ ਵਿਸ਼ੇਸ਼ ਸਕੱਤਰ ਖਰਚਾ, ਪਰਵੀਨ ਕੁਮਾਰ ਥਿੰਦ ਨੂੰ ਕਿਰਤ ਕਮਿਸ਼ਨਰ, ਡੀ.ਪੀ.ਐਸ. ਖਰਬੰਦਾ ਨੂੰ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦਾ ਡਾਇਰੈਕਟਰ, ਵਿਮਲ ਕੁਮਾਰ ਸੇਤੀਆ ਨੂੰ ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ, ਦੀਪਲੀ ਉਪਲ ਨੂੰ ਡਿਪਟੀ ਕਮਿਸ਼ਨਰ ਕਪੂਰਥਲਾ, ਸ਼ੀਨਾ ਅਗਰਵਾਲ ਨੂੰ ਮੁੱਖ ਪ੍ਰਸ਼ਾਸਕ ਜਲੰਧਰ ਵਿਕਾਸ ਅਥਾਰਟੀ ਅਤੇ ਸੀ.ਈ.ਓ. ਜਲੰਧਰ ਸਮਾਰਟ ਸਿਟੀ ਪ੍ਰੋਜੈਕਟ, ਸ਼ੌਕਤ ਅਹਿਮਦ ਨੂੰ ਸੀ.ਈ.ਓ. ਵਕਫ ਬੋਰਡ ਤੇ ਕਰ ਅਤੇ ਆਬਕਾਰੀ ਵਿਭਾਗ 'ਚ ਵਧੀਕ ਕਮਿਸ਼ਨਰ, ਸੰਦੀਪ ਕੁਮਾਰ ਨੂੰ ਵਧੀਕ ਡਿਪਟੀ ਕਮਿਸ਼ਨਰ ਮੁਕਤਸਰ, ਆਈ.ਆਰ.ਐਸ. ਅਧਿਕਾਰੀ ਮੋਹਿਤ ਤਿਵਾੜੀ ਨੂੰ ਵਧੀਕ ਸਕੱਤਰ ਯੋਜਨਾ, ਪੀ.ਸੀ.ਐਸ. ਅਫਸਰਾਂ ਵਿਚ ਅਨੁਪਮ ਕਲੇਰ ਨੂੰ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਜਲੰਧਰ, ਲਤੀਫ ਅਹਿਮਦ ਨੂੰ ਐਸ.ਡੀ.ਐਮ. ਧੂਰੀ, ਹਰਸੁਹਿੰਦਰ ਸਿੰਘ ਬਰਾੜ ਨੂੰ ਪਹਿਲੀ ਤਾਇਨਾਤੀ ਦੇ ਨਾਲ ਬਾਲ ਕਮਿਸ਼ਨਰ ਦੇ ਸਕੱਤਰ ਦਾ ਚਾਰਜ, ਪੂਜਾ ਸਿਆਲ ਨੂੰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਮੁਹਾਲੀ, ਅਮਿਤ ਸਰੀਨ ਨੂੰ ਡੀ.ਪੀ.ਆਈ. ਸਕੂਲ ਦੇ ਦਫਤਰ ਵਿਚ ਡਿਪਟੀ ਡਾਇਰੈਕਟਰ ਪ੍ਰਸ਼ਾਸਨ, ਹਰਦੀਪ ਸਿੰਘ ਧਾਲੀਵਾਲ ਨੂੰ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਜਲੰਧਰ, ਬਰਜਿੰਦਰ ਸਿੰਘ ਨੂੰ ਵਧੀਕ ਮੁੱਖ ਪ੍ਰਸ਼ਾਸਕ ਜਲੰਧਰ ਵਿਕਾਸ ਅਥਾਰਿਟੀ, ਸਤਵੰਤ ਸਿੰਘ ਨੂੰ ਐਸ.ਡੀ.ਐਮ. ਮੋਗਾ, ਵਰਿੰਦਰ ਸਿੰਘ ਨੂੰ ਐਸ.ਡੀ.ਐਮ. ਤਲਵੰਡੀ ਸਾਬੋ, ਰਣਦੀਪ ਸਿੰਘ ਨੂੰ ਕਾਰਜਕਾਰੀ ਮੈਜਿਸਟਰੇਟ ਜਲੰਧਰ, ਵਿਨੋਦ ਕੁਮਾਰ ਬਾਂਸਲ ਨੂੰ ਡਿਪਟੀ ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਰਵਿੰਦਰ ਕੁਮਾਰ ਅਰੋੜਾ ਨੂੰ ਉਪ ਸਕੱਤਰ ਪਾਰਲੀਮਾਨੀ ਮਾਮਲੇ, ਗੁਰਵਿੰਦਰ ਸਿੰਘ ਜੌਹਲ ਨੂੰ ਐਸ.ਡੀ.ਐਮ. ਫਗਵਾੜਾ ਅਤੇ ਕਰਮਜੀਤ ਸਿੰਘ ਨੂੰ ਡਿਪਟੀ ਡਾਇਰੈਕਟਰ ਲੋਕ ਨਿਰਮਾਣ ਵਿਭਾਗ ਲਾਇਆ ਹੈ।

### ਪੰਜਾਬ ਸਰਕਾਰ ਵੱਲੋਂ 80 ਸਿਆਸੀ ਨਿਯੁਕਤੀਆਂ ਦਾ ਰਾਹ ਪੱਧਰਾ

ਚੰਡੀਗੜ੍ਹ: ਇਕ ਪਾਸੇ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਿੱਤੀ ਹਾਲਾਤ ਨਾਜ਼ੁਕ ਹੋਣ ਦਾ ਰੌਲਾ ਪਾਇਆ ਜਾ ਰਿਹਾ ਹੈ ਤੇ ਦੂਜੇ ਪਾਸੇ ਸਰਕਾਰ ਨੇ 80 ਸਿਆਸੀ ਨਿਯੁਕਤੀਆਂ ਦਾ ਰਾਹ ਪੱਧਰਾ ਕਰ ਦਿੱਤਾ ਹੈ ਜਿਸ ਨਾਲ ਸਰਕਾਰੀ ਖਜ਼ਾਨੇ 'ਤੇ ਸਾਲਾਨਾ ਕਰੋੜਾਂ ਰੁਪਏ ਦਾ ਬੋਝ ਪਵੇਗਾ। ਸੂਤਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਨ੍ਹਾਂ ਨਿਯੁਕਤੀਆਂ ਸਬੰਧੀ ਨਾਂ ਪ੍ਰਵਾਨ ਕਰ ਲਏ ਗਏ ਸਨ। ਪ੍ਰਸ਼ਾਸਨਿਕ ਰਸਮੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਨਿਯੁਕਤੀਆਂ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਜੁਲਾਈ ਮਹੀਨੇ ਤੋਂ ਬਾਅਦ ਦੂਜੀ ਵਾਰ ਵੱਡੇ ਪੱਧਰ 'ਤੇ ਸਰਕਾਰੀ ਬੋਰਡਾਂ, ਕਾਰਪੋਰੇਸ਼ਨਾਂ ਤੇ ਹੋਰ ਸਰਕਾਰੀ ਸੰਸਥਾਵਾਂ ਵਿਚ ਸਿਆਸੀ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ।

### ਅਫਸਰਾਂ ਨੂੰ ਛਿੱਤਰ ਤੇ ਗੰਢੇ ਦੋਵੇਂ ਖਾਣੇ ਪੈਣਗੇ: ਰਾਜਾ ਵੜਿੰਗ

**ਲੰਬੀ:** ਲੰਬੀ ਹਲਕੇ 'ਚ ਪੰਜਾਵਾ ਪੁਲ ਉਤੇ ਕਿਸਾਨਾਂ ਵੱਲੋਂ ਲਾਏ ਧਰਨੇ ਉਤੇ ਪੁੱਜੇ ਕਾਂਗਰਸੀ ਵਿਧਾਇਕ ਰਾਜਾ ਵੜਿੰਗ ਨੇ ਲਿਫਟ ਪੰਪ ਬੰਦ ਕਰਨ ਦੇ ਫੈਸਲੇ ਦਾ ਸਾਰਾ ਨਜ਼ਲਾ ਅਫਸਰਸ਼ਾਹੀ ਉਤੇ ਸੁੱਟ ਦਿੱਤਾ ਹੈ। ਰਾਜਾ ਵੜਿੰਗ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਰਹਿੰਦ ਫੀਡਰ ਨਹਿਰ ਦੇ ਲਿਫਟ ਪੰਪ ਬੰਦ ਕਰਨ ਬਾਰੇ ਕੋਈ ਆਦੇਸ਼ ਨਹੀਂ ਦਿੱਤਾ ਅਤੇ ਇਹ ਸਭ ਕੁਝ ਅਫਸਰਸ਼ਾਹੀ ਦੇ ਪੱਧਰ ਉਤੇ ਹੋ ਗਿਆ ਹੈ। ਧਰਨੇ ਮੌਕੇ ਰਾਜਾ ਵੜਿੰਗ ਨੇ ਅਫਸਰਾਂ ਉਤੇ ਭੜਾਸ ਕੱਢੀ। ਉਨ੍ਹਾਂ ਆਖਿਆ ਕਿ ਉਨ੍ਹਾਂ ਇਕ ਅਧਿਕਾਰੀ ਨੂੰ ਫੋਨ 'ਤੇ ਆਖਿਆ, 'ਤੂੰ ਛਿੱਤਰ ਵੀ ਖਾਵੇਂਗਾ ਅਤੇ ਗੰਢੇ ਵੀ, ਹੋਣਾ ਕੱਖ ਨਹੀਂ। ਐਵੇਂ ਸਾਨੂੰ ਖਰਾਬ ਕਰੇਂਗਾ।' ਉਨ੍ਹਾਂ ਆਖਿਆ, 'ਛਿੱਤਰ ਅਤੇ ਗੰਢੇ ਖਾਣ ਦਾ ਭਾਵ ਥੁੱਕ ਕੇ ਚੱਟਣਾ ਹੈ। ਇਸ ਲਈ ਪਹਿਲਾਂ ਹੀ ਮੰਨ ਜਾਓ।' ਰਾਜਾ ਵੜਿੰਗ ਨੇ ਕਿਸਾਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਆਖਿਆ ਕਿ ਪਿਛਾਂਹ ਨਹਿਰ ਬਣ ਚੁੱਕੀ ਹੈ ਅਤੇ ਉਹ ਨਹਿਰ 'ਤੇ ਲਿਫਟ ਪੰਪਾਂ ਦੀਆਂ ਪਾਈਪਾਂ ਜੋੜ ਲੈਣ। ਜੇ ਕੋਈ ਆਵੇ ਤਾਂ ਕਹਿ ਦੇਣ ਕਿ ਜੇ ਕਿਸੇ ਨੇ ਕੇਸ ਦਰਜ ਕਰਨਾ ਹੈ ਤਾਂ ਰਾਜਾ ਵੜਿੰਗ ਉਤੇ ਕਰ ਦੇਣ।

### ਪਰਚੇ ਦਰਜ ਕਰਨ ਵਾਲਿਆਂ ਨੂੰ ਬਖਸ਼ਾਂਗੇ ਨਹੀਂ: ਸੁਖਬੀਰ

**ਪਟਿਆਲਾ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਕਾਂਗਰਸ ਸਰਕਾਰ ਲੋਕਾਂ ਉਤੇ ਵੱਡੀ ਪੱਧਰ ਉਤੇ ਜ਼ਿਆਦਤੀਆਂ ਕਰ ਰਹੀ ਹੈ। ਸਥਿਤੀ ਇਹ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗਾਇਬ ਹਨ, ਉਹ ਪੌਣੇ ਤਿੰਨ ਸਾਲ 'ਚ ਸਿਰਫ 6 ਦਿਨ ਹੀ ਆਪਣੇ ਦਫਤਰ ਆਏ ਹਨ। ਉਨ੍ਹਾਂ ਧਮਕੀ ਭਰੇ ਲਹਿਜ਼ੇ 'ਚ ਆਖਿਆ ਕਿ ਜਿਹੜੇ ਪੁਲਿਸ ਅਧਿਕਾਰੀ ਅਕਾਲੀ ਦਲ ਦੇ ਵਰਕਰਾਂ ਉਤੇ ਝੂਠੇ ਕੇਸ ਦਰਜ ਕਰ ਰਹੇ ਹਨ, ਜੇ ਇਹ ਸਾਬਤ ਹੋ ਗਏ ਤਾਂ ਅਕਾਲੀ ਦਲ ਦੀ ਸਰਕਾਰ ਆਉਣ ਉਤੇ ਇਨ੍ਹਾਂ ਨੂੰ ਬਰਖਾਸਤ ਕੀਤਾ ਜਾਵੇਗਾ। ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਪਟਿਆਲਾ ਸ਼ਹਿਰ ਤੋਂ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ।

# ਨਾਗਰਿਕਤਾ ਸੋਧ ਐਕਟ: ਭਾਰਤ ਵਿਚ ਉਠਿਆ ਵਿਆਪਕ ਰੋਸ



**ਨਵੀਂ ਦਿੱਲੀ:** ਇਥੇ ਜਾਮੀਆ ਮਿਲੀਆ ਇਸਲਾਮੀਆ ਵਿਚ ਹੋਈਆਂ ਘਟਨਾਵਾਂ ਤੋਂ ਬਾਅਦ ਕੌਮੀ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਹੋਰ ਵੀ ਭਖ ਗਿਆ ਹੈ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਕਾਰਨ ਹੁਣ ਤੱਕ 18 ਮੌਤਾਂ ਹੋ ਚੁੱਕੀਆਂ ਹਨ। ਦੇਸ਼ ਭਰ ਵਿਚ ਆਮ ਲੋਕਾਂ ਦੇ ਨਾਲ-ਨਾਲ ਵਿਦਿਆਰਥੀ ਜਥੇਬੰਦੀਆਂ ਨੇ ਸਰਕਾਰ ਨੂੰ ਘੇਰਾ ਪਾ ਲਿਆ ਹੈ।

ਭਾਜਪਾ ਦੇ ਸਹਿਯੋਗੀ ਦਲ ਜਨਤਾ ਦਲ ਯੂਨਾਈਟਿਡ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਐਨ.ਡੀ.ਏ. ਦੀ ਹੰਗਾਮੀ ਮੀਟਿੰਗ ਸੱਦਣ ਦੀ ਮੰਗ ਕੀਤੀ ਹੈ। ਯਾਦ ਰਹੇ ਕਿ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀ ਅਮਨ-ਸ਼ਾਂਤੀ ਨਾਲ ਆਪਣਾ ਰੋਸ ਜ਼ਾਹਿਰ ਕਰ ਰਹੇ ਸਨ ਜਦੋਂ ਪੁਲਿਸ ਨੇ ਲਾਇਬਰੇਰੀ ਅਤੇ ਹੋਰਨਾਂ ਥਾਂਵਾਂ 'ਤੇ ਦਾਖਲ ਹੋ ਕੇ ਵਿਦਿਆਰਥੀਆਂ ਦੀ ਬੇਰਹਿਮੀ ਨਾਲ ਕੁੱਟ-ਮਾਰ ਕੀਤੀ।

ਜਾਮੀਆ ਮਿਲੀਆ ਇਸਲਾਮੀਆ ਵਿਚ ਹੋਈਆਂ ਘਟਨਾਵਾਂ ਤੋਂ ਬਾਅਦ ਸਾਰੇ ਦੇਸ਼ ਵਿਚ ਰੋਹ ਤੇ ਰੋਸ ਦਾ ਤੂਫਾਨ ਉੱਠਿਆ। ਇਸ ਰੋਹ ਦੀ ਤਾਸੀਰ ਅਸਾਮ, ਪੱਛਮੀ ਬੰਗਾਲ ਤੇ ਉੱਤਰ-ਪੂਰਬੀ ਰਾਜਾਂ ਵਿਚ ਪਹਿਲਾਂ ਤੋਂ ਹੋ ਰਹੇ ਵਿਰੋਧ ਤੋਂ ਵੱਖਰੀ ਹੈ।

ਦੇਸ਼ ਵਿਚ ਮੁਜ਼ਾਹਰੇ ਤੇ ਹੜਤਾਲਾਂ ਜਾ ਦੌਰ ਸ਼ੁਰੂ ਗਿਆ ਹੈ ਜਿਸ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਦੇ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ, ਵਿਦਿਆਰਥੀਆਂ ਤੇ ਬੁੱਧੀਜੀਵੀਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਲੈਣਾ ਸਿੱਧ ਕਰਦਾ ਹੈ ਕਿ ਸਰਕਾਰ ਨਾਗਰਿਕਤਾ ਸੋਧ ਬਿਲ ਉੱਤੇ ਨਾ ਤਾਂ ਸੰਵਿਧਾਨਕ ਤੌਰ ਉਤੇ ਠੀਕ ਹੈ ਅਤੇ ਨਾ ਹੀ ਇਖਲਾਕੀ ਤੌਰ ਉਤੇ। ਸਭ ਧਰਮਾਂ ਦੇ ਨੌਜਵਾਨ ਤੇ ਵਿਦਿਆਰਥੀ ਇਸ ਅੰਦੋਲਨ ਵਿਚ ਸ਼ਾਮਲ ਹੋ ਰਹੇ ਹਨ।

ਉਤਰ ਪ੍ਰਦੇਸ਼, ਕਰਨਾਟਕ, ਤਾਮਿਲ ਨਾਡੂ, ਪੱਛਮੀ ਬੰਗਾਲ, ਦਿੱਲੀ, ਪੰਜਾਬ; ਗੱਲ ਕੀ ਸਾਰਾ ਦੇਸ਼ ਇਸ ਅੰਦੋਲਨ ਦੀ ਲਪੇਟ ਵਿਚ ਹੈ। ਲਖਨਊ 'ਚ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਕਾਨਪੁਰ 'ਚ ਪ੍ਰਦਰਸ਼ਨਕਾਰੀਆਂ ਨੇ ਯਤੀਮਖਾਨਾ ਪੁਲਿਸ ਚੌਕੀ ਨੂੰ ਅੱਗ ਲਗਾ ਦਿੱਤੀ ਅਤੇ ਪਥਰਾਅ ਕੀਤਾ ਜਿਸ ਕਾਰਨ ਕੁਝ ਲੋਕ ਜਖਮੀ ਹੋ ਗਏ। ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਅਧਿਕਾਰੀਆਂ ਮੁਤਾਬਕ ਬਾਬੂਪੁਰਵਾ, ਨਈ ਸੜਕ, ਮੂਲਗੰਜ, ਦਲੇਲਪੁਰਵਾ ਅਤੇ ਹਲੀਮ ਕਾਲਜ ਵਰਗੇ ਕਈ ਇਲਾਕਿਆਂ 'ਚ ਵੀ ਪ੍ਰਦਰਸ਼ਨ ਹੋਏ।

ਰਾਮਪੁਰ 'ਚ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਝੜਪਾਂ ਹੋਈਆਂ ਜਿਸ ਕਾਰਨ ਪੁਲਿਸ ਸਮੇਤ ਕਈ ਵਿਅਕਤੀ ਜਖਮੀ ਹੋ ਗਏ।

ਪੁਲਿਸ ਨੇ ਪੂਰੇ ਯੂਪੀ 'ਚ ਕਰੀਬ 4,500 ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਹੈ। 102 ਜਣਿਆਂ ਨੂੰ ਸੋਸ਼ਲ ਮੀਡੀਆ ਉਤੇ ਇਤਰਾਜ਼ਯੋਗ ਟਿੱਪਣੀਆਂ ਲਈ ਗ੍ਰਿਫਤਾਰ ਕੀਤਾ ਗਿਆ ਹੈ। ਹੁਣ ਤੱਕ 14,101 ਪੋਸਟਾਂ ਬਾਰੇ ਕਾਰਵਾਈ ਕੀਤੀ ਗਈ ਹੈ। ਰਾਸ਼ਟਰੀ ਜਨਤਾ ਦਲ ਨੇ ਬਿਹਾਰ 'ਚ ਬੰਦ ਦਾ ਸੱਦਾ ਦਿੱਤਾ ਜਿਸ ਦੌਰਾਨ ਵੱਡੇ ਪੱਧਰ 'ਤੇ ਭੰਨ-ਤੋੜ ਹੋਈ ਅਤੇ ਰੇਲ ਤੇ ਸੜਕ ਆਵਾਜਾਈ 'ਚ ਅੜਿੱਕੇ ਡਾਹੇ ਗਏ। ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਤੇਜਸਵੀ ਯਾਦਵ ਦੀ ਅਗਵਾਈ ਹੇਠ ਵਰਕਰਾਂ ਨੇ ਬੀਰ ਚੰਦ ਪਟੇਲ ਮਾਰਗ ਤੋਂ ਡਾਕ ਬੰਗਲੇ ਤੱਕ ਵੱਡਾ ਮਾਰਚ ਕੱਢਿਆ। ਅਜਿਹੇ ਪ੍ਰਦਰਸ਼ਨ ਭਾਗਲਪੁਰ, ਮੁਜ਼ੱਫਰਪੁਰ ਅਤੇ ਪਟਨਾ 'ਚ ਵੀ ਹੋਏ। ਅਸਾਮ ਅਤੇ ਪੱਛਮੀ ਬੰਗਾਲ 'ਚ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤੇ ਗਏ। ਤਾਮਿਲ ਨਾਡੂ ਅਤੇ ਕੇਰਲ 'ਚ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਕਈ ਥਾਂਵਾਂ ਉਤੇ ਝੜਪਾਂ ਹੋਈਆਂ। ਯਾਦ ਰਹੇ ਕਿ ਇਹ ਰੋਸ ਮੁਲਕ ਭਰ ਵਿਚ ਫੈਲ ਗਿਆ ਹੈ। ਹੁਣ ਤਾਂ ਇਸ ਬਾਰੇ ਪ੍ਰਧਾਨ ਮੰਤਰੀ ਤੱਕ ਨੂੰ ਸਫਾਈ ਦੇਣੀ ਪੈ ਰਹੀ ਹੈ।

### ਲੋਕ ਆਵਾਜ਼ ਦੀ ਬੇਕਦਰੀ: ਸੋਨੀਆ

**ਨਵੀਂ ਦਿੱਲੀ:** ਨਾਗਰਿਕਤਾ ਐਕਟ ਖਿਲਾਫ ਦੇਸ਼ ਭਰ ਵਿਚ ਚੱਲ ਰਹੇ ਰੋਸ ਪ੍ਰਦਰਸ਼ਨਾਂ ਦੌਰਾਨ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ 'ਤੇ ਪੁਲਿਸ ਬਲ ਦੀ ਵਰਤੋਂ ਕਰਕੇ ਲੋਕਾਂ ਦੀ ਆਵਾਜ਼ ਦਬਾਉਣ ਅਤੇ ਬੇਕਦਰੀ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਲੋਕਤੰਤਰ ਵਿਚ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਰਕਾਰ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਸੋਨੀਆ ਗਾਂਧੀ ਨੇ ਵਿਦਿਆਰਥੀਆਂ ਅਤੇ ਨਾਗਰਿਕਾਂ ਦੇ ਸੰਘਰਸ਼ ਨਾਲ ਕਾਂਗਰਸ ਪਾਰਟੀ ਦੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ।

### ਵਿਰੋਧੀਆਂ ਨੂੰ ਜਵਾਬ ਦੇਣ ਲਈ ਮੁਹਿੰਮ ਚਲਾਏਗੀ ਭਾਜਪਾ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਦੋਸ਼ ਲਗਾਇਆ ਕਿ ਨਾਗਰਿਕਤਾ ਸੋਧ ਐਕਟ 'ਤੇ ਵਿਰੋਧੀ ਪਾਰਟੀਆਂ ਤੇ ਖਾਸ ਕਰਕੇ ਕਾਂਗਰਸ ਵੱਲੋਂ ਗੁਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਭਾਜਪਾ ਵਿਰੋਧੀ ਧਿਰਾਂ ਨੂੰ ਜਵਾਬ ਦੇਣ ਲਈ 10 ਦਿਨਾਂ ਦੀ ਵਿਸ਼ੇਸ਼ ਮੁਹਿੰਮ ਚਲਾਏਗੀ ਤੇ ਤਿੰਨ ਕਰੋੜ ਤੋਂ ਵੱਧ ਪਰਿਵਾਰਾਂ ਨਾਲ ਸੰਪਰਕ ਕੀਤਾ ਜਾਵੇਗਾ। ਇਸ ਸਬੰਧੀ ਫੈਸਲਾ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਜੇ.ਪੀ. ਨੱਢਾ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਲਿਆ ਗਿਆ।

### ਹਿੰਦੂ ਸ਼ਰਨਾਰਥੀਆਂ ਨੂੰ ਕਿਥੇ ਵਸਾਏਗਾ ਕੇਂਦਰ: ਊਧਵ

**ਨਾਗਪੁਰ:** ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਸੋਧੇ ਹੋਏ ਨਾਗਰਿਕਤਾ ਕਾਨੂੰਨ 'ਤੇ ਭਾਜਪਾ ਉਤੇ ਹਮਲਾ ਬੋਲਦਿਆਂ ਸਵਾਲ ਕੀਤਾ ਕਿ ਸਰਕਾਰ ਇਨ੍ਹਾਂ ਹਿੰਦੂ ਸ਼ਰਨਾਰਥੀਆਂ ਨੂੰ ਮੁਲਕ 'ਚ ਕਿਹੜੀ ਥਾਂ ਅਤੇ ਕਿਵੇਂ ਵਸਾਏਗੀ? ਉਨ੍ਹਾਂ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਬੇਲਗਾਮ ਸਰਹੱਦੀ ਵਿਵਾਦ ਮਾਮਲੇ 'ਚ ਉਹ ਮਹਾਰਾਸ਼ਟਰ ਦੀ ਬਜਾਏ ਕਰਨਾਟਕ ਦਾ ਪੱਖ ਲੈ ਰਹੀ ਹੈ।

### ਕਰਨਾਟਕ ਦੇ ਮੰਤਰੀ ਵੱਲੋਂ ਗੋਧਰਾ ਦੁਹਰਾਉਣ ਦੀ ਧਮਕੀ

**ਬੰਗਲੂਰੂ:** ਕਰਨਾਟਕ ਦੇ ਮੰਤਰੀ ਸੀਟੀ ਰਵੀ ਦਾ ਇਕ ਵਿਵਾਦਤ ਵੀਡੀਓ ਸਾਹਮਣੇ ਆਈ ਹੈ ਜਿਸ ਵਿਚ ਉਹ ਇਹ ਕਹਿੰਦੇ ਹੋਏ ਸੁਣਾਈ ਦੇ ਰਹੇ ਹਨ ਕਿ ਜੇਕਰ ਬਹੁਗਿਣਤੀਆਂ ਨੇ ਆਪਣਾ ਸੰਜਮ ਗੁਆ ਦਿੱਤਾ ਤਾਂ ਗੋਧਰਾ ਵਰਗੇ ਹਾਲਾਤ ਬਣ ਸਕਦੇ ਹਨ। ਕਾਂਗਰਸ ਨੇ ਇਸ ਨੂੰ ਭੜਕਾਊ ਬਿਆਨ ਕਰਾਰ ਦਿੰਦਿਆਂ ਉਸ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

## ਪੰਜਾਬ 'ਚ ਮੁਸਲਮਾਨਾਂ ਦੇ ਹੱਕ 'ਚ ਹਾਅ ਦਾ ਨਾਅਰਾ

**ਪਟਿਆਲਾ**: ਵੱਡੀ ਗਿਣਤੀ ਮੁਸਲਿਮ ਭਾਈਚਾਰਾ ਨਾਗਰਿਕਤਾ ਸੋਧ ਐਕਟ ਤੇ ਐਨ.ਆਰ.ਸੀ. ਦੇ ਵਿਰੋਧ ਵਿਚ ਸੜਕਾਂ ਉਤੇ ਉਤਰ ਆਇਆ। ਸ਼ਹਿਰ ਦੇ ਚਾਂਦਨੀ ਚੌਕ 'ਚ ਰੋਸ ਧਰਨਾ ਦੇਣ ਮਗਰੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਦੇਣ ਲਈ ਮਿੰਨੀ ਸਕੱਤਰੇਤ ਦਫਤਰ ਵੱਲ ਰੋਸ ਮਾਰਚ ਆਰੰਭਿਆ ਪਰ ਪੁਲਿਸ ਪ੍ਰਸ਼ਾਸਨ ਨੇ ਹਾਲਾਤ ਵਿਗੜਨ ਦੇ ਮੱਦੇਨਜ਼ਰ ਫੁਹਾਰਾ ਚੌਕ 'ਚ ਹੀ ਪ੍ਰਦਰਸ਼ਨਕਾਰੀਆਂ ਨੂੰ ਰੋਕ ਕੇ ਮੰਗ ਪੱਤਰ ਹਾਸਲ ਕਰ ਲਿਆ।

ਇਸ ਰੋਸ ਪ੍ਰਦਰਸ਼ਨ 'ਚ ਵੱਡੀ ਗਿਣਤੀ ਸਿੱਖ ਤੇ ਦਲਿਤ ਭਾਈਚਾਰੇ ਦੇ ਕਾਰਕੁਨਾਂ ਨੇ ਵੀ ਸ਼ਿਰਕਤ ਕੀਤੀ। ਬੱਸ ਸਟੈਂਡ ਕੋਲ ਪ੍ਰਦਰਸ਼ਨਕਾਰੀਆਂ ਦੀ ਇੱਕ ਧਿਰ ਨੇ ਸੰਕੇਤਕ ਚੱਕਾ ਜਾਮ ਕਰਕੇ ਮੁਸਲਿਮ ਭਾਈਚਾਰੇ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਿਆ।

ਪ੍ਰਦਰਸ਼ਨ ਦੌਰਾਨ ਕੇਂਦਰ ਸਰਕਾਰ 'ਤੇ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਦੇ ਦੋਸ਼ ਮੜ੍ਹਦਿਆਂ ਨਾਗਰਿਕਤਾ ਸੋਧ ਐਕਟ 'ਚੋਂ ਮੁਸਲਿਮ ਭਾਈਚਾਰੇ ਨੂੰ ਬਾਹਰ ਰੱਖਣ ਦੀ ਨਿਖੇਧੀ ਕਰਦਿਆਂ ਸੰਵਿਧਾਨ ਬਚਾਉਣ ਦਾ ਹੋਕਾ ਦਿੱਤਾ ਗਿਆ। ਇਸ ਦੌਰਾਨ ਭਾਈਚਾਰੇ ਦੇ ਆਗੂ ਮੂਸਾ ਖਾਨ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਐਕਟ 'ਚ ਗਲਤ ਭਾਵਨਾ ਹੇਠ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਹੈ। ਕੇਂਦਰ ਸਰਕਾਰ ਨੂੰ ਇਸ ਬਾਰੇ ਸਪਸ਼ਟ ਕਰਨਾ ਚਾਹੀਦਾ ਹੈ।

### ਲੋਕ ਮੁੱਦਿਆਂ ਤੋਂ ਧਿਆਨ ਹਟਾਉਣਾ ਚਾਹੁੰਦੀ ਹੈ ਕੇਂਦਰ

**ਅੰਮ੍ਰਿਤਸਰ:** ਉਘੇ ਕਵੀ ਸੁਰਜੀਤ ਪਾਤਰ ਨੇ ਵੀ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਉਤੇ ਪੁਲਿਸ ਵੱਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਦੀ ਨਿਖੇਧੀ ਕੀਤੀ ਅਤੇ ਆਖਿਆ ਕਿ ਸਰਕਾਰ ਅਜਿਹਾ ਕਰਕੇ ਲੋਕਾਂ ਦਾ ਧਿਆਨ ਲੋਕ ਮੁੱਦਿਆਂ ਤੋਂ ਹਟਾਉਣ ਦਾ ਯਤਨ ਕਰ ਰਹੀ ਹੈ। ਸ੍ਰੀ ਪਾਤਰ ਨੇ ਆਪਣੀ ਗੱਲ ਇਕ ਕਵਿਤਾ ਦੀਆਂ ਸਤਰਾਂ ਨਾਲ ਸ਼ੁਰੂ ਕੀਤੀ। ਉਨ੍ਹਾਂ ਆਖਿਆ ਕਿ 'ਜੇ ਆਈ ਪਤਝੜ ਤਾਂ ਫਿਰ ਕੀ ਹੈ' ਤੂੰ ਅਗਲੀ ਰੁੱਤ ਵਿਚ ਯਕੀਨ ਰੱਖੀਂ, ਮੈਂ ਲੱਭ ਕੇ ਕਿਤਿਓਂ ਲਿਆਉਣਾ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।' ਉਨ੍ਹਾਂ ਆਖਿਆ ਕਿ ਸਮਾਜ ਨੂੰ ਇਕਜੁਟ ਹੋ ਕੇ ਮੌਜੂਦਾ ਸਿਆਸਤ ਨੂੰ ਰੱਦ ਕਰਨਾ ਚਾਹੀਦਾ ਹੈ।

### ਮੁਸਲਮਾਨਾਂ ਨੂੰ ਐਕਟ 'ਚ ਸ਼ਾਮਲ ਕੀਤਾ ਜਾਵੇ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਾਗਰਿਕਤਾ ਸੋਧ ਐਕਟ 'ਚ ਮੁਸਲਮਾਨਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਹ ਸੰਸਦ ਵਿਚ ਵੀ ਇਹ ਗੱਲ ਸਪੱਸ਼ਟ ਕਰ ਚੁੱਕੇ ਹਨ ਤੇ ਲੋਕਤੰਤਰਿਕ ਕਦਰਾਂ-ਕੀਮਤਾਂ ਅਤੇ ਧਰਮ ਨਿਰਪੱਖਤਾ ਦੇ ਸਿਧਾਂਤਾਂ ਨੂੰ ਪਹਿਲ ਦਿੰਦੇ ਹਨ। ਗੁਰੂ ਸਾਹਿਬਾਨ ਵੱਲੋਂ 'ਸਰਬੱਤ ਦੇ ਭਲੇ' ਦੇ ਸੁਨੇਹੇ ਨੂੰ ਧਿਆਨ ਵਿਚ ਰੱਖਦਿਆਂ ਮੁਸਲਿਮ ਭਾਈਚਾਰੇ ਨੂੰ ਸੋਧ ਕਾਨੂੰਨ ਵਿਚੋਂ ਬਾਹਰ ਨਹੀਂ ਰੱਖਿਆ ਜਾਣਾ ਚਾਹੀਦਾ। ਬਾਦਲ ਨੇ ਕਿਹਾ ਕਿ ਉਨ੍ਹਾਂ ਸੰਸਦ ਵਿਚ ਵੀ ਇਹੀ ਮੰਗ ਕੀਤੀ ਸੀ ਕਿ ਕਿਸੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ।

## ਸੂਬਿਆਂ ਕੋਲ ਨਾਗਰਿਕਤਾ ਕਾਨੂੰਨ ਰੱਦ ਕਰਨ ਦੀ ਤਾਕਤ ਨਹੀਂ

**ਨਵੀਂ ਦਿੱਲੀ:** ਸੂਬਾ ਸਰਕਾਰਾਂ ਕੋਲ ਨਾਗਰਿਕਤਾ ਸੋਧ ਕਾਨੂੰਨ ਅਤੇ ਅਗਲੇ ਸਾਲ ਆਉਣ ਵਾਲੇ ਕੌਮੀ ਆਬਾਦੀ ਰਜਿਸਟਰ (ਐਨ.ਪੀ.ਏ.) ਨੂੰ ਨਕਾਰਨ ਦੀ ਕੋਈ ਤਾਕਤ ਨਹੀਂ ਹੈ। ਸੀਨੀਅਰ ਅਧਿਕਾਰੀ ਮੁਤਾਬਕ ਐਕਟ ਸੰਵਿਧਾਨ ਦੀ 7ਵੀਂ ਕੇਂਦਰੀ ਸੂਚੀ ਤਹਿਤ ਹੋਂਦ 'ਚ ਆਇਆ ਹੈ।

ਗ੍ਰਹਿ ਮੰਤਰਾਲੇ ਦੇ ਅਧਿਕਾਰੀ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਪੱਛਮੀ ਬੰਗਾਲ, ਪੰਜਾਬ, ਕੇਰਲ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਨੇ ਐਲਾਨ ਕੀਤਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ 'ਗੈਰ-ਸੰਵਿਧਾਨਕ' ਹੈ ਅਤੇ ਉਨ੍ਹਾਂ ਦੇ ਸੂਬਿਆਂ 'ਚ ਇਸ ਨੂੰ ਲਾਗੂ ਨਹੀਂ ਕੀਤਾ ਜਾਵੇਗਾ। ਅਧਿਕਾਰੀ ਮੁਤਾਬਕ 7ਵੀਂ ਸੂਚੀ ਤਹਿਤ ਰੱਖਿਆ, ਵਿਦੇਸ਼ ਮਾਮਲਿਆਂ, ਰੇਲਵੇ, ਨਾਗਰਿਕਤਾ ਸਮੇਤ 97ਵੇਂ ਵਿਸ਼ੇ ਆਉਂਦੇ ਹਨ। ਐਨ.ਪੀ.ਆਰ. ਨੂੰ ਅਗਲੇ ਸਾਲ ਮਰਦਮਸ਼ੁਮਾਰੀ ਨਾਲ ਲਾਗੂ ਕੀਤੇ ਜਾਣ ਬਾਰੇ ਅਧਿਕਾਰੀ ਨੇ ਕਿਹਾ ਕਿ ਕੋਈ ਸੂਬਾ ਇਸ ਅਮਲ 'ਤੇ ਰੋਕ ਲਾਉਣ ਤੋਂ ਇਨਕਾਰ ਨਹੀਂ ਕਰ ਸਕਦਾ ਹੈ ਕਿਉਂਕਿ ਇਹ ਨਾਗਰਿਕਤਾ ਐਕਟ ਮੁਤਾਬਕ ਲਾਗੂ ਹੋਵੇਗਾ। ਭਾਰਤ ਦੇ ਹਰੇਕ ਨਾਗਰਿਕ ਨੂੰ ਐਨ.ਪੀ.ਆਰ. ਤਹਿਤ ਲਾਜ਼ਮੀ ਤੌਰ ਉਤੇ ਰਜਿਸਟਰ ਹੋਣਾ ਪਵੇਗਾ। ਐਨ.ਪੀ.ਆਰ. ਤਹਿਤ ਜਿਹੜਾ ਵਿਅਕਤੀ ਛੇ ਮਹੀਨਿਆਂ ਜਾਂ ਵੱਧ ਸਮੇਂ ਤੋਂ ਇਲਾਕੇ 'ਚ ਰਹਿ ਰਿਹਾ ਹੈ ਜਾਂ ਉਸ ਇਲਾਕੇ ਵਿਚ ਅਗਲੇ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ ਰਹੇਗਾ, ਉਸ ਦਾ ਨਾਮ ਇਸ 'ਚ ਦਰਜ ਹੋਵੇਗਾ।

### ਐਨ.ਆਰ.ਸੀ. ਲਾਗੂ ਨਹੀਂ ਕਰਾਂਗੇ: ਨਿਤੀਸ਼

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਹੈ ਕਿ ਸੂਬੇ 'ਚ ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਬਿਲਕੁਲ ਵੀ ਲਾਗੂ ਨਹੀਂ ਕੀਤਾ ਜਾਵੇਗਾ। ਭਾਜਪਾ ਦੇ ਭਾਈਵਾਲ ਜਨਤਾ ਦਲ (ਯੂ) ਵੱਲੋਂ ਨਾਗਰਿਕਤਾ ਸੋਧ ਐਕਟ ਨੂੰ ਹਮਾਇਤ ਦੇਣ ਸਬੰਧੀ ਪੈਦਾ ਹੋਏ ਖਦਸ਼ੇ ਇਸ ਬਿਆਨ ਨਾਲ ਦੂਰ ਹੋ ਗਏ ਹਨ।

## ਜੁਲਾਈ 1987 ਤੋਂ ਪਹਿਲਾਂ ਭਾਰਤ ਵਿਚ ਜਨਮੇ ਹੀ ਭਾਰਤੀ ਨਾਗਰਿਕ

**ਨਵੀਂ ਦਿੱਲੀ:** ਭਾਰਤ ਸਰਕਾਰ ਦੇ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤ ਵਿਚ ਜਿਸ ਵਿਅਕਤੀ ਜਾਂ ਜਿਸ ਦੇ ਮਾਪਿਆਂ ਦਾ ਜਨਮ ਪਹਿਲੀ ਜੁਲਾਈ 1987 ਤੋਂ ਪਹਿਲਾਂ ਹੋਇਆ ਹੈ, ਉਹ ਕਾਨੂੰਨ ਅਨੁਸਾਰ ਭਾਰਤ ਦੇ ਨਾਗਰਿਕ ਹਨ ਅਤੇ ਉਨ੍ਹਾਂ ਨੂੰ ਨਾਗਰਿਕਤਾ ਸੋਧ ਕਾਨੂੰਨ (2019) ਜਾਂ ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) ਤਹਿਤ ਡਰਨ ਦੀ ਲੋੜ ਨਹੀਂ ਹੈ। ਨਾਗਰਿਕਤਾ ਕਾਨੂੰਨ 'ਚ 2004 ਦੀ ਸੋਧ ਅਨੁਸਾਰ ਅਸਾਮ ਨੂੰ ਛੱਡ ਕੇ ਦੇਸ਼ ਦਾ ਕੋਈ ਵੀ ਵਿਅਕਤੀ ਜਿਸ ਦੇ ਮਾਪਿਆਂ 'ਚੋਂ ਕੋਈ ਇਕ ਭਾਰਤੀ ਨਾਗਰਿਕ ਹੋਵੇ ਤੇ ਦੂਜਾ ਗੈਰ-ਕਾਨੂੰਨੀ ਸ਼ਰਨਾਰਥੀ ਨਾ ਹੋਵੇ, ਨੂੰ ਭਾਰਤ ਦਾ ਨਾਗਰਿਕ ਮੰਨਿਆ ਜਾਵੇਗਾ। ਅਧਿਕਾਰੀਆਂ ਵੱਲੋਂ ਇਹ ਸਪੱਸ਼ਟੀਕਰਨ ਸੋਸ਼ਲ ਮੀਡੀਆ ਉਤੇ ਨਾਗਰਿਕਤਾ ਕਾਨੂੰਨ ਤੇ ਐਨ.ਆਰ.ਸੀ. ਸਬੰਧੀ ਚੱਲ ਰਹੀਆਂ ਅਫਵਾਹਾਂ ਦੇ ਮੱਦੇਨਜ਼ਰ ਜਾਰੀ ਕੀਤਾ ਗਿਆ ਹੈ।




ਅਧਿਕਾਰੀਆਂ ਨੇ ਦੱਸਿਆ ਕਿ ਪਹਿਲੀ ਜੁਲਾਈ 1987 ਤੋਂ ਪਹਿਲਾਂ ਜਿਨ੍ਹਾਂ ਵਿਅਕਤੀਆਂ ਜਾਂ ਜਿਨ੍ਹਾਂ ਦੇ ਮਾਪਿਆਂ ਦਾ ਜਨਮ ਭਾਰਤ ਵਿਚ ਹੋਇਆ ਹੈ, ਉਨ੍ਹਾਂ ਨੂੰ ਕਾਨੂੰਨ ਅਨੁਸਾਰ ਕੁਦਰਤੀ ਤੌਰ ਉਤੇ ਹੀ ਭਾਰਤ ਦਾ ਨਾਗਰਿਕ ਮੰਨਿਆ ਜਾਵੇਗਾ। ਅਸਾਮ ਦੇ ਮਾਮਲੇ 'ਚ ਭਾਰਤੀ ਨਾਗਰਿਕ ਹੋਣ ਸਬੰਧੀ ਪਛਾਣ ਦੀ ਤਰੀਕ 1971 ਹੈ। ਦੇਸ਼ ਭਰ ਵਿਚ ਐਨ.ਆਰ.ਸੀ. ਅਮਲ ਵਿਚ ਲਿਆਉਣ ਸਬੰਧੀ ਅਧਿਕਾਰੀਆਂ ਨੇ ਕਿਹਾ ਕਿ ਅਜੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ ਕਿਉਂਕਿ ਇਸ ਸਬੰਧੀ ਅਜੇ ਚਰਚਾ ਨਹੀਂ ਹੋਈ। ਉਨ੍ਹਾਂ ਕਿਹਾ, 'ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਕੌਮੀ ਨਾਗਰਿਕਤਾ ਸੋਧ ਕਾਨੂੰਨ ਦੀ ਤੁਲਨਾ ਅਸਾਮ ਵਿਚ ਹੋਈ ਐਨ.ਆਰ.ਸੀ. ਨਾਲ ਨਾ ਕੀਤੀ ਜਾਵੇ ਕਿਉਂਕਿ ਦੋਵਾਂ ਲਈ ਤਰੀਕ ਹੱਦ ਵੱਖ ਵੱਖ ਹੈ।'

ਨਾਗਰਿਕਤਾ ਕਾਨੂੰਨ ਵਿਚਲੀ 2004 ਦੀ ਸੋਧ ਅਨੁਸਾਰ ਜੋ ਵੀ ਵਿਅਕਤੀ 26 ਜਨਵਰੀ 1950 ਨੂੰ ਜਾਂ ਇਸ ਤੋਂ ਬਾਅਦ ਅਤੇ ਪਹਿਲੀ ਜੁਲਾਈ 1987 ਤੋਂ ਪਹਿਲਾਂ ਭਾਰਤ ਵਿਚ ਪੈਦਾ ਹੋਇਆ ਹੋਵੇ, ਕੋਈ ਵੀ ਵਿਅਕਤੀ ਪਹਿਲੀ ਜੁਲਾਈ 1987 ਨੂੰ ਜਾਂ ਉਸ ਤੋਂ ਬਾਅਦ ਅਤੇ 3 ਦਸੰਬਰ 2004 ਤੋਂ ਪਹਿਲਾਂ ਭਾਰਤ ਵਿਚ ਪੈਦਾ ਹੋਇਆ ਹੋਵੇ ਅਤੇ ਜਿਸ ਦੇ ਮਾਪੇ ਭਾਰਤੀ ਨਾਗਰਿਕ ਹੋਣ, ਭਾਰਤ ਦੇ ਨਾਗਰਿਕ ਹੋਣਗੇ। ਜਿਸ ਵਿਅਕਤੀ ਦਾ ਜਨਮ 10 ਦਸੰਬਰ 1992 ਤੋਂ ਬਾਅਦ ਤੇ 3 ਦਸੰਬਰ 2004 ਤੋਂ ਪਹਿਲਾਂ ਵਿਦੇਸ਼ ਵਿਚ ਹੋਇਆ ਅਤੇ ਉਸ ਦੇ ਮਾਪੇ ਭਾਰਤੀ ਨਾਗਰਿਕ ਹੋਣ ਜਾਂ ਉਸ ਦੇ ਮਾਪਿਆਂ 'ਚੋਂ ਕੋਈ ਇਕ ਭਾਰਤੀ ਨਾਗਰਿਕ ਹੋਵੇ ਤੇ ਦੂਜਾ ਗੈਰ-ਕਾਨੂੰਨੀ ਸ਼ਰਨਾਰਥੀ ਨਾ ਹੋਵੇ, ਉਸ ਨੂੰ ਭਾਰਤ ਦਾ ਨਾਗਰਿਕ ਮੰਨਿਆ ਜਾਵੇਗਾ।

### ਐਨ.ਸੀ.ਪੀ. ਵੱਲੋਂ ਅਮਿਤ ਸ਼ਾਹ ਜਨਰਲ ਡਾਇਰ ਕਰਾਰ

**ਮੁੰਬਈ:** ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਪੁਲਿਸ ਕਾਰਵਾਈ ਦੇ ਵਿਰੋਧ ਵਜੋਂ ਰਾਸ਼ਟਰੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਨੇਤਾ ਨਵਾਬ ਮਲਿਕ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਤੁਲਨਾ ਜਨਰਲ ਡਾਇਰ ਨਾਲ ਕੀਤੀ ਹੈ। ਅਮਿਤ ਸ਼ਾਹ ਵੱਲੋਂ ਮਹਾਰਾਸ਼ਟਰ ਦੀ ਮੁੱਖ ਮੰਤਰੀ ਊਧਵ ਠਾਕਰੇ ਦੀ ਅਲੋਚਨਾ ਕਰਨ 'ਤੇ ਮਲਿਕ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਹੈ। ਠਾਕਰੇ ਨੇ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ 'ਚ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਦੀ ਤੁਲਨਾ ਜਲ੍ਹਿਆਂਵਾਲਾ ਬਾਗ ਦੀ ਘਟਨਾ ਨਾਲ ਕੀਤੀ ਸੀ। ਐਨ.ਸੀ.ਪੀ. ਦੇ ਮੁੱਖ ਤਰਜਮਾਨ ਮਲਿਕ ਨੇ ਟਵੀਟ 'ਚ ਕਿਹਾ, 'ਜਿਸ ਤਰ੍ਹਾਂ ਜਨਰਲ ਡਾਇਰ ਨੇ ਜਲ੍ਹਿਆਂਵਾਲਾ ਬਾਗ 'ਚ ਗੋਲੀ ਚਲਵਾਈ ਸੀ, ਉਸ ਤਰ੍ਹਾਂ ਅਮਿਤ ਸ਼ਾਹ ਲੋਕਾਂ 'ਤੇ ਗੋਲੀ ਚਲਾ ਰਹੇ ਹਨ। ਉਹ ਜਨਰਲ ਡਾਇਰ ਤੋਂ ਘੱਟ ਨਹੀਂ ਹਨ।"

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢੱਡਰੀਆਂਵਾਲੇ ਦੀਆਂ ਮੁਸ਼ਕਿਲਾਂ ਵਧਣ ਦੇ ਆਸਾਰ

**ਪਟਿਆਲਾ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਉਤੇ ਸਿੱਖ ਇਤਿਹਾਸ ਅਤੇ ਸਿੱਖ ਸ਼ਖਸੀਅਤਾਂ ਪ੍ਰਤੀ ਵਿਵਾਦਿਤ ਪ੍ਰਚਾਰ ਮਾਮਲੇ ਉਤੇ ਅਕਾਲ ਤਖਤ ਸਾਹਿਬ ਵੱਲੋਂ ਗਠਿਤ ਵਿਦਵਾਨਾਂ ਦੀ ਪੰਜ ਮੈਂਬਰੀ ਸਬ-ਕਮੇਟੀ ਅੱਗੇ ਭਾਈ ਢੱਡਰੀਆਂ ਵਾਲੇ ਜਾਂ ਉਨ੍ਹਾਂ ਦੇ ਕਿਸੇ ਨੁਮਾਇੰਦੇ ਵੱਲੋਂ ਪਹੁੰਚ ਨਹੀਂ ਕੀਤੀ ਗਈ।

ਅਜਿਹੇ 'ਚ ਸਬ-ਕਮੇਟੀ ਵੱਲੋਂ ਹੁਣ ਭਾਈ ਢੱਡਰੀਆਂਵਾਲੇ ਨੂੰ ਲਿਖੇ ਪੱਤਰ 'ਚ ਪੁੱਛਿਆ ਗਿਆ ਕਿ ਉਹ 5 ਜਨਵਰੀ 2020 ਤੱਕ ਆਪਣੀ ਉਪਲਬਧਤਾ ਬਾਰੇ ਦੱਸਣ ਲਈ ਕੋਆਰਡੀਨੇਟਰ ਸਬ-ਕਮੇਟੀ ਨਾਲ ਸੰਪਰਕ ਕਰਨ ਤਾਂ ਜੋ ਅਗਲੀ ਇਕੱਤਰਤਾ ਦੀ ਤਰੀਕ ਨਿਸ਼ਚਿਤ ਕੀਤੀ ਜਾ ਸਕੇ। ਦੱਸਣਯੋਗ ਹੈ ਕਿ ਪ੍ਰਚਾਰਕ ਭਾਈ ਢੱਡਰੀਆਂ ਵਾਲੇ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪੰਜ ਮੈਂਬਰੀ ਸਬ-ਕਮੇਟੀ ਅੱਗੇ 22 ਦਸੰਬਰ ਨੂੰ ਪੇਸ਼ ਹੋਣ ਲਈ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ 'ਚ ਬਕਾਇਦਾ ਹੱਥਦਸਤੀ ਦਿੱਤੇ ਪੱਤਰ ਤਹਿਤ ਸੱਦਿਆ ਗਿਆ ਸੀ। ਭਾਈ ਢੱਡਰੀਆਂ ਵਾਲੇ 'ਤੇ ਅਕਾਲ ਤਖਤ ਸਾਹਿਬ ਕੋਲ ਸ਼ਿਕਾਇਤਾਂ ਪੁੱਜੀਆਂ ਸਨ ਕਿ ਉਹ ਸਿੱਖ ਇਤਿਹਾਸ ਤੇ ਸਿੱਖ ਸ਼ਖਸੀਅਤਾਂ ਪ੍ਰਤੀ ਵਿਵਾਦਿਤ ਪ੍ਰਚਾਰ ਕਰ ਰਹੇ ਹਨ, ਜਿਸ ਨਾਲ ਕੌਮ ਦੀਆਂ ਭਾਵਨਾਵਾਂ ਨੂੰ ਧੱਕਾ ਵੱਜ ਰਿਹਾ ਹੈ। ਸ਼ਿਕਾਇਤਾਂ ਦੀ ਪੜਤਾਲ ਲਈ ਸਿੱਖ ਵਿਦਵਾਨਾਂ ਡਾ. ਗੁਰਮੀਤ ਸਿੰਘ, ਬੀਬੀ ਪ੍ਰਭਜੋਤ ਕੌਰ, ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਕੋਆਰਡੀਨੇਟਰ ਅਤੇ ਡਾ. ਚਮਕੌਰ ਸਿੰਘ ਉਤੇ ਅਧਾਰਤ ਸਬ-ਕਮੇਟੀ ਬਣਾਈ ਗਈ ਸੀ, ਜਿਸ ਅੱਗੇ ਭਾਈ ਢੱਡਰੀਆਂ ਵਾਲੇ ਨੇ ਪੇਸ਼ ਹੋਣਾ ਸੀ।

ਇਹ ਸਬ-ਕਮੇਟੀ ਭਾਵੇਂ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ 'ਚ ਮਿਥੇ ਸਮੇਂ ਤੋਂ ਸਵਾ ਘੰਟਾ ਪਹਿਲਾਂ ਹੀ ਪਹੁੰਚ ਗਈ ਸੀ, ਪਰ ਸਾਰਾ ਦਿਨ ਇੰਤਜ਼ਾਰ ਕਰਨ ਮਗਰੋਂ ਭਾਈ ਢੱਡਰੀਆਂ ਵਾਲੇ ਵੱਲੋਂ ਖੁਦ ਜਾਂ ਉਨ੍ਹਾਂ ਦੇ ਕਿਸੇ ਨੁਮਾਇੰਦੇ ਨੇ ਕਮੇਟੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦੌਰਾਨ ਕਮੇਟੀ ਨੇ ਭਾਵੇਂ ਭਾਈ ਢੱਡਰੀਆਂ ਵਾਲੇ ਦੇ ਵਿਵਾਦਤ ਪ੍ਰਚਾਰ ਨੂੰ ਘੰਟਿਆਂ ਬੱਧੀ ਘੋਖਿਆ, ਪਰ ਭਾਈ ਢੱਡਰੀਆਂ ਵਾਲੇ ਵੱਲੋਂ ਕੋਈ ਹੁੰਗਾਰਾ ਨਾ ਪੁੱਜਣ ਉਤੇ ਆਖਰ ਬੇਰੰਗ ਵਾਪਸ ਮੁੜਨ ਨੂੰ ਮਜਬੂਰ ਹੋਈ।

## ਯੂ.ਕੇ. ਦੀ ਸਿੱਖ ਕੌਂਸਲ ਵੱਲੋਂ ਢੱਡਰੀਆਂਵਾਲਾ ਦੇ ਪ੍ਰਚਾਰ ਸਬੰਧੀ ਰੋਕ

**ਅੰਮ੍ਰਿਤਸਰ:** ਇੰਗਲੈਂਡ ਦੀਆਂ ਸਿੱਖ ਸੰਗਤਾਂ ਅਤੇ ਜਥੇਬੰਦੀਆਂ ਵੱਲੋਂ ਬਣਾਈ ਸਿੱਖ ਕੌਂਸਲ ਨੇ ਆਪਣੇ ਪੱਧਰ 'ਤੇ ਕਾਰਵਾਈ ਕਰਦਿਆਂ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਅਤੇ ਉਸ ਦੇ ਸਾਥੀ ਹਰਿੰਦਰ ਸਿੰਘ ਖਾਲਸਾ ਦੇ ਪ੍ਰਚਾਰ ਕਰਨ ਉਤੇ ਰੋਕ ਲਾਉਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਇਕ ਪੱਤਰ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਵੀ ਭੇਜ ਦਿੱਤਾ ਗਿਆ ਹੈ। ਇਹ ਖੁਲਾਸਾ ਦਮਦਮੀ ਟਕਸਾਲ ਦੇ ਬੁਲਾਰੇ ਸਰਚਾਂਦ ਸਿੰਘ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਸਿੱਖ ਕੌਂਸਲ ਵੱਲੋਂ ਇਸ ਸਬੰਧੀ ਜਾਰੀ ਕੀਤਾ ਇਕ ਪੱਤਰ ਵੀ ਮੀਡੀਆ ਨੂੰ ਜਾਰੀ ਕੀਤਾ ਹੈ। ਇਸ ਪੱਤਰ ਵਿਚ ਸਿੱਖ ਕੌਂਸਲ ਦੇ ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀਂ ਯੂਕੇ ਦੇ ਗੁਰਦੁਆਰਾ ਸ੍ਰੀ ਗੁਰੂ ਹਰਿਰਾਏ ਸਾਹਿਬ, ਵੈਸਟ ਬਰਾਇਚ ਵਿੱਚ ਸਿੱਖ ਸੰਗਤਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮੀਟਿੰਗ ਕੀਤੀ ਗਈ। ਮੀਟਿੰਗ ਵਿਚ ਇਨ੍ਹਾਂ ਸਿੱਖ ਪ੍ਰਚਾਰਕਾਂ ਵੱਲੋਂ ਖਾਸ ਕਰਕੇ ਹਰਿੰਦਰ ਸਿੰਘ ਖਾਲਸਾ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਅਤੇ ਗੁਰਬਾਣੀ ਵਿਰੁੱਧ ਕੀਤੇ ਜਾ ਰਹੇ ਪ੍ਰਚਾਰ ਦਾ ਮਾਮਲਾ ਵਿਚਾਰਿਆ ਗਿਆ। ਮੀਟਿੰਗ ਵਿਚ ਮਤਾ ਪਾਸ ਕਰਕੇ ਦੋਵਾਂ ਸਿੱਖ ਪ੍ਰਚਾਰਕਾਂ ਦੇ ਪ੍ਰਚਾਰ ਕਰਨ 'ਤੇ ਪਾਬੰਦੀ ਲਾਉਣ ਦਾ ਐਲਾਨ ਕੀਤਾ ਹੈ।

## ਮਹਾਦੋਸ਼ ਦਾ ਸਾਹਮਣਾ ਕਰਨ ਵਾਲੇ ਤੀਜੇ ਰਾਸ਼ਟਰਪਤੀ ਹੋਣਗੇ ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਇਤਿਹਾਸ 'ਚ ਮਹਾਦੋਸ਼ ਦਾ ਸਾਹਮਣਾ ਕਰਨ ਵਾਲੇ ਡੋਨਲਡ ਟਰੰਪ ਤੀਜੇ ਰਾਸ਼ਟਰਪਤੀ ਹੋਣਗੇ। ਪ੍ਰਤੀਨਿਧ ਸਭਾ ਨੇ ਉਨ੍ਹਾਂ ਉਤੇ ਸੱਤਾ ਦੀ ਦੁਰਵਰਤੋਂ ਕਰਨ ਤੇ ਕਾਂਗਰਸ ਦੀ ਜਾਂਚ 'ਚ ਅੜਿੱਕੇ ਪਾਉਣ ਦਾ ਦੋਸ਼ ਰਸਮੀ ਤੌਰ ਉਤੇ ਲਗਾ ਦਿੱਤਾ ਹੈ। ਹੁਣ ਸੈਨੇਟ 'ਚ ਅਗਲੇ ਵਰ੍ਹੇ ਇਸ ਗੱਲ ਦੀ ਸੁਣਵਾਈ ਹੋਵੇਗੀ ਕਿ ਉਹ ਅਹੁਦੇ 'ਤੇ ਬਣੇ ਰਹਿਣਗੇ ਜਾਂ ਨਹੀਂ। ਸਭਾ ਨੇ ਰਾਸ਼ਟਰਪਤੀ ਟਰੰਪ ਉਤੇ ਸੱਤਾ ਦੀ ਦੁਰਵਰਤੋਂ ਕਰਨ ਅਤੇ ਕਾਂਗਰਸ ਵਿਚ ਅੜਿੱਕੇ ਪਾਉਣ ਦੇ ਦੋਸ਼ ਲਗਾਏ।

ਸੱਤਾ ਦੀ ਦੁਰਵਰਤੋਂ ਦੇ ਦੋਸ਼ ਦੇ ਪੱਖ 'ਚ 230 ਤੇ ਵਿਰੋਧ 'ਚ 197 ਵੋਟਾਂ ਪਈਆਂ। ਕਾਂਗਰਸ ਵਿਚ ਅੜਿੱਕਾ ਪਾਉਣ ਸਬੰਧੀ ਦੂਜੇ ਦੋਸ਼ ਵਿਚ 229 ਮੁਕਾਬਲੇ 198 ਵੋਟਾਂ ਪਈਆਂ। ਉਥੇ ਹੀ ਵ੍ਹਾਈਟ ਹਾਊਸ ਨੇ ਮਹਾਦੋਸ਼ ਨੂੰ ਅਮਰੀਕਾ ਦੇ ਇਤਿਹਾਸ 'ਚ ਬੇਹੱਦ ਨਮੋਸ਼ੀ ਭਰੀਆਂ ਸਿਆਸੀ ਘਟਨਾਵਾਂ ਵਿਚੋਂ ਇਕ ਦੱਸਿਆ। ਪ੍ਰਤੀਨਿਧ ਸਭਾ 'ਚ ਡੈਮੋਕਰੈਟਿਕ ਪਾਰਟੀ ਦੇ ਸਾਰੇ ਚਾਰ ਭਾਰਤੀ-ਅਮਰੀਕੀ ਮੈਂਬਰਾਂ ਨੇ ਟਰੰਪ ਉਤੇ ਮਹਾਦੋਸ਼ ਚਲਾਉਣ ਦੇ ਪੱਖ 'ਚ ਵੋਟ ਪਾਈ। ਇਹ ਪ੍ਰਕਿਰਿਆ ਹੁਣ ਸੈਨੇਟ 'ਚ ਪਹੁੰਚ ਗਈ ਹੈ ਜਿਥੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਪ੍ਰਧਾਨਗੀ ਹੇਠ ਇਹ ਕੇਸ ਚੱਲੇਗਾ। ਅਮਰੀਕਾ ਦੇ 243 ਸਾਲ ਦੇ ਇਤਿਹਾਸ 'ਚ ਕਿਸੇ ਵੀ ਰਾਸ਼ਟਰਪਤੀ ਨੂੰ ਮਹਾਦੋਸ਼ ਤੋਂ ਬਾਅਦ ਅਹੁਦੇ ਤੋਂ ਹਟਾਇਆ ਨਹੀਂ ਗਿਆ।

# ਲੋਕ ਰੋਹ ਨੇ ਮੋਦੀ ਸਰਕਾਰ ਦੀ ਜੜ੍ਹਾਂ ਹਿਲਾਈਆਂ

*(ਸਫਾ ਇਕ ਦੀ ਬਾਕੀ)*

ਭਾਈਵਾਲ ਜਨਤਾ ਦਲ (ਯੂ.) ਨੇ ਸਾਫ ਕਹਿ ਦਿੱਤਾ ਹੈ ਕਿ ਸੂਬੇ 'ਚ ਕੌਮੀ ਨਾਗਰਿਕਤਾ ਰਜਿਸਟਰ (ਐਨ. ਆਰ. ਸੀ.)ਲਾਗੂ ਨਹੀਂ ਕੀਤਾ ਜਾਵੇਗਾ। ਸ਼ਿਵ ਸੈਨਾ ਸਣੇ ਹੋਰ ਧਿਰਾਂ ਵੀ ਭਾਜਪਾ ਤੋਂ ਕਿਨਾਰਾ ਕਰ ਗਈਆਂ ਹਨ। ਅਜਿਹੇ ਹਾਲਾਤ ਵਿਚ ਮੋਦੀ ਸਰਕਾਰ ਇਸ ਬਿੱਲ 'ਤੇ ਇਕੱਲੀ ਪੈ ਗਈ ਹੈ।

ਦਰਅਸਲ, ਨਾਗਰਿਕਤਾ ਸੋਧ ਕਾਨੂੰਨ ਦਾ ਪ੍ਰਤੀਕਰਮ ਦੇਸ਼ ਭਰ ਵਿਚ ਇੰਨਾ ਗੰਭੀਰ ਹੋਵੇਗਾ, ਇਸ ਦਾ ਅੰਦਾਜ਼ਾ ਸ਼ਾਇਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੀ ਨਹੀਂ ਸੀ ਕਿਉਂਕਿ ਜੰਮੂ ਕਸ਼ਮੀਰ ਵਿਚ ਹਾਲ ਹੀ 'ਚ ਖਤਮ ਕੀਤੀ ਧਾਰਾ 370 ਪਿੱਛੋਂ ਮੋਦੀ ਸਰਕਾਰ ਦੇ ਹੌਸਲੇ ਬੁਲੰਦ ਸਨ। ਸਰਕਾਰ, ਫੌਜੀ ਤਾਕਤ ਨਾਲ ਆਮ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਿਚ ਸਫਲ ਰਹੀ ਅਤੇ ਦਾਅਵਾ ਕੀਤਾ ਜਾਂਦਾ ਰਿਹਾ ਕਿ ਵਾਦੀ ਦੇ ਲੋਕ ਸਰਕਾਰ ਦੇ ਫੈਸਲੇ ਤੋਂ ਖੁਸ਼ ਹਨ। ਇਹੀ ਰਣਨੀਤੀ ਨਾਗਰਿਕਤਾ ਸੋਧ ਬਿੱਲ ਪਿੱਛੋਂ ਅਪਨਾਈ ਗਈ। ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ 'ਚ ਪੁਲਿਸ ਵਾੜ ਕੇ ਵਿਦਿਆਰਥੀਆਂ ਨੂੰ ਲਹੂ-ਲੁਹਾਨ ਕਰਨਾ ਇਸੇ ਰਣਨੀਤੀ ਦਾ ਹਿੱਸਾ ਸੀ ਪਰ ਇਸ ਵਾਰ ਮੋਦੀ ਸਰਕਾਰ ਦੀ ਰਣਨੀਤੀ ਪੁੱਠੀ ਪੈ ਗਈ ਤੇ ਸਾਰਾ ਦੇਸ਼ ਇਕ ਜ਼ੁਲਮ ਖਿਲਾਫ ਉਠ ਖਲੋਤਾ। ਮੌਕਾ ਵੇਖ ਭਾਜਪਾ ਦੀਆਂ ਭਾਈਵਾਲ ਧਿਰਾਂ ਨੇ ਵੀ ਪਾਲੇ ਬਦਲ ਲਏ। ਹੁਣ ਭਾਜਪਾ ਸਰਕਾਰ ਬੁਰੀ ਫਸ ਗਈ ਹੈ।

ਦਰਅਸਲ, 2014 ਵਿਚ ਕੇਂਦਰ ਵਿਚ ਮੋਦੀ ਸਰਕਾਰ ਦੇ ਬਣਦਿਆਂ ਹੀ ਇਸ 'ਤੇ ਫਿਰਕੂ ਰੰਗ ਵਿਚ ਰੰਗਿਆ ਹੋਣ ਦੇ ਇਲਜ਼ਾਮ ਲੱਗਣੇ ਸ਼ੁਰੂ ਹੋ ਗਏ ਸਨ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਇਹ ਇਲਜ਼ਾਮ ਵਧਦੇ ਗਏ ਪਰ ਮੋਦੀ ਸਰਕਾਰ ਇਨ੍ਹਾਂ ਪ੍ਰਤੀ ਬੇਪਰਵਾਹ ਰਹੀ। ਇਨ੍ਹਾਂ ਨੀਤੀਆਂ ਵਿਚ ਜਿਉਂ-ਜਿਉਂ ਉਸ ਨੂੰ ਸਫਲਤਾ ਮਿਲਦੀ ਗਈ, ਇਸ ਦੇ ਆਗੂਆਂ ਦੇ ਹੌਸਲੇ ਵਧਦੇ ਗਏ। ਇਸੇ ਦੀ ਪਿੱਠਭੂਮੀ ਵਿਚ ਨਾਗਰਿਕਤਾ ਸੋਧ ਕਾਨੂੰਨ ਨੂੰ ਦੇਖਿਆ ਜਾ ਸਕਦਾ ਹੈ।

ਨਾਗਰਿਕਤਾ ਸੋਧ ਕਾਨੂੰਨ ਦੇ ਬਣਨ ਤੋਂ ਬਾਅਦ ਜਿਸ ਤਰ੍ਹਾਂ ਦੇਸ਼ ਭਰ ਵਿਚ ਰੋਸ ਮੁਜ਼ਾਹਰੇ ਸ਼ੁਰੂ ਹੋਏ, ਯੂਨੀਵਰਸਿਟੀਆਂ ਦੇ ਵਿਦਿਆਰਥੀ, ਸਿਆਸੀ ਆਗੂ, ਸਮਾਜਿਕ ਕਾਰਕੁਨ ਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਵਿਰੋਧ ਜਤਾਉਣਾ ਸ਼ੁਰੂ ਕੀਤਾ ਹੈ, ਇਸ ਦੇ ਨਾਲ ਹੀ ਕਈਆਂ ਥਾਂਵਾਂ 'ਤੇ ਹਿੰਸਕ ਵਾਰਦਾਤਾਂ ਵੀ ਹੋਣ ਲੱਗੀਆਂ ਹਨ, ਉਨ੍ਹਾਂ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਸਿਲਸਿਲਾ ਹੁਣ ਛੇਤੀ ਰੁਕਣ ਵਾਲਾ ਨਹੀਂ ਹੈ।

## ਪੰਜਾਬ ਸਣੇ ਨੌਂ ਸੂਬਿਆਂ ਦਾ ਜੀ.ਐਸ.ਟੀ. ਮੁਆਵਜ਼ਾ ਹੋ ਸਕਦਾ ਹੈ ਦੁੱਗਣਾ

**ਨਵੀਂ ਦਿੱਲੀ:** ਜੀ.ਐਸ.ਟੀ. ਤਹਿਤ ਚਾਲੂ ਵਿੱਤੀ ਵਰ੍ਹੇ ਦੌਰਾਨ ਪੰਜਾਬ, ਹਰਿਆਣਾ, ਰਾਜਸਥਾਨ, ਗੁਜਰਾਤ, ਮਹਾਰਾਸ਼ਟਰ ਅਤੇ ਕੇਰਲ ਸਮੇਤ ਨੌਂ ਮੁੱਖ ਰਾਜਾਂ ਨੂੰ ਮਾਲੀਆ ਮੁਆਵਜ਼ੇ ਦਾ ਭੁਗਤਾਨ 60 ਤੋਂ 70 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ ਜੋ ਸਾਲ ਪਹਿਲਾਂ ਦੇ ਮੁਕਾਬਲੇ ਦੁੱਗਣਾ ਹੈ। ਆਈ.ਸੀ.ਆਰ.ਏ. ਨੇ ਆਪਣੀ ਰਿਪੋਰਟ 'ਚ ਇਹ ਅਨੁਮਾਨ ਲਾਇਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਭੁਗਤਾਨ 'ਚ ਦੇਰੀ ਨਾਲ ਇਨ੍ਹਾਂ ਸੂਬਿਆਂ 'ਚ ਨਕਦੀ ਦੇ ਪਰਵਾਹ 'ਤੇ ਅਸਰ ਪੈ ਸਕਦਾ ਹੈ।

ਰਿਪੋਰਟ ਅਨੁਸਾਰ ਇਨ੍ਹਾਂ ਨੌਂ ਸੂਬਿਆਂ 'ਚ ਕਰਨਾਟਕ, ਤਾਮਿਲ ਨਾਡੂ ਤੇ ਪੱਛਮੀ ਬੰਗਾਲ ਵੀ ਸ਼ਾਮਲ ਹਨ। ਰਿਪੋਰਟ 'ਚ ਇਸ ਗੱਲ ਦਾ ਖਦਸ਼ਾ ਵੀ ਜ਼ਾਹਿਰ ਕੀਤਾ ਗਿਆ ਹੈ ਕਿ ਸਾਲ 2019-20 ਵਿਚ ਇਨ੍ਹਾਂ ਸੂਬਿਆਂ ਦਾ ਕੇਂਦਰੀ ਟੈਕਸਾਂ 'ਚ ਹਿੱਸਾ 59,500 ਕਰੋੜ ਰੁਪਏ ਤੋਂ ਲੈ ਕੇ 77 ਹਜ਼ਾਰ ਕਰੋੜ ਰੁਪਏ ਰਹਿ ਸਕਦਾ ਹੈ।

# ਦਵਿੰਦਰਪਾਲ ਭੁੱਲਰ ਦੀ ਰਿਹਾਈ 'ਚ ਅੜਿੱਕੇ ਤੋਂ ਪਰਿਵਾਰ ਫਿਕਰਮੰਦ

**ਚੰਡੀਗੜ੍ਹ:** ਪਿਛਲੇ ਲੰਮੇ ਸਮੇਂ ਤੋਂ ਟਾਡਾ ਕਾਨੂੰਨ ਤਹਿਤ ਸਜ਼ਾ ਭੁਗਤ ਰਹੇ ਪਿੰਡ ਦਿਆਲਪੁਰਾ ਭਾਈਕਾ ਦੇ ਜੰਮਪਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਕੇਂਦਰ ਸਰਕਾਰ ਵੱਲੋਂ ਰਿਹਾਅ ਕੀਤੇ ਜਾਣ ਦੇ ਫੈਸਲੇ ਦੀ ਖਬਰ ਨਾਲ ਪਿੰਡ ਵਾਸੀਆਂ ਦੇ ਚਿਹਰੇ ਖਿੜ੍ਹ ਗਏ ਸਨ ਪਰ ਸੁਪਰੀਮ ਕੋਰਟ ਵੱਲੋਂ ਪ੍ਰੋ. ਭੁੱਲਰ ਦੀ ਰਿਹਾਈ ਉਤੇ ਰੋਕ ਲੱਗਣ ਨਾਲ ਪਿੰਡ ਵਿਚ ਉਦਾਸੀ ਫੈਲ ਗਈ ਹੈ।

ਪ੍ਰੋ. ਦਵਿੰਦਰਪਾਲ ਸਿੰਘ ਦੇ ਚਚੇਰੇ ਭਰਾ ਮੁਖਤਿਆਰ ਸਿੰਘ ਭੁੱਲਰ ਅਤੇ ਭਰਜਾਈ ਸੁਖਵਿੰਦਰ ਕੌਰ ਭੁੱਲਰ ਨੇ ਕਿਹਾ ਕਿ ਕੇਂਦਰ ਤੋਂ ਆਈ ਰਿਹਾਈ ਦੀ ਖਬਰ ਨਾਲ ਚਿਰਾਂ ਤੋਂ ਬੰਦ ਪਏ ਪ੍ਰੋ. ਭੁੱਲਰ ਦੇ ਘਰ ਦੇ ਬੂਹੇ ਖੁੱਲ੍ਹਣ ਦੀ ਆਸ ਬੱਝੀ ਸੀ ਪਰ ਰਿਹਾਈ 'ਤੇ ਰੋਕ ਦੀ ਖਬਰ ਨੇ ਉਨ੍ਹਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ ਹੈ। ਉਨ੍ਹਾਂ ਦੇ ਪਰਿਵਾਰ ਨੇ ਬਹੁਤ ਸੰਤਾਪ ਭੋਗਿਆ ਤੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਹੋਣ ਤੋਂ ਲੈ ਕੇ ਰਿਹਾਈ ਦੀ ਖਬਰ ਆਉਣ ਤੱਕ ਬਹੁਤ ਲੰਬੀ ਉਡੀਕ ਕੀਤੀ ਗਈ ਪਰ ਅਦਾਲਤ ਦੇ ਨਵੇਂ ਹੁਕਮਾਂ ਨੇ ਪਰਿਵਾਰ ਦੀ ਉਡੀਕ ਨੂੰ ਹੋਰ ਲੰਮੇਰਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਹੁਤਾ ਸਮਾਂ ਜੇਲ੍ਹ ਵਿਚ ਗੁਜ਼ਰਨ ਕਰਕੇ ਪ੍ਰੋ. ਭੁੱਲਰ ਦੀ ਸਿਹਤ 'ਚ ਵਿਗਾੜ ਆ ਗਿਆ ਸੀ ਤੇ ਪੈਰੋਲ 'ਤੇ ਆਉਣ ਪਿੱਛੋਂ ਸਿਹਤ ਵਿਚ ਹੁਣ ਸੁਧਾਰ ਆਉਣਾ ਸ਼ੁਰੂ ਹੋਇਆ ਸੀ ਪਰ ਅਦਾਲਤ ਦੇ ਹੁਕਮਾਂ ਨਾਲ ਪਰਿਵਾਰ 'ਚ ਨਿਰਾਸ਼ਾ ਪਾਈ ਜਾ ਰਹੀ ਹੈ।

## ਰੀਵਿਊ ਪਟੀਸ਼ਨ ਦਾਖਲ ਕਰੇਗੀ ਸ਼੍ਰੋਮਣੀ ਕਮੇਟੀ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਉਤੇ ਸੁਪਰੀਮ ਕੋਰਟ ਵੱਲੋਂ ਰੋਕ ਲਗਾਉਣ ਦੇ ਫੈਸਲੇ ਸਬੰਧੀ ਰੀਵਿਊ ਪਟੀਸ਼ਨ ਪਾਈ ਜਾਵੇਗੀ ਅਤੇ ਸਾਰਾ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਵੀ ਜਲਦ ਹੀ ਸ਼੍ਰੋਮਣੀ ਕਮੇਟੀ ਦਾ ਵਫਦ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇਗਾ। ਲੰਮਾ ਸਮਾਂ ਜੇਲ੍ਹ ਵਿਚ ਨਜ਼ਰਬੰਦ ਰਹਿਣ ਮਗਰੋਂ ਰਿਹਾਅ ਹੋਏ ਸਿੱਖ ਕੈਦੀ ਵਰਿਆਮ ਸਿੰਘ ਨੂੰ ਇਕ ਲੱਖ ਰੁਪਏ ਦੀ ਸਹਾਇਤਾ ਦੇਣ, ਸੰਮਤ ਨਾਨਕਸ਼ਾਹੀ 552 ਦਾ ਕੈਲੰਡਰ 30 ਦਸੰਬਰ ਨੂੰ ਜਾਰੀ ਕਰਨ ਦਾ ਐਲਾਨ ਕੀਤਾ ਗਿਆ।

## ਦਿੱਲੀ ਕਮੇਟੀ ਦਿਵਾਏਗੀ 84 ਦੇ ਪੀੜਤਾਂ ਨੂੰ ਨੌਕਰੀਆਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਐਲਾਨ ਕੀਤਾ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਲਈ ਸਰਕਾਰੀ ਨੌਕਰੀਆਂ ਦਾ ਕੇਸ ਹੁਣ ਦਿੱਲੀ ਗੁਰਦੁਆਰਾ ਕਮੇਟੀ ਲੜੇਗੀ। ਸਿਰਸਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ ਹਦਾਇਤ ਕੀਤੀ ਸੀ ਕਿ ਜਿਹੜੇ 63 ਵਿਅਕਤੀਆਂ ਨੂੰ ਹਾਲੇ ਤੱਕ ਨੌਕਰੀਆਂ ਨਹੀਂ ਮਿਲੀਆਂ, ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਜਾਣ ਪਰ ਦੋ ਮਹੀਨੇ ਬੀਤਣ ਮਗਰੋਂ ਵੀ ਦਿੱਲੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

## ਸ਼ਿਮਲਾ ਘੁੰਮਣ ਗਏ ਪੰਜ ਨੌਜਵਾਨਾਂ ਦੀ ਮੌਤ

**ਪੰਚਕੂਲਾ:** ਕਾਲਕਾ-ਸ਼ਿਮਲਾ ਕੌਮੀ ਮਾਰਗ 'ਤੇ ਕੰਡਾਘਾਟ ਨੇੜੇ ਕਾਰ ਖੱਡ 'ਚ ਡਿੱਗਣ ਕਾਰਨ ਪੰਜ ਨੌਜਵਾਨਾਂ ਦੀ ਮੌਕੇ ਉਤੇ ਹੀ ਮੌਤ ਹੋ ਗਈ। ਸਾਰੇ ਕਾਰ ਸਵਾਰ ਸ਼ਿਮਲਾ ਘੁੰਮਣ ਜਾ ਰਹੇ ਸਨ। ਸੂਚਨਾ ਮਿਲਣ ਉਤੇ ਮੌਕੇ 'ਤੇ ਪਹੁੰਚੀ ਪੁਲਿਸ ਨੇ ਖੱਡ 'ਚ ਡਿੱਗੀ ਕਾਰ ਵਿਚੋਂ ਲਾਸ਼ਾਂ ਬਾਹਰ ਕੱਢੀਆਂ।

ਮ੍ਰਿਤਕਾਂ ਦੀ ਪਛਾਣ ਵਿਪੁਲ ਕੁਮਾਰ ਪੁੱਤਰ ਮਨੋਜ ਕੁਮਾਰ ਵਾਸੀ ਪਿੰਡ ਗੜ੍ਹੀ, ਰਾਹੁਲ ਖਾਨ ਪੁੱਤਰ ਬਾਬੂ ਰਾਮ ਵਾਸੀ ਮੀਰਪੁਰ, ਸਚਿਨ ਧੀਮਾਨ ਪੁੱਤਰ ਰਾਜੇਸ਼ ਕੁਮਾਰ ਵਾਸੀ ਗੜ੍ਹੀ, ਹੁਸਨ ਪਾਲ ਪੁੱਤਰ ਪੀਰਦਿਆ ਸਿੰਘ ਵਾਸੀ ਮੀਰਪੁਰ ਅਤੇ ਮਹਾਵੀਰ ਸਿੰਘ ਪੁੱਤਰ ਸੁਮੇਰ ਚੰਦ ਵਾਸੀ ਰਾਏਪੁਰ ਰਾਣੀ ਵਜੋਂ ਹੋਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬਾਦਲਾਂ ਲਈ ਵੱਡੀ ਵੰਗਾਰ ਬਣੀ ਢੀਂਡਸਾ ਪਰਿਵਾਰ ਦੀ ਬਗਾਵਤ

**ਚੰਡੀਗੜ੍ਹ:** ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਾਦਲਾਂ ਖਿਲਾਫ ਮੋਰਚਾਬੰਦੀ ਮਗਰੋਂ ਉਨ੍ਹਾਂ ਦੇ ਜੱਦੀ ਲੋਕ ਸਭਾ ਹਲਕਾ ਸੰਗਰੂਰ ਅਤੇ ਬਰਨਾਲਾ ਜ਼ਿਲ੍ਹਿਆਂ ਵਿਚ ਅਕਾਲੀ ਦਲ ਨੂੰ ਵੱਡਾ ਖੋਰਾ ਲੱਗਣ ਦਾ ਕਿਆਸ ਲਾਇਆ ਜਾ ਰਿਹਾ ਹੈ। ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਤੋਂ ਪਹਿਲਾਂ ਹੀ ਪੱਛੜ ਰਹੇ ਅਕਾਲੀ ਦਲ ਲਈ ਢੀਂਡਸਾ ਦੀ ਬਗਾਵਤ ਮਾਰੂ ਸਾਬਤ ਹੋ ਸਕਦੀ ਹੈ। ਢੀਂਡਸਾ ਵੱਲੋਂ ਆਪਣੀ ਰਿਹਾਇਸ਼ ਵਿਚ ਵਰਕਰਾਂ ਦਾ ਇਕੱਠ ਬਾਦਲਾਂ ਲਈ ਵੱਡੀ ਵੰਗਾਰ ਖੜ੍ਹੀ ਕਰ ਗਿਆ। ਭਾਵੇਂ ਦੋਵੇਂ ਜ਼ਿਲ੍ਹਿਆਂ ਦੇ ਵੱਡੇ ਅਹੁਦੇਦਾਰਾਂ ਨੇ ਇਸ ਤੋਂ ਕਿਨਾਰਾ ਕੀਤਾ ਸੀ ਪਰ ਕਈਆਂ ਨੇ ਆਪਣੇ ਸਮਰਥਕਾਂ ਨੂੰ ਇਸ ਮੀਟਿੰਗ ਵਿਚ ਭੇਜ ਕੇ ਹਾਜ਼ਰੀ ਲਗਵਾਈ।

ਹਲਕੇ ਵਿਚ ਨਾ ਤਾਂ ਸੁਖਬੀਰ ਬਾਦਲ ਦੇ ਮੁੜ ਪਾਰਟੀ ਪ੍ਰਧਾਨ ਬਣਨ ਦੀ ਬਹੁਤੀ ਖੁਸ਼ੀ ਮਨਾਈ ਗਈ ਅਤੇ ਨਾ ਹੀ ਇਸ ਸਬੰਧੀ ਸੜਕਾਂ ਉਤੇ ਕੋਈ ਫਲੈਕਸ ਵਗੈਰਾ ਦੇਖਣ ਨੂੰ ਮਿਲੇ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੰਗਰੂਰ ਦੇ 9 ਵਿਧਾਨ ਸਭਾ ਹਲਕਿਆਂ 'ਚੋਂ ਸ਼੍ਰੋਮਣੀ ਅਕਾਲੀ ਦਲ ਨੇ ਸਿਰਫ ਇਕ ਸੀਟ ਹੀ ਜਿੱਤੀ ਸੀ, ਜਦਕਿ ਆਮ ਆਦਮੀ ਪਾਰਟੀ ਪੰਜ ਅਤੇ ਕਾਂਗਰਸ 3 ਸੀਟਾਂ ਉਤੇ ਬਾਜ਼ੀ ਮਾਰ ਗਈ ਸੀ। ਪਰਮਿੰਦਰ ਸਿੰਘ ਢੀਂਡਸਾ ਹੀ ਲਹਿਰਾਗਾਗਾ ਤੋਂ ਇਕਲੌਤੀ ਸੀਟ ਜਿੱਤ ਕੇ ਹਲਕੇ ਵਿਚ ਪਾਰਟੀ ਦਾ ਖਾਤਾ ਖੋਲ੍ਹਣ ਲਈ ਕਾਮਯਾਬ ਰਹੇ ਸਨ।

ਬਰਨਾਲਾ ਜ਼ਿਲ੍ਹੇ ਵਿਚ ਤਾਂ ਚੋਣਾਂ ਦੌਰਾਨ ਅਕਾਲੀ ਦਲ ਦੀ ਕਾਰਗੁਜ਼ਾਰੀ ਹੋਰ ਵੀ ਮਾੜੀ ਰਹੀ। ਬਰਨਾਲਾ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕਿਆਂ ਵਿਚ ਪਿਛਲੇ 10 ਸਾਲਾਂ ਤੋਂ ਅਕਾਲੀ ਦਲ ਬੁਰੀ ਤਰ੍ਹਾਂ ਹਾਰਦਾ ਆ ਰਿਹਾ ਹੈ। 2017 ਚੋਣਾਂ ਵਿਚ ਤਾਂ ਅਕਾਲੀ ਦਲ ਸਾਰੀਆਂ ਸੀਟਾਂ ਉਤੇ ਤੀਜੇ ਨੰਬਰ 'ਤੇ ਹੀ ਰਿਹਾ। 2012 ਵਿਚ ਵੀ ਅਕਾਲੀ ਦਲ ਤਿੰਨੋਂ ਸੀਟਾਂ ਹਾਰ ਗਿਆ ਸੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਇਸ ਹਲਕੇ ਤੋਂ ਵੱਡੇ ਢੀਂਡਸਾ ਦੀ ਇੱਛਾ ਤੋਂ ਉਲਟ ਪਰਮਿੰਦਰ ਢੀਂਡਸਾ ਨੇ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜੀ ਸੀ। ਭਾਵੇਂ ਉਨ੍ਹਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਪਰ ਖਾਸ ਗੱਲ ਇਹ ਸੀ ਕਿ ਸਹਿਯੋਗੀ ਭਾਜਪਾ ਨੇ ਪਹਿਲੀ ਵਾਰ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਵੱਡੇ ਪੱਧਰ ਉਤੇ ਭਖਾਇਆ ਸੀ।



ਇਨ੍ਹਾਂ ਜ਼ਿਲ੍ਹਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਕੋਲ ਢੀਂਡਸਾ ਦੀ ਸ਼ਖਸੀਅਤ ਮੁਕਾਬਲੇ ਕੋਈ ਆਗੂ ਨਾ ਹੋਣਾ ਪਾਰਟੀ ਲਈ ਵੱਡੀ ਪਰੇਸ਼ਾਨੀ ਹੈ। ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦਾ ਖੁੱਸ ਚੁੱਕਿਆ ਪੰਥਕ ਅਤੇ ਕਿਸਾਨੀ ਵੋਟ ਬੈਂਕ ਹਾਸਲ ਕਰਨ ਦੀ ਗੱਲ ਤਾਂ ਦੂਰ, ਹਾਲੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਵਿਚਲੇ ਆਗੂਆਂ ਅਤੇ ਵਰਕਰਾਂ ਉਤੇ ਪਕੜ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਜਦੋਂ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਨੂੰ 'ਅੱਖਾਂ ਦਿਖਾਈਆਂ' ਹਨ ਤਾਂ ਇਸ ਦਾ ਅਸਰ ਹੋਰ ਵੀ ਮਾੜਾ ਪੈ ਸਕਦਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਢੀਂਡਸਾ ਵੱਲੋਂ ਬਾਦਲਾਂ ਖਿਲਾਫ ਮੋਰਚਾਬੰਦੀ ਮਗਰੋਂ ਉਨ੍ਹਾਂ ਦੇ ਜੱਦੀ ਲੋਕ ਸਭਾ ਹਲਕਾ ਸੰਗਰੂਰ ਤੇ ਬਰਨਾਲਾ ਜ਼ਿਲ੍ਹਿਆਂ ਵਿਚ ਅਕਾਲੀ ਦਲ ਨੂੰ ਵੱਡਾ ਖੋਰਾ ਲੱਗ ਸਕਦਾ ਹੈ। ਇਨ੍ਹਾਂ ਦੋਹਾਂ ਜ਼ਿਲ੍ਹਿਆਂ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਤੋਂ ਪਹਿਲਾਂ ਹੀ ਪੱਛੜ ਰਹੇ ਅਕਾਲੀ ਦਲ ਲਈ ਢੀਂਡਸਾ ਦੀ ਬਗਾਵਤ ਮਾਰੂ ਸਾਬਤ ਹੋ ਸਕਦੀ ਹੈ।

## ਸੁਖਬੀਰ ਅਕਾਲੀ ਦਲ ਦਾ 'ਫਰਜ਼ੀ' ਪ੍ਰਧਾਨ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਆਗੂ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ 'ਫਰਜ਼ੀ' ਕਰਾਰ ਦਿੰਦਿਆਂ ਕਿਹਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ 'ਨਾਮਜ਼ਦ ਡੈਲੀਗੇਟ' ਤੋਂ ਮੋਹਰ ਲਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਅੰਦਰੂਨੀ ਚੋਣਾਂ ਲਈ ਅਪਣਾਈ ਗਈ ਪ੍ਰਕਿਰਿਆ ਇਕ ਤਰ੍ਹਾਂ ਨਾਲ ਖਾਨਾਪੂਰਤੀ ਸੀ ਤਾਂ ਜੋ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣਿਆ ਜਾਵੇ। ਅਕਾਲੀ ਦਲ ਦੇ 'ਬਾਗੀ' ਆਗੂ ਨੇ ਕਿਹਾ ਕਿ ਪਾਰਟੀ ਅੰਦਰ ਪ੍ਰਧਾਨ ਦੀ ਚੋਣ ਲਈ ਬਾਕਾਇਦਾ ਇਕ ਪ੍ਰਕਿਰਿਆ ਰਹੀ ਹੈ। ਸਭ ਤੋਂ ਪਹਿਲਾਂ ਡੈਲੀਗੇਟਾਂ ਦੀ ਚੋਣ ਹੁੰਦੀ ਹੈ, ਉਸ ਤੋਂ ਬਾਅਦ ਸਰਕਲ ਜਥੇਦਾਰ ਚੁਣੇ ਜਾਂਦੇ ਹਨ ਤੇ ਫਿਰ ਡੈਲੀਗੇਟਾਂ ਵੱਲੋਂ ਪ੍ਰਧਾਨ ਚੁਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਜੋ ਪ੍ਰਕਿਰਿਆ ਚਲਾਈ ਗਈ, ਇਕ ਤਰ੍ਹਾਂ ਨਾਲ ਫਰਜ਼ੀ ਸੀ। ਸ੍ਰੀ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਮਹਿਜ਼ ਇਕ ਸਿਆਸੀ ਪਾਰਟੀ ਨਹੀਂ ਬਲਕਿ ਇਹ ਲੋਕ ਲਹਿਰ ਹੈ ਤੇ ਇਸ ਪਾਰਟੀ ਅੰਦਰ ਅੰਦਰੂਨੀ ਜਮਹੂਰੀਅਤ ਖਤਮ ਹੋਣਾ ਪੰਜਾਬ ਦੇ ਸਿੱਖਾਂ ਲਈ ਸਭ ਤੋਂ ਵੱਧ ਦੁਖਦਾਈ ਹੈ।

## ਮੇਰੇ ਜਾਣ ਨਾਲ ਪਾਰਟੀ ਨੂੰ ਫਰਕ ਨਹੀਂ ਪੈਣਾ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਧਰਨੇ 'ਚ ਪਰਮਿੰਦਰ ਸਿੰਘ ਢੀਂਡਸਾ ਦੇ ਨਾ ਪੁੱਜਣ ਤੋਂ ਸਾਫ ਹੋ ਗਿਆ ਹੈ ਕਿ ਢੀਂਡਸਾ ਤੇ ਬਾਦਲ ਪਰਿਵਾਰ ਦਰਮਿਆਨ ਸਿਆਸੀ ਦੂਰੀਆਂ ਹੋਰ ਵਧ ਗਈਆਂ ਹਨ। ਭਾਵੇਂ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਾਦਲਾਂ ਖਿਲਾਫ ਜਨਤਕ ਵਿਰੋਧ ਭਖਾਇਆ ਜਾ ਰਿਹਾ ਹੈ ਪਰ ਛੋਟੇ ਢੀਂਡਸਾ ਬਾਰੇ ਕਿਆਸੇ ਸਨ ਕਿ ਸ਼ਾਇਦ ਉਹ ਪਟਿਆਲਾ ਧਰਨੇ 'ਚ ਪੁੱਜ ਜਾਣਗੇ ਪਰ ਅਜਿਹਾ ਨਾ ਹੋਣ ਉਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਅਕਾਲੀ ਦਲ ਵਿਚੋਂ ਭਾਵੇਂ ਸੁਖਬੀਰ ਬਾਦਲ ਸਮੇਤ ਕੋਈ ਵੀ ਚਲਾ ਜਾਵੇ, ਅਕਾਲੀ ਦਲ ਨੂੰ ਕੋਈ ਫਰਕ ਨਹੀਂ ਪੈਣਾ। ਵੱਡੇ ਢੀਂਡਸਾ ਵੱਲੋਂ ਉਨ੍ਹਾਂ ਨੂੰ ਅਕਾਲੀ ਦਲ ਦਾ ਫਰਜ਼ੀ ਪ੍ਰਧਾਨ ਆਖਣ ਸਬੰਧੀ ਸੁਖਬੀਰ ਬਾਦਲ ਨੇ ਆਖਿਆ, 'ਜੋ ਮਰਜ਼ੀ ਕਹੀ ਜਾਵੇ, ਮੇਰੇ ਬਜ਼ੁਰਗ ਸਮਾਨ ਹਨ'।

# ਪੁਲਿਸ ਤਸ਼ੱਦਦ: 25 ਸਾਲ ਪਿਛੋਂ ਮਿਲਿਆ ਇਨਸਾਫ

**ਬਰਨਾਲਾ:** ਅਦਾਲਤ ਨੇ 25 ਸਾਲ ਪੁਰਾਣੇ ਕੇਸ ਵਿਚ ਫੈਸਲਾ ਸੁਣਾਉਂਦਿਆਂ ਇਕ ਸਾਬਕਾ ਐਸ.ਪੀ. ਤੇ ਦੋ ਹੋਰ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਸਾਢੇ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਮੁੱਦਈ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਗੁਰੂ ਗੋਬਿੰਦ ਸਿੰਘ ਕਾਲਜ ਦੇ ਪ੍ਰਧਾਨ ਭੋਲਾ ਸਿੰਘ ਵਿਰਕ ਨੇ ਦੱਸਿਆ ਕਿ 9-10 ਫਰਵਰੀ 1995 ਦੀ ਦਰਮਿਆਨੀ ਰਾਤ ਨੂੰ ਤਪਾ ਦੇ ਤਤਕਾਲੀ ਡੀ.ਐਸ.ਪੀ. ਮਹਿੰਦਰਪਾਲ ਸਿੰਘ ਛੋਕਰ (ਮੌਜੂਦਾ ਸੇਵਾਮੁਕਤ ਐਸਪੀ) ਅਤੇ ਉਸ ਦੇ ਤਿੰਨ ਗੰਨਮੈਨਾਂ ਭਜਨ ਸਿੰਘ, ਦਲੇਰ ਸਿੰਘ ਅਤੇ ਗੁਰਚਰਨ ਸਿੰਘ ਨੇ ਉਨ੍ਹਾਂ ਦੇ ਘਰ ਆਏ।

ਉਸ ਦੇ ਪਿਤਾ ਨੇ ਗੇਟ ਖੋਲ੍ਹਿਆ ਤਾਂ ਡੀ.ਐਸ.ਪੀ. ਤੇ ਉਸ ਦੇ ਗੰਨਮੈਨਾਂ ਨੇ ਅੰਦਰ ਆ ਕੇ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਜ਼ਬਰਦਸਤੀ ਆਪਣੀ ਗੱਡੀ ਵਿਚ ਸੁੱਟ ਕੇ ਭਦੌੜ ਵੱਲ ਲੈ ਗਏ। ਰਸਤੇ ਵਿਚ ਗੱਡੀ ਰੋਕ ਕੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਹ ਉਸ ਨੂੰ ਬੇਹੋਸ਼ੀ ਤੇ ਜਖਮੀ ਹਾਲਤ 'ਚ ਲੋਕ ਨਿਰਮਾਣ ਵਿਭਾਗ ਦੇ ਦਫਤਰ ਕੋਲ ਸੁੱਟ ਕੇ ਚਲੇ ਗਏ। ਹੋਸ਼ ਆਉਣ 'ਤੇ ਉਹ ਆਪਣੇ ਦੋਸਤ ਜਤਿੰਦਰ ਕੁਮਾਰ ਦੇ ਘਰ ਚਲਾ ਗਿਆ ਜਿਸ ਨੇ ਰਿਸ਼ਤੇਦਾਰਾਂ ਦੀ ਮਦਦ ਨਾਲ ਉਸ ਨੂੰ ਡੀ.ਐਮ.ਸੀ. ਲੁਧਿਆਣਾ ਦਾਖਲ ਕਰਵਾਇਆ। ਉਸ ਦੇ ਬਿਆਨਾਂ 'ਤੇ ਪੁਲਿਸ ਨੇ ਡੀ.ਐਸ.ਪੀ. ਤੇ ਤਿੰਨੇ ਗੰਨਮੈਨਾਂ ਖਿਲਾਫ ਥਾਣਾ ਸਿਟੀ 'ਚ ਕੇਸ ਦਰਜ ਕੀਤਾ ਸੀ। ਡੀ.ਐਸ.ਪੀ. ਆਪਣੀ ਪਹੁੰਚ ਸਦਕਾ ਕੇਸ ਨੂੰ ਪ੍ਰਭਾਵਿਤ ਵੀ ਕਰਦਾ ਰਿਹਾ। ਜੱਜ ਅਮਰਿੰਦਰਪਾਲ ਸਿੰਘ ਦੀ ਅਦਾਲਤ ਨੇ ਮੁੱਦਈ ਦੇ ਵਕੀਲ ਹਰਿੰਦਰਪਾਲ ਸਿੰਘ ਰਾਣੂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸਾਬਕਾ ਐਸ.ਪੀ. ਮਹਿੰਦਰਪਾਲ ਸਿੰਘ ਛੋਕਰ, ਹੌਲਦਾਰ ਭਜਨ ਸਿੰਘ ਤੇ ਹੌਲਦਾਰ ਦਲੇਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਵੱਖ ਵੱਖ ਧਾਰਾਵਾਂ ਤਹਿਤ ਸਾਢੇ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਸ ਕੇਸ 'ਚ ਨਾਮਜ਼ਦ ਐਸ.ਪੀ.ਓ. ਗੁਰਚਰਨ ਸਿੰਘ ਨੂੰ ਅਦਾਲਤ ਵੱਲੋਂ ਪਹਿਲਾਂ ਹੀ ਤਿੰਨ ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

# ਸੀਤ ਲਹਿਰ ਨੇ ਉਤਰੀ ਭਾਰਤ 'ਚ ਕਾਂਬਾ ਛੇੜਿਆ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਦੇ ਪਹਾੜੀ ਇਲਾਕਿਆਂ 'ਚ ਮੀਂਹ ਤੇ ਬਰਫ ਪੈਣ ਮਗਰੋਂ ਪੰਜਾਬ ਸਮੇਤ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ 'ਚ ਸੀਤ ਲਹਿਰ ਨੇ ਜ਼ੋਰ ਫੜ ਲਿਆ ਹੈ। ਪੰਜਾਬ ਵਿਚ ਬਠਿੰਡਾ 5.6 ਡਿਗਰੀ ਸੈਲਸੀਅਸ ਨਾਲ ਸਭ ਤੋਂ ਠੰਢਾ ਇਲਾਕਾ ਰਿਹਾ ਜਦਕਿ ਕਸ਼ਮੀਰ 'ਚ ਸਖਤ ਠੰਢ ਦਾ 40 ਰੋਜ਼ਾ ਦੌਰ 'ਚਿੱਲਈ ਕਲਾਂ' ਸ਼ੁਰੂ ਹੋ ਗਿਆ ਹੈ। ਮੌਸਮ ਵਿਭਾਗ ਨੇ ਆਉਂਦੇ ਦਿਨਾਂ 'ਚ ਠੰਢ ਹੋਰ ਵਧਣ ਦੀ ਪੇਸ਼ੀਨਗੋਈ ਕੀਤੀ ਹੈ।

ਮੌਸਮ ਵਿਭਾਗ ਨੇ ਦੱਸਿਆ ਕਿ ਪੰਜਾਬ ਤੇ ਹਰਿਆਣਾ ਵਿਚ ਪੈ ਰਹੀ ਹੱਡ ਚੀਰਵੀਂ ਠੰਢ ਦਰਮਿਆਨ ਬਠਿੰਡਾ ਸਭ ਤੋਂ ਠੰਢਾ ਇਲਾਕਾ ਦਰਜ ਕੀਤਾ ਗਿਆ। ਇਥੇ ਘੱਟ ਤੋਂ ਘੱਟ ਤਾਪਮਾਨ 5.6 ਡਿਗਰੀ ਰਿਹਾ। ਇਸ ਤੋਂ ਇਲਾਵਾ ਪੰਜਾਬ ਦੇ ਅੰਮ੍ਰਿਤਸਰ 'ਚ 6.6, ਲੁਧਿਆਣਾ 7, ਪਟਿਆਲਾ 8.6, ਗੁਰਦਾਸਪੁਰ 6.1, ਹਲਵਾਰਾ 8.1, ਪਠਾਨਕੋਟ 9.8 ਅਤੇ ਆਦਮਪੁਰ 8.2 ਡਿਗਰੀ ਤਾਪਮਾਨ ਰਿਹਾ। ਹਰਿਆਣਾ ਦੇ ਅੰਬਾਲਾ 'ਚ ਤਾਪਮਾਨ 8.3, ਹਿਸਾਰ 8, ਕਰਨਾਲ 9.6, ਨਾਰਨੌਲ 7.8, ਰੋਹਤਕ 9.2 ਤੇ ਸਿਰਸਾ 6.9 ਡਿਗਰੀ ਰਿਹਾ। ਚੰਡੀਗੜ੍ਹ 'ਚ ਤਾਪਮਾਨ 8.6 ਡਿਗਰੀ ਦਰਜ ਕੀਤਾ ਗਿਆ।



ਇਸੇ ਤਰ੍ਹਾਂ ਕਸ਼ਮੀਰ ਦੇ ਉਚੇ ਇਲਾਕਿਆਂ 'ਚ ਬਰਫਬਾਰੀ ਦੇ ਨਾਲ 40 ਦਿਨਾਂ ਦਾ ਹੱਡ ਚੀਰਵੀਂ ਠੰਢ ਦਾ ਦੌਰ 'ਚਿੱਲਈ ਕਲਾਂ' ਸ਼ੁਰੂ ਹੋ ਗਿਆ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉੱਤਰੀ ਕਸ਼ਮੀਰ ਦੇ ਗੁਲਮਰਗ 'ਚ ਪਾਰਾ ਸਿਫਰ ਤੋਂ 9.6 ਡਿਗਰੀ ਹੇਠਾਂ ਚਲਾ ਗਿਆ। ਦੱਖਣੀ ਕਸ਼ਮੀਰ ਦੇ ਪਹਿਲਗਾਮ 'ਚ ਤਾਪਮਾਨ ਮਨਫੀ 3, ਸ੍ਰੀਨਗਰ ਸ਼ਹਿਰ ਮਨਫੀ 0.4 ਤਾਪਮਾਨ ਦਰਜ ਕੀਤਾ ਗਿਆ। ਲੱਦਾਖ ਤੇ ਦਰਾਸ 'ਚ ਤਾਪਮਾਨ ਮਨਫੀ ਚੱਲ ਰਿਹਾ ਹੈ। ਚਿੱਲਈ ਕਲਾਂ 31 ਜਨਵਰੀ ਨੂੰ ਖਤਮ ਹੋਵੇਗਾ। ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ 'ਚ ਬਰਫਬਾਰੀ ਤੇ ਹੇਠਲੇ ਇਲਾਕਿਆਂ ਵਿਚ ਮੀਂਹ ਪੈਣ ਤੋਂ ਬਾਅਦ ਸੂਬੇ 'ਚ ਠੰਢ ਦੀ ਜਕੜ ਵਧ ਗਈ ਹੈ।

# ਹਵਾਲਾਤੀਆਂ ਕੋਲੋਂ ਛੇ ਮੋਬਾਈਲ ਬਰਾਮਦ

**ਲੁਧਿਆਣਾ:** ਵੱਖ-ਵੱਖ ਅਪਰਾਧਕ ਮਾਮਲਿਆਂ 'ਚ ਜੇਲ੍ਹ ਵਿਚ ਬੰਦ ਪੰਜ ਹਵਾਲਾਤੀਆਂ ਕੋਲੋਂ ਜੇਲ੍ਹ ਪ੍ਰਸ਼ਾਸਨ ਨੇ ਛੇ ਮੋਬਾਈਲ ਬਰਾਮਦ ਕੀਤੇ ਹਨ। ਮੁਲਜ਼ਮਾਂ ਕੋਲੋਂ ਫੋਨ ਦੇ ਨਾਲ-ਨਾਲ ਦਸ ਗ੍ਰਾਮ ਕਾਲੇ ਰੰਗ ਦਾ ਪਦਾਰਥ ਵੀ ਬਰਾਮਦ ਕੀਤਾ ਗਿਆ ਹੈ, ਜਿਸ ਦੇ ਅਫੀਮ ਹੋਣ ਦਾ ਖਦਸ਼ਾ ਹੈ। ਜੇਲ੍ਹ ਪ੍ਰਸ਼ਾਸਨ ਨੇ ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਨੂੰ ਇਸ ਸਬੰਧੀ ਸ਼ਿਕਾਇਤ ਦਿੱਤੀ ਹੈ।

ਪੁਲਿਸ ਨੇ ਨਿਊ ਸ਼ਿਮਲਾਪੁਰੀ ਵਾਸੀ ਹਵਾਲਾਤੀ ਗੁਰਮੀਤ ਸਿੰਘ, ਬੇਗੋਵਾਲ ਵਾਸੀ ਦਵਿੰਦਰ ਸਿੰਘ, ਸ਼ੇਰਪੁਰ ਕਲਾਂ ਵਾਸੀ ਗੁਰਦੀਪ ਸਿੰਘ, ਅੰਮ੍ਰਿਤਸਰ ਵਾਸੀ ਰਣਜੀਤ ਸਿੰਘ ਤੇ ਮੋਗਾ ਦੇ ਗੁਰਪ੍ਰੀਤ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ।

# ਬਿਜਲੀ ਸਬਸਿਡੀ ਤੇ ਹੋਰ ਸਕੀਮਾਂ ਲਈ 1353 ਕਰੋੜ ਰੁਪਏ ਜਾਰੀ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਵਿਭਾਗ ਨੇ ਪੰਜਾਬ ਰਾਜ ਬਿਜਲੀ ਨਿਗਮ ਨੂੰ ਬਿਜਲੀ ਸਬਸਿਡੀ, ਸਥਾਨਕ ਸਰਕਾਰਾਂ ਬਾਰੇ ਵਿਭਾਗ ਅਤੇ ਪੰਜਾਬ ਰਾਜ ਗੁਦਾਮ ਨਿਗਮ ਤੋਂ ਇਲਾਵਾ 30 ਸਤੰਬਰ, 2019 ਤੱਕ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਨੂੰ ਸੇਵਾਮੁਕਤੀ ਦੇ ਲਾਭਾਂ ਦੀ ਅਦਾਇਗੀ ਲਈ 1353.03 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਕਿਸਾਨਾਂ ਨੂੰ ਦਿੱਤੀ ਜਾਂਦੀ ਖੇਤੀ ਸਬਸਿਡੀ ਲਈ ਪਾਵਰਕੌਮ ਨੂੰ 400 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਇਸੇ ਤਰ੍ਹਾਂ 30 ਸਤੰਬਰ, 2019 ਤੱਕ ਸੇਵਾਮੁਕਤ ਹੋ ਚੁੱਕੇ ਮੁਲਾਜ਼ਮਾਂ ਨੂੰ ਜੀ.ਪੀ.ਐਫ./ਲੀਵ ਐਨਕੈਸ਼ਮੈਂਟ ਸਮੇਤ ਸੇਵਾਮੁਕਤੀ ਦੇ ਲਾਭ ਦੀ ਅਦਾਇਗੀ ਲਈ 181.63 ਕਰੋੜ, ਸਥਾਨਕ ਸਰਕਾਰਾਂ ਬਾਰੇ ਵਿਭਾਗ ਨੂੰ ਪੰਜਾਬ ਮਿਊਂਸਪਲ ਫੰਡ ਲਈ 153.90 ਕਰੋੜ ਤੇ ਹੋਰ ਪ੍ਰੋਜੈਕਟਾਂ ਲਈ ਰਾਸ਼ੀ ਜਾਰੀ ਕੀਤੀ ਗਈ ਹੈ।

# ਔਰਤ-ਪੁਰਸ਼ ਬਰਾਬਰੀ: ਭਾਰਤ ਦੀ ਨਮੋਸ਼ੀ ਵਾਲੀ ਹਾਲਤ

**ਨਵੀਂ ਦਿੱਲੀ:** ਔਰਤਾਂ ਦੀ ਸਿਹਤ ਅਤੇ ਆਰਥਿਕ ਹਿੱਸੇਦਾਰੀ ਦੇ ਖੇਤਰ 'ਚ ਸਥਿਤੀ ਖਰਾਬ ਹੋਣ ਦਰਮਿਆਨ ਔਰਤ-ਪੁਰਸ਼ ਨਾ-ਬਰਾਬਰੀ ਬਾਰੇ ਤਿਆਰ ਇਕ ਰਿਪੋਰਟ ਵਿਚ ਭਾਰਤ ਪਿਛਲੇ ਸਾਲ ਦੇ ਮੁਕਾਬਲੇ ਚਾਰ ਥਾਂਵਾਂ ਖਿਸਕ ਕੇ 112ਵੇਂ ਨੰਬਰ ਉਤੇ ਪਹੁੰਚ ਗਿਆ ਹੈ।

ਸਿਹਤ ਤੇ ਆਰਥਿਕ ਹਿੱਸੇਦਾਰੀ ਖੇਤਰਾਂ 'ਚ ਭਾਰਤ ਸਭ ਤੋਂ ਹੇਠਲੀ ਥਾਂ ਪਾਉਣ ਵਾਲੇ ਪੰਜ ਦੇਸ਼ਾਂ ਵਿਚ ਸ਼ਾਮਲ ਹੈ। ਵਿਸ਼ਵ ਆਰਥਿਕ ਮੰਚ (ਵਰਲਡ ਇਕਨਾਮਿਕ ਫੋਰਮ) ਦੀ ਮਹਿਲਾਵਾਂ ਤੇ ਪੁਰਸ਼ਾਂ ਵਿਚਾਲੇ ਵੱਖ-ਵੱਖ ਖੇਤਰਾਂ ਵਿਚ ਵਧਦੇ ਫਾਸਲੇ ਨਾਲ ਸਬੰਧਤ ਇਸ ਸਾਲਾਨਾ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ। ਪਿਛਲੇ ਸਾਲ ਭਾਰਤ ਇਸ ਸੂਚੀ 'ਚ 108ਵੇਂ ਨੰਬਰ ਉਤੇ ਸੀ। ਭਾਰਤ ਦਾ ਸਥਾਨ ਚੀਨ (106), ਸ੍ਰੀਲੰਕਾ (102), ਨੇਪਾਲ (101), ਬ੍ਰਾਜ਼ੀਲ (92), ਇੰਡੋਨੇਸ਼ੀਆ (85) ਤੇ ਬੰਗਲਾਦੇਸ਼ (50) ਤੋਂ ਵੀ ਹੇਠਾਂ ਹੈ। ਪੁਰਸ਼-ਮਹਿਲਾਵਾਂ ਵਿਚਾਲੇ ਸਭ ਤੋਂ ਵੱਧ ਬਰਾਬਰੀ ਆਈਸਲੈਂਡ ਵਿਚ ਹੈ। ਇਸ ਨਾ-ਬਰਾਬਰੀ ਨੂੰ ਚਾਰ ਮੁੱਖ ਨੁਕਤਿਆਂ ਤੋਂ ਤੈਅ ਕੀਤਾ ਗਿਆ ਹੈ। ਇਸ ਵਿਚ ਉਪਲਬਧ ਆਰਥਿਕ ਮੌਕੇ, ਸਿਆਸੀ ਮਜ਼ਬੂਤੀ, ਅਕਾਦਮਿਕ ਪ੍ਰਾਪਤੀਆਂ ਤੇ ਸਿਹਤ ਪੱਖ ਸ਼ਾਮਲ ਕੀਤੇ ਗਏ ਹਨ।



ਵਿਸ਼ਵ ਆਰਥਿਕ ਫੋਰਮ ਦੀ ਹਾਲੀਆ ਰਿਪੋਰਟ ਅਨੁਸਾਰ ਜੇਕਰ ਬਰਾਬਰੀ ਵੱਲ ਵਧਣ ਦੀ ਰਫਤਾਰ ਇਹੀ ਰਹੀ ਤਾਂ ਕੰਮ ਵਾਲੀ ਥਾਂ ਉਤੇ ਬਰਾਬਰੀ ਹਾਸਲ ਕਰਨ ਲਈ ਔਰਤਾਂ ਨੂੰ 257 ਸਾਲ ਹੋਰ ਲੱਗਣਗੇ। ਹੈਰਾਨੀ ਦੀ ਗੱਲ ਇਹ ਹੈ ਕਿ ਲੰਘੇ ਸਾਲ ਵਿਚ ਗੈਰ-ਬਰਾਬਰੀ ਪਹਿਲਾਂ ਨਾਲੋਂ ਵਧੀ ਹੈ। ਫੋਰਮ ਚਾਰ ਖੇਤਰਾਂ ਸਿੱਖਿਆ, ਸਿਹਤ, ਆਰਥਿਕ ਮੌਕੇ ਅਤੇ ਸਿਆਸੀ ਸ਼ਕਤੀਕਰਨ ਦੇ ਜਾਇਜ਼ੇ ਦੇ ਆਧਾਰ ਉਤੇ 153 ਦੇਸ਼ਾਂ ਬਾਰੇ ਆਪਣੀ ਰਿਪੋਰਟ ਤਿਆਰ ਕਰਦਾ ਹੈ। ਦੁਨੀਆਂ ਵਿਚ ਮਹਾਂਸ਼ਕਤੀ ਬਣਨ ਦੇ ਸੁਪਨੇ ਦੇਖ ਰਿਹਾ ਭਾਰਤ ਪਿਛਲੇ ਸਾਲ ਦੇ ਮੁਕਾਬਲੇ ਚਾਰ ਥਾਂਵਾਂ ਹੇਠਾਂ ਖਿਸਕ ਕੇ 112ਵੇਂ ਨੰਬਰ ਉੱਤੇ ਚਲਾ ਗਿਆ ਹੈ। ਸਿਹਤ ਅਤੇ ਆਰਥਿਕ ਹਿੱਸੇਦਾਰੀ ਦੇ ਖੇਤਰ ਵਿਚ ਤਾਂ ਇਹ ਹੇਠਲੇ ਪੰਜਾਂ ਵਿਚ ਸ਼ੁਮਾਰ ਹੋ ਗਿਆ ਹੈ। ਗੁਆਂਢੀ ਦੇਸ਼ ਚੀਨ, ਲੰਕਾ, ਨੇਪਾਲ ਵੀ ਇਸ ਮਾਮਲੇ ਵਿਚ ਭਾਰਤ ਤੋਂ ਅੱਗੇ ਹਨ।

ਰਿਪੋਰਟ ਦੱਸਦੀ ਹੈ ਕਿ 21ਵੀਂ ਸਦੀ ਦੀ ਵਿਗਿਆਨਕ ਤੇ ਤਕਨੀਕੀ ਖੇਤਰ ਵਿਚ ਅੱਖਾਂ ਚੁੰਧਿਆਉਣ ਵਾਲੀ ਤਰੱਕੀ ਦੇ ਬਾਵਜੂਦ ਸਮਾਜਿਕ ਖੇਤਰ ਦੀਆਂ ਪੁਰਾਣੀਆਂ ਧਾਰਨਾਵਾਂ ਟੁੱਟਣ ਦੀ ਰਫਤਾਰ ਬਹੁਤੀ ਤੇਜ਼ ਨਹੀਂ ਹੈ। ਪਿਤਰ ਸੱਤਾ ਅਤੇ ਮਰਦ ਪ੍ਰਧਾਨ ਸੋਚ ਦਾ ਗਲਬਾ ਇਸ ਕਦਰ ਭਾਰੀ ਹੈ ਕਿ ਕੋਸ਼ਿਸ਼ਾਂ ਦੇ ਬਾਵਜੂਦ ਜਕੜ ਸਦੀਆਂ ਤੱਕ ਬਣੇ ਰਹਿਣ ਦਾ ਖਦਸ਼ਾ ਹੈ। ਆਇਸਲੈਂਡ ਜਿਹਾ ਬਰਾਬਰੀ ਦੇ ਮਾਮਲੇ ਵਿਚ ਪਹਿਲੇ ਨੰਬਰ ਉਤੇ ਹੈ। ਕੋਈ ਵੱਡਾ ਤਾਕਤਵਰ ਦੇਸ਼ ਇਸ ਖੇਤਰ ਵਿਚ ਰੋਲ ਮਾਡਲ ਬਣਨ ਦੀ ਹਾਲਤ ਵਿਚ ਨਹੀਂ ਹੈ। ਸੰਯੁਕਤ ਰਾਸ਼ਟਰ ਵਿਚ ਵੀਟੋ ਪਾਵਰ ਹਾਸਲ ਕੋਈ ਵੀ ਦੇਸ਼ ਪਹਿਲੇ ਦਸਾਂ ਵਿਚ ਸਥਾਨ ਨਹੀਂ ਬਣਾ ਸਕਿਆ। ਅਮਰੀਕਾ ਵੀ ਦੋ ਥਾਂਵਾਂ ਖਿਸਕ ਕੇ ਇਸ ਸਾਲ 53ਵੇਂ ਨੰਬਰ ਉੱਤੇ ਚਲਾ ਗਿਆ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਕੇਵਲ ਆਰਥਿਕ ਅਤੇ ਸਿਆਸੀ ਮਹਾਂਸ਼ਕਤੀ ਹੋਣਾ ਹੀ ਕਾਫੀ ਨਹੀਂ ਹੈ ਇਸ ਲਈ ਸੰਵੇਦਨਸ਼ੀਲ ਤਰੀਕੇ ਨਾਲ ਸਮਾਜਿਕ ਤਬਦੀਲੀ ਵੱਲ ਅੱਗੇ ਵਧਣ ਲਈ ਵੱਖਰੇ ਤਰ੍ਹਾਂ ਦੀ ਪਹਿਲ ਦੀ ਲੋੜ ਹੈ।

# ਪੰਜਾਬ ਵਿਚ ਫਰਜ਼ੀ ਮੁਕਾਬਲਿਆਂ ਦੌਰਾਨ 6733 ਮੌਤਾਂ ਬਾਰੇ ਹੋਇਆ ਖੁਲਾਸਾ




**ਚੰਡੀਗੜ੍ਹ:** ਕਾਲੇ ਦੌਰ ਦੌਰਾਨ ਪੰਜਾਬ 'ਚ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਕੇ ਅਣਪਛਾਤਿਆਂ ਵਜੋਂ ਸਾੜੇ ਗਏ ਨੌਜਵਾਨਾਂ ਬਾਰੇ ਜਸਵੰਤ ਸਿੰਘ ਖਾਲੜਾ ਵੱਲੋਂ ਕੀਤੀ ਜਾਂਚ ਵਾਂਗ ਹੀ ਪੰਜਾਬ ਡਾਕੂਮੈਂਟ ਐਂਡ ਐਡਵੋਕੇਸੀ ਪ੍ਰੋਜੈਕਟ (ਪੀ.ਡੀ.ਏ.ਪੀ.) ਸੰਸਥਾ ਵੱਲੋਂ ਦੋ ਸਾਲ ਦੀ ਕੀਤੀ ਜਾਂਚ 'ਚ 6733 ਮੌਤਾਂ ਹੋਣ ਦਾ ਹੈਰਾਨਕੁੰਨ ਖੁਲਾਸਾ ਹੋਇਆ ਹੈ।

ਸੰਸਥਾ ਦੇ ਆਗੂ ਸਤਨਾਮ ਸਿੰਘ ਬੈਂਸ ਨੇ ਇਸ ਦੀ ਜਾਂਚ ਲਈ ਐਸ.ਆਈ.ਟੀ. ਬਣਾਉਣ, ਮੁਕਾਬਲਿਆਂ ਪਿੱਛੇ ਕਾਰਨਾਂ ਤੇ ਦੋਸ਼ੀਆਂ ਤੱਕ ਪਹੁੰਚਣ ਲਈ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਕਮੇਟੀ ਬਣਾਉਣ, ਮ੍ਰਿਤਕਾਂ ਦੇ ਵਾਰਸਾਂ ਨੂੰ ਮੁਆਵਜ਼ਾ, ਮੁੜ ਵਸੇਵਾਂ ਕਰਵਾਉਣ ਤੇ ਜਾਂਚ ਦੌਰਾਨ ਸਬੂਤ ਮਿਲਣ ਉਤੇ ਦੋਸ਼ੀ ਪੁਲਿਸ ਅਫਸਰਾਂ ਵਿਰੁੱਧ ਕੇਸ ਚਲਾਉਣ ਅਤੇ ਹੋਰ ਢੁਕਵੀਂ ਹਦਾਇਤ ਦੇਣ ਦੀ ਮੰਗ ਨੂੰ ਲੈ ਕੇ ਐਡਵੋਕੇਟ ਆਰ.ਐਸ.ਬੈਂਸ ਰਾਹੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਹੈ।

ਇਸ ਮੰਗ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਗਈ ਸੀ ਪਰ ਮਾਮਲਾ ਪੰਜਾਬ ਨਾਲ ਸਬੰਧਤ ਹੋਣ ਕਾਰਨ ਸੁਪਰੀਮ ਕੋਰਟ ਨੇ ਹਾਈਕੋਰਟ ਜਾਣ ਲਈ ਕਿਹਾ ਗਿਆ। ਹਾਲਾਂਕਿ ਚੀਫ ਜਸਟਿਸ ਆਰ.ਐਸ. ਝਾਅ ਤੇ ਜਸਟਿਸ ਰਾਜੀਵ ਸ਼ਰਮਾ ਦੀ ਬੈਂਚ ਨੇ ਕਿਹਾ ਕਿ ਇਹ ਮਾਮਲੇ ਕਾਫੀ ਪੁਰਾਣੇ ਹੋ ਚੁੱਕੇ ਹਨ ਤੇ ਘਟਨਾਵਾਂ ਵਾਪਰੀਆਂ ਨੂੰ ਕਈ ਸਾਲ ਬੀਤ ਚੁੱਕੇ ਹਨ ਪਰ ਵਕੀਲਾਂ ਨੇ ਪੈਰਵੀ ਕੀਤੀ ਕਿ ਖਾਲੜਾ ਦੀ ਜਾਂਚ ਉਪਰੰਤ ਅਜਿਹੀਆਂ ਮੌਤਾਂ ਦੀ ਜਾਂਚ ਲਈ ਸੁਪਰੀਮ ਕੋਰਟ ਨੇ ਬਕਾਇਦਾ ਕਮਿਸ਼ਨ ਬਿਠਾਇਆ ਸੀ ਪਰ ਕਿਉਂਕਿ ਖਾਲੜਾ ਵੱਲੋਂ ਪੱਟੀ, ਤਰਨਤਾਰਨ ਤੇ ਦੁਰਗਿਆਣਾ ਮੰਦਰ ਸ਼ਮਸ਼ਾਨ ਘਾਟਾਂ 'ਚ ਸਾੜੀਆਂ ਲਾਸ਼ਾਂ ਦੇ ਅਧਾਰ ਉਤੇ 2097 ਮੌਤਾਂ ਸਬੰਧੀ ਰਿਪੋਰਟ ਦਿੱਤੀ ਸੀ ਪਰ ਹੁਣ ਪੀ.ਡੀ.ਏ.ਪੀ. ਵੱਲੋਂ ਦੋ ਸਾਲ ਦੀ ਜਾਂਚ ਦੌਰਾਨ ਪੰਜਾਬ ਦੇ 26 ਜ਼ਿਲ੍ਹਿਆਂ-ਸਬ ਜ਼ਿਲ੍ਹਿਆਂ ਵਿਚ ਸ਼ਮਸ਼ਾਨਘਾਟਾਂ ਵਿਚ ਉਸ ਵੇਲੇ ਸਾੜੀਆਂ ਲਾਸ਼ਾਂ ਤੇ ਇਨ੍ਹਾਂ ਲਾਸ਼ਾਂ ਦੇ ਅੰਤਿਮ ਸੰਸਕਾਰ ਤੇ ਸਬੰਧਤ ਮਿਊਂਸਪਲ ਕਮੇਟੀਆਂ ਵੱਲੋਂ ਚੁੱਕੇ ਗਏ ਖਰਚ ਦੇ ਰਿਕਾਰਡ ਨਾਲ ਮਿਲਾਨ ਕਰਕੇ ਇਹ ਪਤਾ ਲਗਾਇਆ ਹੈ ਕਿ ਉਸ ਵੇਲੇ ਅੰਮ੍ਰਿਤਸਰ ਦੇ ਉਕਤ ਤਿੰਨ ਸ਼ਮਸ਼ਾਨਘਾਟਾਂ ਤੋਂ ਇਲਾਵਾ ਹੋਰ ਥਾਂਵਾਂ ਉਤੇ 6733 ਅਣਪਛਾਤੇ ਨੌਜਵਾਨਾਂ ਨੂੰ ਸਾੜਿਆ ਗਿਆ ਸੀ। ਪੀ.ਡੀ.ਏ.ਪੀ. ਦੀ ਜਾਂਚ 'ਚ ਇਨ੍ਹਾਂ ਦੇ ਸੰਸਕਾਰ ਦੇ ਰਿਕਾਰਡ ਤੇ ਸਬੰਧਤ ਐਫ.ਆਈ.ਆਰਜ਼ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ 6733 ਮੌਤਾਂ ਵਿਚ ਵੀ ਗੋਲੀਆਂ ਲੱਗਣ ਤੇ ਪੁਲਿਸ ਤਸ਼ੱਦਦ ਦੌਰਾਨ ਜਖਮ ਆਉਣ ਦੇ ਤੱਥ ਮਿਲੇ ਹਨ। ਲਿਹਾਜ਼ਾ ਇਨ੍ਹਾਂ ਮਾਮਲਿਆਂ ਦੀ ਜਾਂਚ ਵੀ ਸੁਪਰੀਮ ਕੋਰਟ ਵੱਲੋਂ ਪਹਿਲਾਂ ਕਮਿਸ਼ਨ ਬਣਾ ਕੇ ਕਰਵਾਈ ਗਈ ਜਾਂਚ ਮੁਤਾਬਕ ਹੀ ਕਰਵਾਈ ਜਾਵੇ। ਹਾਈਕੋਰਟ ਨੇ ਫਿਲਹਾਲ ਸੁਣਵਾਈ ਪੰਜ ਮਾਰਚ ਉਤੇ ਪਾ ਦਿੱਤੀ ਹੈ।

# ਖਾਲਸਾ ਦੀਵਾਨ ਸੰਸਥਾਵਾਂ ਦਾ ਵਿਵਾਦ ਭਖਿਆ

**ਬਠਿੰਡਾ:** ਖਾਲਸਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਅਧੀਨ ਸੰਸਥਾਵਾਂ ਵਿਚ ਹਿੰਦੂ-ਸਿੱਖ ਧਾਰਮਿਕ ਮੁੱਦਾ ਭਖਣ ਤੋਂ ਬਾਅਦ ਖਾਲਸਾ ਦੀਵਾਨ ਮੈਨੇਜਮੈਂਟ ਨੇ ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਕਾਲਜ ਮੈਨੇਜਮੈਂਟ 'ਤੇ ਲੱਗੇ ਫਿਰਕੂ ਦੋਸ਼ਾਂ ਨੂੰ ਨਕਾਰਦਿਆਂ ਸੰਸਥਾ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਦੱਸਿਆ।

ਜ਼ਿਕਰਯੋਗ ਹੈ ਇਸ ਸੰਸਥਾ ਅਧੀਨ ਚੱਲਦੇ ਗੁਰੂ ਨਾਨਕ ਦੇਵ ਖਾਲਸਾ ਗਰਲਜ਼ ਕਾਲਜ ਵਿਚੋਂ ਕੱਢੀ ਗਈ ਮਹਿਲਾ ਪ੍ਰਿੰਸੀਪਲ ਸ਼ੈਲਜਾ ਮੋਂਗਾ, ਲੈਕਚਰਾਰਾਂ ਤੇ ਕੁਝ ਸਟਾਫ ਮੈਂਬਰਾਂ ਨੇ ਖਾਲਸਾ ਮੈਨੇਜਮੈਂਟ 'ਤੇ ਧੱਕੇਸ਼ਾਹੀ ਕਰਨ ਦੇ ਦੋਸ਼ ਲਾਏ ਸਨ। ਉਨ੍ਹਾਂ ਹਿੰਦੂ ਵਰਗ ਨਾਲ ਸਬੰਧਤ ਸਟਾਫ ਨੂੰ ਸੰਸਥਾ ਵੱਲੋਂ ਧਰਮ ਦੇ ਆਧਾਰ ਉਤੇ ਤੰਗ ਕਰ ਕੇ ਬਗੈਰ ਨੋਟਿਸ ਦਿੱਤੇ ਕੱਢਣ ਦੇ ਦੋਸ਼ ਲਾਏ ਸਨ। ਉਨ੍ਹਾਂ ਡਿਪਟੀ ਕਮਿਸ਼ਨਰ ਬਠਿੰਡਾ ਤੋਂ ਖਾਲਸਾ ਦੀਵਾਨ ਗਰੁੱਪ ਆਫ ਇੰਸਟੀਚਿਊਸ਼ਨਜ਼ 'ਤੇ ਪ੍ਰਸ਼ਾਸਕ ਲਗਾਉਣ ਦੀ ਮੰਗ ਕੀਤੀ ਸੀ।

ਕਾਲਜ ਮੈਨੇਜਮੈਂਟ ਵੱਲੋਂ ਪ੍ਰਧਾਨ ਵਰਿੰਦਰ ਸਿੰਘ ਬੱਲਾ ਅਤੇ ਮੈਨੇਜਰ ਗੁਰਵਿੰਦਰ ਸਿੰਘ ਨੇ ਪੱਖ ਰੱਖਦਿਆਂ ਕਿਹਾ ਕਿ ਗੁਰੂ ਨਾਨਕ ਕਾਲਜ ਦੀ ਪ੍ਰਬੰਧਕ ਕਮੇਟੀ ਸਰਬੱਤ ਦਾ ਭਲਾ ਵਾਲੇ ਸਿਧਾਂਤ 'ਤੇ ਚੱਲਦੀ ਹੈ ਅਤੇ ਫਿਰਕੂ ਵਿਤਕਰਾ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਕਾਲਜ ਛੱਡਣ ਵਾਲੇ ਸਟਾਫ ਦੀਆਂ ਆਪਣੀ ਨਿੱਜੀ ਮਜਬੂਰੀਆਂ ਸਨ ਪਰ ਫਿਰਕੂ ਵਿਤਕਰਾ ਝੂਠ ਦਾ ਪੁਲੰਦਾ ਹੈ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਸ਼ੈਲਜਾ ਮੋਂਗਾ ਨੂੰ 2015 ਵਿਚ ਐਡਹਾਕ 'ਤੇ ਪ੍ਰਿੰਸੀਪਲ ਭਰਤੀ ਕੀਤਾ ਗਿਆ ਸੀ ਅਤੇ ਜਿਸ ਦੀ ਥੋੜ੍ਹੇ ਸਮੇਂ ਬਾਅਦ ਹੀ ਮੈਨੇਜਮੈਂਟ ਨੇ 35 ਹਜ਼ਾਰ ਤਨਖਾਹ ਕਰ ਦਿੱਤੀ ਸੀ। ਉਸ ਦੀ ਸਟਾਫ ਦੇ ਰਜਿਸਟਰ ਵਿਚ ਵੀ ਹਾਜ਼ਰੀ ਨਹੀਂ ਸੀ ਲੱਗਦੀ ਅਤੇ ਪਹਿਲੀ ਕਮੇਟੀ ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਭਰਤੀ ਕੀਤਾ ਗਿਆ ਸੀ ਜਿਸ ਕਾਰਨ ਉਸ ਨੂੰ ਲਾਂਭੇ ਕਰਨਾ ਪਿਆ। ਸਾਬਕਾ ਪ੍ਰਿੰਸੀਪਲ ਸ਼ੈਲਜਾ ਮੋਂਗਾ ਨੇ ਕਿਹਾ ਕਿ ਉਸ ਨੇ 4 ਸਾਲ ਕਿਸੇ ਹੋਰ ਕਾਲਜ ਵਿਚ ਬਤੌਰ ਪ੍ਰਿੰਸੀਪਲ ਕੰਮ ਕੀਤਾ ਸੀ ਤੇ ਉਸ ਦੀ ਯੋਗਤਾ ਨੂੰ ਦੇਖਦੇ ਹੋਏ ਕਮੇਟੀ ਨੇ ਪ੍ਰਿੰਸੀਪਲ ਬਣਾਇਆ ਸੀ। ਉਨ੍ਹਾਂ ਤੇ ਨਾਲ ਕੰਮ ਕਰਦੇ ਸਟਾਫ ਨੂੰ ਵੀ ਹਿੰਦੂ ਹੋਣ ਦਾ ਨਤੀਜਾ ਭੁਗਤਣਾ ਪਿਆ ਅਤੇ ਬਿਨਾਂ ਨੋਟਿਸ ਦਿੱਤੇ ਨੌਕਰੀ ਤੋਂ ਕੱਢਿਆ ਗਿਆ।

# ਇਤਿਹਾਸਕ ਸਥਾਨਾਂ ਬਾਰੇ ਕਮੇਟੀਆਂ ਬਣਨਗੀਆਂ



**ਅੰਮ੍ਰਿਤਸਰ:** ਉੜੀਸਾ ਦੇ ਜਗਨਨਾਥ ਪੁਰੀ ਸਥਿਤ ਇਤਿਹਾਸਕ ਮੱਠਾਂ ਦੀ ਸਾਂਭ ਸੰਭਾਲ ਅਤੇ ਸਿੱਕਮ ਸਥਿਤ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਪ੍ਰਾਪਤੀ ਲਈ ਸ੍ਰੀ ਅਕਾਲ ਤਖਤ ਨੇ ਸਾਂਝੀਆਂ ਕਮੇਟੀਆਂ ਬਣਾਉਣ ਦਾ ਫੈਸਲਾ ਲਿਆ ਹੈ, ਜੋ ਇਸ ਸਬੰਧੀ ਲੋੜ ਪੈਣ ਉਤੇ ਕਾਨੂੰਨੀ ਕਾਰਵਾਈ ਵੀ ਕਰਨਗੀਆਂ। ਵੱਖ-ਵੱਖ ਧਿਰਾਂ ਨੇ ਇਨ੍ਹਾਂ ਇਤਿਹਾਸਕ ਅਸਥਾਨਾਂ ਬਾਰੇ ਆਪਣੇ ਪੱਖ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਰੱਖੇ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮੀਟਿੰਗਾਂ ਦੌਰਾਨ ਦੋਵਾਂ ਥਾਂਵਾਂ ਉਤੇ ਇਤਿਹਾਸਕ ਸਥਾਨਾਂ ਦੀ ਸਾਂਭ ਸੰਭਾਲ ਅਤੇ ਪ੍ਰਾਪਤੀ ਵਾਸਤੇ ਸਾਂਝੀਆਂ ਕਮੇਟੀਆਂ ਬਣਾਉਣ ਦਾ ਫੈਸਲਾ ਲਿਆ ਗਿਆ ਹੈ। ਇਨ੍ਹਾਂ ਕਮੇਟੀਆਂ ਵਿਚ ਸਬੰਧਤ ਧਿਰਾਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ। ਜੇ ਕੋਈ ਨੁਮਾਇੰਦਾ ਇਸ ਪ੍ਰਕਿਰਿਆ ਦੌਰਾਨ ਗਲਤ ਕੰਮ ਕਰਦਾ ਹੈ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਪੈਦਾ ਹੋਏ ਅੜਿੱਕੇ ਨੂੰ ਉਨ੍ਹਾਂ ਨਿੰਦਣਯੋਗ ਕਰਾਰ ਦਿੱਤਾ। ਨਾਗਰਿਕਤਾ ਸੋਧ ਐਕਟ ਬਾਰੇ ਜਥੇਦਾਰ ਨੇ ਕਿਹਾ ਕਿ ਚੰਗਾ ਹੁੰਦਾ ਕਿ ਜੇ ਇਸ ਐਕਟ ਵਿਚ ਮੁਸਲਿਮ ਭਾਈਚਾਰੇ ਨੂੰ ਵੀ ਸ਼ਾਮਲ ਕੀਤਾ ਜਾਂਦਾ। ਰਣਜੀਤ ਸਿੰਘ ਢੱਡਰੀਆਂ ਵਾਲਾ ਵੱਲੋਂ ਪੰਜ ਮੈਂਬਰੀ ਕਮੇਟੀ ਨਾਲ ਮੁਲਾਕਾਤ ਕਰਨ ਤੋਂ ਨਾਂਹ ਕੀਤੇ ਜਾਣ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਪੰਜ ਮੈਂਬਰੀ ਕਮੇਟੀ ਵਿਚਾਰ ਰਹੀ ਹੈ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਦੋ ਮੈਂਬਰੀ ਟੀਮ, ਜੋ ਜਗਨਨਾਥ ਪੁਰੀ ਦਾ ਦੌਰਾ ਕਰ ਕੇ ਪਰਤੀ ਹੈ, ਦੇ ਇਕ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ ਨੇ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਕੇ ਸਮੁੱਚੀ ਸਥਿਤੀ ਤੋਂ ਜਾਣੂ ਕਰਾਇਆ। ਕਮੇਟੀ ਨੇ ਦੌਰੇ ਸਬੰਧੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਸੌਂਪੀ ਹੈ। ਉਨ੍ਹਾਂ ਜਥੇਦਾਰ ਨੂੰ ਦੱਸਿਆ ਕਿ ਜਗਨਨਾਥ ਪੁਰੀ ਸਥਿਤ ਬਾਉਲੀ ਮੱਠ ਤੇ ਮੰਗੂ ਮੱਠ ਦੀ ਮੁੱਖ ਇਮਾਰਤ ਸੁਰੱਖਿਅਤ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਨੇ ਵੀ ਆਪਣੇ ਸਾਥੀਆਂ ਸਮੇਤ ਜਥੇਦਾਰ ਨਾਲ ਮੁਲਾਕਾਤ ਕਰ ਕੇ ਮੰਗ ਪੱਤਰ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਦੇਹਾਂਤ



**ਲੁਧਿਆਣਾ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਦੇਹਾਂਤ ਹੋ ਗਿਆ। ਉਹ 78 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਦਿਨਾਂ ਤੋਂ ਫੋਰਟਿਸ ਹਸਪਤਾਲ, ਗੁੜਗਾਉਂ ਵਿਚ ਜੇਰੇ ਇਲਾਜ ਸਨ। ਹਸਪਤਾਲ ਵਿਚ ਉਨ੍ਹਾਂ ਅੰਤਿਮ ਸਾਹ ਲਏ। ਜਥੇਦਾਰ ਮੱਕੜ ਲਗਾਤਾਰ 11 ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ।

ਇਸ ਦੁੱਖ ਦੀ ਘੜੀ ਵਿਚ ਮੱਕੜ ਪਰਿਵਾਰ ਨਾਲ ਵੱਖ-ਵੱਖ ਸਮਾਜ ਸੇਵੀ, ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਅਵਤਾਰ ਸਿੰਘ ਮੱਕੜ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇ ਹੋਏ ਸਨ। ਉਹ ਜ਼ਿਲ੍ਹਾ ਅਕਾਲੀ ਜਥਾ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਕਰੀਬ 11 ਸਾਲ ਪ੍ਰਧਾਨ ਰਹੇ। ਅਵਤਾਰ ਸਿੰਘ ਮੱਕੜ ਦਾ ਜਨਮ 3 ਜਨਵਰੀ 1943 ਨੂੰ ਪਿਤਾ ਹਰਬੰਸ ਸਿੰਘ ਦੇ ਘਰ ਮਾਤਾ ਕ੍ਰਿਸ਼ਨ ਕੌਰ ਦੀ ਕੁੱਖੋਂ ਸਰਗੋਧਾ ਪਾਕਿਸਤਾਨ ਵਿਖੇ ਹੋਇਆ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਜਗਰਾਉਂ ਵਿਖੇ ਰਹਿਣ ਲੱਗ ਪਏ। ਉਨ੍ਹਾਂ ਨੇ ਮੁਢਲੀ ਸਿੱਖਿਆ ਜਗਰਾਉਂ ਤੋਂ ਕਰਨ ਉਪਰੰਤ ਉਚੇਰੀ ਸਿੱਖਿਆ ਖਾਲਸਾ ਨੈਸ਼ਨਲ ਹਾਈ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੇ ਗੁਜਰਾਂਵਾਲਾ ਗੁਰੂ ਨਾਨਕ ਕਾਲਜ ਲੁਧਿਆਣਾ ਤੋਂ ਐਫ.ਐਸ.ਸੀ. (ਨਾਨ ਮੈਡੀਕਲ) ਕੀਤੀ।

ਪੜ੍ਹਾਈ ਪੂਰੀ ਕਰਨ ਉਪਰੰਤ ਉਹ ਭਾਰਤੀ ਜੀਵਨ ਬੀਮਾ ਨਿਗਮ (ਐਲ.ਆਈ.ਸੀ.) ਵਿਚ ਨੌਕਰੀ ਕਰਨ ਲੱਗ ਪਏ ਅਤੇ ਐਲ.ਆਈ.ਸੀ. 'ਚੋਂ ਆਪਣੀਆਂ ਸੇਵਾਵਾਂ ਦੇ ਕੇ ਸੇਵਾ ਮੁਕਤ ਹੋਏ। ਉਹ 2002 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਸ਼ਹਿਰੀ ਦੇ ਪ੍ਰਧਾਨ ਬਣੇ ਅਤੇ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਨ ਸਭਾ ਦੀ ਚੋਣ ਲੜੀ। 2005 ਵਿਚ ਉਹ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੇ ਗਏ। ਉਹ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੇ ਮੁਢਲੇ ਮੁੱਖ ਸੇਵਾਦਾਰ ਸਨ। ਸ਼੍ਰੋਮਣੀ ਕਮੇਟੀ ਦੇ ਨਵੰਬਰ 2005 ਵਿਚ 39ਵੇਂ ਪ੍ਰਧਾਨ ਬਣੇ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋਂ ਬਾਅਦ ਉਹ ਸਭ ਤੋਂ ਵੱਧ 11 ਸਾਲ 10 ਨਵੰਬਰ 2015 ਤੱਕ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ। ਜਥੇਦਾਰ ਮੱਕੜ ਜਿਸ ਸਮੇਂ ਪ੍ਰਧਾਨ ਬਣੇ, ਉਸ ਸਮੇਂ ਉਨ੍ਹਾਂ ਨੇ ਆਪਣੇ ਨਾਂ ਦੇ ਨਾਲੋਂ ਮੱਕੜ ਸ਼ਬਦ ਹਟਾ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਆਪਣਾ ਨਾਂ ਜਥੇਦਾਰ ਅਵਤਾਰ ਸਿੰਘ ਹੀ ਰੱਖਿਆ।

# ਸਰਕਾਰੀ ਕੰਟਰੋਲ ਹੇਠ ਆਏਗਾ ਪੰਜਾਬ ਕਿਸਾਨ ਵਿਕਾਸ ਚੈਂਬਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁਹਾਲੀ ਸਥਿਤ 'ਪੰਜਾਬ ਕਿਸਾਨ ਵਿਕਾਸ ਚੈਂਬਰ' ਦੀ ਦੋ ਏਕੜ ਜ਼ਮੀਨ ਅਤੇ ਦਫਤਰ ਦਾ ਕਬਜ਼ਾ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੂੰ ਸੌਂਪਣ ਦਾ ਫੈਸਲਾ ਕੀਤਾ ਹੈ। ਪੰਜਾਬ ਵਜ਼ਾਰਤ ਨੇ ਇਸ ਤਜਵੀਜ਼ ਉਤੇ ਮੋਹਰ ਲਾ ਦਿੱਤੀ ਹੈ। ਸੂਬਾਈ ਵਜ਼ਾਰਤ ਨੇ ਐਡਵੋਕੇਟ ਵੈੱਲਫੇਅਰ ਫੰਡ, ਸਿੱਖਿਆ ਵਿਭਾਗ ਦੇ ਸੇਵਾ ਨਿਯਮਾਂ 'ਚ ਸੋਧ ਅਤੇ ਪਟਿਆਲਾ ਏਵੀਏਸ਼ਨ ਕਲੱਬ ਦੀ 5 ਹਜ਼ਾਰ ਫੁੱਟ ਥਾਂ ਲੀਜ਼ ਉਤੇ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਹੈ।

ਮੰਤਰੀ ਮੰਡਲ ਦੇ ਫੈਸਲੇ ਸਬੰਧੀ ਸਰਕਾਰ ਨੇ ਦੱਸਿਆ ਹੈ ਕਿ ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਅਤੇ ਐਗਰੀਕਲਚਰ ਮਾਰਕੀਟਿੰਗ ਇਨੋਵੇਸ਼ਨ ਰਿਸਰਚ ਐਂਡ ਇੰਟੈਲੀਜੈਂਸ ਸੈਂਟਰ (ਏ.ਐਮ.ਆਈ.ਆਰ.ਆਈ.ਸੀ.) ਜੋ ਕਿਸਾਨ ਮੁੱਦਿਆਂ ਤੇ ਉਨ੍ਹਾਂ ਦੀ ਸਹਾਇਤਾ ਕਰਨ ਲਈ ਸਥਾਪਤ ਹਨ, ਦੇ ਦਫਤਰ ਹੁਣ ਇਸ ਇਮਾਰਤ ਵਿਚ ਸਥਾਪਤ ਕੀਤੇ ਜਾਣਗੇ। ਇਸ 'ਚ ਪੰਜਾਬ ਕਿਸਾਨ ਵਿਕਾਸ ਚੈਂਬਰ ਸਮੇਤ ਹੋਰ ਸੰਸਥਾਵਾਂ ਨੂੰ ਕਿਸਾਨਾਂ ਦੀ ਭਲਾਈ ਲਈ ਸੈਮੀਨਾਰ ਕਰਵਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਵਜ਼ਾਰਤ ਦਾ ਇਹ ਵੀ ਮੰਨਣਾ ਸੀ ਕਿ ਚੈਂਬਰ ਨੂੰ ਜਾਰੀ ਕੀਤੀ 25 ਕਰੋੜ ਦੀ ਗਰਾਂਟ ਵਿਚੋਂ ਬਕਾਇਆ ਪਈ ਰਕਮ ਵੀ ਵਾਪਸ ਲੈਣ ਦੀ ਲੋੜ ਹੈ। 25 ਫਰਵਰੀ 2016 ਨੂੰ ਅਕਾਲੀ-ਭਾਜਪਾ ਸਰਕਾਰ ਸਮੇਂ ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਸੁਸਾਇਟੀ ਵਜੋਂ ਪੰਜਾਬ ਕਿਸਾਨ ਵਿਕਾਸ ਚੈਂਬਰ ਸਥਾਪਤ ਕਰਨ ਉਤੇ ਮੋਹਰ ਲਾਈ ਗਈ ਸੀ ਅਤੇ ਗਮਾਡਾ ਵੱਲੋਂ ਇਸ ਵਾਸਤੇ ਮੁਹਾਲੀ ਵਿਚ ਦੋ ਏਕੜ ਜ਼ਮੀਨ ਮੁਫਤ ਮੁਹੱਈਆ ਕਰਵਾਈ ਜਿਸ ਦੀ ਅਸਲ ਕੀਮਤ 8.47 ਕਰੋੜ ਸੀ ਅਤੇ ਇਸ ਨੂੰ ਗਮਾਡਾ ਨੇ ਆਪਣੀ ਸਕੀਮ ਦੇ ਸੀ.ਐਲ.ਯੂ. ਚਾਰਜਿਜ਼ ਤੇ ਲਾਇਸੈਂਸ ਫੀਸ ਵਿਚੋਂ ਅਡਜਸਟ ਕਰ ਲਿਆ ਸੀ।

ਇਸ ਤਰ੍ਹਾਂ 18 ਮਈ 2016 ਦੇ ਪੱਤਰ ਰਾਹੀਂ ਪੰਜਾਬ ਸਰਕਾਰ ਨੇ 10 ਕਰੋੜ ਰੁਪਏ ਦੀ ਗਰਾਂਟ ਅਤੇ 9 ਨਵੰਬਰ, 2016 ਦੇ ਪੱਤਰ ਰਾਹੀਂ 15 ਕਰੋੜ ਰੁਪਏ ਦੀ ਗਰਾਂਟ ਦਿੱਤੀ ਸੀ। ਸੁਸਾਇਟੀ ਨੇ 21.93 ਕਰੋੜ ਦੀ ਰਾਸ਼ੀ ਨਾਲ ਦਫਤਰ ਸਥਾਪਤ ਕਰ ਲਿਆ ਤੇ ਲਗਭਗ 3 ਕਰੋੜ ਰੁਪਏ ਦੀ ਬਕਾਇਆ ਰਕਮ ਸੁਸਾਇਟੀ ਕੋਲ ਹੀ ਹੈ। ਇਸੇ ਤਰ੍ਹਾਂ ਵਜ਼ਾਰਤ ਨੇ 'ਦਿ ਪੰਜਾਬ ਐਡਵੋਕੇਟਸ ਵੈੱਲਫੇਅਰ ਫੰਡ ਰੂਲਜ਼-2019' ਨੂੰ ਪ੍ਰਵਾਨਗੀ ਦੇ ਦਿੱਤੀ ਜਿਸ ਨਾਲ ਸਬੰਧਤ ਐਕਟ ਦੇ ਲਾਗੂ ਹੋਣ ਲਈ ਰਾਹ ਪੱਧਰਾ ਹੋ ਜਾਵੇਗਾ। ਸਰਕਾਰ ਨੂੰ 'ਪੰਜਾਬ ਐਡਵੋਕੇਟਸ ਵੈੱਲਫੇਅਰ ਫੰਡ ਐਕਟ-2002' ਦੀ ਧਾਰਾ 28 ਤਹਿਤ ਨਿਯਮ ਤਿਆਰ ਕਰਕੇ ਨੋਟੀਫਾਈ ਕਰਨ ਦੀ ਲੋੜ ਹੈ। ਵੱਖ-ਵੱਖ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਸਟਾਫ ਦੀ ਨਿਯੁਕਤੀ ਦਾ ਉਪਬੰਧ ਵੀ ਕੀਤਾ ਗਿਆ ਹੈ।

ਮੰਤਰੀ ਮੰਡਲ ਨੇ ਸਕੂਲ ਸਿੱਖਿਆ ਵਿਭਾਗ ਦੇ ਪੰਜਾਬ ਐਜੂਕੇਸ਼ਨਲ ਸਰਵਿਸ ਰੂਲਜ਼ (ਟੀਚਿੰਗ ਕਾਡਰ) ਅਤੇ ਨਾਨ-ਟੀਚਿੰਗ ਕਾਡਰ ਵਿਚ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਧਿਆਪਨ ਅਤੇ ਨਾਨ-ਟੀਚਿੰਗ ਕਰਮਚਾਰੀਆਂ ਦੀ ਭਰਤੀ ਤੇ ਸੇਵਾ ਦੀਆਂ ਸ਼ਰਤਾਂ ਨੂੰ ਨਿਯਮਤ ਕਰਨ ਲਈ ਸੋਧਾਂ ਤੇ ਤਬਦੀਲੀਆਂ ਨੂੰ ਵੱਖ ਵੱਖ ਮੌਜੂਦਾ ਨਿਯਮਾਂ ਵਿਚ ਸ਼ਾਮਲ ਕੀਤਾ ਜਾਵੇਗਾ।

# ਰੂਸ ਵਿਚ ਫਸੇ 24 ਭਾਰਤੀ ਨੌਜਵਾਨ ਵਤਨ ਪਰਤੇ

**ਫਗਵਾੜਾ:** ਪਿਛਲੇ ਤਕਰੀਬਨ 6 ਮਹੀਨਿਆਂ ਤੋਂ ਰੂਸ 'ਚ ਫਸੇ 24 ਨੌਜਵਾਨ ਵਤਨ ਪਰਤ ਆਏ ਹਨ ਅਤੇ ਇਨ੍ਹਾਂ ਦੇ ਪਰਿਵਾਰਿਕ ਮੈਂਬਰਾਂ 'ਚ ਖੁਸ਼ੀ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਥੋਂ ਦੇ ਨਵੀਂ ਆਬਾਦੀ ਨਾਰੰਗਸ਼ਾਹਪੁਰ ਦੇ ਨੌਜਵਾਨ ਪਿੰਕੂ ਰਾਮ ਪੁੱਤਰ ਰਾਜਨ ਰਾਮ ਦੇ ਘਰ ਪੁੱਜਣ ਉਤੇ ਪਰਿਵਾਰਕ ਮੈਂਬਰਾਂ ਨੇ ਕੇਂਦਰ ਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਰਾਜਨ ਰਾਮ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਪਿੰਕੂ ਰਾਮ ਜਿਸ ਨੂੰ ਕਰੀਬ 6 ਮਹੀਨੇ ਪਹਿਲਾਂ ਕਰਜ਼ਾ ਚੁੱਕ ਕੇ ਏਜੰਟ ਦਲਜੀਤ ਸਿੰਘ ਰਾਹੀਂ 1 ਲੱਖ 20 ਹਜ਼ਾਰ ਰੁਪਏ 'ਚ ਰੂਸ ਭੇਜਿਆ ਸੀ ਜਿਥੇ ਦੱਸੀ ਗਈ ਕੰਪਨੀ ਦੀ ਥਾਂ ਕਿਸੇ ਹੋਰ ਕੰਪਨੀ 'ਚ 8-9 ਹਜ਼ਾਰ ਰੁਪਏ ਭਾਰਤੀ ਕਰੰਸੀ ਦੀ ਨੌਕਰੀ ਕਰ ਰਿਹਾ ਸੀ ਅਤੇ ਕਾਫੀ ਮੰਦੀ ਹਾਲਤ 'ਚ ਸੀ। ਉਨ੍ਹਾਂ ਦੱਸਿਆ ਕਿ ਪਿੰਕੂ ਨੂੰ ਵਿਦੇਸ਼ ਭੇਜਣ ਲਈ ਕਰਜ਼ਾ ਚੁੱਕਿਆ ਸੀ ਜਿਸ ਦੀ ਪੰਡ ਵੀ ਭਾਰੀ ਹੁੰਦੀ ਜਾ ਰਹੀ ਸੀ ਅਤੇ ਉਹ ਕੋਈ ਪੈਸੇ ਵੀ ਨਹੀਂ ਭੇਜ ਰਿਹਾ ਸੀ। ਪਿੰਕੂ ਰਾਮ ਨੇ ਦੱਸਿਆ ਕਿ ਉਹ ਬੜੀ ਮੁਸ਼ਕਲ ਨਾਲ ਆਪਣੇ ਵਤਨ ਵਾਪਸ ਪੁੱਜੇ ਹਨ। ਪਿੰਕੂ ਰਾਮ ਨੇ ਦੱਸਿਆ ਕਿ ਉਥੇ ਸਿਰਫ ਗੁਜ਼ਾਰੇ ਜੋਗੇ ਹੀ ਪੈਸੇ ਮਿਲੇ ਜਿਸ ਨਾਲ ਉਨ੍ਹਾਂ ਦਾ ਸਿਰਫ ਖਾਣ-ਪੀਣ ਦਾ ਖਰਚ ਹੀ ਚੱਲਦਾ ਸੀ।

# ਕੈਪਟਨ ਵਲੋਂ ਪੰਜ ਸ਼ਹਿਰਾਂ ਵਿਚ ਮਹਿਲਾ ਪੀ.ਸੀ.ਆਰ. ਵੈਨਾਂ ਚਲਾਉਣ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਕਟ ਵਿਚ ਫਸੀਆਂ ਔਰਤਾਂ ਲਈ ਪਿਕਅੱਪ ਤੇ ਡਰਾਪ ਦੀ ਸਹੂਲਤ ਵਿਚ ਵਾਧਾ ਕਰਨ ਦੇ ਮੱਦੇਨਜ਼ਰ ਸੂਬੇ ਦੇ ਪੰਜ ਪ੍ਰਮੁੱਖ ਸ਼ਹਿਰਾਂ ਵਿਚ ਮਹਿਲਾਵਾਂ ਉਤੇ ਆਧਾਰਿਤ ਪੀ.ਸੀ.ਆਰ. ਵੈਨਾਂ ਚਲਾਉਣ ਦੇ ਹੁਕਮ ਦਿੱਤੇ ਹਨ ਤਾਂ ਜੋ ਔਰਤਾਂ ਨੂੰ ਸੁਰੱਖਿਅਤ ਤਰੀਕੇ ਨਾਲ ਘਰ ਪਹੁੰਚਾਇਆ ਜਾ ਸਕੇ।

ਮੁੱਖ ਮੰਤਰੀ ਦੇ ਹੁਕਮਾਂ ਮੁਤਾਬਕ ਸੰਕਟ 'ਚ ਫਸੀਆਂ ਔਰਤਾਂ ਨੂੰ ਉਨ੍ਹਾਂ ਦੇ ਘਰ ਜਾਂ ਕੰਮਕਾਜ ਵਾਲੀਆਂ ਥਾਂਵਾਂ ਉਤੇ ਸੁਰੱਖਿਅਤ ਪਹੁੰਚਾਉਣ ਲਈ ਮੁਹਾਲੀ, ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਅਤੇ ਜਲੰਧਰ ਵਿਚ ਚਲਾਈਆਂ ਜਾ ਰਹੀਆਂ ਪੀ.ਸੀ.ਆਰ. ਵੈਨਾਂ ਦੀਆਂ ਚਾਲਕ ਵੀ ਔਰਤਾਂ ਹੀ ਹੋਣਗੀਆਂ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 3 ਦਸੰਬਰ 2019 ਨੂੰ ਔਰਤਾਂ ਦੀ ਸੁਰੱਖਿਆ ਸਬੰਧੀ ਵਧ ਰਹੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਸੀ, ਜਿਸ ਤਹਿਤ ਰਾਤ 9.00 ਤੋਂ ਸਵੇਰੇ 6.00 ਵਜੇ ਤੱਕ ਔਰਤਾਂ ਨੂੰ ਮੁਫਤ ਪੁਲਿਸ ਸਹਾਇਤਾ ਦਿੱਤੀ ਜਾਂਦੀ ਹੈ।

# ਉਨਾਓ ਜਬਰ ਜਨਾਹ: ਵਿਧਾਇਕ ਕੁਲਦੀਪ ਸੇਂਗਰ ਨੂੰ ਉਮਰ ਕੈਦ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਉਨਾਓ ਜਬਰ- ਜਨਾਹ ਕੇਸ ਵਿਚ ਭਾਜਪਾ ਵਿਚੋਂ ਕੱਢੇ ਗਏ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਤਾ-ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਤਰ ਪ੍ਰਦੇਸ਼ ਦੇ ਉਨਾਓ ਦਾ ਇਹ ਮਾਮਲਾ 2017 ਦਾ ਹੈ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਵਿਧਾਇਕ ਬਾਕੀ ਉਮਰ ਜੇਲ੍ਹ ਵਿਚ ਕੱਟੇਗਾ।

ਜ਼ਿਲ੍ਹਾ ਜੱਜ ਧਰਮੇਸ਼ ਸ਼ਰਮਾ ਨੇ ਸੇਂਗਰ ਨੂੰ 25 ਲੱਖ ਰੁਪਏ ਜੁਰਮਾਨਾ ਵੀ ਕੀਤਾ ਹੈ ਜੋ ਉਸ ਨੂੰ ਇਕ ਮਹੀਨੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ। ਸਜ਼ਾ ਸੁਣਾਏ ਜਾਣ ਤੋਂ ਬਾਅਦ ਸੇਂਗਰ ਤੀਸ ਹਜ਼ਾਰੀ ਜ਼ਿਲ੍ਹਾ ਅਦਾਲਤ ਕੰਪਲੈਕਸ ਦੇ ਕਮਰੇ ਵਿਚ ਰੋ ਪਿਆ। ਵਿਧਾਇਕ ਦੀ ਭੈਣ ਤੇ ਬੇਟੀ ਵੀ ਉਥੇ ਮੌਜੂਦ ਸਨ ਤੇ ਉਹ ਵੀ ਰੋਂਦੇ ਨਜ਼ਰ ਆਏ।



ਜੱਜ ਨੇ ਸੇਂਗਰ ਨੂੰ ਸਜ਼ਾ ਸੁਣਾਉਣ ਵਿਚ ਨਰਮ ਰਵੱਈਆ ਅਖਤਿਆਰ ਕਰਨ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ 'ਇਸ ਅਦਾਲਤ ਨੂੰ ਅਜਿਹੀ ਕੋਈ ਸਥਿਤੀ ਨਜ਼ਰ ਨਹੀਂ ਆਉਂਦੀ ਜੋ ਗੰਭੀਰਤਾ ਘੱਟ ਕਰਦੀ ਹੋਵੇ। ਸੇਂਗਰ ਲੋਕ ਸੇਵਕ ਸੀ ਤੇ ਉਸ ਨੇ ਲੋਕਾਂ ਨਾਲ ਹੀ ਧੋਖਾ ਕੀਤਾ।' ਅਦਾਲਤ ਨੇ ਦਰਜ ਕੀਤਾ ਕਿ ਵਿਧਾਇਕ ਦਾ ਵਿਹਾਰ ਪੀੜਤਾ ਨੂੰ ਧਮਕਾਉਣ ਦਾ ਸੀ। ਅਦਾਲਤ ਨੇ ਨਾਲ ਹੀ ਹੁਕਮ ਦਿੱਤੇ ਕਿ ਪੀੜਤਾ ਨੂੰ ਉਸ ਦੀ ਮਾਂ ਲਈ 10 ਲੱਖ ਰੁਪਏ ਦਾ ਵਾਧੂ ਮੁਆਵਜ਼ਾ ਦਿੱਤਾ ਜਾਵੇ।

ਅਦਾਲਤ ਨੇ ਸੀ.ਬੀ.ਆਈ. ਨੂੰ ਪੀੜਤਾ ਤੇ ਉਸ ਦੇ ਪਰਿਵਾਰ ਵਾਲਿਆਂ ਦੀ ਜਾਨ ਤੇ ਸੁਰੱਖਿਆ ਨੂੰ ਖਤਰੇ ਦੀ ਸਮੀਖਿਆ ਹਰ ਤਿੰਨ ਮਹੀਨੇ ਬਾਅਦ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਇਕ ਸਾਲ ਤੱਕ ਦਿੱਲੀ ਮਹਿਲਾ ਕਮਿਸ਼ਨ ਵੱਲੋਂ ਉਪਲਬਧ ਕਰਵਾਏ ਗਏ ਕਿਰਾਏ ਦੇ ਘਰ ਵਿਚ ਰਹਿਣਗੇ। ਯੂਪੀ ਸਰਕਾਰ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਿਰਾਇਆ ਅਦਾ ਕਰਨ ਦੇ ਹੁਕਮ ਵੀ ਦਿੱਤੇ ਗਏ ਹਨ। ਅਦਾਲਤ ਨੇ ਸੇਂਗਰ ਨੂੰ ਪੋਕਸੋ ਐਕਟ ਤਹਿਤ ਸਜ਼ਾ ਸੁਣਾਈ ਹੈ। ਜ਼ਿਕਰਯੋਗ ਹੈ ਕਿ ਪੀੜਤਾ 2017 'ਚ ਨਾਬਾਲਗ ਸੀ। ਇਕ ਵੱਖ ਮਾਮਲੇ 'ਚ ਇਸੇ ਮਹਿਲਾ ਨਾਲ 11 ਜੂਨ, 2017 ਨੂੰ ਤਿੰਨ ਹੋਰਾਂ ਨੇ ਵੀ ਉਨਾਓ 'ਚ ਹੀ ਸਮੂਹਿਕ ਜਬਰ ਜਨਾਹ ਕੀਤਾ ਸੀ।

ਇਸ ਕੇਸ ਦੀ ਸੁਣਵਾਈ ਅਜੇ ਸ਼ੁਰੂ ਨਹੀਂ ਹੋਈ। ਪੋਕਸੋ ਐਕਟ 'ਚ ਇਸੇ ਸਾਲ ਸੋਧ ਕੀਤੀ ਗਈ ਹੈ ਤੇ ਮੌਤ ਦੀ ਸਜ਼ਾ ਤੱਕ ਦੀ ਤਜਵੀਜ਼ ਹੈ। ਮਾਮਲੇ 'ਚ ਸਹਿ-ਮੁਲਜ਼ਮ ਸ਼ਸ਼ੀ ਸਿੰਘ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਸੀ.ਬੀ.ਆਈ. ਸਾਬਤ ਨਹੀਂ ਕਰ ਸਕੀ ਕਿ ਉਹ ਵੀ ਸਾਜ਼ਿਸ਼ 'ਚ ਸ਼ਾਮਲ ਸੀ। ਵਿਧਾਇਕ ਉਤੇ ਆਈ.ਪੀ.ਸੀ. ਦੀ ਧਾਰਾ 376 (2) ਵੀ ਲਾਈ ਗਈ ਹੈ। ਇਹ ਧਾਰਾ 'ਕਿਸੇ ਲੋਕ ਸੇਵਕ ਵਲੋਂ ਜਬਰ ਜਨਾਹ ਦੇ ਮਾਮਲਿਆਂ 'ਚ ਲਾਈ ਜਾਂਦੀ ਹੈ ਜਦ ਉਹ ਆਪਣੇ ਰੁਤਬੇ ਦੀ ਦੁਰਵਰਤੋਂ ਕਰ ਕੇ ਅਜਿਹਾ ਅਪਰਾਧ ਕਰਦਾ ਹੈ।' ਯਾਦ ਰਹੇ ਕਿ ਇਸ ਕੇਸ ਵਲ ਪੂਰੇ ਮੁਲਕ ਦੀਆ ਨਜ਼ਰਾਂ ਲੱਗੀਆਂ ਹੋਈਆਂ ਸਨ।

## ਜਬਰ ਜਨਾਹ ਦੀਆਂ ਵਧਦੀਆਂ ਘਟਨਾਵਾਂ ਦਾ ਨੋਟਿਸ ਲਿਆ

**ਨਵੀਂ ਦਿੱਲੀ:** ਦੇਸ਼ ਵਿਚ ਜਬਰ ਜਨਾਹ ਦੀਆਂ ਵਧਦੀਆਂ ਘਟਨਾਵਾਂ ਉਤੇ ਗੰਭੀਰ ਚਿੰਤਾ ਜ਼ਾਹਿਰ ਕਰਦੇ ਹੋਏ ਸੁਪਰੀਮ ਕੋਰਟ ਨੇ ਜਿਨਸੀ ਅਪਰਾਧਾਂ ਸਬੰਧੀ ਅਪਰਾਧ ਨਿਆਂ ਵਿਵਸਥਾ ਦਾ ਮੁਲਾਂਕਣ ਕਰਨ ਲਈ ਇਸ ਦਾ ਖ਼ੁਦ ਨੋਟਿਸ ਲਿਆ। ਚੀਫ ਜਸਟਿਸ ਐਸ.ਏ. ਬੋਬੜੇ, ਜਸਟਿਸ ਬੀ.ਆਰ. ਗਵਈ ਤੇ ਜਸਟਿਸ ਸੂਰਿਆ ਕਾਂਤ ਦੇ ਬੈਂਚ ਨੇ ਕਿਹਾ ਕਿ ਅਜਿਹੇ ਮਾਮਲਿਆਂ 'ਚ ਦੇਰੀ ਨੇ ਹਾਲ ਦੀ ਘੜੀ ਵਿਚ ਸੰਘਰਸ਼ ਤੇ ਲੋਕਾਂ ਦੇ ਮਨਾਂ 'ਚ ਅਸ਼ਾਂਤੀ ਨੂੰ ਜਨਮ ਦਿੱਤਾ ਹੈ। ਬੈਂਚ ਨੇ ਸਾਰੇ ਰਾਜਾਂ ਤੇ ਹਾਈ ਕੋਰਟਾਂ ਤੋਂ 7 ਫਰਵਰੀ, 2020 ਤੱਕ ਸਥਿਤੀ ਰਿਪੋਰਟ ਮੰਗੀ ਹੈ।

## ਨਿਰਭਯਾ ਕੇਸ: ਮੌਤ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਿਰਭਯਾ ਸਮੂਹਿਕ ਜਬਰ ਜਨਾਹ ਤੇ ਕਤਲ ਕੇਸ ਵਿਚ ਮੌਤ ਦੀ ਸਜ਼ਾਯਾਫਤਾ ਚਾਰ ਮੁਜਰਮਾਂ 'ਚੋਂ ਇਕ ਵਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਨੂੰ ਖਾਰਜ ਕਰਦਿਆਂ ਸਾਲ 2017 ਵਿਚ ਸੁਣਾਏ ਮੌਤ ਦੀ ਸਜ਼ਾ ਦੇ ਆਪਣੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਇਸ ਦੌਰਾਨ ਦਿੱਲੀ ਦੀ ਪਟਿਆਲਾ ਕੋਰਟ ਨੇ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਦੋ ਹਫਤਿਆਂ ਦਾ ਨੋਟਿਸ ਜਾਰੀ ਕਰਦਿਆਂ ਨਿਰਭਯਾ ਕੇਸ ਦੇ ਚਾਰ ਮੁਜਰਮਾਂ ਵੱਲੋਂ ਭਾਰਤ ਦੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਖਲ ਕਰਨ ਸਬੰਧੀ ਸਥਿਤੀ ਸਪਸ਼ਟ ਕਰਨ ਲਈ ਕਿਹਾ ਹੈ। ਇਸੇ ਦੌਰਾਨ ਹੇਠਲੀ ਅਦਾਲਤ ਨੇ ਹਾਲ ਦੀ ਘੜੀ 'ਮੌਤ ਦੇ ਵਾਰੰਟ' ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਕੇਸ ਦੀ ਅਗਲੀ ਸੁਣਵਾਈ 7 ਜਨਵਰੀ ਨੂੰ ਹੋਵੇਗੀ। ਉਧਰ ਦੋਸ਼ੀ ਅਕਸ਼ੈ ਕੁਮਾਰ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਆਏ ਫੈਸਲੇ ਨਾਲ ਸੁਪਰੀਮ ਕੋਰਟ ਵਲੋਂ ਇਸ ਕੇਸ ਵਿਚ ਮੌਤ ਦੀ ਸਜ਼ਾਯਾਫਤਾ ਚਾਰੇ ਮੁਜਰਮਾਂ ਦੀਆਂ ਨਜ਼ਰਸਾਨੀ ਪਟੀਸ਼ਨਾਂ ਖਾਰਜ ਹੋ ਗਈਆਂ ਹਨ। ਅਦਾਲਤ ਨੇ ਪਿਛਲੇ ਸਾਲ 9 ਜੁਲਾਈ ਨੂੰ ਕੇਸ ਦੇ ਤਿੰਨ ਮੁਜਰਮਾਂ ਮੁਕੇਸ਼ (30), ਪਵਨ ਗੁਪਤਾ (23) ਤੇ ਵਿਨੈ ਸ਼ਰਮਾ(24) ਦੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤੀਆਂ ਸਨ।

## ਪਾਕਿਸਤਾਨ ਨੂੰ ਲੱਖਾਂ ਪੌਂਡ ਭਾਰਤ ਨੂੰ ਕਾਨੂੰਨੀ ਖਰਚੇ ਵਜੋਂ ਦੇਣ ਦੇ ਹੁਕਮ

**ਲੰਡਨ:** 1947 ਦੀ ਵੰਡ ਸਮੇਂ ਹੈਦਰਾਬਾਦ ਨਿਜ਼ਾਮ ਦੇ ਖਜ਼ਾਨੇ ਨੂੰ ਲੈ ਪਾਕਿਸਤਾਨ ਨਾਲ ਕਾਨੂੰਨੀ ਵਿਵਾਦ 'ਚ ਭਾਰਤ ਦੇ ਹੱਕ ਵਿਚ ਫੈਸਲਾ ਸੁਣਾਉਣ ਵਾਲੇ ਬਰਤਾਨਵੀ ਹਾਈ ਕੋਰਟ ਦੇ ਇਕ ਜੱਜ ਨੇ ਪਾਕਿਸਤਾਨ ਨੂੰ ਕਾਨੂੰਨੀ ਖਰਚ ਲਈ ਲੱਖਾਂ ਪੌਂਡ ਦਾ ਭੁਗਤਾਨ ਭਾਰਤ ਨੂੰ ਕਰਨ ਦਾ ਹੁਕਮ ਦਿੱਤਾ ਹੈ।

ਹੈਦਰਾਬਾਦ ਦੇ ਅੱਠਵੇਂ ਨਿਜ਼ਾਮ ਸ਼ਹਿਜ਼ਾਦੇ ਮੁਕੱਰਮ ਜਾਹ ਤੇ ਉਸ ਦੇ ਛੋਟੇ ਭਰਾ ਮੁਫੱਖਮ ਜਾਹ ਨੇ ਇਸ ਕਾਨੂੰਨੀ ਲੜਾਈ 'ਚ ਪਾਕਿਸਤਾਨੀ ਸਰਕਾਰ ਖਿਲਾਫ ਭਾਰਤ ਸਰਕਾਰ ਨਾਲ ਹੱਥ ਮਿਲਾਇਆ ਸੀ। ਕੇਸ ਕਰੀਬ ਤਿੰਨ ਕਰੋੜ 50 ਲੱਖ ਪੌਂਡ ਦਾ ਹੈ ਜੋ ਲੰਡਨ ਦੀ ਨੈਟਵੈਸਟ ਬੈਂਕ 'ਚ ਪਏ ਹਨ। ਲੰਮੀ ਕਾਨੂੰਨੀ ਲੜਾਈ ਪਿਛੋਂ ਜਸਟਿਸ ਮਾਰਕਸ ਸਮਿੱਥ ਨੇ ਅਕਤੂਬਰ 'ਚ ਫੈਸਲਾ ਸੁਣਾਇਆ ਸੀ ਕਿ ਸਤਵਾਂ ਨਿਜ਼ਾਮ ਇਸ ਖਜ਼ਾਨੇ ਦਾ ਹੱਕਦਾਰ ਹੈ ਅਤੇ ਉਸ ਦੇ ਹੱਕ 'ਚ ਦਾਅਵਾ ਕਰਨ ਵਾਲੇ ਸ਼ਹਿਜ਼ਾਦਿਆਂ ਤੇ ਭਾਰਤ ਨੂੰ ਇਸ ਦਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਲੰਡਨ ਸਥਿਤ ਰੌਇਲ ਕੋਰਟ ਆਫ ਜਸਟਿਸ ਵਿਚ ਇਸ ਮਾਮਲੇ ਦੌਰਾਨ ਜਸਟਿਸ ਸਮਿੱਥ ਨੇ ਪਾਕਿਸਤਾਨ ਨੂੰ ਕਾਨੂੰਨੀ ਖਰਚੇ ਦਾ 65 ਫੀਸਦੀ ਹਿੱਸਾ ਹੋਰਨਾਂ ਧਿਰਾਂ ਨੂੰ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ।

# ਮੌਸਮੀ ਤਬਦੀਲੀਆਂ ਬਾਰੇ ਮੈਡਰਿਡ ਕਾਨਫਰੰਸ ਦਾ ਮੁਲਾਂਕਣ

ਸਪੇਨ ਦੀ ਰਾਜਧਾਨੀ ਮੈਡਰਿਡ ਵਿਚ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ 16 ਦਸੰਬਰ ਨੂੰ ਹੋਈ 'ਕਾਨਫਰੰਸ ਆਫ ਪਾਰਟੀਜ਼-25' ਬਹੁਤ ਹੀ ਨਿਰਾਸ਼ਾਜਨਕ ਸਮਝੌਤਿਆਂ ਨਾਲ ਖਤਮ ਹੋਈ। ਯੂਨਾਈਟਿਡ ਨੇਸ਼ਨਜ਼ ਦੇ ਸੈਕਟਰੀ ਜਨਰਲ ਐਂਟਨੀਓ ਗੁਟਰਸ ਨੇ ਕਾਨਫਰੰਸ ਦੀ ਕਾਰਗੁਜ਼ਾਰੀ ਤੋਂ ਦੁਖੀ ਹੁੰਦਿਆਂ ਕਿਹਾ ਕਿ ਭਾਵੇਂ ਦੁਨੀਆਂ ਭਰ ਦੇ ਨੇਤਾਵਾਂ ਨੇ ਇਕ ਅਹਿਮ ਮੌਕਾ ਗੁਆ ਦਿੱਤਾ ਹੈ, ਪਰ ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ ਅਤੇ ਉਹ ਇਸ ਨੂੰ ਸਫਲ ਕਰਨ ਦੀ ਕੋਸ਼ਿਸ਼ ਕਰਦੇ ਰਹਿਣਗੇ। ਗਰੀਨਪੀਸ ਦੀ ਕੌਮਾਂਤਰੀ ਕਾਰਜਕਾਰੀ ਡਾਇਰੈਕਟਰ ਜੈਨੀਫਰ ਨੇ ਕਿਹਾ ਕਿ ਤਾਕਤਵਰ ਦੇਸ਼ 'ਪੈਰਿਸ ਸਮਝੌਤੇ' ਤੋਂ ਪਿੱਛੇ ਹਟ ਗਏ ਹਨ, ਜੋ ਉਨ੍ਹਾਂ ਅਤੇ ਬਾਕੀ ਦੇਸ਼ਾਂ ਦੇ ਹਿੱਤ ਵਿਚ ਨਹੀਂ ਹੈ। ਕਾਨਫਰੰਸ ਦੀ ਮਾੜੀ ਕਾਰਗੁਜ਼ਾਰੀ ਨੂੰ ਦੇਖਦਿਆਂ ਵਿਗਿਆਨੀ ਐਲਾਂਇਨ ਮੇਅਰ, ਜੋ ਮੌਸਮੀ ਤਬਦੀਲੀਆਂ ਦੇ ਵਿਗਿਆਨੀਆਂ ਦੀ ਟੀਮ ਨਾਲ ਸਬੰਧਿਤ ਹੈ, ਨੇ ਕਿਹਾ ਕਿ ਹੁਣ ਤੱਕ ਦੀਆਂ 24 ਕਾਨਫਰੰਸਾਂ ਵਿਚੋਂ ਕੋਈ ਵੀ ਮੈਡਰਿਡ ਜਿਹੀ ਮਾੜੀ ਨਹੀਂ ਸੀ, ਜਿਸ ਵਿਚ ਵਿਗਿਆਨਕ ਤੱਥਾਂ ਅਤੇ ਸਮਝੌਤਿਆਂ ਦਾ ਆਪਸ ਵਿਚ ਕੋਈ ਤਾਲਮੇਲ ਨਾ ਹੋਇਆ।



**ਡਾ. ਗੁਰਿੰਦਰ ਕੌਰ**
**ਫੋਨ: 408-493-9776**

ਮੈਡਰਿਡ ਕਾਨਫਰੰਸ ਪੈਰਿਸ ਮੌਸਮੀ ਸੰਧੀ, ਜੋ ਦਸੰਬਰ 2020 ਵਿਚ ਲਾਗੂ ਹੋਣੀ ਸੀ, ਦੀ ਰੂਲ ਬੁਕ ਦੇ ਦੋ ਮੁੱਦਿਆਂ-ਕਾਰਬਨ ਮਾਰਕੀਟਿੰਗ ਅਤੇ ਮੌਸਮੀ ਤਬਦੀਲੀਆਂ ਦੀ ਮਾਰ ਝੱਲ ਰਹੇ ਗਰੀਬ ਦੇਸ਼ਾਂ ਨੂੰ ਵਿੱਤੀ ਮਦਦ ਦੇਣ ਦੇ ਨਿਯਮਾਂ ਨੂੰ ਅੰਤਿਮ ਰੂਪ ਦੇਣ ਲਈ ਹੋਈ ਸੀ ਅਤੇ ਇਨ੍ਹਾਂ ਨਾਲ ਤੀਜਾ ਮੁੱਦਾ ਪੈਰਿਸ ਮੌਸਮੀ ਸੰਧੀ ਵਿਚ ਕਾਰਬਨ ਨਿਕਾਸੀ ਦੇ ਦਿੱਤੇ ਗਏ ਟੀਚੇ ਵਧਾ ਕੇ ਨਵੇਂ ਟੀਚੇ ਦੇਣ ਦਾ ਸੀ। ਲੰਬੇ ਵਿਚਾਰ-ਵਟਾਂਦਰੇ ਦੇ ਬਾਵਜੂਦ ਕਾਨਫਰੰਸ ਵਿਚ ਹਾਜ਼ਰ ਦੇਸ਼ ਕਿਸੇ ਵੀ ਨਤੀਜੇ 'ਤੇ ਨਾ ਪਹੁੰਚ ਸਕੇ। ਇਹ ਸਾਰੇ ਮੁੱਦੇ ਹੁਣ ਅਗਲੇ ਸਾਲ ਗਲਾਸਗੋ ਵਿਚ ਹੋਣ ਵਾਲੀ 'ਕਾਨਫਰੰਸ ਆਫ ਪਾਰਟੀਜ਼-26' ਤੱਕ ਮੁਲਤਵੀ ਕਰ ਦਿੱਤੇ ਗਏ ਹਨ।

ਕਾਨਫਰੰਸ ਵਿਚ ਕਾਰਬਨ ਮਾਰਕੀਟਿੰਗ ਦਾ ਮੁੱਦਾ ਸਭ ਤੋਂ ਅਹਿਮ ਸੀ, ਜਿਸ 'ਤੇ ਕਾਫੀ ਚਰਚਾ ਹੋਈ। ਇਸ ਮੁੱਦੇ 'ਤੇ ਦੋ ਵਾਰ ਖਾਕਾ ਉਲੀਕਿਆ ਗਿਆ, ਪਰ ਵਿਕਸਿਤ ਦੇਸ਼ ਕਿਓਟੋ ਪਰੋਟੋਕੋਲ ਤਹਿਤ ਜਾਰੀ ਕਾਰਬਨ ਕਰੈਡਿਟ ਦੀ ਦੂਹਰੀ ਗਿਣਤੀ ਦੇ ਆਧਾਰ 'ਤੇ ਇਸ ਨੂੰ ਅੱਗੇ ਜਾਰੀ ਰੱਖਣ ਦੇ ਪੱਖ ਵਿਚ ਨਹੀਂ ਸਨ, ਜਦਕਿ ਚੀਨ, ਭਾਰਤ ਅਤੇ ਬ੍ਰਾਜ਼ੀਲ ਸਮੇਤ ਕਈ ਹੋਰ ਦੇਸ਼ ਇਸ ਨੂੰ ਜਾਰੀ ਰੱਖਣਾ ਚਾਹੁੰਦੇ ਹਨ, ਕਿਉਂਕਿ ਅਜਿਹਾ ਨਾ ਕਰਨ ਨਾਲ ਇਨ੍ਹਾਂ ਦੇਸ਼ਾਂ ਦੇ 4 ਅਰਬ ਤੋਂ ਵੀ ਵੱਧ ਕਾਰਬਨ ਕਰੈਡਿਟ ਬੇਕਾਰ ਹੋ ਜਾਣ ਦਾ ਖਤਰਾ ਹੈ। ਵਿਕਸਿਤ ਦੇਸ਼ ਅਤੇ ਕਾਫੀ ਸਿਵਲ ਸੁਸਾਇਟੀ ਸੰਸਥਾਵਾਂ ਕਾਰਬਨ ਮਾਰਕੀਟਿੰਗ 'ਤੇ ਹੋਣ ਵਾਲੀ ਮਾੜੀ ਡੀਲ ਨਾਲੋਂ ਇਸ ਮੁੱਦੇ ਬਾਰੇ ਕੋਈ ਵੀ ਸਮਝੌਤਾ ਨਾ ਹੋਣ 'ਤੇ ਅੜੀਆਂ ਰਹੀਆਂ।

ਕਾਨਫਰੰਸ ਵਿਚ ਦੂਜਾ ਅਹਿਮ ਮੁੱਦਾ ਵਿਕਸਿਤ ਦੇਸ਼ਾਂ ਵਲੋਂ ਮੌਸਮੀ ਤਬਦੀਲੀਆਂ ਦੀ ਮਾਰ ਝੱਲ ਰਹੇ ਗਰੀਬ ਦੇਸ਼ਾਂ ਦੀ ਵਿੱਤੀ ਮਦਦ ਕਰਨ ਦਾ ਸੀ। ਇਸ ਮੁੱਦੇ 'ਤੇ ਬਹਿਸ ਦੌਰਾਨ ਭਾਰਤ ਸਣੇ ਕਈ ਹੋਰ ਦੇਸ਼ਾਂ ਨੇ ਵੀ ਕੁਦਰਤੀ ਆਫਤਾਂ ਤੋਂ ਹੋਏ ਨੁਕਸਾਨ ਲਈ ਮੌਜੂਦਾ ਮੌਸਮੀ ਫੰਡ ਵਿਚੋਂ ਮਾਲੀ ਮਦਦ ਦੀ ਮੰਗ ਕੀਤੀ। ਇਸ ਮੁੱਦੇ 'ਤੇ ਵੀ ਕੋਈ ਫੈਸਲਾ ਨਾ ਹੋ ਸਕਿਆ। ਗਰੀਸ ਫੰਡ 'ਚ ਹਰ ਸਾਲ ਸੌ ਅਰਬ ਡਾਲਰ ਦੀ ਰਕਮ ਜਮ੍ਹਾਂ ਕਰਨ, ਵਾਤਾਵਰਣ ਅਨੁਕੂਲਤਾ ਫੰਡ ਬਣਾਉਣ ਅਤੇ ਮੌਸਮੀ ਤਬਦੀਲੀਆਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਪੈਸਾ ਇਕੱਠਾ ਕਰਨ ਜਿਹੇ ਮੁੱਦਿਆਂ 'ਤੇ ਲੰਬੀ ਬਹਿਸ ਹੋਈ, ਪਰ ਇਸ ਮੁੱਦੇ 'ਤੇ ਵੀ ਕੋਈ ਫੈਸਲਾ ਨਾ ਹੋ ਸਕਿਆ।

ਤੀਜਾ ਮੁੱਦਾ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਪੈਰਿਸ ਮੌਸਮੀ ਸੰਧੀ ਵਿਚ ਕਾਰਬਨ ਨਿਕਾਸੀ ਦੀ ਕਟੌਤੀ ਦੇ ਪ੍ਰਸਤਾਵਿਤ ਟੀਚਿਆਂ 'ਚ ਵਾਧਾ ਕਰਨ ਦਾ ਸੀ ਕਿ ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ ਧਰਤੀ 'ਤੇ ਸਦੀ ਦੇ ਅੰਤ ਤੱਕ ਹਰ ਤਰ੍ਹਾਂ ਦੇ ਜੈਵਿਕਾਂ ਲਈ ਤਾਪਮਾਨ ਵਿਚ ਉਦਯੋਗੀਕਰਨ ਦੇ ਸਮੇਂ ਦੇ ਔਸਤ ਤਾਪਮਾਨ ਨਾਲੋਂ ਵੱਧ ਤੋਂ ਵੱਧ 1.5 ਡਿਗਰੀ ਸੈਲਸੀਅਸ ਦਾ ਵਾਧਾ ਹੀ ਸੁਰੱਖਿਅਤ ਹੋ ਸਕਦਾ ਹੈ, ਪਰ ਪੈਰਿਸ ਮੌਸਮੀ ਸੰਧੀ ਦੇ ਟੀਚਿਆਂ ਅਨੁਸਾਰ ਧਰਤੀ ਦਾ ਤਾਪਮਾਨ 3 ਤੋਂ 4 ਡਿਗਰੀ ਸੈਲਸੀਅਸ ਤੱਕ ਵਧ ਸਕਦਾ ਹੈ, ਜੋ ਹਰ ਤਰ੍ਹਾਂ ਦੇ ਜੈਵਿਕਾਂ ਨੂੰ ਅਣਕਿਆਸੇ ਖਤਰਿਆਂ ਦੇ ਸਨਮੁੱਖ ਕਰ ਸਕਦਾ ਹੈ।

ਮੌਸਮੀ ਤਬਦੀਲੀਆਂ ਬਾਰੇ 22 ਸਤੰਬਰ 2019 ਨੂੰ ਜਾਰੀ ਹੋਈ 'ਯੂਨਾਈਟਿਡ ਇਨ ਸਾਇੰਸ' ਨਾਂ ਦੀ ਇਕ ਰਿਪੋਰਟ ਅਨੁਸਾਰ ਸਾਲ 2010 ਤੋਂ 2019 ਤੱਕ ਦਾ ਦਹਾਕਾ ਸਭ ਤੋਂ ਗਰਮ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਸਾਲ 2014 ਵਿਚ ਆਈ. ਪੀ. ਸੀ. ਸੀ. ਦੀ ਇਕ ਰਿਪੋਰਟ ਵਿਚ ਪਹਿਲੀ ਵਾਰੀ ਖੁਲਾਸਾ ਕੀਤਾ ਗਿਆ ਸੀ ਕਿ ਮਨੁੱਖੀ ਗਤੀਵਿਧੀਆਂ ਨਾਲ ਧਰਤੀ ਦਾ ਔਸਤ ਤਾਪਮਾਨ ਵਧਦਾ ਜਾ ਰਿਹਾ ਹੈ ਤੇ ਇਸ ਦੀ ਮਾਰ ਤੋਂ ਦੁਨੀਆਂ ਦਾ ਕੋਈ ਵੀ ਦੇਸ਼ ਬਚ ਨਹੀਂ ਸਕੇਗਾ। ਉਸ ਰਿਪੋਰਟ ਨੂੰ ਸੰਜੀਦਗੀ ਨਾਲ ਲੈਂਦਿਆਂ ਤਾਪਮਾਨ ਦੇ ਵਾਧੇ ਦੀ ਮਾਰ ਤੋਂ ਬਚਣ ਲਈ ਪੈਰਿਸ ਮੌਸਮੀ ਸੰਧੀ ਉਲੀਕੀ ਗਈ ਸੀ, ਜੋ ਇਕ ਚੰਗਾ ਉਪਰਾਲਾ ਸੀ, ਪਰ ਅਫਸੋਸ ਉਸ ਦੀ ਰੂਪਰੇਖਾ ਉਲੀਕਣ ਦੇ ਚਾਰ ਸਾਲ ਪਿਛੋਂ ਵੀ ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਸੰਜੀਦਗੀ ਨਾਲ ਕਾਰਬਨ ਨਿਕਾਸੀ ਕਟੌਤੀ ਕਰਨੀ ਸ਼ੁਰੂ ਨਹੀਂ ਕੀਤੀ। ਉਲਟਾ ਚੀਨ ਅਤੇ ਅਮਰੀਕਾ ਜਿਹੇ ਦੇਸ਼ਾਂ ਵਿਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਵਾਧਾ ਆਂਕਿਆ ਗਿਆ ਹੈ।

ਗਲੋਬਲ ਕਾਰਬਨ ਪ੍ਰਾਜੈਕਟ ਦੀ ਇਕ ਰਿਪੋਰਟ ਅਨੁਸਾਰ ਸਾਲ 2018 ਵਿਚ ਇਕੱਲੇ ਚੀਨ ਨੇ ਵਾਤਾਵਰਣ ਵਿਚ 10,065 ਮੀਟਰਿਕ ਟਨ ਕਾਰਬਨ ਦੀ ਨਿਕਾਸੀ ਕੀਤੀ। ਇਹ ਮਾਤਰਾ ਇੰਨੀ ਵੱਧ ਹੈ ਕਿ ਦੁਨੀਆਂ ਦੇ ਬਾਕੀ ਦੇ ਪਹਿਲੇ ਨੌਂ ਵਧ ਕਾਰਬਨ ਨਿਕਾਸੀ ਵਾਲੇ ਦੇਸ਼ਾਂ-ਅਮਰੀਕਾ, ਭਾਰਤ, ਰੂਸ, ਜਾਪਾਨ, ਜਰਮਨੀ, ਇਰਾਨ, ਦੱਖਣੀ ਕੋਰੀਆ, ਸਾਊਦੀ ਅਰਬ ਅਤੇ ਇੰਡੋਨੇਸ਼ੀਆ ਨੂੰ ਛੱਡ ਕੇ ਦੁਨੀਆਂ ਦੇ ਬਾਕੀ ਦੇਸ਼ਾਂ ਦੀ ਕਾਰਬਨ ਨਿਕਾਸੀ (10,949 ਮੀਟਰਿਕ ਟਨ) ਦੇ ਬਰਾਬਰ ਹੈ। ਚੀਨ, ਜੋ ਅੱਜਕੱਲ੍ਹ ਵਾਤਾਵਰਣ ਵਿਚ ਕੁੱਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦਾ 28 ਫੀਸਦ ਹਿੱਸਾ ਛੱਡ ਰਿਹਾ ਹੈ, ਉਸ ਨੇ ਪੈਰਿਸ ਮੌਸਮੀ ਸੰਧੀ ਵੇਲੇ ਕਿਹਾ ਸੀ ਕਿ ਉਹ ਦੇਸ਼ ਦੇ ਪੂਰੇ ਆਰਥਕ ਵਿਕਾਸ ਪਿਛੋਂ 2030 ਵਿਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰੇਗਾ।

ਚੀਨ ਅਤੇ ਭਾਰਤ ਨੇ ਤਾਂ 2015 ਤੋਂ 2019 ਦੌਰਾਨ ਬਿਜਲੀ ਪੈਦਾ ਕਰਨ ਲਈ ਕੋਇਲੇ ਨਾਲ ਚੱਲਣ ਵਾਲੇ ਪਲਾਂਟ ਵੀ ਲਾਏ ਹਨ। ਇਹ ਦੋਵੇਂ ਦੇਸ਼ ਕਾਰਬਨ ਨਿਕਾਸੀ ਵਿਚ ਦੁਨੀਆਂ ਵਿਚ ਕ੍ਰਮਵਾਰ ਪਹਿਲੇ ਤੇ ਚੌਥੇ ਨੰਬਰ 'ਤੇ ਹਨ। ਇਨ੍ਹਾਂ ਨੇ ਪੈਰਿਸ ਮੌਸਮੀ ਸੰਧੀ 'ਚ ਦਿੱਤੇ ਗਏ ਕਾਰਬਨ ਨਿਕਾਸੀ ਦੀ ਕਟੌਤੀ ਦੇ ਟੀਚਿਆਂ ਵਿਚ ਵਾਧਾ ਕਰਨ ਦੇ ਮੁੱਦੇ 'ਤੇ ਇਸ ਕਾਨਫਰੰਸ ਵਿਚ ਚੁੱਪ ਸਾਧੀ ਰੱਖੀ, ਪਰ ਵਿਕਸਿਤ ਦੇਸ਼ਾਂ ਨੂੰ ਕਿਓਟੋ ਸੰਧੀ ਦੀਆਂ ਸ਼ਰਤਾਂ ਅਨੁਸਾਰ ਪੈਰਿਸ ਮੌਸਮੀ ਸੰਧੀ ਲਾਗੂ ਹੋਣ ਤੋਂ ਪਹਿਲਾਂ ਭਾਵ 2020 ਕਾਰਬਨ ਨਿਕਾਸੀ ਵਿਚ ਕਟੌਤੀ ਦੇ ਮੁੱਦੇ 'ਤੇ ਘੇਰੀ ਰੱਖਿਆ। ਜੇ ਇਹ ਦੇਸ਼ ਕਿਓਟੋ ਸੰਧੀ ਅਨੁਸਾਰ ਕਾਰਬਨ ਨਿਕਾਸੀ ਵਿਚ ਵੇਲੇ ਸਿਰ ਕਟੌਤੀ ਕਰ ਲੈਂਦੇ ਤਾਂ ਤਾਪਮਾਨ ਵਿਚ ਵਾਧੇ ਨਾਲ ਹੁਣ ਵਾਲੇ ਹਾਲਾਤ ਨਾ ਪੈਦਾ ਹੁੰਦੇ।

ਗਰੀਨ ਹਾਊਸ ਗੈਸਾਂ ਛੱਡਣ ਵਿਚ ਦੁਨੀਆਂ ਵਿਚ ਦੂਜੇ ਨੰਬਰ 'ਤੇ ਰਹੇ ਅਮਰੀਕਾ ਨੇ 2017 ਵਿਚ ਹੀ ਪੈਰਿਸ ਮੌਸਮੀ ਸੰਧੀ ਤੋਂ ਬਾਹਰ ਆਉਣ ਦਾ ਐਲਾਨ ਕੀਤਾ ਹੋਇਆ ਹੈ, ਜਦਕਿ ਅੱਜ ਕੱਲ੍ਹ ਅਮਰੀਕਾ ਦੁਨੀਆਂ ਦੀ ਕੁੱਲ ਕਾਰਬਨ ਨਿਕਾਸੀ ਦਾ 16 ਫੀਸਦੀ ਹਿੱਸਾ ਅਤੇ ਇੱਥੋਂ ਦਾ ਹਰ ਨਾਗਰਿਕ ਆਪਣੀ ਜ਼ਿੰਦਗੀ ਦੌਰਾਨ ਔਸਤਨ 16.6 ਟਨ ਕਾਰਬਨ ਛੱਡ ਰਿਹਾ ਹੈ। ਅਮਰੀਕਾ ਦੀਆਂ 13 ਫੈਡਰਲ ਏਜੰਸੀਆਂ ਨੇ 2018 ਦੀ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਸੀ ਕਿ ਪਿਛਲੀ ਇਕ ਸਦੀ ਵਿਚ ਅਮਰੀਕਾ ਦਾ ਔਸਤ ਤਾਪਮਾਨ 1.8 ਡਿਗਰੀ ਫਾਰਨਹਾਈਟ ਵਧ ਗਿਆ ਹੈ ਅਤੇ ਜੇ ਹੁਣ ਵੀ ਗਰੀਨ ਹਾਊਸ ਗੈਸਾਂ ਦੀ ਕਟੌਤੀ ਲਈ ਛੇਤੀ ਤੋਂ ਛੇਤੀ ਉਪਰਾਲੇ ਨਾ ਕੀਤੇ ਗਏ ਤਾਂ ਇਸ ਸਦੀ ਦੇ ਅੰਤ ਤੱਕ ਅਮਰੀਕਾ ਦਾ ਔਸਤ ਤਾਪਮਾਨ 3 ਡਿਗਰੀ ਫਾਰਨਹਾਈਟ ਤੱਕ ਵਧ ਸਕਦਾ ਹੈ। ਮੌਸਮੀ ਤਬਦੀਲੀਆਂ ਦੀ ਮਾਰ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਅਮਰੀਕਾ ਨੇ ਇਸ ਕਾਨਫਰੰਸ ਵਿਚ ਗਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਲਈ ਕੋਈ ਹੁੰਗਾਰਾ ਨਾ ਭਰਿਆ।

ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਨੇ 2018 ਵਿਚ 12 ਮਿਲੀਅਨ ਰਕਬੇ ਤੋਂ ਦਰਖਤ ਕੱਟੇ ਸਨ, ਜੋ ਦੁਨੀਆਂ ਦੇ ਕੁੱਲ ਦਰਖਤਾਂ ਦੀ ਕਟਾਈ ਦਾ 71 ਫੀਸਦੀ ਹੈ। ਜੰਗਲ ਭਾਵੇਂ ਕਿਸੇ ਵੀ ਦੇਸ਼ ਦੇ ਆਪਣੇ ਕੁਦਰਤੀ ਸਾਧਨ ਹਨ, ਪਰ ਇਨ੍ਹਾਂ ਦੀ ਅੰਧਾਧੁੰਦ ਕਟਾਈ ਵੀ ਧਰਤੀ ਉਤਲੇ ਤਾਪਮਾਨ ਨੂੰ ਵਧਾਉਣ ਵਿਚ ਅਹਿਮ ਹਿੱਸਾ ਪਾ ਰਹੀ ਹੈ। ਯੂਨਾਈਟਿਡ ਨੇਸ਼ਨਜ਼ ਦੀ ਇਕ ਰਿਪੋਰਟ ਅਨੁਸਾਰ 2010 ਤੋਂ 2019 ਤੱਕ ਇਕੱਲੀ ਕਾਰਬਨ ਗੈਸ ਦੀ ਨਿਕਾਸੀ ਵਿਚ 11 ਫੀਸਦੀ ਵਾਧਾ ਹੋਇਆ ਹੈ।

ਮੈਡਰਿਡ ਕਾਨਫਰੰਸ ਵਿਚ ਭਾਵੇਂ ਵਾਤਾਵਰਣ ਵਿਚ ਭਾਰੀ ਮਾਤਰਾ ਵਿਚ ਕਾਰਬਨ ਨਿਕਾਸੀ ਕਰਨ ਵਾਲੇ ਦੇਸ਼ਾਂ ਨੇ ਪਿੱਠ ਦਿਖਾਈ ਹੈ, ਪਰ ਲਗਭਗ 80 ਦੇਸ਼ਾਂ, ਜਿਨ੍ਹਾਂ ਵਿਚ ਛੋਟੇ ਛੋਟੇ ਟਾਪੂ, ਯੂਰਪੀਅਨ ਦੇਸ਼ (ਪੋਲੈਂਡ ਨੂੰ ਛੱਡ ਕੇ), ਅਫਰੀਕਾ ਅਤੇ ਲੈਟਿਨ ਅਮਰੀਕਾ ਦੇ ਕੁਝ ਦੇਸ਼ ਸ਼ਾਮਲ ਹਨ, ਨੇ ਪੈਰਿਸ ਮੌਸਮੀ ਸੰਧੀ ਵਿਚ ਭੇਜੇ ਗਏ ਟੀਚਿਆਂ ਤੋਂ 2020 ਵਿਚ ਵੱਧ ਕਾਰਬਨ ਨਿਕਾਸੀ ਵਿਚ ਕਟੌਤੀ ਕਰਨ ਲਈ ਹਾਮੀ ਭਰੀ ਹੈ, ਜੋ ਸ਼ਲਾਘਾਯੋਗ ਹੈ। ਅਫਸੋਸ ਇਸ ਗੱਲ ਦਾ ਹੈ ਕਿ ਇਸ ਕਦਮ ਨਾਲ ਵੀ ਵਧਦੇ ਤਾਪਮਾਨ ਨੂੰ ਠੱਲ੍ਹ ਨਹੀਂ ਪੈਣ ਲੱਗੀ, ਕਿਉਂਕਿ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਇਨ੍ਹਾਂ ਦਾ ਪਹਿਲਾਂ ਹੀ ਥੋੜ੍ਹਾ ਹਿੱਸਾ ਹੈ।

ਗਲੋਬਲ ਕਾਰਬਨ ਪ੍ਰਾਜੈਕਟ ਦੀ ਇਕ ਰਿਪੋਰਟ ਅਨੁਸਾਰ ਚੀਨ ਅਤੇ ਅਮਰੀਕਾ ਵਾਤਾਵਰਣ ਵਿਚ 44 ਫੀਸਦੀ ਗਰੀਨ ਹਾਊਸ ਗੈਸਾਂ ਛੱਡ ਰਹੇ ਹਨ। ਦੋਹਾਂ ਦੇਸ਼ਾਂ ਨੇ ਗਰੀਨ ਹਾਊਸ ਗੈਸਾਂ ਵਿਚ ਕਟੌਤੀ ਕਰਨ ਦੀ ਹਾਮੀ ਤਾਂ ਕੀ ਭਰਨੀ ਸੀ, ਸਗੋਂ ਪਿਛਲੇ ਚਾਰ ਸਾਲਾਂ ਵਿਚ ਇਨ੍ਹਾਂ ਦੇਸ਼ਾਂ ਵਿਚ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਵਾਧਾ ਆਂਕਿਆ ਗਿਆ ਹੈ।

ਦੂਜੇ ਪਾਸੇ ਵਿਗਿਆਨੀਆਂ ਦੀਆਂ ਖੋਜਾਂ ਭਵਿੱਖ ਵਿਚ ਤਾਪਮਾਨ ਦੇ ਵਾਧੇ ਦੇ ਖਤਰਿਆਂ ਦੀ ਭਿਆਨਕਤਾ ਬਾਰੇ ਵਾਰ ਵਾਰ ਚੇਤਾਵਨੀ ਦੇ ਰਹੀਆਂ ਹਨ। ਯੂਨਾਈਟਿਡ ਨੇਸ਼ਨਜ਼ ਦੀ ਹਾਲ ਹੀ ਵਿਚ ਆਈ ਇਕ ਰਿਪੋਰਟ ਅਨੁਸਾਰ ਜੇ ਧਰਤੀ ਦੇ ਤਾਪਮਾਨ ਨੂੰ ਉਦਯੋਗਿਕ ਸਮੇਂ ਦੇ ਔਸਤ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਵਾਧੇ ਤੱਕ ਸੀਮਤ ਕਰਨਾ ਹੈ ਤਾਂ ਸਾਰੇ ਦੇਸ਼ਾਂ ਨੂੰ ਮੌਜੂਦਾ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ 2030 ਤੱਕ ਹਰ ਸਾਲ ਲਗਭਗ 8 ਫੀਸਦੀ ਕਟੌਤੀ ਕਰਨੀ ਚਾਹੀਦੀ ਹੈ।

ਇਸ ਕਾਨਫਰੰਸ ਤੋਂ ਦੁਨੀਆਂ ਦੇ ਮੌਸਮੀ ਤਬਦੀਲੀਆਂ ਦੀ ਮਾਰ ਝੱਲ ਰਹੇ ਦੇਸ਼ਾਂ ਦੇ ਬੱਚਿਆਂ ਅਤੇ ਨੌਜਵਾਨਾਂ ਦੀ ਅਜੋਕੀ ਪੀੜ੍ਹੀ, ਆਦਿਵਾਸੀਆਂ, ਵਾਤਾਵਰਣ ਕਾਰਕੁਨਾਂ ਅਤੇ ਸਿਵਲ ਸੁਸਾਇਟੀ ਵਰਕਰਾਂ ਨੂੰ ਬਹੁਤ ਆਸ ਸੀ ਕਿ ਕੁਦਰਤੀ ਆਫਤਾਂ ਦੀ ਮਾਰ ਦੀ ਗਹਿਰਾਈ ਨੂੰ ਦੇਖਦਿਆਂ ਵਿਕਸਿਤ ਅਤੇ ਗਰੀਨ ਹਾਊਸ ਗੈਸਾਂ ਦੀ ਵੱਧ ਨਿਕਾਸੀ ਵਾਲੇ ਦੇਸ਼ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਠੋਸ ਕਦਮ ਚੁਕਣਗੇ, ਪਰ ਇਸ ਕਾਨਫਰੰਸ ਵਿਚ ਵੀ ਉਨ੍ਹਾਂ ਨੇ ਆਪਣੇ ਇਰਾਦੇ ਨਹੀਂ ਬਦਲੇ। ਅਸਲ ਵਿਚ ਅਜਿਹੀਆਂ ਕਾਨਫਰੰਸਾਂ ਵਿਚ ਫੈਸਲੇ ਦੇਸ਼ ਦੇ ਨੇਤਾਵਾਂ ਦੇ ਹੱਥਾਂ ਵਿਚ ਨਾ ਹੋ ਕੇ ਦੂਰਅੰਦੇਸ਼ੀ ਯੋਜਨਾਕਾਰਾਂ, ਵਿਦਵਾਨਾਂ ਅਤੇ ਵਿਗਿਆਨੀਆਂ ਦੇ ਹੱਥ ਵਿਚ ਹੋਣੇ ਚਾਹੀਦੇ ਹਨ ਤਾਂ ਕਿ ਉਹ ਮੌਜੂਦਾ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਹਿੱਤਾਂ ਦੀ ਰਾਖੀ ਕਰ ਸਕਣ।

## ਹਿੰਦੂ ਰਾਸ਼ਟਰ ਦਾ ਉਦੈ-4

# 'ਘੁਸਪੈਠੀਆਂ' ਦੀ ਕਹਾਣੀ



***ਬੁੱਕਰ ਇਨਾਮ ਜੇਤੂ ਸੰਸਾਰ ਪ੍ਰਸਿਧ ਲੇਖਕਾ ਅਰੁੰਧਤੀ ਰਾਏ ਨੇ ਇਹ ਲੰਮਾ ਪਰਚਾ 12 ਨਵੰਬਰ ਨੂੰ ਨਿਊ ਯਾਰਕ ਵਿਚ ਜੋਨਾਥਨ ਸ਼ੈਲ ਯਾਦਗਾਰੀ ਲੈਕਚਰ-2019 ਦੌਰਾਨ ਪੜ੍ਹਿਆ, ਜਿਸ ਵਿਚ ਭਾਰਤ ਦੇ ਮੌਜੂਦਾ ਹਾਲਤ ਅਤੇ ਪਨਪ ਰਹੇ ਭਿਆਨਕ ਖਤਰਿਆਂ ਦੀ ਚਰਚਾ ਕੀਤੀ ਗਈ ਹੈ। ਆਪਣੀਆਂ ਹੋਰ ਲਿਖਤਾਂ ਵਾਂਗ ਲੇਖਿਕਾ ਨੇ ਇਸ ਪਰਚੇ ਵਿਚ ਵੀ ਅਣਗਿਣਤ ਸਵਾਲ ਉਠਾਏ ਹਨ। ਇਸ ਲਿਖਤ ਦੀ ਪਹਿਲੀਆਂ ਤਿੰਨ ਕਿਸ਼ਤਾਂ ਪਾਠਕ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ; ਐਤਕੀਂ ਇਸ ਪਰਚੇ ਦੀ ਚੌਥੀ ਅਤੇ ਆਖਰੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜਿਨ੍ਹਾਂ ਘੱਟ ਉਪਜਾਊ ਚਾਰ ਦੀਪਾਂ ਦਾ ਮੈਂ ਦੌਰਾ ਕੀਤਾ, ਉਥੇ ਗਰੀਬੀ ਬ੍ਰਹਮਪੁੱਤਰ ਦੇ ਚਿੱਕੜ ਵਾਲੇ ਕਾਲੇ ਪਾਣੀ ਦੀ ਤਰ੍ਹਾਂ ਪਸਰੀ ਹੋਈ ਸੀ। ਉਥੇ ਆਧੁਨਿਕਤਾ ਦੀ ਇਕੋ-ਇਕ ਨਿਸ਼ਾਨੀ ਲੋਕਾਂ ਦੇ ਹੱਥਾਂ ਵਿਚ ਲਟਕਦੇ ਪਲਾਸਟਿਕ ਦੇ ਰੰਗੀਨ ਥੈਲੇ ਸਨ, ਜਿਨ੍ਹਾਂ ਵਿਚ ਦਸਤਾਵੇਜ਼ ਸੰਭਾਲੇ ਹੋਏ ਸਨ। ਇਹ ਥੈਲੇ ਲੈ ਕੇ ਉਹ ਆਉਣ ਵਾਲੇ ਅਜਨਬੀਆਂ ਦੇ ਸਾਹਮਣੇ ਖੜ੍ਹੇ ਹੋ ਜਾਂਦੇ। ਉਹ ਉਨ੍ਹਾਂ ਕਾਗਜ਼ਾਤ ਨੂੰ ਪੜ੍ਹ ਤਾਂ ਨਹੀਂ ਸਕਦੇ ਸਨ, ਪਰ ਉਤਸੁਕਤਾ ਨਾਲ ਦੇਖਦੇ ਰਹਿੰਦੇ, ਜਿਵੇਂ ਉਹ ਲੋਕ ਉਨ੍ਹਾਂ ਪੀਲੇ ਪੰਨਿਆਂ ਵਿਚ ਦਰਜ ਫਿੱਕੇ ਪੈਂਦੇ ਜਾ ਰਹੇ ਚਿੰਨ੍ਹਾਂ ਤੋਂ ਕੁਝ ਸਮਝਣਾ ਚਾਹੁੰਦੇ ਹੋਣ ਅਤੇ ਜਾਣਨਾ ਚਾਹੁੰਦੇ ਹੋਣ ਕਿ ਉਹ ਖੁਦ ਨੂੰ ਅਤੇ ਆਪਣੇ ਬੱਚਿਆਂ ਨੂੰ ਉਨ੍ਹਾਂ ਵਿਸ਼ਾਲ ਨਜ਼ਰਬੰਦੀ ਕੈਂਪਾਂ ਵਿਚ ਕੈਦ ਹੋਣ ਤੋਂ ਬਚਾ ਸਕਣਗੇ? ਜਿਨ੍ਹਾਂ ਬਾਰੇ ਉਨ੍ਹਾਂ ਨੇ ਸੁਣ ਰੱਖਿਆ ਹੈ ਕਿ ਗੋਲਪਾੜਾ ਦੇ ਸੰਘਣੇ ਜੰਗਲਾਂ ਵਿਚ ਬਣਾਏ ਜਾ ਰਹੇ ਹਨ।

ਜ਼ਰਾ ਕਲਪਨਾ ਕਰੋ, ਇੰਨੀ ਵੱਡੀ ਆਬਾਦੀ, ਲੱਖਾਂ ਲੋਕਾਂ ਦੀ, ਆਪਣੇ ਕਾਗਜ਼ਾਤ ਨੂੰ ਲੈ ਕੇ ਫਿਕਰਮੰਦ ਅਤੇ ਸਹਿਮੀ ਹੋਈ। ਇਹ ਫੌਜ ਦਾ ਕਬਜ਼ਾ ਨਹੀਂ ਹੈ, ਪਰ ਇਹ ਦਸਤਾਵੇਜ਼ਾਂ ਰਾਹੀਂ ਕਬਜ਼ਾ ਜ਼ਰੂਰ ਹੈ। ਇਨ੍ਹਾਂ ਲੋਕਾਂ ਦੀ ਸਭ ਤੋਂ ਵੱਡਮੁੱਲੀ ਚੀਜ਼ ਇਹ ਕਾਗਜ਼ਾਤ ਹਨ, ਜਿਨ੍ਹਾਂ ਦੀ ਦੇਖਭਾਲ ਉਹ ਆਪਣੇ ਬੱਚਿਆਂ ਅਤੇ ਮਾਂ-ਬਾਪ ਤੋਂ ਵੀ ਵੱਧ ਕਰਦੇ ਹਨ। ਇਨ੍ਹਾਂ ਨੂੰ ਉਨ੍ਹਾਂ ਨੇ ਹੜ੍ਹਾਂ ਤੇ ਤੂਫਾਨ ਅਤੇ ਹਰ ਤਰ੍ਹਾਂ ਦੀਆਂ ਆਫਤਾਂ ਤੋਂ ਬਚਾਇਆ ਹੈ। ਉਥੇ ਰਹਿਣ ਵਾਲੇ ਧੁੱਪ ਨਾਲ ਲੂਹੇ ਕਿਸਾਨ, ਆਦਮੀ ਤੇ ਔਰਤਾਂ, ਜ਼ਮੀਨ ਅਤੇ

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**

ਨਦੀ ਦੇ ਬਹੁਤ ਸਾਰੇ ਮਿਜ਼ਾਜਾਂ ਦੇ ਭੇਤੀ ਇਹ ਲੋਕ 'ਲੀਗੇਸੀ ਡਾਕੂਮੈਂਟ', 'ਲਿੰਕ ਪੇਪਰ', 'ਸਰਟੀਫਾਈਡ ਕਾਪੀ', 'ਰੀ-ਵੈਰੀਫੀਕੇਸ਼ਨ', 'ਰੈਫਰੈਂਸ ਕੇਸ', 'ਡੀ-ਵੋਟਰ', 'ਡਿਕਲੇਅਰਡ ਫਾਰਨਰ', 'ਵੋਟਰ ਲਿਸਟ', 'ਰਿਫਿਊਜ਼ੀ ਸਰਟੀਫਿਕੇਟ' ਆਦਿ ਚੁੱਕੀ ਫਿਰਦੇ ਅੰਗਰੇਜ਼ੀ ਲਫਜ਼ ਇਸ ਤਰ੍ਹਾਂ ਬੋਲਦੇ ਹਨ, ਜਿਵੇਂ ਉਨ੍ਹਾਂ ਦੀ ਆਪਣੀ ਭਾਸ਼ਾ ਦੇ ਹੋਣ। ਇਹ ਉਨ੍ਹਾਂ ਦੀ ਆਪਣੀ ਭਾਸ਼ਾ ਹੈ। ਐਨ. ਆਰ. ਸੀ. ਨੇ ਆਪਣਾ ਸ਼ਬਦਕੋਸ਼ ਤਿਆਰ ਕਰ ਲਿਆ ਹੈ, ਜਿਸ ਦਾ ਸਭ ਤੋਂ ਦੁਖਦਾਈ ਲਫਜ਼ ਹੈ, 'ਜੈਨੂਇਨ ਸਿਟੀਜ਼ਨ' ਯਾਨਿ ਅਸਲੀ ਨਾਗਰਿਕ।

ਪਿੰਡ-ਦਰ-ਪਿੰਡ ਲੋਕਾਂ ਨੇ ਮੈਨੂੰ ਅਜਿਹੀਆਂ ਕਹਾਣੀਆਂ ਸੁਣਾਈਆਂ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਦੇਰ ਰਾਤ ਨੋਟਿਸ ਦੇ ਕੇ ਅਗਲੇ ਦਿਨ 200 ਜਾਂ 300 ਕਿਲੋਮੀਟਰ ਦੂਰ ਬਣੀ ਅਦਾਲਤ ਵਿਚ ਹਾਜ਼ਰ ਹੋਣ ਨੂੰ ਕਿਹਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਹ ਲੋਕ ਆਪਣੇ ਪਰਿਵਾਰ ਵਾਲਿਆਂ ਨੂੰ ਕਾਗਜ਼ਾਤ ਸਮੇਤ ਇਕੱਠੇ ਕਰਦੇ ਸਨ ਅਤੇ ਰਾਤ ਦੇ ਘੁੱਪ ਹਨੇਰੇ ਵਿਚ, ਛੋਟੀਆਂ ਬੇੜੀਆਂ ਵਿਚ ਬੈਠ ਕੇ ਤੇਜ਼ ਵਗ ਰਹੀ ਨਦੀ ਪਾਰ ਕਰਦੇ ਸਨ। ਮਲਾਹ ਉਨ੍ਹਾਂ ਦੀ ਮਜਬੂਰੀ ਨੂੰ ਤਾੜ ਲੈਂਦੇ ਸਨ ਅਤੇ ਤਿੱਗੁਣਾ ਕਿਰਾਇਆ ਵਸੂਲਦੇ ਸਨ। ਉਸ ਪਿਛੋਂ ਖਤਰਨਾਕ ਰਾਜ-ਮਾਰਗਾਂ ਦਾ ਸਫਰ ਕਰਕੇ ਉਹ ਉਸ ਥਾਂ ਪਹੁੰਚਦੇ, ਜਿਥੇ ਉਨ੍ਹਾਂ ਨੂੰ ਸੱਦਿਆ ਜਾਂਦਾ ਸੀ।

ਮੈਂ ਇਕ ਦਿਲ ਕੰਬਾ ਦੇਣ ਵਾਲੀ ਕਹਾਣੀ ਵੀ ਸੁਣੀ। ਇਹ ਅਜਿਹੇ ਪਰਿਵਾਰ ਦੀ ਕਹਾਣੀ ਸੀ ਜੋ ਟਰੱਕ ਵਿਚ ਅਦਾਲਤ ਜਾ ਰਿਹਾ ਸੀ। ਟਰੱਕ ਲੁੱਕ ਦੇ ਢੋਲਾਂ ਨਾਲ ਭਰੇ ਇਕ ਹੋਰ ਟਰੱਕ ਨਾਲ ਟਕਰਾ ਗਿਆ। ਜ਼ਖਮੀ ਪਰਿਵਾਰ ਲੁੱਕ ਨਾਲ ਲਿੱਬੜ ਗਿਆ। ਜਿਸ ਨੌਜਵਾਨ ਕਾਰਕੁਨ ਨਾਲ ਮੈਂ ਸਫਰ ਕਰ ਰਹੀ ਸਾਂ, ਉਸ ਨੇ ਮੈਨੂੰ ਦੱਸਿਆ, "ਜਦ ਮੈਂ ਹਸਪਤਾਲ ਵਿਚ ਇਨ੍ਹਾਂ ਲੋਕਾਂ ਦਾ ਹਾਲ-ਚਾਲ ਪੁੱਛਣ ਗਿਆ ਤਾਂ ਉਨ੍ਹਾਂ ਦਾ ਨਿੱਕਾ ਬੇਟਾ ਆਪਣੀ ਚਮੜੀ ਤੋਂ ਲੁੱਕ ਅਤੇ ਉਸ ਨਾਲ ਚਿੰਬੜੇ ਨਿੱਕੇ-ਨਿੱਕੇ ਰੋੜ ਕੱਢਣ ਦਾ ਯਤਨ ਕਰ ਰਿਹਾ ਸੀ। ਉਸ ਲੜਕੇ ਨੇ ਆਪਣੀ ਮਾਂ ਵੱਲ ਦੇਖਿਆ ਅਤੇ ਪੁੱਛਿਆ, ਅਸੀਂ ਕਦੇ ਵਿਦੇਸ਼ੀ ਹੋਣ ਦਾ ਕਾਲਾ ਦਾਗ ਮਿਟਾ ਵੀ ਸਕਾਂਗੇ?"

ਇਸ ਦੇ ਬਾਵਜੂਦ, ਇਸ ਅਮਲ ਅਤੇ ਇਸ ਨੂੰ ਲਾਗੂ ਕਰਨ 'ਤੇ ਸਵਾਲ ਉਠਣ ਦੇ ਬਾਵਜੂਦ, ਐਨ. ਆਰ. ਸੀ. ਨੂੰ ਅਪਡੇਟ ਕਰਨ ਦਾ ਅਸਾਮ ਦੇ ਕਰੀਬ ਸਾਰੇ ਲੋਕਾਂ ਨੇ ਸਵਾਗਤ ਕੀਤਾ, ਹਰ ਇਕ ਕੋਲ ਇਸ ਦੇ ਆਪੋ-ਆਪਣੇ ਕਾਰਨ ਹਨ। ਅਸਾਮੀ ਰਾਸ਼ਟਰਵਾਦੀਆਂ ਨੂੰ ਉਮੀਦ ਹੈ ਕਿ ਲੱਖਾਂ ਹਿੰਦੂ ਤੇ ਮੁਸਲਿਮ ਬੰਗਲਾਦੇਸ਼ੀ ਘੁਸਪੈਠੀਆਂ ਦੀ ਸ਼ਨਾਖਤ ਕਰ ਲਈ ਜਾਵੇਗੀ ਅਤੇ ਉਨ੍ਹਾਂ ਨੂੰ ਰਸਮੀ ਤੌਰ 'ਤੇ 'ਵਿਦੇਸ਼ੀ' ਕਰਾਰ ਦੇ ਦਿੱਤਾ ਜਾਵੇਗਾ। ਮੂਲਨਿਵਾਸੀ ਆਦਿਵਾਸੀਆਂ ਨੂੰ ਉਮੀਦ ਹੈ ਕਿ ਇਸ ਨਾਲ ਇਤਿਹਾਸਕ ਗਲਤੀ ਨੂੰ ਕੁਝ ਨਾ ਕੁਝ ਸੁਧਾਰ ਲਿਆ ਜਾਵੇਗਾ। ਬੰਗਾਲੀ ਮੂਲ ਦੇ ਹਿੰਦੂ ਅਤੇ ਮੁਸਲਮਾਨ ਐਨ. ਆਰ. ਸੀ. ਵਿਚ ਆਪਣਾ ਨਾਂ ਦੇਖਣਾ ਚਾਹੁੰਦੇ ਹਨ ਤਾਂ ਜੋ ਸਾਬਤ ਕਰ ਸਕਣ ਕਿ ਉਹ ਭਾਰਤੀ ਹਨ, ਜਿਸ ਨਾਲ 'ਵਿਦੇਸ਼ੀ' ਹੋਣ ਦਾ ਕਲੰਕ ਹਮੇਸ਼ਾ ਲਈ ਮਿਟ ਜਾਵੇ; ਤੇ ਹਿੰਦੂ ਰਾਸ਼ਟਰਵਾਦੀ, ਜੋ ਹੁਣ ਅਸਾਮ ਦੀ ਸਰਕਾਰ ਚਲਾ ਰਹੇ ਹਨ, ਲੱਖਾਂ ਮੁਸਲਮਾਨਾਂ ਦਾ ਨਾਂ ਐਨ. ਆਰ. ਸੀ. ਵਿਚੋਂ ਹਟਾ ਦੇਣਾ ਚਾਹੁੰਦੇ ਹਨ। ਸਾਰੇ ਲੋਕ ਕਿਸੇ ਨਾ ਕਿਸੇ ਤਰ੍ਹਾਂ ਦੀ ਸਮਾਪਤੀ ਚਾਹੁੰਦੇ ਹਨ।

ਐਨ. ਆਰ. ਸੀ. ਦੀ ਸੂਚੀ ਛਾਪਣ ਦੀ ਤਰੀਕ ਕਈ ਵਾਰ ਅੱਗੇ ਪਾਉਣ ਪਿਛੋਂ ਆਖਰ 31 ਅਗਸਤ 2019 ਨੂੰ ਜਾਰੀ ਕਰ ਦਿੱਤੀ ਗਈ। ਇਸ ਵਿਚ 19 ਲੱਖ ਲੋਕਾਂ ਦੇ ਨਾਂ ਨਹੀਂ ਹਨ। ਇਹ ਤਾਦਾਦ ਹੋਰ ਵਧ ਸਕਦੀ ਹੈ ਕਿਉਂਕਿ ਗੁਆਂਢੀਆਂ, ਦੁਸ਼ਮਣਾਂ, ਓਪਰਿਆਂ ਨੂੰ ਇਤਰਾਜ਼ ਦਰਜ ਕਰਾਉਣ ਦਾ ਮੌਕਾ ਦਿੱਤਾ ਗਿਆ ਹੈ। ਆਖਰੀ ਗਿਣਤੀ ਤੱਕ ਦੋ ਲੱਖ ਤੋਂ ਵੱਧ ਇਤਰਾਜ਼ ਦਰਜ ਕਰਾਏ ਜਾ ਚੁਕੇ ਸਨ। ਸਭ ਤੋਂ ਵੱਧ ਤਾਦਾਦ 'ਚ ਬੱਚਿਆਂ ਅਤੇ ਔਰਤਾਂ ਦੇ ਨਾਂ ਸੂਚੀ ਵਿਚੋਂ ਗਾਇਬ ਹਨ। ਇਨ੍ਹਾਂ ਵਿਚੋਂ ਬਹੁਤੀਆਂ ਐਸੀਆਂ ਔਰਤਾਂ ਹਨ, ਜਿਨ੍ਹਾਂ ਦੇ ਭਾਈਚਾਰੇ ਵਿਚ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤਾ ਜਾਂਦਾ ਹੈ ਅਤੇ ਵਿਆਹ ਪਿਛੋਂ ਰਿਵਾਜ ਅਨੁਸਾਰ ਉਨ੍ਹਾਂ ਦੇ ਨਾਂ ਬਦਲ ਗਏ ਹਨ। ਇਸ ਲਈ ਇਨ੍ਹਾਂ ਔਰਤਾਂ ਕੋਲ ਵਿਰਾਸਤ ਸਾਬਤ ਕਰਨ ਲਈ ਜ਼ਰੂਰੀ ਦਸਤਾਵੇਜ਼ ਨਹੀਂ ਹਨ। ਬਹੁਤ ਵੱਡੀ ਤਾਦਾਦ ਵਿਚ ਅਨਪੜ੍ਹ ਲੋਕ ਹਨ, ਜਿਨ੍ਹਾਂ ਦੇ ਨਾਂ ਜਾਂ ਜਿਨ੍ਹਾਂ ਦੇ ਮਾਂ-ਬਾਪ ਦੇ ਨਾਂ ਦਸਤਾਵੇਜ਼ਾਂ ਵਿਚ ਗਲਤ ਤਰੀਕੇ ਨਾਲ ਲਿਖੇ ਗਏ ਹਨ। ਕਿਤੇ ਹਸਨ ਦਾ ਨਾਂ ਹੱਸਾਨ ਲਿਖਿਆ ਹੈ ਅਤੇ ਕਿਤੇ ਜਾਅਨੁਲ ਦਾ ਨਾਂ ਜੈਨੁਲ। ਜਿਨ੍ਹਾਂ ਲੋਕਾਂ ਦੇ ਨਾਂ ਵਿਚ ਮੁਹੰਮਦ ਆਉਂਦਾ ਹੈ, ਉਹ ਲੋਕ ਇਸ ਲਈ ਮੁਸ਼ਕਿਲ ਵਿਚ ਹਨ ਕਿਉਂਕਿ ਮੁਹੰਮਦ ਨੂੰ ਅੰਗਰੇਜ਼ੀ ਵਿਚ ਕਈ ਤਰ੍ਹਾਂ ਲਿਖਿਆ ਜਾਂਦਾ ਹੈ। ਸਿਰਫ ਇਕ ਗਲਤੀ ਤੁਹਾਨੂੰ ਸੂਚੀ ਵਿਚੋਂ ਬਾਹਰ ਕਰ ਸਕਦੀ ਹੈ।

ਜੇ ਤੁਹਾਡੇ ਪਿਤਾ ਜੀ ਮਰ ਚੁਕੇ ਹਨ, ਜਾਂ ਉਹ ਤੁਹਾਡੀ ਮਾਂ ਨਾਲ ਨਹੀਂ ਰਹਿ ਰਹੇ, ਜੇ ਉਨ੍ਹਾਂ ਨੇ ਕਦੇ ਵੋਟ ਨਹੀਂ ਪਾਈ, ਪੜ੍ਹੇ-ਲਿਖੇ ਨਹੀਂ ਹਨ ਅਤੇ ਉਨ੍ਹਾਂ ਕੋਲ ਜ਼ਮੀਨ ਨਹੀਂ ਸੀ ਤਾਂ ਤੁਹਾਡਾ ਬਚਣਾ ਮੁਸ਼ਕਿਲ ਹੈ, ਕਿਉਂਕਿ ਮਾਂ ਦੀ ਵਿਰਾਸਤ ਦੀ ਮਾਨਤਾ ਨਹੀਂ ਹੈ। ਐਨ. ਆਰ. ਸੀ. ਨੂੰ ਅਪਡੇਟ ਕਰਨ ਦੇ ਅਮਲ ਵਿਚ ਭਾਰੂ ਤੁਅੱਸਬਾਂ ਵਿਚ ਸਭ ਤੋਂ ਵੱਡਾ ਢਾਂਚਾਗਤ ਤੁਅੱਸਬ ਔਰਤਾਂ ਅਤੇ ਗਰੀਬਾਂ ਦੇ ਖਿਲਾਫ ਹੈ। ਭਾਰਤ ਦੇ ਬਹੁਤੇ ਗਰੀਬ ਲੋਕ ਮੁਸਲਮਾਨ, ਦਲਿਤ ਅਤੇ ਆਦਿਵਾਸੀ ਹਨ।

ਜਿਨ੍ਹਾਂ 19 ਲੱਖ ਲੋਕਾਂ ਦੇ ਨਾਂ ਸੂਚੀ ਵਿਚੋਂ ਗਾਇਬ ਹਨ, ਉਨ੍ਹਾਂ ਨੂੰ ਹੁਣ 'ਵਿਦੇਸ਼ੀ ਟ੍ਰਿਬਿਊਨਲ' ਵਿਚ ਅਪੀਲ ਕਰਨੀ ਪਵੇਗੀ। ਅਸਾਮ ਵਿਚ ਅਜਿਹੇ ਸੌ ਟ੍ਰਿਬਿਊਨਲ ਹਨ ਅਤੇ ਬਾਕੀ 1000 ਬਣਾਉਣ ਦੀ ਗੱਲ ਕੀਤੀ ਗਈ ਹੈ। ਟ੍ਰਿਬਿਊਨਲ ਦੇ ਜੱਜ, ਜਿਨ੍ਹਾਂ ਨੂੰ 'ਮੈਂਬਰ' ਕਿਹਾ ਜਾਂਦਾ ਹੈ, ਜਿਨ੍ਹਾਂ ਦੇ ਹੱਥਾਂ ਵਿਚ ਲੱਖਾਂ ਲੋਕਾਂ ਦੀ ਤਕਦੀਰ ਹੈ, ਉਨ੍ਹਾਂ ਕੋਲ ਜੱਜ ਹੋਣ ਦਾ ਤਜਰਬਾ ਨਹੀਂ ਹੈ। ਉਹ ਲੋਕ ਨੌਕਰਸ਼ਾਹ ਅਤੇ ਜੂਨੀਅਰ ਵਕੀਲ ਹਨ, ਜਿਨ੍ਹਾਂ ਨੂੰ ਸਰਕਾਰ ਨੇ ਮੋਟੀਆਂ ਤਨਖਾਹਾਂ 'ਤੇ ਰੱਖਿਆ ਹੋਇਆ ਹੈ। ਇਸ ਪ੍ਰਬੰਧ ਵਿਚ ਵੀ ਤੁਅੱਸਬ ਭਰੇ ਪਏ ਹਨ। ਸਮਾਜੀ ਕਾਰਕੁਨਾਂ ਨੇ ਜੋ ਦਸਤਾਵੇਜ਼ ਹਾਸਲ ਕੀਤੇ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਟ੍ਰਿਬਿਊਨਲ ਦੇ ਮੈਂਬਰ ਦੇ ਤੌਰ 'ਤੇ ਮੁੜ ਬੇਨਤੀ ਪੱਤਰ ਦੇਣ ਦਾ ਇਕੋ-ਇਕ ਪੈਮਾਨਾ ਇਹ ਦੱਸਣਾ ਹੈ ਕਿ ਅਪਲਾਈ ਕਰਨ ਵਾਲੇ ਮੈਂਬਰ ਨੇ ਕਿੰਨੇ ਲੋਕਾਂ ਦੀ ਅਪੀਲ ਖਾਰਜ ਕੀਤੀ ਸੀ। ਅਪੀਲ ਕਰਨ ਵਾਲੇ ਲੋਕਾਂ ਨੂੰ ਵਕੀਲ ਕਰਨਾ ਪਵੇਗਾ ਅਤੇ ਵਕੀਲ ਨੂੰ ਫੀਸ ਦੇਣੀ ਪਵੇਗੀ। ਇਸ ਲਈ ਉਨ੍ਹਾਂ ਨੂੰ ਉਧਾਰ ਲੈਣਾ ਪਵੇਗਾ ਜਾਂ ਜ਼ਮੀਨਾਂ ਜਾਂ ਘਰ ਵੇਚਣੇ ਪੈਣਗੇ ਅਤੇ ਕਰਜ਼ੇ ਵਿਚ ਡੁੱਬ ਕੇ ਗੁਰਬਤ ਦੀ ਜ਼ਿੰਦਗੀ ਗੁਜ਼ਾਰਨੀ ਪਵੇਗੀ। ਜਾਹਰ ਹੈ ਕਿ ਬਹੁਤ ਸਾਰੇ ਲੋਕ ਅਜਿਹੇ ਹਨ, ਜਿਨ੍ਹਾਂ ਕੋਲ ਨਾ ਜ਼ਮੀਨ ਹੈ, ਤੇ ਨਾ ਘਰ। ਕਈ ਲੋਕ ਜਿਨ੍ਹਾਂ ਨੂੰ ਇਸ ਦਾ ਸਾਹਮਣਾ ਕਰਨਾ ਪਿਆ, ਖੁਦਕੁਸ਼ੀ ਕਰ ਚੁਕੇ ਹਨ।



*ਅਸਾਮ ਵਿਚ ਐਨ.ਆਰ.ਸੀ. ਕਾਰਨ ਪੈਦਾ ਹੋਈ ਹਾਲਤ ਦਰਸਾਉਂਦਾ ਇਕ ਚਿੱਤਰ।*

ਐਨੇ ਬੜੇ ਪੈਮਾਨੇ 'ਤੇ ਕੀਤੀ ਇਸ ਕਵਾਇਦ ਅਤੇ ਕਰੋੜਾਂ ਰੁਪਏ ਖਰਚਣ ਪਿਛੋਂ ਐਨ. ਆਰ. ਸੀ. ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਨੂੰ ਆਖਰੀ ਸੂਚੀ ਜਾਰੀ ਹੋਣ ਪਿਛੋਂ ਭਿਆਨਕ ਨਿਰਾਸ਼ਾ ਦਾ ਮੂੰਹ ਦੇਖਣਾ ਪਿਆ। ਬੰਗਾਲੀ ਮੂਲ ਦੇ ਆਵਾਸੀ ਨਿਰਾਸ਼ ਹਨ, ਕਿਉਂਕਿ ਅਸਲ ਨਾਗਰਿਕਾਂ ਨੂੰ ਮਨਮਾਨੇ ਢੰਗ ਨਾਲ ਸੂਚੀ ਤੋਂ ਬਾਹਰ ਕਰ ਦਿੱਤਾ ਗਿਆ। ਅਸਾਮੀ ਰਾਸ਼ਟਰਵਾਦੀ ਇਸ ਲਈ ਨਾਰਾਜ਼ ਹਨ ਕਿ ਅੰਦਾਜ਼ਨ 50 ਲੱਖ 'ਘੁਸਪੈਠੀਆਂ' ਦੇ ਮੁਕਾਬਲੇ ਬਹੁਤ ਥੋੜ੍ਹੇ ਲੋਕ ਸੂਚੀ 'ਚੋਂ ਬਾਹਰ ਕੀਤੇ ਗਏ, ਉਹ ਮਹਿਸੂਸ ਕਰਦੇ ਹਨ ਕਿ ਬਹੁਤ ਜ਼ਿਆਦਾ ਗੈਰਕਾਨੂੰਨੀ ਵਿਦੇਸ਼ੀਆਂ ਨੂੰ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ ਹੈ। ਭਾਰਤ ਵਿਚ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਇਸ ਲਈ ਨਿਰਾਸ਼ ਹਨ ਕਿ 19 ਲੱਖ ਲੋਕਾਂ ਵਿਚੋਂ ਅੱਧੇ ਗੈਰਮੁਸਲਮਾਨ ਹਨ (ਇਸ ਦੀ ਵਜ੍ਹਾ ਬੜੀ ਅਜੀਬ ਹੈ। ਬੰਗਾਲੀ ਮੁਸਲਿਮ ਪਰਵਾਸੀਆਂ ਜੋ ਲੰਮੇ ਸਮੇਂ ਤੋਂ ਦੁਸ਼ਮਣੀ ਦਾ ਸਾਹਮਣਾ ਕਰ ਰਹੇ ਸਨ, ਉਨ੍ਹਾਂ ਨੇ ਕਈ ਕਈ ਸਾਲ ਲਾ ਕੇ 'ਲੀਗੇਸੀ ਪੇਪਰ' ਜਮਾਂ ਕਰ ਰੱਖੇ ਸਨ, ਜਦਕਿ ਹਿੰਦੂ ਜੋ ਘੱਟ ਅਸੁਰੱਖਿਅਤ ਸਨ, ਉਨ੍ਹਾਂ ਨੇ ਇਸ ਦੀ ਲੋੜ ਹੀ ਨਹੀਂ ਸਮਝੀ ਸੀ)।

ਜਸਟਿਸ ਰੰਜਨ ਗੋਗੋਈ ਨੇ ਐਨ. ਆਰ. ਸੀ. ਦੇ ਮੁੱਖ ਕੋਆਰਡੀਨੇਟਰ ਪ੍ਰਤੀਕ ਹਜੇਲਾ ਦੇ ਤਬਾਦਲੇ ਦੇ ਆਦੇਸ਼ ਦੇ ਦਿੱਤੇ ਅਤੇ ਉਸ ਨੂੰ ਅਸਾਮ ਤੋਂ ਚਲੇ ਜਾਣ ਲਈ ਸੱਤ ਦਿਨ ਦੀ ਮੁਹਲਤ ਦਿੱਤੀ। ਜਸਟਿਸ ਗੋਗੋਈ ਨੇ ਆਪਣੇ ਆਦੇਸ਼ ਦਾ ਕਾਰਨ ਨਹੀਂ ਦੱਸਿਆ।

ਦੁਬਾਰਾ ਐਨ. ਆਰ. ਸੀ. ਕਰਾਏ ਜਾਣ ਦੀ ਮੰਗ ਉਠਣੀ ਸ਼ੁਰੂ ਹੋ ਗਈ ਹੈ।

ਇਸ ਪਾਗਲਪਣ ਨੂੰ ਸਮਝਣ ਲਈ ਲੋਕ ਸਿਰਫ ਕਵਿਤਾ ਹੀ ਲਿਖ ਸਕਦੇ ਸਨ। ਨੌਜਵਾਨ ਮੁਸਲਿਮ ਕਵੀਆਂ ਦਾ ਇਕ ਸਮੂਹ ਉਭਰ ਆਇਆ, ਜਿਨ੍ਹਾਂ ਨੂੰ ਮੀਆਂ ਕਵੀ ਕਿਹਾ ਜਾਂਦਾ ਹੈ। ਇਹ ਕਵੀ ਅਚਾਨਕ ਆਪਣੇ ਦੁੱਖ ਅਤੇ ਜ਼ਲਾਲਤ 'ਤੇ ਕਵਿਤਾਵਾਂ ਲਿਖਣ ਲੱਗੇ, ਉਸ ਬੋਲੀ ਵਿਚ ਜੋ ਉਨ੍ਹਾਂ ਨੂੰ ਸਭ ਤੋਂ ਵੱਧ ਆਪਣੀ ਲੱਗਦੀ ਸੀ, ਉਹ ਬੋਲੀ ਜਿਸ ਵਿਚ ਉਹ ਹੁਣ ਤਕ ਸਿਰਫ ਆਪਣੇ ਘਰਾਂ ਵਿਚ ਹੀ ਗੱਲਬਾਤ ਕਰਦੇ ਸਨ, ਯਾਨਿ ਢਾਕਈਆ, ਮੈਮਨਸਿੰਘੀਆ, ਪਬਨਈਆ ਜਿਹੀਆਂ ਮੀਆਂ ਬੋਲੀਆਂ ਵਿਚ। ਇਨ੍ਹਾਂ ਵਿਚੋਂ ਇਕ ਕਵੀ ਰੇਹਾਨਾ ਸੁਲਤਾਨ ਨੇ "ਮਾਂ" ਸਿਰਲੇਖ ਨਾਲ ਕਵਿਤਾ ਲਿਖੀ ਹੈ:

ਮਾ ਤੁਮਾਰ ਕਾਛੇ ਆਮਾਰ ਪੋਰਿਸੋਈ ਦੀਤੀ ਤੀਤੀ ਬਿਆਕੁਲ ਓਆ ਝਾਈ (ਮਾਂ ਮੈਂ ਹੰਭ ਗਈ ਹਾਂ ਤੈਨੂੰ ਆਪਣੀ ਪਛਾਣ ਦੱਸਦੇ ਦੱਸਦੇ)।

ਜਦ ਇਨ੍ਹਾਂ ਕਵਿਤਾਵਾਂ ਨੂੰ ਫੇਸਬੁੱਕ 'ਤੇ ਪੋਸਟ ਅਤੇ ਸ਼ੇਅਰ ਕੀਤਾ ਗਿਆ ਤਾਂ ਇਹ ਬੋਲੀ ਅਚਾਨਕ ਲੋਕਾਂ ਦੀਆਂ ਨਜ਼ਰਾਂ ਵਿਚ ਚੜ੍ਹ ਗਈ। ਭਾਸ਼ਾਈ ਸਿਆਸਤ ਦਾ ਭੂਤ ਫਿਰ ਨੀਂਦ ਤੋਂ ਜਾਗਣਾ ਸ਼ੁਰੂ ਹੋ ਗਿਆ। ਮੀਆਂ ਕਵੀਆਂ ਖਿਲਾਫ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ ਗਈ, ਦੋਸ਼ ਲਾਇਆ ਕਿ ਇਹ ਲੋਕ ਅਸਾਮੀ ਸਮਾਜ ਨੂੰ ਬਦਨਾਮ ਕਰ ਰਹੇ ਹਨ। ਰੇਹਾਨਾ ਸੁਲਤਾਨ ਨੂੰ ਰੂਪੋਸ਼ ਹੋਣਾ ਪਿਆ।

ਅਸਾਮ ਵਿਚ ਸਮੱਸਿਆ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ; ਪਰ ਇਸ ਦਾ ਹੱਲ ਕੀ ਹੋਵੇ? ਪ੍ਰੇਸ਼ਾਨੀ ਇਹ ਹੈ ਕਿ ਇਕ ਵਾਰ ਜਾਤੀ ਰਾਸ਼ਟਰਵਾਦ ਦੀ ਅੱਗ ਭੜਕਾ ਦਿੱਤੀ ਜਾਵੇ ਤਾਂ ਇਹ ਕਹਿਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਹਵਾਵਾਂ ਉਸ ਅੱਗ ਨੂੰ ਕਿਸ ਪਾਸੇ ਲੈ ਜਾਣਗੀਆਂ। ਹਾਲ ਹੀ ਵਿਚ ਬਣਾਏ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ, ਜੋ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਨਤੀਜੇ ਵਜੋਂ ਬਣਿਆ ਹੈ, ਵਿਚ ਬੋਧੀਆਂ ਅਤੇ ਕਾਰਗਿਲ ਦੇ ਸ਼ੀਆ ਮੁਸਲਮਾਨਾਂ ਵਿਚਾਲੇ ਤਣਾਓ ਵਧਣਾ ਸ਼ੁਰੂ ਹੋ ਗਿਆ ਹੈ। ਭਾਰਤ ਦੇ ਪੂਰਬ-ਉਤਰ ਰਾਜਾਂ ਵਿਚ ਵੀ, ਚੰਗਿਆੜੀਆਂ ਨੇ ਪੁਰਾਣੀਆਂ ਦੁਸ਼ਮਣੀਆਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਹੈ। ਅਰੁਣਾਚਲ ਪ੍ਰਦੇਸ਼ ਵਿਚ ਅਸਾਮੀ ਲੋਕਾਂ ਨੂੰ ਘੁਸਪੈਠੀਏ ਕਿਹਾ ਜਾ ਰਿਹਾ ਹੈ। ਮੇਘਾਲਿਆ ਨੇ ਅਸਾਮ ਨਾਲ ਲੱਗਦੀ ਸਰਹੱਦ ਬੰਦ ਕਰ ਦਿੱਤੀ ਹੈ ਅਤੇ ਕਿਹਾ ਹੈ ਕਿ ਹੁਣ ਤੋਂ ਸਾਰੇ 'ਬਾਹਰਲੇ ਲੋਕਾਂ' ਨੂੰ 24 ਘੰਟੇ ਤੋਂ ਵੱਧ ਰੁਕਣ ਲਈ ਨਵੇਂ ਕਾਨੂੰਨ, ਮੇਘਾਲਿਆ ਰੈਜ਼ੀਡੈਂਟ ਸੇਫਟੀ ਐਂਡ ਸਕਿਊਰਿਟੀ ਐਕਟ ਤਹਿਤ ਸਰਕਾਰ ਕੋਲ ਆਪਣਾ ਨਾਂ ਰਜਿਸਟਰ ਕਰਾਉਣਾ ਪਵੇਗਾ। ਨਾਗਾਲੈਂਡ ਵਿਚ ਸਰਕਾਰ ਅਤੇ ਨਾਗਾ ਬਾਗੀਆਂ ਵਿਚਾਲੇ 22 ਸਾਲ ਤੋਂ ਚੱਲ ਰਹੀ ਸ਼ਾਂਤੀ ਵਾਰਤਾ, ਵੱਖਰੇ ਨਾਗਾ ਝੰਡੇ ਅਤੇ ਸੰਵਿਧਾਨ ਦੀ ਮੰਗ ਨੂੰ ਲੈ ਕੇ ਟੁੱਟ ਗਈ ਹੈ। ਮਨੀਪੁਰ ਵਿਚ ਨਾਗਾ ਅਤੇ ਕੇਂਦਰ ਸਰਕਾਰ ਵਿਚਾਲੇ ਸੰਭਾਵਿਤ ਸਮਝੌਤੇ ਤੋਂ ਖਫਾ ਕੁਝ ਲੋਕਾਂ ਨੇ ਲੰਡਨ ਵਿਚ ਪਰਵਾਸੀ ਸਰਕਾਰ ਬਣਾਏ ਜਾਣ ਦਾ ਐਲਾਨ ਕਰ ਦਿੱਤਾ ਹੈ। ਤ੍ਰਿਪੁਰਾ ਵਿਚ ਮੂਲ ਆਦਿਵਾਸੀ ਲੋਕ ਆਪਣੇ ਲਈ ਐਨ. ਆਰ. ਸੀ. ਦੀ ਮੰਗ ਕਰ ਰਹੇ ਹਨ ਤਾਂ ਜੋ ਬੰਗਾਲੀ ਹਿੰਦੂਆਂ ਨੂੰ ਰਾਜ ਤੋਂ ਕੱਢਿਆ ਜਾ ਸਕੇ, ਜਿਨ੍ਹਾਂ ਨੇ ਉਸ ਰਾਜ ਵਿਚ ਉਨ੍ਹਾਂ ਨੂੰ ਘੱਟਗਿਣਤੀ ਬਣਾ ਦਿੱਤਾ ਹੈ।

ਇਸ ਤਰ੍ਹਾਂ ਦੀ ਉਥਲ-ਪੁਥਲ ਅਤੇ ਤਣਾਓ ਨਾਲ ਮੋਦੀ ਸਰਕਾਰ ਨੂੰ ਕੋਈ ਫਰਕ ਨਹੀਂ ਪੈ ਰਿਹਾ ਅਤੇ ਉਹ ਐਨ. ਆਰ. ਸੀ. ਨੂੰ ਪੂਰੇ ਭਾਰਤ ਵਿਚ ਲਾਗੂ ਕਰਨ ਦੇ ਇੰਤਜ਼ਾਮ ਕਰਨ ਵਿਚ ਜੁਟੀ ਹੋਈ ਹੈ। ਅਸਾਮ ਵਿਚ ਹਿੰਦੂ ਅਤੇ ਉਸ ਦੇ ਆਪਣੇ ਹੀ ਹਮਾਇਤੀਆਂ ਦੇ ਐਨ. ਆਰ. ਸੀ. ਦੀਆਂ ਗੁੰਝਲਾਂ ਵਿਚ ਫਸ ਜਾਣ ਤੋਂ ਸਬਕ ਲੈ ਕੇ ਭਾਜਪਾ ਸਰਕਾਰ ਨੇ ਨਵੇਂ ਨਾਗਰਿਕਤਾ ਸੋਧ ਬਿੱਲ ਦਾ ਮਸੌਦਾ ਤਿਆਰ ਕੀਤਾ ਹੈ। ਨਾਗਰਿਕਤਾ ਸੋਧ ਬਿੱਲ (ਇਹ ਬਿਲ ਹੁਣ ਕਾਨੂੰਨ ਬਣ ਗਿਆ ਹੈ) ਕਹਿੰਦਾ ਹੈ ਕਿ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿਚ ਜ਼ੁਲਮਾਂ ਦਾ ਸਾਹਮਣਾ ਕਰ ਰਹੀਆਂ ਘੱਟਗਿਣਤੀਆਂ ਯਾਨਿ ਹਿੰਦੂ, ਸਿੱਖ, ਬੋਧੀ ਤੇ ਈਸਾਈਆਂ ਨੂੰ ਭਾਰਤ ਵਿਚ ਪਨਾਹ ਦਿੱਤੀ ਜਾਵੇਗੀ। ਇਹ ਬਿੱਲ ਇਹ ਯਕੀਨੀ ਬਣਾਏਗਾ ਕਿ ਸਿਰਫ ਮੁਸਲਮਾਨਾਂ ਨੂੰ ਹੀ ਨਾਗਰਿਕਤਾ ਤੋਂ ਵਾਂਝੇ ਕੀਤਾ ਜਾਵੇ।

ਐਨ. ਆਰ. ਸੀ. ਅਤੇ ਨਾਗਰਿਕਤਾ ਸੋਧ ਬਿੱਲ ਦਾ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਸ਼ਟਰੀ ਮਰਦਮਸ਼ੁਮਾਰੀ ਰਜਿਸਟਰ ਬਣਾਉਣ ਦੀ ਯੋਜਨਾ ਹੈ। ਸਰਕਾਰ ਦੀ ਯੋਜਨਾ ਇਸ ਲਈ ਘਰ-ਘਰ ਜਾ ਕੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਨਾਲ-ਨਾਲ ਅੱਖਾਂ ਦੀਆਂ ਪੁਤਲੀਆਂ ਦਾ ਸਕੈਨ ਅਤੇ ਹੋਰ ਬਾਇਓਮੈਟਰਿਕ ਡਾਟਾ ਇਕੱਠਾ ਕਰਨ ਦੀ ਹੈ। ਇਹ ਹਰ ਤਰ੍ਹਾਂ ਦੇ ਡਾਟਾ ਬੈਂਕਾਂ ਦਾ ਬਾਪ ਸਾਬਤ ਹੋਵੇਗਾ।


ਇਸ ਦੀ ਜ਼ਮੀਨੀ ਤਿਆਰੀ ਵਿੱਢ ਦਿੱਤੀ ਗਈ ਹੈ। ਅਮਿਤ ਸ਼ਾਹ ਨੇ ਗ੍ਰਹਿ ਮੰਤਰੀ ਦੇ ਤੌਰ 'ਤੇ ਪਹਿਲੇ ਦਿਨ ਨੋਟੀਫੀਕੇਸ਼ਨ ਜਾਰੀ ਕੀਤਾ, ਜਿਸ ਵਿਚ ਪੂਰੇ ਮੁਲਕ ਦੀਆਂ ਰਾਜ ਸਰਕਾਰਾਂ ਦੇ ਗੈਰਨਿਆਂਇਕ ਅਧਿਕਾਰੀਆਂ ਨੂੰ ਅਸੀਮਤ ਤਾਕਤਾਂ ਦਿੰਦਿਆਂ ਵਿਦੇਸ਼ੀ ਟ੍ਰਿਬਿਊਨਲ ਅਤੇ ਨਜ਼ਰਬੰਦੀ ਕੇਂਦਰ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਕਰਨਾਟਕ, ਉਤਰ ਪ੍ਰਦੇਸ਼ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਇਸ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਜਿਵੇਂ ਅਸੀਂ ਦੇਖਿਆ ਹੈ ਕਿ ਅਸਾਮ ਐਨ. ਆਰ. ਸੀ. ਉਸ ਰਾਜ ਦੇ ਜਟਿਲ ਇਤਿਹਾਸ ਦਾ ਨਤੀਜਾ ਸੀ, ਇਸ ਨੂੰ ਪੂਰੇ ਭਾਰਤ ਵਿਚ ਲਾਗੂ ਕਰਨਾ ਨਿਰੋਲ ਦੁਸ਼ਟ ਭਾਵਨਾ ਹੈ। ਅਸਾਮ ਵਿਚ ਐਨ. ਆਰ. ਸੀ. ਦੀ ਮੰਗ ਚਾਲੀ ਸਾਲ ਪੁਰਾਣੀ ਹੈ। ਉਥੇ ਲੋਕ ਪੰਜਾਹ ਸਾਲ ਤੋਂ ਵੀ ਵੱਧ ਸਮੇਂ ਤੋਂ ਆਪਣੇ ਕਾਗਜ਼ਾਤ ਇਕੱਠੇ ਕਰ ਰਹੇ ਹਨ। ਭਾਰਤ ਵਿਚ ਅਜਿਹੇ ਕਿੰਨੇ ਲੋਕ ਹੋਣਗੇ ਜੋ ਵਿਰਾਸਤੀ ਦਸਤਾਵੇਜ਼ ਪੇਸ਼ ਕਰ ਸਕਦੇ ਹਨ। ਸ਼ਾਇਦ ਸਾਡਾ ਪ੍ਰਧਾਨ ਮੰਤਰੀ ਵੀ ਅਜਿਹਾ ਨਾ ਕਰ ਸਕੇ, ਕਿਉਂਕਿ ਉਸ ਦੀ ਜਨਮ ਦੀ ਤਾਰੀਕ, ਗ੍ਰੈਜੂਏਸ਼ਨ ਦੀ ਡਿਗਰੀ ਅਤੇ ਵਿਆਹ ਦੀਆਂ ਗੱਲਾਂ ਰਾਸ਼ਟਰੀ ਵਿਵਾਦ ਦਾ ਵਿਸ਼ਾ ਰਹੀਆਂ ਹਨ।

ਸਾਨੂੰ ਦੱਸਿਆ ਜਾ ਰਿਹਾ ਹੈ ਕਿ ਪੂਰੇ ਭਾਰਤ ਵਿਚ ਐਨ. ਆਰ. ਸੀ. ਦੇ ਅਮਲ ਦਾ ਟੀਚਾ ਲਖੂਖਾ ਬੰਗਲਾਦੇਸ਼ੀ 'ਘੁਸਪੈਠੀਆਂ' ਦੀ ਸ਼ਨਾਖਤ ਕਰਨਾ ਹੈ, ਜਿਨ੍ਹਾਂ ਨੂੰ ਸਾਡੇ ਗ੍ਰਹਿ ਮੰਤਰੀ ਨੇ 'ਸਿਉਂਕ' ਕਹਿਣਾ ਪਸੰਦ ਕੀਤਾ ਹੈ। ਕੀ ਉਸ ਨੂੰ ਸਮਝ ਨਹੀਂ ਆਉਂਦਾ ਕਿ ਉਸ ਦੀ ਅਜਿਹੀ ਭਾਸ਼ਾ ਭਾਰਤ ਦੇ ਬੰਗਲਾਦੇਸ਼ ਨਾਲ ਰਿਸ਼ਤਿਆਂ 'ਤੇ ਕੀ ਅਸਰ ਪਾਏਗੀ? ਇਕ ਵਾਰ ਫਿਰ ਕਰੋੜਾਂ ਦੇ ਭੂਤ-ਅੰਕੜੇ ਉਛਾਲੇ ਜਾ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਬੰਗਲਾਦੇਸ਼ੀ ਮਜ਼ਦੂਰ ਬਿਨਾਂ ਦਸਤਾਵੇਜ਼ਾਂ ਦੇ ਭਾਰਤ ਵਿਚ ਰਹਿ ਰਹੇ ਹਨ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਇਹ ਲੋਕ ਮੁਲਕ ਦੇ ਸਭ ਤੋਂ ਗਰੀਬ ਅਤੇ ਸਭ ਤੋਂ ਹਾਸ਼ੀਏ 'ਤੇ ਰਹਿਣ ਵਾਲੇ ਲੋਕ ਹਨ। ਮੁਕਤ ਵਪਾਰ 'ਤੇ ਯਕੀਨ ਕਰਨ ਵਾਲੇ ਹਰ ਸ਼ਖਸ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਇਹ ਲੋਕ ਅਜਿਹੇ ਆਰਥਕ

*(ਬਾਕੀ ਅਗਲੇ ਸਫੇ 'ਤੇ)*

# ਹੁਣ ਐਨ. ਪੀ. ਆਰ. ਦੀ ਸੱਟ ਝੱਲਣ ਲਈ ਤਿਆਰ ਰਹੋ!

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਸਾਢੇ ਕੁ ਪੰਜ ਸਾਲ ਪਹਿਲਾਂ ਭਾਰਤ ਦੀ ਕਮਾਨ ਸੰਭਾਲਦੇ ਸਾਰ ਪਹਿਲੇ ਵਿਦੇਸ਼ੀ ਦੌਰੇ ਲਈ ਨੇਪਾਲ ਗਏ ਨਰਿੰਦਰ ਮੋਦੀ ਨੇ ਉਥੋਂ ਦੀ ਪਾਰਲੀਮੈਂਟ ਵਿਚ ਭਾਸ਼ਣ ਇਥੋਂ ਅਰੰਭ ਕੀਤਾ ਸੀ, 'ਮੈਂ ਆਪ ਕੋ ਤੀਨ ਹਿੱਟ ਕਰੂੰਗਾ' ਅਤੇ ਸਾਰੇ ਲੋਕ ਸੋਚਾਂ ਵਿਚ ਪੈ ਗਏ ਸਨ ਕਿ ਇਸ ਦਾ ਮਤਲਬ ਕੀ ਕੱਢਿਆ ਜਾਵੇ? ਭਾਸ਼ਾ ਦੇ ਮੁਤਾਬਕ ਤਾਂ ਇਹ ਨਿਕਲਦਾ ਸੀ ਕਿ ਉਨ੍ਹਾਂ ਨੂੰ ਤਿੰਨ ਵਾਰ ਮਾਰ ਪੈਣ ਵਾਲੀ ਹੈ, ਪਰ ਮੋਦੀ ਸਾਹਿਬ ਨੇ ਕਹਿ ਦਿੱਤਾ ਕਿ ਤਿੰਨ ਹਿੱਟ 'ਹਾਈਵੇਜ਼, ਸੂਚਨਾ ਟੈਕਨਾਲੋਜੀ ਅਤੇ ਟਰਾਂਸਮਿਸ਼ਨ' ਵਿਚ ਭਾਰਤ ਸਰਕਾਰ ਨੇਪਾਲ ਦੀ ਮਦਦ ਕਰੇਗੀ।

ਸਮਾਂ ਪਾ ਕੇ ਕੁਝ ਗੱਲਾਂ ਵਿਚ ਦੋਵਾਂ ਦੇਸ਼ਾਂ ਦੇ ਮੱਤਭੇਦ ਵਧਣ ਲੱਗੇ ਤਾਂ ਇਸ 'ਹਿੱਟ' ਦਾ ਜ਼ਿਕਰ ਵੀ ਨੇਪਾਲ ਵਿਚ ਕਈ ਤਰ੍ਹਾਂ ਕੀਤਾ ਜਾਣ ਲੱਗ ਪਿਆ। ਭਾਰਤ ਦਾ ਉਹ ਚਿਰਾਂ ਦਾ ਦੋਸਤ ਦੇਸ਼ ਇਨ੍ਹਾਂ ਸਾਢੇ ਪੰਜ ਸਾਲਾਂ ਵਿਚ ਭਾਰਤ ਨਾਲੋਂ ਫਾਸਲਾ ਪਾਈ ਗਿਆ ਤੇ ਚੀਨ ਨਾਲ ਸਬੰਧਾਂ ਵਿਚ ਨਿੱਘ ਵਧਾਈ ਗਿਆ। 'ਹਿੱਟ' ਉਸ ਨੂੰ ਨਹੀਂ ਸੀ ਪਈ, ਭਾਰਤ ਨੂੰ ਪੈਣ ਜਿਹੀ ਗੱਲ ਹੋ ਗਈ ਸੀ।

ਇਸ ਪਿਛੋਂ ਜਿਨ੍ਹਾਂ ਲੋਕਾਂ ਨੇ ਨਰਿੰਦਰ ਮੋਦੀ ਦੇ ਸੰਸਾਰ ਭਰ ਵਿਚ ਦਿੱਤੇ ਗਏ ਭਾਸ਼ਣਾਂ ਨੂੰ ਗਹੁ ਨਾਲ ਸੁਣਨ ਦੀ ਕੋਸ਼ਿਸ਼ ਕੀਤੀ ਹੈ, ਉਹ ਜਾਣਦੇ ਹਨ ਕਿ ਉਨ੍ਹਾਂ ਭਾਸ਼ਣਾਂ ਵਿਚ 'ਤਿੰਨ' ਦਾ ਟੋਟਕਾ ਕਈ ਵਾਰ ਚੱਲਿਆ ਹੈ। ਭਾਰਤ 'ਚ ਜੋ ਅਜੋਕਾ ਧਮੱਚੜ ਨਾਗਰਿਕਤਾ ਦੇ ਸਵਾਲ 'ਤੇ ਪਿਆ ਹੈ, ਇਸ ਵਿਚ ਵੀ 'ਤਿੰਨ' ਦੀ ਝਲਕ ਪੇਸ਼ ਕਰਨ ਤੋਂ ਉਹ ਨਹੀਂ ਰਹਿ ਸਕੇ। ਪਹਿਲਾਂ ਐਨ. ਆਰ. ਸੀ. (ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼) ਦੀ ਕਾਰਵਾਈ ਸ਼ੁਰੂ ਕਰ ਕੇ ਆਸਾਮ ਅਤੇ ਕੁਝ ਹੋਰ ਰਾਜਾਂ ਵਿਚ ਅਮਨ-ਅਮਾਨ ਨਾਲ ਵੱਸਦੇ ਲੋਕਾਂ ਦੀ ਨੀਂਦ ਉਡਾਈ। ਫਿਰ ਇਸ ਦੀ ਅਗਲੀ ਕਾਰਵਾਈ ਵਜੋਂ ਸੀ. ਏ. ਬੀ. (ਸਿਟੀਜ਼ਨਜ਼ ਅਮੈਂਡਮੈਂਟ ਬਿੱਲ) ਚੁੱਕ ਲਿਆਂਦਾ ਅਤੇ ਇਸ ਦੇ ਵਿਰੁਧ ਭਾਰਤ ਦੇ ਕੋਨੇ-ਕੋਨੇ ਵਿਚ ਏਦਾਂ ਦੀ ਵਿਰੋਧੀ ਲਹਿਰ ਚੱਲੀ ਕਿ ਰੁਕਣ ਵਿਚ ਨਹੀਂ ਆ ਰਹੀ। ਉੱਤਰ ਪ੍ਰਦੇਸ਼ ਵਿਚ ਨੌਂ ਮੌਤਾਂ ਹੋ ਚੁਕੀਆਂ ਹਨ ਤੇ ਸਾਰੇ ਦੇਸ਼ ਦੇ ਅੰਕੜੇ ਲਏ ਜਾਣ ਤਾਂ ਡੇਢ ਦਰਜਨ ਦੇ ਨੇੜੇ ਦੱਸੇ ਜਾਂਦੇ ਹਨ।

ਭਾਰਤ ਦੇ ਲੋਕਾਂ ਦਾ ਏਨੇ ਨਾਲ ਵੀ ਸਾਹ ਸੌਖਾ ਨਹੀਂ ਹੋਣ ਲੱਗਾ, ਅੱਗੋਂ ਫਿਰ 'ਤਿੰਨ ਹਿੱਟ' ਵਾਂਗ 'ਐਨ. ਪੀ. ਆਰ.' (ਨੈਸ਼ਨਲ ਪਾਪੂਲੇਸ਼ਨ ਰਜਿਸਟਰ) ਦੇ ਹਕੀਮੀ ਨੁਸਖੇ ਦਾ ਕੰਮ ਚੁੱਪ-ਚੁਪੀਤੇ ਕੀਤਾ ਜਾਣ ਲੱਗਾ ਹੈ। ਭਾਜਪਾ ਦੀਆਂ ਸਰਕਾਰਾਂ ਨੇ ਅੱਗੇ ਵਾਂਗ ਇਸ ਨਵੇਂ ਨੁਸਖੇ ਦਾ ਵੀ ਸਵਾਗਤ ਕੀਤਾ ਅਤੇ ਕਿਸੇ ਫੌਜੀ ਦਸਤੇ ਵਾਂਗ ਜੰਗੀ ਪੱਧਰ 'ਤੇ ਕੰਮ ਕਰਨਾ ਅਰੰਭ ਕਰ ਦਿੱਤਾ ਹੈ ਤੇ ਇਸ ਤੋਂ ਵੱਖਰੀ ਰਾਜਸੀ ਪਹੁੰਚ ਵਾਲੀਆਂ ਸਰਕਾਰਾਂ ਨੇ ਇਸ ਦਾ ਵਿਰੋਧ ਕਰਨ ਦਾ ਇਰਾਦਾ ਜਾਹਰ ਕਰ ਦਿੱਤਾ ਹੈ।

ਤਿੰਨ-ਤਿੰਨ ਸ਼ਬਦਾਂ ਦੇ ਫਾਰਮੂਲੇ ਵਾਲਾ ਇਹ ਤੀਸਰਾ 'ਹਿੱਟ' ਪਹਿਲੇ ਦੋਹਾਂ ਦੀ ਨਿਰੰਤਰਤਾ ਦਾ ਅੰਗ ਹੈ। ਪਹਿਲੇ ਦੌਰ ਵਿਚ ਇਹ ਛਾਣਾ ਲਾਉਣ ਦਾ ਇਰਾਦਾ ਦੱਸਿਆ ਗਿਆ ਸੀ ਕਿ ਬੰਗਲਾ ਦੇਸ਼ ਦੇ ਬਣਨ ਵੇਲੇ ਉਸ ਪਾਸਿਓਂ ਆਉਣ ਪਿਛੋਂ ਭਾਰਤ ਵਿਚ ਰੁਕੇ ਰਹਿ ਗਏ ਫਲਾਣੇ ਲੋਕ ਭਾਰਤ ਦੇ ਨਾਗਰਿਕ ਨਹੀਂ ਮੰਨੇ ਜਾ ਸਕਦੇ ਤੇ ਉਨ੍ਹਾਂ ਨੂੰ ਕੱਢਣ ਦੀ ਕਾਰਵਾਈ ਸ਼ੁਰੂ ਕਰਨੀ ਹੈ। ਉਸ ਵਿਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਫਖਰੂਦੀਨ ਅਲੀ ਅਹਿਮਦ ਦੇ ਵਾਰਸਾਂ ਨੂੰ ਸ਼ੱਕੀ ਖਾਤੇ ਵਿਚ ਲਿਖ ਕੇ ਸਭ ਨੂੰ ਉਂਗਲਾਂ ਟੁੱਕਣ ਲਾ ਦਿੱਤਾ ਗਿਆ ਸੀ ਅਤੇ ਫੌਜ ਦੀ ਲੰਮਾ ਸਮਾਂ ਸੇਵਾ ਕਰ ਕੇ ਰਿਟਾਇਰ ਹੋਏ ਜਾਂ ਹਾਲੇ ਤੱਕ ਸੇਵਾ ਕਰ ਰਹੇ ਕਈ ਲੋਕਾਂ ਦੇ ਪਰਿਵਾਰਾਂ ਨੂੰ ਵੀ ਆਪਣਾ ਭਾਰਤੀ ਹੋਣਾ ਸਾਬਤ ਕਰਨ ਲਈ ਭਾਜੜ ਪਾ ਦਿੱਤੀ ਗਈ ਸੀ।




ਅਗਲੇ ਪੜਾਅ ਵਿਚ ਨਾਗਰਿਕਤਾ ਸੋਧ ਬਿੱਲ ਦੇ ਨਾਲ ਛੇ ਧਰਮਾਂ ਦੇ ਲੋਕਾਂ ਨੂੰ ਭਾਰਤ ਵਿਚ ਜਾਇਜ਼ ਨਾ ਵੀ ਹੋਣ ਤਾਂ ਰਹਿਣ ਦਾ ਹੱਕ ਦੇਣ ਦਾ ਰਾਹ ਕੱਢਿਆ ਗਿਆ ਤੇ ਸਿਰਫ ਮੁਸਲਿਮ ਭਾਈਚਾਰੇ ਦੇ ਨਾਗਰਿਕਾਂ ਲਈ ਪਛਾਣ ਵਿਚ ਸ਼ੱਕੀ ਗਿਣੇ ਗਏ ਲੋਕਾਂ ਨੂੰ ਕੱਢਣ ਦਾ ਸੰਕੇਤ ਮਿਲ ਗਿਆ। ਇਹੋ ਨਹੀਂ, ਗਵਾਂਢ ਦੇ ਤਿੰਨ ਦੇਸ਼ਾਂ ਵਿਚੋਂ ਇਨ੍ਹਾਂ ਹੀ ਛੇ ਧਰਮਾਂ ਦੇ ਹੋਰਨਾਂ ਲੋਕਾਂ ਨੂੰ ਵੀ ਭਾਰਤ ਵੱਲ ਧਾਈ ਕਰਨ ਦਾ ਸੱਦਾ ਦੇ ਦਿੱਤਾ ਗਿਆ, ਪਰ ਉਨ੍ਹਾਂ ਵਾਂਗ ਇਨ੍ਹਾਂ ਤਿੰਨ ਦੇਸ਼ਾਂ ਵਿਚਲੇ ਕਾਦੀਆਨੀ, ਹਜ਼ਾਰਾ ਆਦਿ ਕਬੀਲਿਆਂ ਦੇ ਲੋਕਾਂ ਨੂੰ ਮੁਸਲਿਮ ਹੋਣ ਕਾਰਨ ਇਸ ਤੋਂ ਬਾਹਰ ਰਹਿਣ ਦਿੱਤਾ, ਜਦ ਕਿ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਮੁਸਲਿਮ ਨਹੀਂ ਮੰਨਿਆ ਜਾਂਦਾ ਤੇ ਧਾਰਮਿਕ ਵਿਤਕਰੇ ਦਾ ਸ਼ਿਕਾਰ ਹਨ। ਵਿਤਕਰਾ ਹੋਣ ਦੀ ਇਸ ਸਾਫ ਮਿਸਾਲ ਖਿਲਾਫ ਜਦੋਂ ਭਾਰਤ ਦੇ ਬਹੁ-ਗਿਣਤੀ ਰਾਜਾਂ ਵਿਚ ਵਿਰੋਧ ਦੀ ਹਨੇਰੀ ਉੱਠ ਪਈ ਅਤੇ ਹਰ ਪਾਸਿਓਂ ਇਸ ਫੈਸਲੇ ਬਾਰੇ ਮੁੜ ਵਿਚਾਰ ਦੀ ਮੰਗ ਉੱਠਣ ਲੱਗੀ ਤਾਂ ਨਰਿੰਦਰ ਮੋਦੀ ਸਰਕਾਰ ਨੇ ਚੁੱਪ-ਚੁਪੀਤੇ ਅਗਲਾ ਕਦਮ ਚੁੱਕਣ ਲਈ ਸ੍ਰੀਗਨੇਸ਼ ਕਰ ਦਿੱਤਾ ਹੈ। ਇਹ ਅਗਲਾ ਕਦਮ 'ਐਨ. ਪੀ. ਆਰ.' ਹੋਵੇਗਾ।

ਪਿਛਲੇ ਦਿਨੀਂ ਇਹ ਗੱਲ ਕਈ ਰਾਜਾਂ ਦੀਆਂ ਸਰਕਾਰਾਂ ਨੂੰ ਪਹਿਲਾਂ ਆਮ ਜਿਹੀ ਨਜ਼ਰ ਆਈ ਕਿ ਹਰ ਦਸ ਸਾਲਾਂ ਪਿੱਛੋਂ ਹੋਣ ਵਾਲੀ ਮਰਦਮਸ਼ੁਮਾਰੀ ਮੌਕੇ ਆਬਾਦੀ ਦੀ ਗਿਣਤੀ ਹੀ ਹੋਣੀ ਹੈ, ਪਰ ਅਚਾਨਕ ਇਸ ਵਿਚ ਇਕੱਠੇ ਕੀਤੇ ਜਾ ਰਹੇ ਵੇਰਵਿਆਂ ਦਾ ਪਤਾ ਲੱਗਾ ਤਾਂ ਕਈ ਰਾਜ ਸਰਕਾਰਾਂ ਭੜਕ ਪਈਆਂ। ਨੈਸ਼ਨਲ ਰਜਿਸਟਰ ਆਫ ਪਾਪੂਲੇਸ਼ਨ (ਐਨ. ਪੀ. ਆਰ.) ਰਾਹੀਂ ਭਾਰਤ ਦੇ ਹਰ ਵਸਨੀਕ ਦਾ ਡਾਟਾ-ਬੇਸ ਹੀ ਨਹੀਂ, ਬਾਇਓਮੀਟਰਿਕ ਡਾਟਾ ਇੱਕੋ ਥਾਂ ਇਕੱਠਾ ਕਰ ਲੈਣ ਦਾ ਉਹ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਵਿਅਕਤੀ ਦੀ ਨਿੱਜਤਾ, ਪ੍ਰਾਈਵੇਸੀ ਦੇ ਨਾਂ 'ਤੇ ਸੁਪਰੀਮ ਕੋਰਟ ਵਿਚ ਵਿਚਾਰ ਦਾ ਮੁੱਦਾ ਬਣਦਾ ਵੇਖਿਆ ਜਾ ਚੁਕਾ ਹੈ। ਸੁਪਰੀਮ ਕੋਰਟ ਵਿਚ ਇਸ ਗੱਲ 'ਤੇ ਬਹੁਤ ਲੰਮੀ ਸੁਣਵਾਈ ਦਾ ਮੁੱਦਾ ਇਹੋ ਸੀ ਕਿ ਆਧਾਰ ਕਾਰਡ ਨਾਲ ਹਰ ਨਾਗਰਿਕ ਦਾ ਬਾਇਓਮੀਟਰਿਕ ਤੇ ਹੋਰ ਸਾਰਾ ਡਾਟਾ ਲੈਣ ਦੀ ਆਗਿਆ ਦੇਣੀ ਚਾਹੀਦੀ ਹੈ ਕਿ ਨਹੀਂ, ਤੇ ਉਦੋਂ ਸੁਪਰੀਮ ਕੋਰਟ ਦੇ ਇੱਕ ਜੱਜ ਸਾਹਿਬ ਨੇ ਖੁੱਲ੍ਹ ਕੇ ਇਹ ਕਿਹਾ ਸੀ ਕਿ ਉਹ ਖੁਦ ਵੀ ਆਪਣਾ ਇਸ ਤਰ੍ਹਾਂ ਦਾ ਡਾਟਾ ਦੇਣ ਨੂੰ ਸਹਿਮਤ ਨਹੀਂ ਹੋ ਸਕਦੇ।

ਨਵੇਂ ਐਨ. ਪੀ. ਆਰ. ਰਾਹੀਂ ਭਾਰਤ ਦੀ ਮੌਜੂਦਾ ਸਰਕਾਰ ਚੁੱਪ-ਚੁਪੀਤੇ ਉਹ ਕੰਮ ਵੀ ਕਰਨ ਲੱਗੀ ਹੈ, ਜਿਹੜਾ ਕਰਨ ਦਾ ਸੁਪਰੀਮ ਕੋਰਟ ਦੇ ਅਗਸਤ 2017 ਦੇ ਫੈਸਲੇ ਪਿੱਛੋਂ ਕੋਈ ਰਾਹ ਨਹੀਂ ਸੀ ਰਿਹਾ, ਕਿਉਂਕਿ ਕੋਰਟ ਨੇ ਪ੍ਰਾਈਵੇਸੀ, ਨਿੱਜਤਾ ਨੂੰ ਹਰ ਕਿਸੇ ਨਾਗਰਿਕ ਲਈ ਉਹ ਮੁੱਢਲਾ ਅਧਿਕਾਰ ਮੰਨ ਲਿਆ ਸੀ, ਜਿਸ ਦੀ ਕੋਈ ਸਰਕਾਰ ਉਲੰਘਣਾ ਨਹੀਂ ਕਰ ਸਕਦੀ। ਪਹਿਲਾਂ ਐਨ. ਆਰ. ਸੀ. ਅਤੇ ਇਸ ਪਿੱਛੋਂ ਨਾਗਰਿਕਤਾ ਸੋਧ ਕਾਨੂੰਨ ਤੋਂ ਪਿੱਛੋਂ ਇਸੇ ਨਿਰੰਤਰਤਾ ਵਿਚ ਭਾਰਤ ਸਰਕਾਰ ਨੇ ਜਨਗਣਨਾ ਦੀਆਂ ਟੀਮਾਂ ਰਾਹੀਂ ਐਨ. ਪੀ. ਆਰ. ਦਾ ਸਰਵੇਖਣ ਕਰਾਉਣ ਦਾ ਨਵਾਂ ਰਾਹ ਵਰਤਿਆ ਹੈ। ਕੇਰਲਾ ਸਰਕਾਰ ਨੇ ਇਸ ਕਾਰਵਾਈ ਦੇ ਵਿਰੁਧ ਬਾਕਾਇਦਾ ਆਪਣੇ ਸਾਰੇ ਵਿਭਾਗਾਂ, ਸਾਰੇ ਜਿਲਿਆਂ ਦੇ ਕੁਲੈਕਟਰਾਂ ਤੇ ਜਨਗਣਨਾ ਵਿਭਾਗ ਦੇ ਡਾਇਰੈਕਟਰ ਨੂੰ ਲਿਖਤੀ ਹੁਕਮ ਜਾਰੀ ਕਰ ਕੇ ਕਹਿ ਦਿੱਤਾ ਹੈ ਕਿ ਇਹ ਕਾਰਵਾਈ ਬੰਦ ਕਰ ਦਿੱਤੀ ਜਾਵੇ।

ਬਿਨਾ ਸ਼ੱਕ ਮੁਢਲੇ ਰੂਪ ਵਿਚ ਇਹ ਕਿਹਾ ਜਾਵੇਗਾ ਕਿ ਜਿਨ੍ਹਾਂ ਰਾਜਾਂ ਵਿਚ ਭਾਜਪਾ ਵਿਰੋਧੀ ਸਰਕਾਰਾਂ ਹਨ ਤੇ ਉਹ ਇਸ ਕੰਮ ਨਾਲ ਸਹਿਮਤ ਨਹੀਂ, ਉਥੇ ਇਹ ਸਭ ਕੁਝ ਨਹੀਂ ਹੋ ਸਕੇਗਾ, ਪਰ ਏਦਾਂ ਕਰਨਾ ਸੌਖਾ ਨਹੀਂ। ਸਾਡੇ ਲੋਕ ਇਹ ਗੱਲ ਜਾਣਦੇ ਹਨ ਕਿ ਧਾਰਾ ਤਿੰਨ ਸੌ ਛਪੰਜਾ ਰਾਹੀਂ ਕਿਸੇ ਵੀ ਰਾਜ ਦੀ ਸਰਕਾਰ ਨੂੰ ਅਮਨ-ਕਾਨੂੰਨ ਦੀ ਮਾੜੀ ਸਥਿਤੀ ਦੇ ਜ਼ਿਕਰ ਵਾਲੀ ਗਵਰਨਰ ਦੀ ਰਿਪੋਰਟ, ਜੋ ਕੇਂਦਰ ਦੇ ਥਾਪੇ ਗਵਰਨਰ ਨੇ ਦੇਣੀ ਹੁੰਦੀ ਹੈ, ਪ੍ਰਵਾਨ ਕਰ ਕੇ ਤੋੜਿਆ ਜਾ ਸਕਦਾ ਹੈ, ਪਰ ਇਸ ਵੇਲੇ ਇੱਕ ਹੋਰ ਗੱਲ ਚਰਚਾ ਵਿਚ ਹੈ।

ਸੰਵਿਧਾਨ ਦੀ ਧਾਰਾ 365 ਵੀ ਹੈ, ਜਿਸ ਵਿਚ ਅਮਨ-ਕਾਨੂੰਨ ਦੀ ਸਥਿਤੀ ਦੀ ਥਾਂ ਕਿਸੇ ਰਾਜ ਦੀ ਇਸ ਗੱਲ ਨੂੰ ਆਧਾਰ ਮੰਨ ਕੇ ਇਹੋ ਕੁਝ ਕੀਤਾ ਸਕਦਾ ਹੈ ਕਿ ਉਸ ਨੇ ਕੇਂਦਰ ਸਰਕਾਰ ਵੱਲੋਂ ਕੀਤੇ ਫੈਸਲੇ ਲਾਗੂ ਕਰਨ ਤੋਂ ਨਾਂਹ ਕੀਤੀ ਹੈ। ਇਸ ਵਿਚ ਦਰਜ ਹੈ ਕਿ 'ਜਿਥੇ ਇਸ ਸੰਵਿਧਾਨ ਦੀ ਕਿਸੇ ਵਿਵਸਥਾ ਅਧੀਨ ਕੇਂਦਰ ਦੀ ਕਾਰਜਪਾਲਿਕਾ ਦੀ ਤਾਕਤ ਦੀ ਵਰਤੋਂ ਕਰਦਿਆਂ ਦਿੱਤੇ ਗਏ ਕਿਸੇ ਨਿਰਦੇਸ਼ ਦੀ ਪਾਲਣਾ ਕਰਨ ਜਾਂ ਉਸ ਨੂੰ ਲਾਗੂ ਕਰਨੋਂ ਕੋਈ ਰਾਜ ਅਸਫਲ ਰਹਿੰਦਾ ਹੈ, ਉਥੇ ਰਾਸ਼ਟਰਪਤੀ ਲਈ ਇਹ ਮੰਨਣਾ ਕਾਨੂੰਨੀ ਹੋਵੇਗਾ ਕਿ ਏਦਾਂ ਦੀ ਸਥਿਤੀ ਪੈਦਾ ਹੋ ਗਈ ਹੈ ਕਿ ਉਸ ਰਾਜ ਦਾ ਸ਼ਾਸਨ ਸੰਵਿਧਾਨ ਦੀਆਂ ਵਿਵਸਥਾਵਾਂ ਮੁਤਾਬਕ ਨਹੀਂ ਚਲਾਇਆ ਜਾ ਰਿਹਾ।'

ਜਦੋਂ ਇਹ ਗੱਲ ਮੰਨ ਲਈ ਜਾਵੇ ਕਿ ਕਿਸੇ ਰਾਜ ਦਾ ਪ੍ਰਬੰਧ ਉਥੇ ਸੰਵਿਧਾਨ ਮੁਤਾਬਕ ਨਹੀਂ ਚਲਾਇਆ ਜਾ ਰਿਹਾ, ਫਿਰ ਉਸ ਰਾਜ ਵਿਚ ਸਰਕਾਰ ਨੂੰ ਤੋੜਨਾ ਜਾਂ ਕੇਂਦਰ ਦੇ ਕੀਤੇ ਫੈਸਲੇ ਲਾਗੂ ਕਰਨ ਲਈ ਮਜਬੂਰ ਕਰਨਾ ਕੇਂਦਰ ਸਰਕਾਰ ਲਈ ਕੋਈ ਔਖਾ ਕੰਮ ਨਹੀਂ ਰਹਿੰਦਾ। ਇਸ ਵਕਤ ਕੇਰਲਾ ਦੇ ਨਾਲ ਪੱਛਮੀ ਬੰਗਾਲ ਦੀ ਬੀਬੀ ਮਮਤਾ ਬੈਨਰਜੀ ਵੀ ਇਨਕਾਰ ਕਰ ਰਹੀ ਹੈ, ਪਰ ਬਾਕੀ ਰਾਜ ਇਸ ਗੱਲੋਂ ਤ੍ਰਹਿਕੇ ਪਏ ਹਨ।

ਸਾਨੂੰ ਇਸ ਗੱਲ ਬਾਰੇ ਜਾਣ ਕੇ ਹੈਰਾਨੀ ਹੋਈ ਹੈ ਕਿ ਦੋ ਹਿੱਟ, ਪਹਿਲਾਂ ਐਨ. ਆਰ. ਸੀ., ਫਿਰ ਨਾਗਰਿਕਤਾ ਸੋਧਣ ਪਿਛੋਂ ਚੁੱਪ-ਚੁਪੀਤੇ ਐਨ. ਪੀ. ਆਰ. ਦੀ ਸਰਗਰਮੀ ਦੌਰਾਨ ਇਹ ਗੱਲ ਚਰਚਾ ਵਿਚ ਹੈ ਕਿ ਸੰਵਿਧਾਨ ਦੀ ਧਾਰਾ 365 ਰਾਹੀਂ ਕੇਂਦਰ ਸਰਕਾਰ ਕੋਲ ਇੱਕ ਹੋਰ ਡੰਡਾ ਵੀ ਮੌਜੂਦ ਹੈ। ਇਹ ਧਾਰਾ ਅੱਗੇ ਕਦੇ ਚਰਚਾ ਵਿਚ ਨਹੀਂ ਸੀ ਆਈ, ਇਸ ਵਾਰੀ ਜਦੋਂ ਇਹ ਅਚਾਨਕ ਚਰਚਾ ਵਿਚ ਆਈ ਹੈ ਤਾਂ ਵੱਡੇ ਤੌਖਲੇ ਵੀ ਨਾਲ ਲਿਆਈ ਹੈ।

# ‘ਘੁਸਪੈਠੀਆਂ’ ਦੀ ਕਹਾਣੀ

(ਪਿਛਲੇ ਸਫੇ ਦੀ ਬਾਕੀ)

ਖਲਾਅ ਨੂੰ ਭਰ ਰਹੇ ਹਨ ਅਤੇ ਅਜਿਹੇ ਕੰਮ ਕਰਦੇ ਹਨ, ਜਿਸ ਨੂੰ ਹੋਰ ਕੋਈ ਕਰਨਾ ਨਹੀਂ ਚਾਹੁੰਦਾ ਅਤੇ ਇੰਨੀ ਘੱਟ ਮਜ਼ਦੂਰੀ ਵਿਚ ਕਿ ਕੋਈ ਹੋਰ ਇਹ ਕੰਮ ਕਦੇ ਨਹੀਂ ਕਰੇਗਾ। ਇਹ ਲੋਕ ਇਮਾਨਦਾਰੀ ਨਾਲ ਕੰਮ ਕਰਕੇ ਰੋਟੀ-ਰੋਜ਼ੀ ਕਮਾਉਂਦੇ ਹਨ। ਇਹ ਲੋਕ ਮੁਲਕ ਨੂੰ ਬਰਬਾਦ ਨਹੀਂ ਕਰ ਰਹੇ, ਸਰਕਾਰੀ ਪੈਸਾ ਨਹੀਂ ਲੁੱਟ ਰਹੇ, ਬੈਂਕਾਂ ਨੂੰ ਦੀਵਾਲੀਆ ਨਹੀਂ ਕਰ ਰਹੇ। ਇਹ ਲੋਕ ਸਿਰਫ ਆਰ. ਐਸ. ਐਸ. ਦੇ ਇਤਿਹਾਸਕ ਮਿਸ਼ਨ ਵਿਚ ਵਰਤੇ ਜਾਣ ਵਾਲੇ ਮੋਹਰੇ ਹਨ।

ਨਾਗਰਿਕਤਾ ਸੋਧ ਬਿੱਲ ਨਾਲ ਪੂਰੇ ਮੁਲਕ 'ਚ ਐਨ. ਆਰ. ਸੀ. ਲਾਗੂ ਕਰਨ ਦਾ ਅਸਲ ਮਨੋਰਥ ਭਾਰਤ ਦੀ ਮੁਸਲਿਮ ਆਬਾਦੀ ਨੂੰ ਡਰਾਉਣਾ, ਉਜਾੜਨਾ ਅਤੇ ਕਲੰਕਿਤ ਕਰਨਾ ਹੈ, ਖਾਸ ਤੌਰ 'ਤੇ ਉਨ੍ਹਾਂ ਦੇ ਸਭ ਤੋਂ ਗਰੀਬ ਹਿੱਸਿਆਂ ਨੂੰ। ਇਸ ਦਾ ਮਨੋਰਥ ਦਰਜੇਬੰਦੀ ਵਾਲੀ ਨਾਗਰਿਕਤਾ ਬਣਾਉਣਾ ਹੈ, ਜਿਸ ਵਿਚ ਨਾਗਰਿਕਾਂ ਦੇ ਇਕ ਸਮੂਹ ਕੋਲ ਕੋਈ ਹੱਕ ਨਹੀਂ ਹੁੰਦੇ ਅਤੇ ਉਹ ਦੂਜੇ ਸਮੂਹ ਦੇ ਤਰਸ ਅਤੇ ਰਹਿਮੋ-ਕਰਮ 'ਤੇ ਹੁੰਦੇ ਹਨ। ਇਹ ਆਧੁਨਿਕ ਜਾਤੀ ਵਿਵਸਥਾ ਹੋਵੇਗੀ, ਜੋ ਪੁਰਾਣੀ ਜਾਤੀ ਵਿਵਸਥਾ ਦੇ ਨਾਲ-ਨਾਲ ਚੱਲੇਗੀ ਅਤੇ ਇਸ ਵਿਚ ਮੁਸਲਮਾਨ ਨਵੇਂ ਦਲਿਤ ਹੋਣਗੇ। ਕਾਨੂੰਨੀ ਤੌਰ 'ਤੇ ਪੱਛਮੀ ਬੰਗਾਲ ਜਿਹੀਆਂ ਥਾਂਵਾਂ 'ਤੇ, ਜਿਥੇ ਭਾਜਪਾ ਸੱਤਾ 'ਤੇ ਕਾਬਜ਼ ਹੋਣ ਲਈ ਹਮਲਾਵਰ ਮੁਹਿੰਮ ਚਲਾ ਰਹੀ ਹੈ, ਖੁਦਕੁਸ਼ੀਆਂ ਹੋਣੀਆਂ ਸ਼ੁਰੂ ਵੀ ਹੋ ਗਈਆਂ ਹਨ।

1940 ਵਿਚ ਆਰ. ਐਸ. ਐਸ. ਦੇ ਆਗੂ ਐਮ. ਐਸ. ਗੋਲਵਲਕਰ ਨੇ ਆਪਣੀ ਕਿਤਾਬ 'ਵੀ, ਅਵਰ ਨੇਸ਼ਨਹੁੱਡ ਡਿਫਾਇਨਡ' (ਅਸੀਂ, ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ) ਵਿਚ ਲਿਖਿਆ ਸੀ, "ਮੁਸਲਮਾਨਾਂ ਦੇ ਹਿੰਦੁਸਤਾਨ ਦੀ ਧਰਤੀ 'ਤੇ ਪੈਰ ਰੱਖਣ ਦੇ ਉਸ ਮਨਹੂਸ ਦਿਨ ਤੋਂ ਲੈ ਕੇ ਅੱਜ ਤੱਕ, ਹਿੰਦੂ ਰਾਸ਼ਟਰ ਬਹਾਦਰੀ ਨਾਲ ਇਨ੍ਹਾਂ ਲੁਟੇਰਿਆਂ ਦਾ ਮੁਕਾਬਲਾ ਕਰ ਰਿਹਾ ਹੈ। ਹਿੰਦੂ ਨਸਲ ਦੀ ਆਤਮਾ ਜਾਗ ਰਹੀ ਹੈ। ਹਿੰਦੁਸਤਾਨ, ਹਿੰਦੂਆਂ ਦੀ ਧਰਤੀ 'ਤੇ ਹਿੰਦੂ ਰਹਿ ਰਹੇ ਹਨ ਅਤੇ ਇਥੇ ਹਿੰਦੂ ਰਾਸ਼ਟਰ ਹੀ ਰਹਿਣਾ ਚਾਹੀਦਾ ਹੈ। ਬਾਕੀ ਸਾਰੇ ਗੱਦਾਰ ਅਤੇ ਰਾਸ਼ਟਰੀ ਉਦੇਸ਼ ਦੇ ਦੁਸ਼ਮਣ ਹਨ, ਬੇਬਾਕੀ ਨਾਲ ਕਹਾਂ ਤਾਂ ਮੂਰਖ ਹਨ... ਹਿੰਦੁਸਤਾਨ ਵਿਚ ਵਿਦੇਸ਼ੀ ਨਸਲਾਂ... ਇਸ ਮੁਲਕ ਵਿਚ ਰਹਿ ਤਾਂ ਸਕਦੀਆਂ ਹਨ... ਪਰ ਉਨ੍ਹਾਂ ਨੂੰ ਹਿੰਦੂ ਰਾਸ਼ਟਰ ਦੀ ਸੰਪੂਰਨ ਅਧੀਨਗੀ ਵਿਚ ਰਹਿਣਾ ਪਵੇਗਾ, ਕਿਸੇ ਚੀਜ਼ 'ਤੇ ਉਨ੍ਹਾਂ ਦਾ ਦਾਅਵਾ ਨਹੀਂ ਹੋਵੇਗਾ, ਉਹ ਸਹੂਲਤਾਂ ਦੇ ਹੱਕਦਾਰ ਨਹੀਂ ਹੋਣਗੇ, ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ ਹੱਕਾਂ ਦੀ ਗੱਲ ਤਾਂ ਦੂਰ, ਉਨ੍ਹਾਂ ਨੂੰ ਨਾਗਰਿਕ ਦੇ ਹੱਕ ਵੀ ਨਹੀਂ ਹੋਣਗੇ।"

ਉਸ ਨੇ ਅੱਗੇ ਲਿਖਿਆ, "ਆਪਣੀ ਨਸਲ ਅਤੇ ਸੰਸਕ੍ਰਿਤੀ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਜਰਮਨੀ ਨੇ ਸਾਮੀ ਨਸਲ ਯਹੂਦੀਆਂ ਦਾ ਸਫਾਇਆ ਕਰਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਥੇ ਨਸਲੀ ਗੌਰਵ ਆਪਣੇ ਸਰਵੋਤਮ ਰੂਪ ਵਿਚ ਪ੍ਰਗਟ ਹੋਇਆ ਹੈ। ਇਹ ਹਿੰਦੁਸਤਾਨ ਦੇ ਸਿੱਖਣ ਅਤੇ ਫਾਇਦਾ ਉਠਾਉਣ ਲਾਇਕ ਸਬਕ ਹੈ।"

ਗੋਲਵਲਕਰ ਦੀਆਂ ਗੱਲਾਂ ਨੂੰ ਆਧੁਨਿਕ ਭਾਸ਼ਾ ਵਿਚ ਬਦਲ ਕੇ ਪੇਸ਼ ਕਰੀਏ ਤਾਂ ਉਨ੍ਹਾਂ ਨੂੰ ਐਨ. ਆਰ. ਸੀ. ਅਤੇ ਨਾਗਰਿਕਤਾ ਸੋਧ ਬਿੱਲ ਨਹੀਂ ਤਾਂ ਹੋਰ ਕੀ ਕਿਹਾ ਜਾਵੇ? ਇਹ 1935 ਦੇ ਜਰਮਨੀ ਦੇ ਨਿਊਰਮਬਰਗ ਕਾਨੂੰਨਾਂ ਦਾ ਆਰ. ਐਸ. ਐਸ. ਐਡੀਸ਼ਨ ਹੈ। ਉਨ੍ਹਾਂ ਕਾਨੂੰਨਾਂ ਤਹਿਤ ਸਿਰਫ ਉਨ੍ਹਾਂ ਲੋਕਾਂ ਨੂੰ ਜਰਮਨ ਨਾਗਰਿਕ ਮੰਨਿਆ ਗਿਆ ਸੀ, ਜਿਨ੍ਹਾਂ ਨੂੰ ਤੀਜੀ ਰਾਈਖ ਦੀ ਸਰਕਾਰ ਨੇ ਨਾਗਰਿਕਤਾ ਦਸਤਾਵੇਜ਼ 'ਲੀਗੇਸੀ ਪੇਪਰ' ਦਿੱਤੇ ਸਨ। ਮੁਸਲਮਾਨਾਂ ਖਿਲਾਫ ਸੋਧ ਉਸੇ ਤਰ੍ਹਾਂ ਦੀ ਪਹਿਲੀ ਸੋਧ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਪਿਛੋਂ ਦੂਜਿਆਂ ਦਾ ਨੰਬਰ ਆ ਜਾਵੇਗਾ। ਇਸਾਈ, ਦਲਿਤ ਅਤੇ ਕਮਿਊਨਿਸਟ-ਸਾਰੇ ਆਰ. ਐਸ. ਐਸ. ਦੇ ਦੁਸ਼ਮਣ ਹਨ।

ਵਿਦੇਸ਼ੀ ਟ੍ਰਿਬਿਊਨਲ ਅਤੇ ਨਜ਼ਰਬੰਦੀ ਕੇਂਦਰ, ਜੋ ਪਹਿਲਾਂ ਹੀ ਪੂਰੇ ਭਾਰਤ ਵਿਚ ਬਣਨੇ ਸ਼ੁਰੂ ਹੋ ਗਏ ਹਨ, ਹੋ ਸਕਦਾ ਹੈ ਕਿ ਉਹ ਕਰੋੜਾਂ ਮੁਸਲਮਾਨਾਂ ਲਈ ਕਾਫੀ ਨਾ ਹੋਣ, ਪਰ ਇਸ ਦਾ ਮਨੋਰਥ ਸਾਨੂੰ ਇਹ ਦੱਸਣਾ ਹੈ ਕਿ ਭਾਰਤੀ ਮੁਸਲਮਾਨਾਂ ਦੀ ਅਸਲ ਜਗ੍ਹਾ ਕਿਥੇ ਹੈ, ਜਦ ਤੱਕ ਕਿ ਉਹ ਵਿਰਾਸਤ ਦੇ ਦਸਤਾਵੇਜ਼ ਪੇਸ਼ ਨਹੀਂ ਕਰ ਦਿੰਦੇ। ਸਿਰਫ ਹਿੰਦੂਆਂ ਨੂੰ ਹੀ ਇਸ ਮੁਲਕ ਦੇ ਅਸਲੀ ਧਰਤੀ-ਪੁੱਤਰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਦਸਤਾਵੇਜ਼ਾਂ ਦੀ ਲੋੜ ਨਹੀਂ ਹੈ। ਜਦ 450 ਸਾਲ ਪੁਰਾਣੀ ਬਾਬਰੀ ਮਸਜਿਦ ਕੋਲ ਲੀਗੇਸੀ ਪੇਪਰ ਨਹੀਂ ਸਨ ਤਾਂ ਗਰੀਬ ਕਿਸਾਨ ਜਾਂ ਵਿਚਾਰੇ ਫੇਰੀ ਵਾਲੇ ਦੇ ਕੋਲ ਕੀ ਹੋਵੇਗੇ?



ਦਸਤਾਵੇਜ਼ਾਂ ਲਈ ਖੱਜਲ ਹੋ ਰਹੇ ਲੋਕ।

ਇਸੇ ਦੁਸ਼ਟਤਾ ਦੀ ਵਾਹ-ਵਾਹ ਹਿਊਸਟਨ ਸਟੇਡੀਅਮ ਵਿਚ ਜੁੜੇ 60 ਹਜ਼ਾਰ ਲੋਕ ਕਰ ਰਹੇ ਸਨ। ਇਸੇ ਦੁਸ਼ਟਤਾ ਲਈ ਅਮਰੀਕਾ ਦੇ ਰਾਸ਼ਟਰਪਤੀ ਨੇ ਮੋਦੀ ਨਾਲ ਸਹਿਯੋਗ ਦਾ ਹੱਥ ਮਿਲਾਇਆ ਸੀ। ਇਸੇ ਦੁਸ਼ਟਤਾ ਨਾਲ ਇਜ਼ਰਾਈਲ ਭਾਈਵਾਲੀ ਕਰਨਾ ਚਾਹੁੰਦਾ ਹੈ ਅਤੇ ਜਰਮਨ ਲੋਕ ਵਪਾਰ ਕਰਨਾ ਚਾਹੁੰਦੇ ਹਨ, ਫਰਾਂਸ ਆਪਣੇ ਲੜਾਕੂ ਜਹਾਜ਼ ਵੇਚਣਾ ਚਾਹੁੰਦਾ ਹੈ ਅਤੇ ਸਾਊਦੀ ਅਰਬ ਸਰਮਾਇਆ ਲਾਉਣਾ ਚਾਹੁੰਦਾ ਹੈ।

ਸੰਭਵ ਹੈ ਕਿ ਪੂਰੇ ਭਾਰਤ ਵਿਚ ਅੰਜਾਮ ਦਿੱਤੇ ਜਾਣ ਵਾਲੇ ਐਨ. ਆਰ. ਸੀ. ਦੇ ਅਮਲ ਨੂੰ ਸਾਡੇ ਡਾਟਾ ਬੈਂਕ ਅਤੇ ਅੱਖਾਂ ਦੀਆਂ ਪੁਤਲੀਆਂ ਦੇ ਸਕੈਨ ਸਮੇਤ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤਾ ਜਾਵੇ। ਇਸ ਨਾਲ ਪੈਦਾ ਹੋਣ ਵਾਲੇ ਰੁਜ਼ਗਾਰ ਦੇ ਮੌਕੇ ਅਤੇ ਲਾਭ ਨਾਲ ਸਾਡੀ ਦਮ ਤੋੜ ਰਹੀ ਆਰਥਕਤਾ ਵਿਚ ਸ਼ਾਇਦ ਜਾਨ ਪੈ ਜਾਵੇ! ਨਜ਼ਰਬੰਦੀ ਕੇਂਦਰਾਂ ਦੇ ਨਿਰਮਾਣ ਦਾ ਠੇਕਾ ਸੀਮਨਜ਼, ਵੇਅਰ ਅਤੇ ਆਈ. ਜੀ. ਫਾਰਬੇਨ ਤਰਜ਼ ਦੀਆਂ ਭਾਰਤੀ ਕੰਪਨੀਆਂ ਨੂੰ ਮਿਲ ਸਕਦਾ ਹੈ। ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਕਿ ਇਹ ਕੰਪਨੀਆਂ ਕੌਣ ਹੋਣਗੀਆਂ। ਜੇ ਅਸੀਂ ਲੋਕ ਜ਼ਿਕਲੋਨ-ਬੀ (ਗੈਸ ਚੈਂਬਰਾਂ) ਦੇ ਪੜਾਅ 'ਤੇ ਨਾ ਵੀ ਪਹੁੰਚੇ, ਤਾਂ ਵੀ ਬਹੁਤ ਸਾਰਾ ਪੈਸਾ ਤਾਂ ਬਣਾਇਆ ਹੀ ਜਾ ਸਕਦਾ ਹੈ।

ਅਸੀਂ ਤਾਂ ਹੁਣ ਇਹੀ ਉਮੀਦ ਕਰਦੇ ਹਾਂ ਕਿ ਛੇਤੀ ਹੀ ਭਾਰਤ ਦੀਆਂ ਸੜਕਾਂ 'ਤੇ ਅਜਿਹੇ ਲੋਕ ਵਹੀਰਾਂ ਘੱਤ ਕੇ ਆ ਜਾਣਗੇ, ਜਿਨ੍ਹਾਂ ਨੂੰ ਇਹ ਅਹਿਸਾਸ ਹੋਵੇਗਾ ਕਿ ਜੇ ਉਨ੍ਹਾਂ ਹੁਣ ਵੀ ਕੁਝ ਨਾ ਕੀਤਾ ਤਾਂ ਉਨ੍ਹਾਂ ਦਾ ਅੰਤ ਕਿਤੇ ਨੇੜੇ ਹੀ ਹੈ। ਜੇ ਅਜੇ ਵੀ ਅਜਿਹਾ ਨਹੀਂ ਹੁੰਦਾ ਤਾਂ ਇਨ੍ਹਾਂ ਸ਼ਬਦਾਂ ਨੂੰ ਅਜਿਹੇ ਬੰਦੇ ਵਲੋਂ ਅੰਤ ਦੀ ਪੈੜਚਾਲ ਸਮਝ ਲਿਆ ਜਾਵੇ, ਜੋ ਇਸ ਦੌਰ ਦੀਆਂ ਗਵਾਹ ਰਹੀਆਂ ਹਨ।

(ਸਮਾਪਤ)

ਪੰਜਾਬ ਟਾਈਮਜ਼

*ਸਨਿਚਰਵਾਰ, 28 ਦਸੰਬਰ 2019*

# ਸ਼ਹਾਦਤਾਂ ਅਤੇ ਸਰਗਰਮੀ

ਦੇਸੀ ਮਹੀਨੇ ਪੋਹ ਦੀ ਸ਼ੁਰੂਆਤ, ਭਾਵ ਅੰਗਰੇਜ਼ੀ ਮਹੀਨੇ ਦਸੰਬਰ ਦੇ ਅੱਧ ਤੋਂ ਬਾਅਦ ਦਾ ਸਮਾਂ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਵਿਸ਼ੇਸ਼ ਅਰਥ ਰੱਖਦਾ ਹੈ। ਇਨ੍ਹਾਂ ਦਿਨਾਂ ਦੌਰਾਨ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਥ ਤੋਂ ਆਪਣਾ ਸਰਬੰਸ ਵਾਰਿਆ। ਚਾਰੇ ਸਾਹਿਜ਼ਾਦਿਆਂ ਅਤੇ ਮਾਤਾ ਗੁਜਰੀ ਦੀਆਂ ਸ਼ਹਾਦਤਾਂ ਸਿੱਖ ਇਤਿਹਾਸ ਦੇ ਸੋਨ-ਵਰਕਿਆਂ ਉਤੇ ਦਰਜ ਹੋ ਚੁਕੀਆਂ ਹਨ। ਇਨ੍ਹਾਂ ਦਿਨਾਂ ਵਿਚ ਜਦੋਂ ਕਹਿਰਾਂ ਦੀ ਠੰਢ ਅਸਮਾਨ ਵਿਚੋਂ ਝਰਦੀ ਹੈ ਤਾਂ ਇਨ੍ਹਾਂ ਜਿੰਦਾਂ ਦੀਆਂ ਸਰਗਰਮੀਆਂ ਦਾ ਨਿੱਘ ਪੂਰੇ ਮਾਹੌਲ ਨੂੰ ਨਿੱਘਾ ਕਰਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਸ਼ਹਾਦਤਾਂ ਨੂੰ ਸਿਜਦਾ ਕਰਨ ਲਈ ਸੰਗਤ ਦੂਰ-ਦੂਰ ਤੋਂ ਵਹੀਰਾਂ ਘੱਤ ਕੇ ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ/ਸਰਹਿੰਦ ਵਿਖੇ ਪਹੁੰਚਦੀ ਹੈ ਅਤੇ ਸ਼ਹਾਦਤਾਂ ਨੂੰ ਨਤਮਸਤਕ ਹੁੰਦੀ ਹੈ। ਇਹ ਵੀ ਚੰਗੀ ਗੱਲ ਹੋਈ ਹੈ ਕਿ ਸੰਗਤ ਅਤੇ ਕੁਝ ਸੁਘੜ ਵਿਦਵਾਨਾਂ ਦੀਆਂ ਕੋਸ਼ਿਸ਼ਾਂ ਸਦਕਾ ਇਹ ਜੋੜ-ਮੇਲ, ਜੋ ਕਦੀ ਭੁਲੇਖੇਵੱਸ ਜੋੜ-ਮੇਲਿਆਂ ਵਿਚ ਤਬਦੀਲ ਹੋ ਗਏ ਸਨ, ਹੁਣ ਮੁੜ ਪਹਿਲੇ ਰੂਪ ਵਿਚ ਬਦਲ ਰਹੇ ਹਨ ਅਤੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਹੋ ਰਹੇ ਹਨ। ਕਹਿਰਾਂ ਦੀ ਠੰਢ ਦੇ ਬਾਵਜੂਦ ਇਸ ਜੋੜ-ਮੇਲ ਵਿਚ ਵਿਚ ਸੰਗਤ ਦੀ ਭਰਪੂਰ ਸ਼ਿਰਕਤ ਦੱਸਦੀ ਹੈ ਕਿ ਸੰਗਤ ਦੇ ਦਿਲਾਂ ਅੰਦਰ ਇਨ੍ਹਾਂ ਸ਼ਹਾਦਤਾਂ ਦਾ ਰੰਗ ਕਿੰਨਾ ਗੂੜ੍ਹਾ ਚੜ੍ਹਿਆ ਹੋਇਆ ਹੈ। ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਇਹ ਬੇਮਿਸਾਲ ਸ਼ਹਾਦਤ ਸਾਡੇ ਇਤਿਹਾਸ ਦਾ ਬਹੁਤ ਅਹਿਮ ਅਧਿਆਇ ਹੈ ਅਤੇ ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜ਼ੁਲਮ ਨਾਲ ਲੋਹਾ ਲੈਣ ਦਾ ਜਿਗਰਾ ਬਖਸ਼ਦੀ ਰਹੇਗੀ।

ਅੰਤਾਂ ਦੇ ਠੰਢੇ ਇਸ ਮੌਸਮ ਵਿਚ ਐਤਕੀਂ ਇਕ ਹੋਰ ਸਰਗਰਮੀ ਨਮੂਦਾਰ ਹੋਈ ਹੈ, ਜਿਸ ਦਾ ਘੇਰਾ ਪੰਜਾਬ ਹੀ ਨਹੀਂ, ਸਮੁੱਚੇ ਮੁਲਕ ਅੰਦਰ ਫੈਲਿਆ ਹੋਇਆ ਹੈ। ਜਦੋਂ ਤੋਂ ਕੇਂਦਰ ਦੀ ਹਿੰਦੂਤਵ ਪੱਖੀ ਮੋਦੀ ਸਰਕਾਰ ਨੇ ਕੌਮੀ ਨਾਗਰਿਕਤਾ ਰਜਿਸਟਰ (ਐਨ. ਆਰ. ਸੀ.) ਅਤੇ ਨਾਗਰਿਕਤਾ ਸੋਧ ਐਕਟ (ਸੀ. ਏ. ਏ.) ਦੇ ਮਸਲੇ ਛੇੜੇ ਹਨ, ਲੋਕ ਆਪਣੇ ਸਭ ਮੱਤਭੇਦ ਭੁਲਾ ਕੇ ਇਸ ਵਧੀਕੀ ਖਿਲਾਫ ਇਕਜੁਟ ਹੋਏ ਹਨ ਅਤੇ ਇਕ ਵਾਰ ਤਾਂ ਸ਼ਾਸਕਾਂ ਦੇ ਨਾਸੀਂ ਧੂੰਆਂ ਲਿਆ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਇਨ੍ਹਾਂ ਦੀ ਕਰਤਾ-ਧਰਤਾ ਆਰ. ਐਸ. ਐਸ. ਨੂੰ ਲਗਦਾ ਸੀ ਕਿ ਐਨ. ਆਰ. ਸੀ. ਅਤੇ ਸੀ. ਏ. ਏ. ਦੇ ਮਾਮਲਿਆਂ 'ਤੇ ਲੋਕਾਂ ਨੂੰ ਗੁੰਮਰਾਹ ਕਰਕੇ ਘੱਟਗਿਣਤੀਆਂ ਨੂੰ ਖੂੰਜੇ ਲਾਇਆ ਜਾ ਸਕਦਾ ਹੈ, ਪਰ ਇਨ੍ਹਾਂ ਦੋਹਾਂ ਮਸਲਿਆਂ 'ਤੇ ਲੋਕ ਜਿਸ ਢੰਗ ਨਾਲ ਸੜਕਾਂ ਉਤੇ ਨਿੱਤਰੇ ਅਤੇ ਸਰਕਾਰ ਨੂੰ ਸਖਤ ਸੁਨੇਹਾ ਦਿੱਤਾ ਹੈ ਤਾਂ ਇਨ੍ਹਾਂ ਹਿੰਦੂਤਵਵਾਦੀਆਂ ਨੂੰ ਇਕ ਵਾਰ ਤਾਂ ਪਿਛਾਂਹ ਹਟਣ ਲਈ ਮਜਬੂਰ ਹੋਣਾ ਪੈ ਗਿਆ ਹੈ। ਕਿਥੇ ਤਾਂ ਅਮਿਤ ਸ਼ਾਹ ਆਪਣੀ ਰੈਲੀਆਂ ਵਿਚ ਅਤੇ ਸੰਸਦ ਵਿਚ ਵੀ ਟਾਹਰਾਂ ਮਾਰ ਰਿਹਾ ਸੀ ਕਿ ਐਨ. ਆਰ. ਸੀ. ਪੂਰੇ ਮੁਲਕ ਵਿਚ ਲਾਗੂ ਕਰਕੇ ਕਥਿਤ ਘੁਸਪੈਠੀਆਂ ਨੂੰ ਮੁਲਕ 'ਚੋਂ ਬਾਹਰ ਕੱਢਿਆ ਜਾਵੇਗਾ, ਤੇ ਕਿੱਥੇ ਹੁਣ ਪ੍ਰਧਾਨ ਮੰਤਰੀ ਨੂੰ ਸਫਾਈਆਂ ਦੇਣੀਆਂ ਪੈ ਰਹੀਆਂ ਹਨ ਕਿ ਐਨ. ਆਰ. ਸੀ. ਪੂਰੇ ਮੁਲਕ 'ਚ ਕਰਵਾਉਣ ਬਾਰੇ ਤਾਂ ਅਜੇ ਕਿਤੇ ਕੋਈ ਗੱਲ ਵੀ ਨਹੀਂ ਤੁਰੀ ਹੈ ਅਤੇ ਨਾ ਹੀ ਕਿਸੇ ਮੰਚ 'ਤੇ ਇਸ ਬਾਰੇ ਕੋਈ ਚਰਚਾ ਹੋਈ ਹੈ। ਭਾਵੇਂ ਇਸ ਮਸਲੇ 'ਤੇ ਮੀਡੀਆ ਨੇ ਪ੍ਰਧਾਨ ਮੰਤਰੀ ਨੂੰ 'ਸਿਰੇ ਦਾ ਝੂਠਾ' ਕਰਾਰ ਦਿੱਤਾ ਹੈ, ਪਰ ਇਕ ਗੱਲ ਸਾਫ ਹੈ ਕਿ ਹਿੰਦੂਤਵਵਾਦੀ ਮੁਲਕ ਦੇ ਲੋਕਾਂ ਨਾਲ ਇੰਨੀ ਵੀ ਵਧੀਕੀ ਨਹੀਂ ਕਰ ਸਕਦੇ।

ਇਸ ਅਹਿਮ ਮਸਲੇ 'ਤੇ ਪੰਜਾਬ ਨੇ ਆਪਣੀ ਭਰਵੀਂ ਹਾਜ਼ਰੀ ਲੁਆਈ ਹੈ। ਇਸ ਮਾਮਲੇ 'ਤੇ ਤਾਂ ਹੁਣ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਹਮਾਇਤ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਪਿਛਾਂਹ ਮੁੜਨਾ ਪੈ ਗਿਆ ਹੈ। ਇਸ ਮਸਲੇ 'ਤੇ ਅਕਾਲੀ ਦਲ ਨੇ ਸੰਸਦ ਵਿਚ ਹਿੰਦੂਤਵਵਾਦੀਆਂ ਦੀ ਹਮਾਇਤ ਕੀਤੀ ਸੀ, ਪਰ ਜਦੋਂ ਸਮੁੱਚੇ ਮੁਲਕ ਵਿਚ ਲੋਕਾਂ ਦਾ ਰੁਖ ਦੇਖਿਆ ਤਾਂ ਇਸ ਨੂੰ ਵੀ ਕੇਂਦਰ ਸਰਕਾਰ ਨੂੰ ਸਵਾਲ ਕਰਨੇ ਪੈ ਗਏ। ਇਹ ਅਸਲ ਵਿਚ ਲੋਕਾਂ ਦੇ ਏਕੇ ਦੀ ਜਿੱਤ ਹੋਈ ਹੈ ਅਤੇ ਹਾਲ ਹੀ ਵਿਚ ਝਾਰਖੰਡ ਵਿਚ ਹੋਈ ਵਿਧਾਨ ਸਭਾ ਦੀ ਚੋਣ ਇਸ ਮਾਮਲੇ ਵਿਚ ਸੋਨੇ 'ਤੇ ਸੁਹਾਗਾ ਸਾਬਤ ਹੋਈ ਹੈ। ਇਸ ਵਿਧਾਨ ਸਭਾ ਚੋਣ ਵਿਚ ਭਾਰਤੀ ਜਨਤਾ ਪਾਰਟੀ ਨੂੰ ਬਹੁਤ ਬੁਰੀ ਪਛਾੜ ਪਈ ਹੈ। ਇਸ ਚੋਣ ਦੌਰਾਨ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਨਾਗਰਿਕਤਾ ਰਜਿਸਟਰ ਅਤੇ ਨਾਗਰਿਕਤਾ ਸੋਧ ਬਿਲ ਦੇ ਮਾਮਲੇ ਬਹੁਤ ਜ਼ੋਰ-ਸ਼ੋਰ ਨਾਲ ਪ੍ਰਚਾਰੇ ਸਨ, ਪਰ ਉਥੋਂ ਦੀ ਜਨਤਾ ਨੇ ਜੋ ਨਤੀਜਾ ਬਾਹਰ ਲਿਆਂਦਾ ਹੈ, ਉਸ ਨੇ ਸਾਫ ਸੁਨੇਹਾ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਇਉਂ ਮਨਆਈ ਨਹੀਂ ਕਰ ਸਕਦੀ। ਵਿਰੋਧੀ ਸਿਆਸੀ ਧਿਰਾਂ ਦੇ ਏਕੇ ਨੇ ਭਾਰਤੀ ਜਨਤਾ ਪਾਰਟੀ ਦੀ ਇਕ ਨਹੀਂ ਚੱਲਣ ਦਿੱਤੀ। ਹੁਣ ਮੁਲਕ ਦਾ ਸੀਨ ਬਿਲਕੁਲ ਸਾਫ ਹੈ। ਜਿਥੇ-ਜਿਥੇ ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਭਾਰਤੀ ਜਨਤਾ ਪਾਰਟੀ ਨੂੰ ਵੰਗਾਰਿਆ ਹੈ, ਉਥੇ-ਉਥੇ ਹਿੰਦੂਤਵੀ ਰਥ ਨੂੰ ਬਰੇਕਾਂ ਲੱਗੀਆਂ ਹਨ। ਅਜਿਹਾ ਉਸ ਸੂਰਤ ਵਿਚ ਹੋਇਆ ਹੈ, ਜਦੋਂ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਨੂੰ ਆਪਸ ਵਿਚ ਵੰਡ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਅਸਲ ਵਿਚ ਹਿੰਦੂਤਵਵਾਦੀਆਂ ਦੇ ਰਾਜਭਾਗ ਦੌਰਾਨ ਮੁਲਕ ਦੀ ਆਰਥਕਤਾ ਦਾ ਜੋ ਹਾਲ ਹੋਇਆ ਹੈ ਅਤੇ ਆਮ ਲੋਕਾਂ ਤੋਂ ਜਿਸ ਤਰ੍ਹਾਂ ਇਕ-ਇਕ ਕਰਕੇ ਸਭ ਸਹੂਲਤਾਂ ਖੁੱਸ ਰਹੀਆਂ ਹਨ, ਉਸ ਨੇ ਸਰਕਾਰ ਖਿਲਾਫ ਇਹ ਰਾਏ ਬਣਾ ਦਿੱਤੀ ਹੈ ਕਿ ਇਹ ਸਰਕਾਰ ਆਮ ਲੋਕਾਂ ਵਲ ਉਕਾ ਹੀ ਧਿਆਨ ਨਹੀਂ ਦੇ ਰਹੀ ਹੈ, ਸਿਰਫ ਰਾਸ਼ਟਰਵਾਦ ਦਾ ਪ੍ਰਚਾਰ ਕਰਕੇ ਚੋਣਾਂ ਜਿੱਤਦੀ ਹੈ। ਇਸ ਪੱਖ ਤੋਂ ਇਕ ਨੁਕਤਾ ਹੋਰ ਵੀ ਹੈ। ਭਾਰਤੀ ਜਨਤਾ ਪਾਰਟੀ ਨੂੰ ਦਿਨੇ ਤਾਰੇ ਦਿਖਾਉਣ ਦਾ ਕਾਰਜ ਮੁੱਖ ਵਿਰੋਧੀ ਧਿਰ ਮੰਨੀ ਜਾਂਦੀ ਕਾਂਗਰਸ ਦੀ ਥਾਂ ਖੇਤਰੀ ਪਾਰਟੀਆਂ ਜਾਂ ਲੀਡਰਾਂ ਨੇ ਕੀਤਾ ਹੈ। ਇਸ ਲਈ ਇਹ ਸੰਭਵ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਮੁਲਕ ਵਿਚ ਇਕ ਵਾਰ ਫਿਰ ਖੇਤਰੀ ਸਿਆਸਤ ਦੀ ਚੜ੍ਹਤ ਹੋਵੇ। ਇਸ ਸੂਰਤ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਵੱਕਾਰ ਇਕ ਵਾਰ ਫਿਰ ਦਾਅ ਉਤੇ ਲੱਗੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੇਦਰਦ ਹਾਕਮ*

ਜਨਤਾ ਆਪਣੀ ਆਈ 'ਤੇ ਝੱਟ ਆਵੇ, ਹੁਕਮਰਾਨ ਜਦ ਟੱਪਦੇ ਹੱਦ ਭਾਈ।
ਤਾਨਾਸ਼ਾਹਾਂ ਦੇ ਵਾਂਗ ਜਦ ਰਾਜ ਕਰਦੇ, ਮਾੜੇ ਦਿਨਾਂ ਨੂੰ ਲੈਂਦੇ ਨੇ ਸੱਦ ਭਾਈ।
ਦੇਵੇ ਆਗਿਆ ਗੋਲੀਆਂ ਮਾਰਨੇ ਦੀ, ਦੱਸੋ ਕਿਹੜੀ ਸੰਵਿਧਾਨ ਦੀ ਮੱਦ ਭਾਈ।
ਥੋਪੇ ਧੌਂਸ ਦੇ ਨਾਲ ਕਾਨੂੰਨ ਕਾਇਦੇ, ਲੋਕ-ਰੋਹ ਕਰਵਾਉਂਦਾ ਏ ਰੱਦ ਭਾਈ।
ਹੁਣ ਜਾਪਦਾ ਲੋਕ ਮਹਿਸੂਸ ਕਰਦੇ, ਵੋਟਾਂ ਪਾਉਣ ਦੀ ਹੋਈ ਅਵੱਗਿਆ ਏ।
ਹਾਕਮ ਸਮੇਂ ਦੇ ਐਨੇ ਬੇਦਰਦ ਹੋਏ, ਬਾਲੀ ਅੱਗ ਦਾ ਸੇਕ ਨਾ ਲੱਗਿਆ ਏ।

# ਤਾਨਾਸ਼ਾਹੀ ਬਦ, ਤੁਅੱਸਬ ਬਦਤਰ

*ਨਾਗਰਿਕਤਾ ਸੋਧ ਐਕਟ ਨੇ ਅਸਲ ਵਿਚ ਮੋਦੀ ਸਰਕਾਰ ਦੀਆ ਚੂਲਾਂ ਹਿਲਾ ਦਿੱਤੀਆਂ ਹਨ। ਇਸ ਕਾਨੂੰਨ ਖਿਲਾਫ ਭਾਰਤ ਭਰ ਵਿਚ ਰੋਸ ਮੁਜ਼ਾਹਰੇ ਹੋ ਰਹੇ ਹਨ। ਇਹ ਕਾਨੂੰਨ ਅਸਲ ਵਿਚ ਭਾਰਤੀ ਸੰਵਿਧਾਨ ਦੇ ਦਿਲ ਉਤੇ ਸਿੱਧਾ ਵਾਰ ਹੈ ਜਿਹੜਾ ਭਾਰਤ ਨੂੰ ਕੋਈ ਹੋਰ ਮੁਲਕ ਬਣਾ ਦੇਣਾ ਚਾਹੁੰਦਾ ਹੈ। ਇਸ ਬਾਰੇ ਚਰਚਾ ਉਘੇ ਇਤਿਹਾਸਕਾਰ ਰਾਮ ਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਨਾਗਰਿਕਤਾ ਸੋਧ ਐਕਟ ਖਿਲਾਫ ਭਾਰਤ ਭਰ ਵਿਚ ਰੋਸ ਮੁਜ਼ਾਹਰੇ ਹੋ ਰਹੇ ਹਨ। ਇਹ ਕਾਨੂੰਨ ਅਸਲ ਵਿਚ ਭਾਰਤੀ ਸੰਵਿਧਾਨ ਦੇ ਸਿੱਧਾ ਦਿਲ ਉਤੇ ਵਾਰ ਹੈ ਜਿਹੜਾ ਭਾਰਤ ਨੂੰ ਹੋਰ ਦਾ ਹੋਰ ਮੁਲਕ ਬਣਾ ਦੇਣਾ ਚਾਹੁੰਦਾ ਹੈ। ਇਹੋ ਕਾਰਨ ਹੈ ਕਿ ਵੱਖੋ-ਵੱਖ ਖੇਤਰਾਂ ਨਾਲ ਸਬੰਧਤ ਵੱਡੀ ਗਿਣਤੀ ਲੋਕ ਇਸ ਖਿਲਾਫ ਆਵਾਜ਼ ਉਠਾ ਰਹੇ ਹਨ।

ਇਨ੍ਹਾਂ ਵਿਰੋਧ ਜ਼ਾਹਰ ਕਰਨ ਵਾਲਿਆਂ ਵਿਚ ਭਾਰਤੀ ਵਿਗਿਆਨੀ ਵੀ ਸ਼ਾਮਲ ਹਨ ਜੋ ਇਕ ਤਰ੍ਹਾਂ ਗੈਰ-ਸਿਆਸੀ ਭਾਈਚਾਰਾ ਹੈ ਅਤੇ ਇਨ੍ਹਾਂ ਨੂੰ ਆਮ ਤੌਰ 'ਤੇ ਜਨਤਕ ਮੁੱਦਿਆਂ 'ਤੇ ਸਾਂਝਾ ਅੰਦੋਲਨ ਕਰਦੇ ਨਹੀਂ ਦੇਖਿਆ ਜਾਂਦਾ। ਕਈ ਨਾਮੀ ਅਕਾਦਮਿਕ ਅਦਾਰਿਆਂ ਵਿਚ ਪੜ੍ਹਦੇ ਵਿਗਿਆਨ ਦੇ ਹਜ਼ਾਰਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਸ ਬਿਲ ਖਿਲਾਫ ਪਟੀਸ਼ਨ ਉਤੇ ਉਦੋਂ ਦਸਤਖਤ ਕੀਤੇ ਜਦੋਂ ਇਸ ਨੂੰ ਸੰਸਦ ਵਿਚ ਪੇਸ਼ ਕੀਤਾ ਜਾਣਾ ਸੀ। ਉਨ੍ਹਾਂ ਦੀ ਪਟੀਸ਼ਨ ਵਿਚ ਕਿਹਾ ਗਿਆ ਹੈ: 'ਆਜ਼ਾਦੀ ਲਹਿਰ ਤੋਂ ਉਪਜੀ ਭਾਰਤ ਦੀ ਧਾਰਨਾ ਅਜਿਹੇ ਮੁਲਕ ਦੀ ਹੈ ਜਿਥੇ ਸਾਰੇ ਅਕੀਦਿਆਂ ਦੇ

**ਰਾਮਚੰਦਰ ਗੁਹਾ**

ਲੋਕਾਂ ਨਾਲ ਬਰਾਬਰੀ ਵਾਲਾ ਸਲੂਕ ਕੀਤਾ ਜਾਂਦਾ ਹੈ, ਜਿਸ ਨੂੰ ਸਾਡੇ ਸੰਵਿਧਾਨ ਵਿਚ ਪੱਕਾ ਕੀਤਾ ਗਿਆ ਹੈ। ਇਸ ਤਜਵੀਜ਼ਤ ਬਿਲ ਵਿਚ ਨਾਗਰਿਕਤਾ ਲਈ ਧਰਮ ਨੂੰ ਪੈਮਾਨਾ ਬਣਾਇਆ ਜਾਣਾ ਇਸ ਇਤਿਹਾਸ ਨੂੰ ਪੂਰੀ ਤਰ੍ਹਾਂ ਉਲਟਾ ਦੇਵੇਗਾ ਅਤੇ ਇਹ ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਵੀ ਖਿਲਾਫ ਹੋਵੇਗਾ। ਸਾਨੂੰ ਡਰ ਹੈ ਕਿ ਬਿਲ ਦੇ ਘੇਰੇ ਤੋਂ ਮੁਸਲਮਾਨਾਂ ਨੂੰ ਗਿਣ-ਮਿਥ ਕੇ ਬਾਹਰ ਰੱਖੇ ਜਾਣ ਨਾਲ ਭਾਰਤ ਦਾ ਬਹੁਲਤਾਵਾਦੀ ਤਾਣਾ-ਬਾਣਾ ਬੁਰੀ ਤਰ੍ਹਾਂ ਉਲਝ ਜਾਵੇਗਾ।' ਇਨ੍ਹਾਂ ਵਿਗਿਆਨੀਆਂ ਨੇ ਮੰਗ ਕੀਤੀ ਕਿ ਬਿਲ ਨੂੰ 'ਫੌਰੀ ਵਾਪਸ ਲਿਆ ਜਾਵੇ ਤੇ ਇਸ ਦੀ ਥਾਂ ਅਜਿਹਾ ਬਿਲ ਲਿਆਂਦਾ ਜਾਵੇ ਜਿਹੜਾ ਸ਼ਰਨਾਰਥੀਆਂ ਤੇ ਘੱਟਗਿਣਤੀਆਂ ਦੀਆਂ ਚਿੰਤਾਵਾਂ ਦਾ ਵਿਤਕਰੇ-ਰਹਿਤ ਨਿਬੇੜਾ ਕਰੇ।'

ਇਸ ਪਟੀਸ਼ਨ ਦੇ ਸਹੀਕਾਰਾਂ ਵਿਚ ਰੌਇਲ ਸੁਸਾਇਟੀ (ਜੋ ਦੁਨੀਆਂ ਦੀ ਸਭ ਤੋਂ ਵੱਕਾਰੀ ਵਿਗਿਆਨਕ ਸੰਸਥਾ ਹੈ ਤੇ ਕੁਝ ਕੁ ਭਾਰਤੀ ਹੀ ਇਸ ਦੇ ਮੈਂਬਰ ਹਨ) ਦੇ ਕਈ ਫੈਲੋ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿਚ ਆਲਮੀ ਪੱਧਰ ਦੇ ਖੋਜ ਅਦਾਰਿਆਂ ਦੇ ਡਾਇਰੈਕਟਰ ਅਤੇ ਨਾਲ ਹੀ ਦੇਸ਼ ਦੇ ਸਾਰੇ ਇੰਡੀਅਨ ਇੰਸਟੀਚਿਊਟਸ ਆਫ ਟੈਕਨਾਲੋਜੀ (ਆਈ.ਆਈ.ਟੀਜ਼) ਦੇ ਪ੍ਰੋਫੈਸਰ ਅਤੇ ਪੀ.ਐਚ.ਡੀ. ਸਕਾਲਰ ਸ਼ਾਮਲ ਹਨ।

ਲੇਖਕ ਖੁਦ ਭਾਵੇਂ ਇਤਿਹਾਸਕਾਰ ਹੈ ਪਰ ਵਿਗਿਆਨੀਆਂ ਦੇ ਪਰਿਵਾਰ ਨਾਲ ਸਬੰਧਤ ਹੈ। ਆਪਣੇ ਖੋਜ ਕਰੀਅਰ ਦੌਰਾਨ ਮੈਨੂੰ 35 ਸਾਲ ਤੱਕ ਭਾਰਤੀ ਵਿਗਿਆਨ ਜਗਤ ਦੀਆਂ ਕੁਝ ਬਿਹਤਰੀਨ ਹਸਤੀਆਂ ਨਾਲ ਨੇੜਿਓਂ ਕੰਮ ਕਰਨ ਦਾ ਮੌਕਾ ਮਿਲਿਆ। ਇਸ ਤਜਰਬੇ ਦੇ ਆਧਾਰ 'ਤੇ ਮੈਂ ਆਖ ਸਕਦਾ ਹਾਂ ਕਿ ਇਹ ਪਟੀਸ਼ਨ ਲਾਸਾਨੀ ਹੈ। ਇਹ ਲੋਕ ਨਾ ਤਾਂ ਜੇ.ਐਨ.ਯੂ. ਦੇ ਝੋਲੇਵਾਲੇ ਹਨ, ਨਾ ਮਨੁੱਖੀ ਹੱਕਾਂ ਦੇ ਕਾਰਕੁਨ ਜਾਂ ਖੱਬੇ ਪੱਖੀ ਕਲਾਕਾਰ ਆਦਿ, ਜਿਹੜੇ ਅਕਸਰ ਕਿਸੇ ਨਾ ਕਿਸੇ ਮੁੱਦੇ ਉਤੇ ਦਸਤਖਤੀ ਮੁਹਿੰਮਾਂ ਚਲਾਉਂਦੇ ਰਹਿੰਦੇ ਹਨ। ਜੇ ਅਜਿਹੇ ਅਨੇਕਾਂ ਸਤਿਕਾਰਤ ਤੇ ਮੰਨੇ-ਪ੍ਰਮੰਨੇ ਅਤੇ ਨਾਲ ਹੀ ਉਭਰਦੇ ਵਿਗਿਆਨੀਆਂ ਨੇ ਇਸ ਬਿਲ ਖਿਲਾਫ ਆਵਾਜ਼ ਉਠਾਈ ਹੈ ਤਾਂ ਇਹ ਸੱਚਮੁੱਚ ਵੱਡੀ ਤੇ ਲਾਸਾਨੀ ਗੱਲ ਹੈ।

ਅਹਿਮ ਗੱਲ ਹੈ ਕਿ ਸਹੀਕਾਰਾਂ ਨੂੰ ਨੋਬੇਲ ਪੁਰਸਕਾਰ ਜੇਤੂ ਵਿਗਿਆਨੀ ਵੈਂਕਟਾਰਮਨ (ਵੈਂਕੀ) ਰਾਮਾਕ੍ਰਿਸ਼ਨਨ ਦੀ ਵੀ ਹਮਾਇਤ ਹਾਸਲ ਹੋਈ ਹੈ ਜਿਹੜੇ ਸ਼ਾਇਦ ਇਸ ਵੇਲੇ ਭਾਰਤ ਦੇ ਸਭ ਤੋਂ ਨਾਮੀ ਜ਼ਿੰਦਾ ਵਿਗਿਆਨੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਧਰਮ ਦੇ ਆਧਾਰ 'ਤੇ ਵਿਤਕਰੇਬਾਜ਼ੀ ਨਾ ਸਿਰਫ ਵਿਗਿਆਨ ਸਗੋਂ ਸਮਾਜ ਲਈ ਵੀ ਮਾੜੀ ਹੈ। ਉਹ ਕਹਿੰਦੇ ਹਨ ਕਿ 'ਅਕਾਦਮੀਸ਼ੀਅਨ ਅਜਿਹਾ ਮਾਹੌਲ ਚਾਹੁੰਦੇ ਹਨ, ਜਿਸ ਵਿਚ ਹਰ ਕਿਸੇ ਦੀ ਪਛਾਣ ਬਿਨਾਂ ਕਿਸੇ ਪੱਖਪਾਤ ਤੇ ਵਿਤਕਰੇ ਤੋਂ ਪ੍ਰਤਿਭਾ ਦੇ ਆਧਾਰ 'ਤੇ ਹੋਵੇ, ਵਿਗਿਆਨ ਉਦੋਂ ਹੀ ਬਿਹਤਰੀਨ ਢੰਗ ਨਾਲ ਕੰਮ ਕਰਦਾ ਹੈ, ਜਦੋਂ ਹਰੇਕ ਸਮਰੱਥਾਵਾਨ ਨੂੰ ਯੋਗਦਾਨ ਦੇਣ ਦਾ ਮੌਕਾ ਮਿਲੇ।'

ਹੋਰ ਨਾਮੀ ਵਿਗਿਆਨੀਆਂ ਵਾਂਗ ਹੀ, ਵੈਂਕੀ ਰਾਮਾਕ੍ਰਿਸ਼ਨਨ ਵੀ ਸਾਰੀ ਤਵੱਜੋ ਆਪਣੀ ਖੋਜ ਨੂੰ ਦਿੰਦੇ ਹਨ ਤੇ ਆਮ ਕਰਕੇ ਜਨਤਕ ਬਹਿਸਾਂ ਵਿਚ ਨਹੀਂ ਉਲਝਦੇ ਪਰ ਇਸ ਮਾਮਲੇ ਬਾਰੇ ਉਹ ਕਹਿੰਦੇ ਹਨ: "ਮੈਂ ਇਸ ਕਾਰਨ ਬੋਲਣ ਦਾ ਫੈਸਲਾ ਕੀਤਾ ਕਿ ਭਾਵੇਂ ਮੈਂ ਵਿਦੇਸ਼ ਵਿਚ ਰਹਿੰਦਾ ਹਾਂ ਪਰ ਮੈਨੂੰ ਭਾਰਤ ਨਾਲ ਬਹੁਤ ਪਿਆਰ ਹੈ। ਮੈਂ ਹਮੇਸ਼ਾ ਅਜਿਹਾ ਭਾਰਤ ਚਿਤਵਦਾ ਹਾਂ ਜਿਹੜਾ ਬਹੁਤ ਹੀ ਸ਼ਹਿਣਸ਼ੀਲਤਾ ਦਾ ਪ੍ਰਤੀਨਿਧ ਹੈ ਅਤੇ ਨਾਲ ਹੀ ਚਾਹੁੰਦਾ ਹਾਂ ਕਿ ਭਾਰਤ ਹਮੇਸ਼ਾ ਤਰੱਕੀ ਕਰੇ।" ਉਹ ਹੋਰ ਕਹਿੰਦੇ ਹਨ: "ਅਤੇ ਮੈਂ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ 20 ਕਰੋੜ ਲੋਕਾਂ ਨੂੰ ਇਹ ਆਖਣਾ ਕਿ 'ਦੇਖੋ, ਤੁਹਾਡੇ ਮਜ਼ਹਬ ਦਾ ਰੁਤਬਾ ਹੁਣ ਹੋਰਨਾਂ ਧਰਮਾਂ ਵਾਲਾ ਨਹੀਂ ਰਿਹਾ' ਮੁਲਕ ਲਈ ਬਹੁਤ ਫੁੱਟਪਾਊ ਸੁਨੇਹਾ ਹੈ।"

ਇਸੇ ਤਰ੍ਹਾਂ, ਭਾਰਤ ਵਿਚ ਕੰਮ ਕਰ ਰਹੇ ਚੋਟੀ ਦੇ ਵਿਗਿਆਨੀ ਦੇਸ਼ ਦੇ ਮਨੁੱਖੀ ਵਸੀਲਾ ਵਿਕਾਸ (ਐਚ.ਆਰ.ਡੀ.) ਮੰਤਰੀ (ਅਤੇ ਨਾਲ ਹੀ ਵਿਗਿਆਨ ਤੇ ਤਕਨਾਲੋਜੀ ਮੰਤਰੀ) ਵਲੋਂ ਜਨਤਕ ਤੌਰ 'ਤੇ ਕੀਤੀ ਜਾਣ ਵਾਲੀ ਨਾਸਮਝੀ ਭਰੀ ਗਲਤ ਬਿਆਨੀ ਤੋਂ ਨਿਰਾਸ਼ ਹਨ। ਉਹ ਅਹਿਮ ਅਹੁਦਿਆਂ ਉਤੇ ਨਿਯੁਕਤੀਆਂ ਵਿਚ ਵਧ ਰਹੇ ਸਿਆਸੀ ਦਖਲ ਤੋਂ ਵੀ ਫਿਕਰਮੰਦ ਹਨ। ਨਾਗਰਿਕਤਾ ਸੋਧ ਕਾਨੂੰਨ ਨਾਲ ਉਨ੍ਹਾਂ ਦੇ ਇਨ੍ਹਾਂ ਤੌਖਲਿਆਂ ਨੂੰ ਬਲ ਮਿਲੇਗਾ ਕਿ ਆਜ਼ਾਦ ਤੇ ਮੌਲਿਕ ਵਿਗਿਆਨਕ ਖੋਜ ਦੀਆਂ ਸੰਭਾਵਨਾਵਾਂ ਹੁਣ ਹੋਰ ਘਟਣਗੀਆਂ।

ਜਿਸ ਮੁਲਕ ਕੋਲ ਬਿਹਤਰੀਨ ਵਿਗਿਆਨਕ ਬੁਨਿਆਦੀ ਢਾਂਚਾ ਤੇ ਬਿਹਤਰੀਨ ਵਿਗਿਆਨੀ ਮੌਜੂਦ ਹਨ, ਉਹ ਹੈ ਅਮਰੀਕਾ। ਕਿਸੇ ਸਮੇਂ ਇਹ ਮਾਣ ਜਰਮਨੀ ਨੂੰ ਹਾਸਲ ਸੀ। ਅੰਗਰੇਜ਼ੀ ਅਖਬਾਰ 'ਟੈਲੀਗ੍ਰਾਫ' ਨੂੰ ਦਿੱਤੀ ਇੰਟਰਵਿਊ ਵਿਚ ਵੈਂਕੀ ਰਾਮਾਕ੍ਰਿਸ਼ਨਨ ਕਹਿੰਦੇ ਹਨ: "ਜਿਨ੍ਹਾਂ ਮੁਲਕਾਂ 'ਚ ਵਿਗਿਆਨ ਬਾਰੇ ਵਿਚਾਰਧਾਰਾਵਾਂ ਹਨ, ਉਨ੍ਹਾਂ ਆਖਰ ਆਪਣੇ ਮੁਲਕ ਵਿਚ ਵਿਗਿਆਨਕ ਵਿਕਾਸ ਨੂੰ ਖਤਮ ਕਰ ਲਿਆ। ਜ਼ਾਹਰ ਹੈ ਕਿ ਜਰਮਨਾਂ ਨੂੰ ਹਿਟਲਰ ਦੇ ਨੁਕਸਾਨ ਤੋਂ ਉਭਰਨ ਵਿਚ 50 ਸਾਲ ਲੱਗ ਗਏ।" ਉਨ੍ਹਾਂ ਦੇ ਕਹਿਣ ਦਾ ਇਹ ਵੀ ਮਤਲਬ ਹੈ ਕਿ ਜਰਮਨੀ ਦਾ ਨੁਕਸਾਨ, ਅਮਰੀਕਾ ਦਾ ਫਾਇਦਾ ਸਾਬਤ ਹੋਇਆ। ਹਿਟਲਰ ਦੀਆਂ ਮਾਰੂ ਨੀਤੀਆਂ ਕਾਰਨ ਜਰਮਨੀ ਦੇ ਬਹੁਤ ਸਾਰੇ ਬਿਹਤਰੀਨ ਵਿਗਿਆਨੀ ਅਮਰੀਕਾ ਹਿਜਰਤ ਕਰ ਗਏ। ਵਿਗਿਆਨ ਦੇ ਸਹੀ ਢੰਗ ਨਾਲ ਵਧਣ-ਫੁੱਲਣ ਲਈ ਜ਼ਰੂਰੀ ਹੈ ਕਿ ਉਥੇ ਮਜ਼ਬੂਤ ਆਰਥਿਕ ਆਧਾਰ ਹੋਵੇ; ਵਿਗਿਆਨ ਨੂੰ ਸਰਕਾਰੀ ਸਹਿਯੋਗ ਹਾਸਲ ਹੋਵੇ; ਅਤੇ ਨਾਲ ਹੀ ਲਾਜ਼ਮੀ ਹੈ ਕਿ ਸਿਆਸੀ ਮਾਹੌਲ ਜਮਹੂਰੀਅਤ ਤੇ ਬਹੁਲਤਾਵਾਦ ਨੂੰ ਹੁਲਾਰਾ ਦੇਣ ਵਾਲਾ ਹੋਵੇ। ਅਮਰੀਕਾ ਵਿਚ ਇਹ ਸਾਰਾ ਕੁਝ ਭਰਪੂਰ ਹੈ। ਦੂਜੇ ਪਾਸੇ, ਭਾਰਤ ਇਨ੍ਹਾਂ ਸਭਨਾਂ ਨੂੰ ਵਿਕਸਤ ਕਰਨ ਲਈ ਜੂਝ ਰਿਹਾ ਹੈ। ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਆਰਥਿਕ ਵਿਕਾਸ ਘਟ ਰਿਹਾ ਹੈ। ਮੋਦੀ ਸਰਕਾਰ ਪੂਰੀ ਤਰ੍ਹਾਂ ਬੌਧਿਕਤਾ ਵਿਰੋਧੀ ਹੈ।

ਗ਼ੌਰਤਲਬ ਹੈ ਕਿ 1970ਵਿਆਂ ਦੌਰਾਨ ਭਾਰਤੀ ਵਿਗਿਆਨ, ਚੀਨੀ ਵਿਗਿਆਨ ਤੋਂ ਕਿਤੇ ਅਗਾਂਹ ਸੀ ਪਰ ਹੁਣ ਬਹੁਤ ਪਿਛਾਂਹ ਹੈ। ਇਸ ਦਾ ਕਾਰਨ ਹੈ ਕਿ ਚੀਨੀ ਅਰਥਚਾਰਾ ਬਹੁਤ ਤੇਜ਼ੀ ਨਾਲ ਵਧਿਆ ਕਿਉਂਕਿ ਹਾਲੀਆ ਸਾਲਾਂ ਦੌਰਾਨ ਚੀਨੀ ਹਕੂਮਤ ਨੇ ਆਧੁਨਿਕ ਵਿਗਿਆਨਕ ਖੋਜ ਨੂੰ ਬਹੁਤ ਹੱਲਾਸ਼ੇਰੀ ਦਿੱਤੀ। ਚੀਨੀ ਵਿਗਿਆਨ ਦੇ ਕਰਤਾ-ਧਰਤਾ ਨਹੀਂ ਚਾਹੁੰਦੇ ਕਿ ਚੀਨੀ ਵਿਗਿਆਨੀ ਪ੍ਰਾਚੀਨ ਚੀਨੀ ਵਿਚਾਰਾਂ ਤੋਂ ਸੇਧਾਂ ਲੈਣ। ਚੀਨੀ ਸਦਰ ਸ਼ੀ ਜਿਨਪਿੰਗ ਕਦੇ ਕਿਸੇ ਨਿਕੰਮੇ ਬੰਦੇ ਨੂੰ ਆਪਣਾ ਸਿੱਖਿਆ ਮੰਤਰੀ ਬਣਾਉਣ ਬਾਰੇ ਸੋਚੇਗਾ ਵੀ ਨਹੀਂ, ਜਿਵੇਂ ਨਰਿੰਦਰ ਮੋਦੀ ਨੇ ਬਣਾਇਆ ਹੋਇਆ ਹੈ। ਵਜ੍ਹਾ - ਮੋਦੀ ਅਤੇ ਭਾਜਪਾ ਦੇ ਉਲਟ, ਸ਼ੀ ਅਤੇ ਚੀਨੀ ਕਮਿਊਨਿਸਟ ਪਾਰਟੀ ਨੂੰ ਪਤਾ ਹੈ ਕਿ 21ਵੀਂ ਸਦੀ ਵਿਚ ਕਿਸੇ ਮੁਲਕ ਦਾ ਆਰਥਿਕ ਅਤੇ ਸਿਆਸੀ ਭਵਿੱਖ ਵੱਡੇ ਪੱਧਰ 'ਤੇ ਇਸ ਦੇ ਵਿਗਿਆਨਕ ਅਦਾਰਿਆਂ ਦੇ ਮਿਆਰ ਅਤੇ ਖੁਦਮੁਖਤਾਰੀ ਉਤੇ ਮੁਨੱਸਰ ਕਰਦਾ ਹੈ।

ਵਿਗਿਆਨ ਲਈ ਤਾਨਾਸ਼ਾਹੀ ਤਾਂ ਮਾੜੀ ਹੈ ਹੀ ਪਰ ਤੁਅੱਸਬੀ ਵਿਚਾਰਧਾਰਾ ਹੋਰ ਵੀ ਖਤਰਨਾਕ ਹੈ। ਜਦੋਂ ਤੱਕ ਦੇਸ਼ ਉਤੇ ਅਜਿਹੇ ਹੁਕਮਰਾਨ ਰਾਜ ਕਰਦੇ ਰਹਿਣਗੇ ਜਿਹੜੇ ਸੋਚਦੇ ਹਨ ਕਿ ਸਾਰੀਆਂ ਕਾਢਾਂ ਹਿੰਦੂਆਂ ਨੇ ਹੀ ਕੱਢੀਆਂ ਹਨ ਤੇ ਹਿੰਦੂ, ਮੁਸਲਮਾਨਾਂ ਤੋਂ ਉਤਮ ਹਨ, ਉਦੋਂ ਤੱਕ ਨਾ ਤਾਂ ਭਾਰਤੀ ਵਿਗਿਆਨ ਆਪਣੀ ਸਮਰੱਥਾ ਕਾਇਮ ਰੱਖ ਸਕੇਗਾ ਤੇ ਨਾ ਹੀ ਭਾਰਤ ਦਾ ਅਰਥਚਾਰਾ ਕਾਇਮ ਰਹਿ ਸਕੇਗਾ। 1950ਵਿਆਂ ਤੇ 60ਵਿਆਂ ਦੌਰਾਨ ਵਿਦੇਸ਼ਾਂ ਵਿਚ ਸਿਖਲਾਈ ਪ੍ਰਾਪਤ ਭਾਰਤੀ ਵਿਗਿਆਨੀ ਦੇਸ਼ ਸੇਵਾ ਲਈ ਵਾਪਸ ਭਾਰਤ ਆ ਜਾਂਦੇ ਸਨ। ਉਨ੍ਹਾਂ ਵਿਚ ਆਦਰਸ਼ਵਾਦ ਦਾ ਜੋਸ਼ ਸੀ ਜਿਹੜੇ ਨਵੇਂ ਆਜ਼ਾਦ ਹੋਏ ਭਾਰਤ ਨੂੰ ਮਜ਼ਬੂਤ ਕਰਨਾ ਚਾਹੁੰਦੇ ਸਨ ਪਰ ਨਾਲ ਹੀ ਉਨ੍ਹਾਂ ਨੂੰ ਮੁਲਕ ਦੇ ਸਿਆਸੀ ਮਾਹੌਲ 'ਤੇ ਵੀ ਭਰੋਸਾ ਸੀ - ਸਾਡੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਜਮਹੂਰੀਅਤ ਅਤੇ ਬਹੁਲਤਾਵਾਦ ਦੇ ਨਾਲ-ਨਾਲ ਆਧੁਨਿਕ ਵਿਗਿਆਨ ਨੂੰ ਵੀ ਸਮਰਪਿਤ ਸਨ। ਇਸ ਤੋਂ ਬਾਅਦ ਵੀ ਬਾਹਰ ਪੜ੍ਹ ਕੇ ਕਾਫੀ ਵਿਗਿਆਨੀ ਭਾਰਤ ਆਏ। ਭਾਵੇਂ ਵਿਦੇਸ਼ਾਂ ਵਿਚ ਵਧੀਆ ਜ਼ਿੰਦਗੀ ਦੀ ਬਹੁਤ ਖਿੱਚ ਸੀ, ਪਰ ਹੁਣ ਭਾਰਤ ਵਿਚ ਬਹੁਤ ਸਾਰੇ ਵਧੀਆ ਵਿਗਿਆਨਕ ਅਦਾਰੇ ਹਨ, ਜਿੱਥੇ ਮੌਲਿਕ ਖੋਜ ਕੀਤੀ ਜਾ ਸਕਦੀ ਹੈ। ਮੇਰੇ ਬਹੁਤ ਸਾਰੇ ਸਮਕਾਲੀਆਂ ਨੇ ਆਈ.ਵੀ. ਲੀਗ ਯੂਨੀਵਰਸਿਟੀਆਂ ਵਿਚ ਪੀ.ਐਚ.ਡੀਜ਼ ਕੀਤੀਆਂ ਹਨ ਤੇ ਉਹ ਉਥੇ ਵਧੀਆ ਨੌਕਰੀਆਂ ਵੀ ਹਾਸਲ ਕਰ ਸਕਦੇ ਸਨ। ਇਸ ਦੇ ਬਾਵਜੂਦ ਉਹ ਭਾਰਤ ਪਰਤੇ। ਪਰ ਕੀ ਉਨ੍ਹਾਂ ਦੇ ਵਿਦਿਆਰਥੀ ਪਰਤਣਗੇ?

ਅਜੋਕੇ ਭਾਰਤੀ ਯੁਵਾ ਵਿਗਿਆਨੀਆਂ ਨੂੰ ਕੇਂਦਰੀ ਮੰਤਰੀਆਂ ਤੋਂ ਹੀ ਨਹੀਂ ਸਗੋਂ ਖੁਦ ਪ੍ਰਧਾਨ ਮੰਤਰੀ ਤੋਂ ਅਜਿਹੇ ਦਾਅਵੇ ਸੁਣਨ ਨੂੰ ਮਿਲਦੇ ਹਨ ਕਿ ਪ੍ਰਾਚੀਨ ਹਿੰਦੂਆਂ ਨੂੰ ਟੈਸਟ-ਟਿਊਬ ਬੱਚੇ ਪੈਦਾ ਕਰਨ ਦੀ ਤਕਨੀਕ ਦਾ ਇਲਮ ਸੀ ਅਤੇ ਉਹ ਹਵਾਈ ਜਹਾਜ਼ ਬਣਾ ਤੇ ਉਡਾ ਸਕਦੇ ਸਨ। ਉਨ੍ਹਾਂ ਦੇ ਸਾਹਮਣੇ ਹੀ ਕੇਂਦਰ ਸਰਕਾਰ ਵੱਲੋਂ ਮਾਹਿਰ ਵਿਗਿਆਨੀ ਕਮੇਟੀਆਂ ਦੀਆਂ ਸਿਫਾਰਸ਼ਾਂ ਨੂੰ ਰੱਦ ਕਰ ਕੇ ਆਰ.ਐਸ.ਐਸ. ਦੇ ਬੰਦਿਆਂ ਨੂੰ ਦੇਸ਼ ਦੀਆਂ ਬਿਹਤਰੀਨ ਯੂਨੀਵਰਸਿਟੀਆਂ ਅਤੇ ਖੋਜ ਅਦਾਰਿਆਂ ਦੇ ਵਾਈਸ ਚਾਂਸਲਰ ਤੇ ਡਾਇਰੈਕਟਰ ਬਣਾਇਆ ਜਾ ਰਿਹਾ ਹੈ। ਉਹ ਦੇਖ ਰਹੇ ਹਨ ਕਿ ਕਿਵੇਂ ਪੁਲਿਸ ਵਲੋਂ ਯੂਨੀਵਰਸਿਟੀ ਲਾਇਬਰੇਰੀਆਂ ਵਿਚ ਭੰਨ-ਤੋੜ ਕੀਤੀ ਜਾਂਦੀ ਹੈ ਜਦੋਂਕਿ ਅਜਿਹਾ ਕੁਝ ਕਦੇ ਅੰਗਰੇਜ਼ ਹਕੂਮਤ ਦੌਰਾਨ ਵੀ ਨਹੀਂ ਸੀ ਹੋਇਆ। ਜੇ ਅਜਿਹੇ ਯੁਵਾ ਵਿਗਿਆਨੀਆਂ ਨੂੰ ਆਪਣਾ ਕਰੀਅਰ ਵਿਗਿਆਨਕ ਖੋਜ ਲਈ ਵਧੇਰੇ ਮੁਫੀਦ ਮੁਲਕ ਵਿਚ ਬਣਾਉਣ ਦਾ ਮੌਕਾ ਮਿਲਦਾ ਹੈ ਤਾਂ ਉਹ ਭਾਰਤ ਵਿਚ ਕਿਉਂ ਰਹਿਣਗੇ?

ਨਾਗਰਿਕ ਸੋਧ ਬਿਲ ਦਾ ਸਿੱਟਾ ਇਹ ਨਿਕਲੇਗਾ ਕਿ ਦੇਸ਼ ਵਿਚੋਂ ਬਰੇਨ ਡਰੇਨ (ਪ੍ਰਤਿਭਾਵਾਨਾਂ ਦੇ ਹਿਜਰਤ ਕਰ ਜਾਣ) ਦਾ ਅਮਲ ਤੇਜ਼ੀ ਫੜੇਗਾ। ਵਿਦੇਸ਼ ਪੜ੍ਹੇ ਹੋਏ ਭਾਰਤੀ ਵਿਗਿਆਨੀਆਂ ਵਿਚੋਂ ਬਿਲਕੁਲ ਹੀ ਘੱਟ ਇਸ ਫਿਰਕੂ ਵਿਤਕਰੇਬਾਜ਼ੀ ਦੇ ਸ਼ਿਕਾਰ ਭਾਰਤ ਵਿਚ ਪਰਤਣਾ ਚਾਹੁਣਗੇ। ਭਾਰਤ ਦਾ ਨੁਕਸਾਨ ਅਮਰੀਕਾ ਦਾ ਨਫਾ ਸਾਬਤ ਹੋਵੇਗਾ। ਇਸ ਤਰ੍ਹਾਂ ਭਾਰਤੀ ਵਿਗਿਆਨ ਲਈ ਛੋਟੀ (ਤੇ ਦਰਮਿਆਨੀ) ਮਿਆਦ ਦੀਆਂ ਸੰਭਾਵਨਾਵਾਂ ਬਹੁਤ ਨਿਰਾਸ਼ਾਜਨਕ ਹਨ। ਇਸ ਦੇ ਬਾਵਜੂਦ ਸਾਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਿ ਸਾਡੇ ਵੱਡੀ ਗਿਣਤੀ ਵਿਗਿਆਨੀਆਂ ਨੇ ਇਕ ਬਹੁਤ ਹੀ ਵਿਤਕਰੇਬਾਜ਼ ਕਾਨੂੰਨ ਖਿਲਾਫ ਵਿਰੋਧ ਜ਼ਾਹਰ ਕੀਤਾ ਹੈ। ਜੇ ਸਰਕਾਰ ਨੂੰ ਦੇਸ਼ ਦੇ ਭਵਿਖ ਦਾ ਰਤਾ ਜਿੰਨਾ ਵੀ ਫਿਕਰ ਹੈ ਤਾਂ ਉਸ ਨੂੰ ਭਾਰਤੀ ਵਿਗਿਆਨ ਜਗਤ ਦੀਆਂ ਇਨ੍ਹਾਂ ਬੇਹੱਦ ਬੁੱਧੀਮਾਨ ਹਸਤੀਆਂ ਦੀ ਗੱਲ 'ਤੇ ਕੰਨ ਧਰਨਾ ਚਾਹੀਦਾ ਹੈ। ਪਰ ਮੋਦੀ ਸਰਕਾਰ ਅਜਿਹਾ ਨਹੀਂ ਕਰੇਗੀ ਕਿਉਂਕਿ ਇਹ ਸੌੜੀ ਸੋਚ ਵਾਲੀ ਵੀ ਹੈ ਤੇ ਤੁਅੱਸਬੀ ਵੀ। ਇਸ ਦੇ ਬਾਵਜੂਦ ਇਤਿਹਾਸ ਇਨ੍ਹਾਂ ਵਿਗਿਆਨੀਆਂ ਨੂੰ ਸਹੀ ਕਰਾਰ ਦੇਵੇਗਾ। ਜਦੋਂ ਭਾਰਤ ਨੂੰ ਲੋੜ ਸੀ ਕਿ ਉਹ ਬੋਲਣ, ਉਨ੍ਹਾਂ ਆਪਣੀ ਆਵਾਜ਼ ਬੁਲੰਦੀ ਨਾਲ ਉਠਾਈ।

# ਭਗਵੇਂ ਰਥ ਦੀ ਧੂਸ ਰੋਕਣ ਲਈ ਡਟੇ ਲੋਕ

**ਬੂਟਾ ਸਿੰਘ**
ਫੋਨ: +91-94634-74342

ਨਾਗਰਿਕਤਾ ਸੋਧ ਐਕਟ ਵਿਰੁਧ ਅਵਾਮ ਦੇ ਪੁਰਅਮਨ ਧਰਨਿਆਂ-ਮੁਜ਼ਾਹਰਿਆਂ ਨੂੰ ਲਾਠੀ-ਗੋਲੀ ਨਾਲ ਦਬਾਉਣ ਦੇ ਸੱਤਾਧਾਰੀ ਧਿਰ ਦੇ ਰਵੱਈਏ ਤੋਂ ਪੂਰੀ ਤਰ੍ਹਾਂ ਸਪਸ਼ਟ ਹੋ ਗਿਆ ਹੈ ਕਿ ਹਿੰਸਾ ਫੈਲਾਉਣ ਅਤੇ ਫਿਰਕੂ ਪਾਟਕ ਪਾਉਣ ਵਾਲੇ ਕੌਣ ਹਨ ਅਤੇ ਕੌਣ ਮੁਲਕ ਦੀ ਸਮਾਜੀ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਯਤਨਸ਼ੀਲ ਹਨ। ਪ੍ਰਧਾਨ ਮੰਤਰੀ ਦੀਆਂ ਨਾਗਰਿਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਅਤੇ ਅਮਨ-ਅਮਾਨ ਬਣਾਈ ਰੱਖਣ ਦੀਆਂ ਅਪੀਲਾਂ ਦਾ ਦੰਭ ਹੁਣ ਜ਼ਿਆਦਾਤਰ ਲੋਕਾਂ ਨੇ ਸਮਝਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਗਿਣ-ਮਿਥ ਕੇ ਹਿੰਸਾ ਤਾਂ ਸੱਤਾ ਦੇ ਇਸ਼ਾਰੇ 'ਤੇ ਖੁਦ ਪੁਲਿਸ ਕਰ ਰਹੀ ਹੈ। 'ਫਸਾਦੀਆਂ ਨੂੰ ਉਹਨਾਂ ਦੇ ਕੱਪੜਿਆਂ ਤੋਂ ਪਛਾਣ ਸਕਦੇ ਹੋ' ਐਸੀ ਭੜਕਾਊ ਬਿਆਨਬਾਜ਼ੀ ਵੀ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਹੋਰ ਆਗੂ ਹੀ ਕਰ ਰਹੇ ਹਨ।

ਸੱਤਾਧਾਰੀ ਧਿਰ ਅਤੇ ਰਾਜ ਮਸ਼ੀਨਰੀ ਵਲੋਂ ਪੈਦਾ ਕੀਤੇ ਐਨੇ ਭੜਕਾਊ ਮਾਹੌਲ ਦੇ ਬਾਵਜੂਦ, ਕੁਝ ਆਪਮੁਹਾਰੀਆਂ ਘਟਨਾਵਾਂ ਨੂੰ ਛੱਡ ਕੇ, ਜ਼ਾਬਤਾਬੱਧ ਰੋਸ-ਮੁਜ਼ਾਹਰੇ ਨਿਆਂਪਸੰਦ ਨਾਗਰਿਕਾਂ ਦੀ ਆਪਣੇ ਵਤਨ ਨੂੰ ਪਾਟਕ-ਪਾਊ-ਹਿੰਸਕ ਹਿੰਦੂਤਵੀ ਸਾਜ਼ਿਸ਼ ਤੋਂ ਬਚਾਉਣ ਅਤੇ ਘੱਟਗਿਣਤੀ ਮੁਸਲਿਮ ਭਾਈਚਾਰੇ ਦਾ ਦਰਦ ਵੰਡਾਉਣ ਦੀ ਸਮੂਹਿਕ ਫਿਕਰਮੰਦੀ ਦੀ ਤਰਜਮਾਨੀ ਕਰਦੇ ਹਨ। ਦੂਜੇ ਪਾਸੇ, ਨਿਆਂ ਪ੍ਰਣਾਲੀ ਦੀ ਨਾਗਰਿਕਤਾ ਦੇ ਹੱਕ ਉਪਰ ਹਮਲੇ ਪ੍ਰਤੀ ਸੰਵੇਦਨਸ਼ੀਲਤਾ ਅਤੇ ਗੰਭੀਰਤਾ ਦਾ ਆਲਮ ਇਹ ਹੈ ਕਿ ਸੁਪਰੀਮ ਕੋਰਟ ਨੇ ਉਪਰੋਕਤ ਐਕਟ ਵਿਰੁਧ ਦਾਇਰ ਕੀਤੀਆਂ 59 ਪਟੀਸ਼ਨਾਂ ਦੀ ਸੁਣਵਾਈ 22 ਜਨਵਰੀ 'ਤੇ ਪਾ ਦਿੱਤੀ ਹੈ।

ਸੱਜਰਾ ਅਵਾਮੀ ਉਭਾਰ ਭਾਰਤ ਦੀ ਸਾਂਝੀ ਵਿਰਾਸਤ ਅਤੇ ਫਿਰਕੂ ਇਕਸੁਰਤਾ ਨੂੰ ਬਚਾਉਣ ਦਾ ਕਾਬਲੇ-ਤਾਰੀਫ ਹੰਭਲਾ ਹੈ ਜਿਸ ਦਾ ਇਜ਼ਹਾਰ 'ਜਬ ਹਿੰਦੂ-ਮੁਸਲਿਮ ਰਾਜ਼ੀ, ਤੋ ਕਯਾ ਕਰੇਗਾ ਨਾਜ਼ੀ' ਵਰਗੇ ਨਾਅਰਿਆਂ ਦੀ ਸ਼ਕਲ ਵਿਚ ਹੋ ਰਿਹਾ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਪ੍ਰਾਜੈਕਟ ਤਹਿਤ ਲਿਆਂਦੇ ਨਾਗਰਿਕਤਾ ਸੋਧ ਐਕਟ ਅਤੇ ਪੂਰੇ ਮੁਲਕ ਲਈ ਐਨ.ਆਰ.ਸੀ. ਬਣਾਏ ਜਾਣ ਦੇ ਸੰਕੇਤਾਂ ਵਿਚ ਮੌਜੂਦ ਫਾਸ਼ੀਵਾਦੀ ਖਤਰਿਆਂ ਨੂੰ ਮਹਿਸੂਸ ਕਰਕੇ ਅਵਾਮ ਸੜਕਾਂ ਉਪਰ ਨਿਕਲ ਆਏ। ਉਹ ਹਿਟਲਰੀ ਤਰਜ਼ ਦੇ ਹਿੰਦੂ ਰਾਸ਼ਟਰ ਦੇ ਪ੍ਰਾਜੈਕਟ ਤਹਿਤ ਪੂਰੇ ਮੁਲਕ ਨੂੰ ਕਸ਼ਮੀਰ ਵਰਗੇ ਹਾਲਾਤ ਵਲ ਧੱਕਣ ਅਤੇ ਸੰਭਾਵੀ ਤਬਾਹੀ ਅਤੇ ਬਰਬਾਦੀ ਦੇ ਖਤਰੇ ਦੇ ਮੱਦੇਨਜ਼ਰ ਇਸ ਹਮਲੇ ਨੂੰ ਠੱਲਣ ਲਈ ਦ੍ਰਿੜ ਹਨ। ਦਿੱਲੀ ਵਿਚ ਇੰਟਰਨੈਟ ਅਤੇ ਮੈਟਰੋ ਸਟੇਸ਼ਨ ਬੰਦ ਰੱਖੇ ਗਏ। ਥੋਕ ਪੈਮਾਨੇ 'ਤੇ ਜਬਰ ਤੇ ਗ੍ਰਿਫਤਾਰੀਆਂ ਵੀ ਅਵਾਮ ਦੇ ਹੌਸਲੇ ਪਸਤ ਨਹੀਂ ਕਰ ਸਕੇ। ਉਤਰ-ਪੂਰਬ ਵੀ ਸੜਕਾਂ ਉਪਰ ਹੈ, ਹਾਲਾਂਕਿ ਉਹਨਾਂ ਦੇ ਵਿਰੋਧ ਦੇ ਕਾਰਨ ਵੱਖਰੇ ਹਨ।

ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਪਹਿਲਾਂ ਦੋ ਯੂਨੀਵਰਸਿਟੀ ਕੈਂਪਸਾਂ, ਜਾਮੀਆ ਮਿਲੀਆ ਇਸਲਾਮੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਤੇ ਫਿਰ ਵੱਖ-ਵੱਖ ਥਾਈਂ ਮੁਜ਼ਾਹਰਾਕਾਰੀਆਂ ਉਪਰ ਹਮਲੇ ਕਰਕੇ, ਖੁਦ ਭੰਨ-ਤੋੜ ਕਰਕੇ ਅਤੇ ਵਹੀਕਲਾਂ ਨੂੰ ਅੱਗਾਂ ਲਾ ਕੇ ਵਿਰੋਧ ਨੂੰ ਦਬਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਕੈਂਪਸਾਂ ਦੇ ਵਿਦਿਆਰਥੀ-ਪ੍ਰੋਫੈਸਰ, ਆਮ ਲੋਕ ਅਤੇ ਪੁਲਿਸ ਦੀ ਬਦਸਲੂਕੀ ਦਾ ਸ਼ਿਕਾਰ ਹੋਏ ਪੱਤਰਕਾਰ ਇਸ ਦੇ ਚਸ਼ਮਦੀਦ ਗਵਾਹ ਹਨ। ਇਹਨਾਂ ਘਟਨਾਵਾਂ ਦੀ ਤਸਦੀਕ ਕਰਦੀਆਂ ਦਰਜਨਾਂ ਵੀਡੀਓ ਫੁੱਟੇਜ ਨਿਰਪੱਖ ਨਿਊਜ਼ ਪੋਰਟਲਾਂ ਅਤੇ ਸੋਸ਼ਲ ਮੀਡੀਆ ਮੰਚਾਂ ਉਪਰ ਨਸ਼ਰ ਹੋਈਆਂ।

ਪੁਲਿਸ ਦੇ ਹਮਲੇ ਹੁਣ ਤੱਕ 21 ਲੋਕਾਂ ਦੀ ਜਾਨ ਲੈ ਚੁੱਕੇ ਹਨ। ਪੁਲਿਸ ਅਮਨ-ਕਾਨੂੰਨ ਕਾਇਮ ਰੱਖਣ ਵਾਲੀ ਤਾਕਤ ਦੀ ਭੂਮਿਕਾ ਤਿਆਗ ਕੇ ਸ਼ਰੇਆਮ ਸੱਤਾਧਾਰੀ ਧਿਰ ਦੇ ਪ੍ਰਾਈਵੇਟ ਲੱਠਮਾਰਾਂ ਦੀ ਭੂਮਿਕਾ ਨਿਭਾਉਂਦੀ ਤੇ ਪੁਰਅਮਨ ਮੁਜ਼ਾਹਰਾਕਾਰੀਆਂ ਤੇ ਆਮ ਲੋਕਾਂ ਉਪਰ ਅੰਧਾਧੁੰਦ ਲਾਠੀਆਂ-ਗੋਲੀਆਂ ਚਲਾਉਂਦੀ ਦੇਖੀ ਗਈ। ਯੂਨੀਵਰਸਿਟੀ ਦੀ ਲਾਇਬਰੇਰੀ, ਹੋਸਟਲਾਂ, ਵਾਸ਼ਰੂਮਾਂ ਵਿਚ ਜਾ ਕੇ ਵਿਦਿਆਰਥੀਆਂ ਉਪਰ ਹਮਲਿਆਂ ਅਤੇ ਹਸਪਤਾਲ ਵਿਚ ਜ਼ਖਮੀਆਂ ਨਾਲ ਬਦਤਮੀਜ਼ੀ ਦੇ ਮੰਜ਼ਰ ਕੁਲ ਆਲਮ ਨੇ ਦੇਖੇ। ਦਿੱਲੀ ਵਿਚ ਮੁਜ਼ਾਹਰਾਕਾਰੀਆਂ ਦੀ ਸਾਦਾ ਕੱਪੜਿਆਂ ਵਾਲੇ ਸ਼ੱਕੀ ਵਿਅਕਤੀਆਂ ਵਲੋਂ ਕੁੱਟਮਾਰ ਵੀ ਮੁਸਤੈਦ ਕੈਮਰਿਆਂ ਨੇ ਦਿਖਾਈ। ਸੱਤਾਧਾਰੀ ਧਿਰ ਵਲੋਂ ਪੁਰਅਮਨ ਮੁਜ਼ਾਹਰਿਆਂ ਵਿਚ ਗੜਬੜ ਕਰਾਉਣ ਲਈ ਭੇਜੇ 'ਘੁਸਪੈਠੀਆਂ' ਦੀ ਤਸਦੀਕ ਪੱਛਮੀ ਬੰਗਾਲ ਵਿਚ ਮੁਸਲਿਮ ਪਹਿਰਾਵਾ ਪਹਿਨ ਕੇ ਅੱਗ ਲਗਾ ਰਹੇ ਛੇ ਜਣਿਆਂ ਦੀ ਗ੍ਰਿਫਤਾਰੀ ਨਾਲ ਹੋ ਗਈ।

ਚਾਹੇ ਭਾਜਪਾ ਸ਼ਾਸਤ ਯੂ.ਪੀ. ਜਾਂ ਕਰਨਾਟਕਾ ਹੈ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਦਿੱਲੀ, ਪੁਲਿਸ ਦੀ ਤੁਅੱਸਬੀ ਭੂਮਿਕਾ ਜੱਗ ਜ਼ਾਹਰ ਹੈ। ਯੂ.ਪੀ. ਵਿਚ ਮਹੰਤ ਅਦਿਤਿਆਨਾਥ ਦੇ ਰਾਜ ਵਿਚ ਪੁਲਿਸ ਵਲੋਂ ਬੇਤਹਾਸ਼ਾ ਹੱਤਿਆਵਾਂ ਕੀਤੀਆਂ ਗਈਆਂ। ਇਥੇ ਪੁਲਿਸ ਹਿੰਸਾ ਨਾਲ ਅੱਠ ਸਾਲ ਦੇ ਬੱਚੇ ਸਮੇਤ 19 ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਮੈਂਗਲੂਰੂ ਵਿਚ ਦੋ ਵਿਅਕਤੀ ਪੁਲਿਸ ਦੀ ਗੋਲੀ ਨਾਲ ਮਾਰੇ ਗਏ। ਬਿਜਨੌਰ (ਪੱਛਮੀ ਯੂ.ਪੀ.) 131 ਲੋਕਾਂ ਨੂੰ ਗ੍ਰਿਫਤਾਰ ਕਰਨ ਤੋਂ ਇਲਾਵਾ ਇਸ ਰਾਜ ਵਿਚ ਨਾਮਜ਼ਦ ਮੁਜ਼ਾਹਰਾਕਾਰੀਆਂ ਦੇ ਨਾਲ-ਨਾਲ ਸੈਂਕੜੇ 'ਬੇਪਛਾਣ' ਲੋਕਾਂ ਵਿਰੁੱਧ ਪਰਚੇ ਦਰਜ ਦੀਆਂ ਰਿਪੋਰਟਾਂ ਹਨ। ਪੱਛਮੀ ਬੰਗਾਲ ਵਰਗੇ ਰਾਜਾਂ ਵਿਚ ਹਾਲਤ ਹੋਰ ਵੀ ਚਿੰਤਾਜਨਕ ਹੈ ਜਿਥੇ ਸੱਤਾ ਉਪਰ ਕਾਬਜ਼ ਹੋਣ ਲਈ ਭਗਵਾਂ ਕੈਂਪ ਫਿਰਕੂ ਪਾਲਾਬੰਦੀ ਲਈ ਹਰ ਹਰਬਾ ਵਰਤ ਰਿਹਾ ਹੈ।

ਪੁਲਿਸ ਦੀ ਭੂਮਿਕਾ ਦਾ ਅਤਿਅੰਤ ਖਤਰਨਾਕ ਪਹਿਲੂ ਇਸ ਦਾ ਫਿਰਕੂ, ਉਚ ਜਾਤੀ ਤੁਅੱਸਬੀ ਸੁਭਾਅ ਹੈ ਜੋ ਬੀਤੇ ਵਿਚ ਹਾਸ਼ਿਮਪੁਰਾ, ਪੀਲੀਭੀਤ, ਮੁਜ਼ੱਫਰਨਗਰ ਵਰਗੇ ਦਿਲ ਕੰਬਾਊ ਕਾਂਡਾਂ ਅਤੇ ਅਦਿਤਿਆਨਾਥ ਸਰਕਾਰ ਦੀ ਨੀਤੀ ਤਹਿਤ ਸੈਂਕੜੇ ਪੁਲਿਸ ਮੁਕਾਬਲਿਆਂ ਵਿਚ ਮੁਸਲਮਾਨਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੀਆਂ ਗੈਰਅਦਾਲਤੀ ਹੱਤਿਆਵਾਂ ਰਾਹੀਂ ਸਾਹਮਣੇ ਆ ਚੁੱਕਾ ਹੈ। ਇਸੇ ਵਤੀਰੇ ਦਾ ਦੁਹਰਾਓ ਹਾਲੀਆ ਹਮਲਿਆਂ ਵਿਚ ਦੇਖਿਆ ਗਿਆ, ਜਿਥੇ ਪੁਲਿਸ ਕਾਰਵਾਈ ਦੀ ਮਨਸ਼ਾ ਹਜੂਮ ਨੂੰ ਖਿੰਡਾਉਣਾ ਨਹੀਂ ਸਗੋਂ ਮੁਸਲਮਾਨਾਂ ਅਤੇ ਮੁਜ਼ਾਹਰਾਕਾਰੀ ਕਾਰਕੁਨਾਂ ਨੂੰ ਸਬਕ ਸਿਖਾਉਣਾ ਸੀ।

ਫਿਰ ਵੀ, ਮੁਲਕ ਦੀਆਂ ਮੁੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਨਾਗਰਿਕਤਾ ਦੇ ਹੱਕ ਉਪਰ ਹਮਲੇ ਅਤੇ ਜਬਰ ਵਿਰੁਧ ਸੰਘਰਸ਼ ਦੀਆਂ ਮੋਹਰਲੀਆਂ ਕਤਾਰਾਂ ਵਿਚ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਸਮੇਤ ਹਰ ਥਾਂ ਹੀ ਪੰਜਾਬ ਦੀ ਰਾਜਨੀਤਕ ਤੌਰ 'ਤੇ ਜਾਗਰੂਕ




ਜਵਾਨੀ ਹਿੰਦੂਤਵ ਫਾਸ਼ੀਵਾਦ ਨੂੰ ਲਲਕਾਰ ਰਹੀ ਹੈ। ਜਾਗਰੂਕ ਵਿਦਿਆਰਥਣਾਂ ਦੀ ਸੱਤਾ ਨੂੰ ਲਲਕਾਰ ਰਾਜਨੀਤਕ ਚੇਤਨਾ ਅਤੇ ਜਬਰ ਤੋਂ ਬੇਖੌਫ ਇਨਸਾਨੀ ਜਜ਼ਬੇ ਦਾ ਮੁਜੱਸਮਾ ਬਣ ਕੇ ਉਭਰੀ ਹੈ। ਵਿਦਿਆਰਥੀ ਤਾਕਤ ਦੇ ਸੱਜਰੇ ਉਭਾਰ ਪਿੱਛੇ ਕੰਮ ਕਰਦੀ ਤਾਕਤ ਉਹਨਾਂ ਦੀ ਵਰਤਮਾਨ ਦੀ ਬਜਾਏ ਭਵਿਖ ਨੂੰ ਮਹਿਫੂਜ਼ ਬਣਾਉਣ ਦੀ ਫਿਕਰਮੰਦੀ ਅਤੇ ਤਾਂਘ ਹੈ। ਉਹਨਾਂ ਨੇ ਆਰ.ਐਸ.ਐਸ.-ਭਾਜਪਾ ਦੇ 'ਵਿਕਾਸ' ਮਾਡਲ ਅੰਦਰ ਆਪਣੇ ਹਨੇਰੇ ਭਵਿਖ ਅਤੇ ਜ਼ਿਬਾਹ ਹੁੰਦੇ ਸੁਪਨਿਆਂ ਦੀ ਹਕੀਕਤ ਬੁੱਝਣੀ ਸ਼ੁਰੂ ਕਰ ਦਿੱਤੀ ਹੈ।

ਦੋ ਕੈਂਪਸਾਂ ਉਪਰ ਹਮਲੇ ਦੇ ਖਿਲਾਫ ਨਾ ਸਿਰਫ ਦੋ ਦਰਜਨ ਦੇ ਕਰੀਬ ਯੂਨੀਵਰਸਿਟੀਆਂ ਅਤੇ ਹੋਰ ਨਾਮਵਰ ਸੰਸਥਾਵਾਂ 'ਚੋਂ ਗਿਣਨਯੋਗ ਆਵਾਜ਼ ਉਠੀ ਸਗੋਂ ਵਿਦੇਸ਼ੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਆਵਾਜ਼ ਵੀ ਇਸ ਵਿਚ ਆ ਰਲੀ। ਇਸ ਲਲਕਾਰ ਵਿਚ ਸਿੱਖਿਆ ਵਿਗਿਆਨੀ, ਵਕੀਲ ਅਤੇ ਹੋਰ ਪੜ੍ਹੇ-ਲਿਖੇ ਇਨਸਾਫਪਸੰਦ ਹਿੱਸੇ ਵੀ ਵਿਦਿਆਰਥੀਆਂ ਦੇ ਨਾਲ ਆ ਡਟੇ। ਨੋਮ ਚੌਮਸਕੀ, ਅਰੁੰਧਤੀ ਰਾਏ ਸਮੇਤ ਕੁਲ ਆਲਮ ਦੀਆਂ ਦਸ ਹਜ਼ਾਰ ਨਾਮਵਰ ਸ਼ਖਸੀਅਤਾਂ ਅਤੇ ਕਾਰਕੁਨਾਂ ਨੇ ਕੈਂਪਸਾਂ ਉਪਰ ਹਮਲੇ ਅਤੇ ਹਿੰਦੂਤਵੀ ਸਾਜ਼ਿਸ਼ ਦਾ ਡਟ ਕੇ ਵਿਰੋਧ ਕੀਤਾ ਹੈ। ਕੌਮਾਂਤਰੀ ਪ੍ਰੈਸ ਵੀ ਤਿੱਖੀ ਆਲੋਚਨਾ ਕਰ ਰਹੀ ਹੈ। ਸੰਯੁਕਤ ਰਾਸ਼ਟਰ, ਐਮਨੈਸਟੀ ਇੰਟਰਨੈਸ਼ਨਲ ਸਮੇਤ ਮਨੁੱਖੀ ਹੱਕਾਂ ਨਾਲ ਵਾਬਸਤਾ ਕਈ ਸੰਸਥਾਵਾਂ ਨੇ ਉਪਰੋਕਤ ਐਕਟ ਦੀ ਨਿਖੇਧੀ ਕੀਤੀ ਹੈ, ਕੁਝ ਅਮਰੀਕੀ ਕਾਨੂੰਨਸਾਜ਼ਾਂ ਨੇ ਤਾਂ ਮੋਦੀ ਸਰਕਾਰ ਵਿਰੁਧ ਪਾਬੰਦੀਆਂ ਲਗਾਏ ਜਾਣ ਦੀ ਮੰਗ ਵੀ ਕੀਤੀ ਹੈ। ਭਾਰਤ ਵਿਚ ਜਾਗਦੀ ਜ਼ਮੀਰ ਵਾਲੇ ਫਿਲਮੀ ਸਿਤਾਰਿਆਂ ਅਤੇ ਹੋਰ ਬੁੱਧੀਜੀਵੀਆਂ, ਚਿੰਤਕਾਂ ਅਤੇ ਸਮਾਜਿਕ ਕਾਰਕੁਨਾਂ ਨੇ ਆਪਣਾ ਇਤਿਹਾਸਕ ਫਰਜ਼ ਪਛਾਣਦੇ ਹੋਏ ਵੱਡੀ ਤਾਦਾਦ ਵਿਚ ਸੱਚ ਨਾਲ ਖੜ੍ਹਨ ਦਾ ਹੌਸਲਾ ਦਿਖਾਇਆ ਹੈ। ਇਹਨਾਂ ਵਿਚ ਹੁਣ ਕੁਝ ਉਹ ਚਿਹਰੇ ਵੀ ਹਨ ਜੋ ਮੋਦੀ ਸਰਕਾਰ ਦੇ ਹਮਾਇਤੀ ਰਹੇ ਹਨ। ਹਾਲੀਆ ਹਮਲਿਆਂ ਨੇ ਸੰਘ ਦਾ ਅਸਲ ਚਿਹਰਾ ਉਹਨਾਂ ਨੂੰ ਵੀ ਸਪਸ਼ਟ ਦਿਖਾ ਦਿੱਤਾ ਹੈ ਜਿਨ੍ਹਾਂ ਨੂੰ ਭਗਵੇਂ ਕੈਂਪ ਬਾਰੇ ਭਰਮ-ਭੁਲੇਖੇ ਸਨ। ਭਾਜਪਾ ਦੇ ਭਾਈਵਾਲਾਂ ਅੰਦਰ ਵੀ ਅਸਹਿਮਤੀ ਦੇ ਸੁਰ ਉਠਣੇ ਸ਼ੁਰੂ ਹੋ ਗਏ ਹਨ ਜਦਕਿ ਉਹਨਾਂ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ 'ਚ ਹੈ। ਇਨਸਾਫਪਸੰਦਾਂ ਦੀ ਇਕਜੁੱਟਤਾ ਉਸ ਤੋਂ ਪੂਰੀ ਤਰ੍ਹਾਂ ਉਲਟ ਮਾਹੌਲ ਹੈ ਜਿਸ ਤਿੱਖੀ ਫਿਰਕੂ ਪਾਲਾਬੰਦੀ ਦੇ ਖਵਾਬ ਸੰਘ ਦੇਖ ਰਿਹਾ ਸੀ। ਨਾਗਪੁਰੀ ਹਾਈਕਮਾਨ ਸ਼ਾਇਦ ਇਹਨਾਂ ਸੈਨਤਾਂ ਨੂੰ ਸਮਝਣ ਵਿਚ ਟਪਲਾ ਖਾ ਗਈ ਕਿ ਜੁਮਲੇਬਾਜ਼ੀ ਦੇ ਜਾਦੂ ਦੀ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਉਹਨਾਂ ਨੂੰ ਸ਼ਾਇਦ ਉਮੀਦ ਨਹੀਂ ਸੀ ਕਿ ਕਿ ਹਿੰਦੂਤਵ ਤੋਂ ਖੌਫਜ਼ਦਾ ਆਪਣੀ ਸੁਰੱਖਿਆ ਲਈ ਫਿਕਰਮੰਦ 20 ਕਰੋੜ ਮੁਸਲਮਾਨ ਜੋ ਬਾਬਰੀ ਮਸਜਿਦ ਫੈਸਲੇ ਦੇ ਵਕਤ ਜ਼ਿਆਦਾਤਰ ਖਾਮੋਸ਼ ਰਹੇ, ਇਉਂ ਸੜਕਾਂ ਉਪਰ ਨਿਕਲ ਆਉਣਗੇ ਅਤੇ ਹੋਰ ਘੱਟਗਿਣਤੀਆਂ, ਦਲਿਤ ਤੇ ਨਿਆਂਪਸੰਦ ਵੀ ਧਰਮਾਂ, ਜਾਤਾਂ, ਰਾਜਨੀਤਕ ਵਖਰੇਵਿਆਂ ਆਦਿ ਤੋਂ ਉਪਰ ਉਠ ਕੇ ਫਾਸ਼ੀਵਾਦੀ ਤਰਜ਼ ਦੇ ਕਾਨੂੰਨ ਵਿਰੁਧ ਇਸ ਕਦਰ ਇਕਜੁੱਟ ਹੋ ਜਾਣਗੇ। ਹਾਲੀਆ ਵਿਰੋਧ ਦਾ ਇਕ ਨਿਆਰਾ ਲੱਛਣ ਸਿਵਲ ਸੁਸਾਇਟੀ ਦੀ ਮੋਹਰੀ ਭੂਮਿਕਾ ਹੈ, ਪਾਰਲੀਮੈਂਟਰੀ ਵਿਰੋਧੀ-ਧਿਰ ਦੋਇਮ ਭੂਮਿਕਾ ਵਿਚ ਇਸ ਦੇ ਪਿੱਛੇ-ਪਿੱਛੇ ਪੈਰ ਮਲਦੀ ਦੇਖੀ ਜਾ ਸਕਦੀ ਹੈ। ਇਹੀ ਹਿੰਦੂਤਵੀ ਕੈਂਪ ਦੀ ਪ੍ਰੇਸ਼ਾਨੀ ਦੀ ਮੁੱਖ ਵਜ੍ਹਾ ਹੈ, ਕਿਉਂਕਿ ਪਾਰਲੀਮੈਂਟਰੀ ਵਿਰੋਧੀ-ਧਿਰ ਦਾ ਜੱਕੋਤੱਕੀ ਵਾਲਾ ਵਿਰੋਧ ਹਿੰਦੂਤਵੀ ਕੈਂਪ ਲਈ ਬਹੁਤਾ ਗੰਭੀਰ ਨਹੀਂ ਜਿਸ ਦੇ ਜ਼ਿਆਦਾਤਰ ਹਿੱਸੇ ਨੂੰ ਸੱਤਾ ਵਿਚ ਹਿੱਸੇਦਾਰੀ ਅਤੇ ਪੈਸੇ ਦੇ ਲਾਲਚ ਨਾਲ ਸੌਖਿਆਂ ਹੀ 'ਮੈਨੇਜ' ਕੀਤਾ ਜਾ ਸਕਦਾ ਹੈ।

ਵਿਆਪਕ ਰੋਸ ਮੁਜ਼ਾਹਰਿਆਂ ਤੋਂ ਫਿਕਰਮੰਦ ਹਿੰਦੂਤਵ ਬ੍ਰਿਗੇਡ ਝੂਠ ਦਾ ਸਹਾਰਾ ਲੈ ਰਿਹਾ ਹੈ। ਉਹਨਾਂ ਦਾ ਹਿਟਲਰੀ ਤਰੀਕਿਆਂ ਨਾਲ ਅਵਾਮ ਦੀ ਜ਼ੁਬਾਨਬੰਦੀ ਦਾ ਫਾਸ਼ੀਵਾਦੀ ਭਰੋਸਾ ਇਕ ਵਾਰ ਤਾਂ ਹਿੱਲ ਗਿਆ ਜਾਪਦਾ ਹੈ। ਜਾਗੇ ਅਵਾਮ ਦੀ ਤਾਕਤ ਅੱਗੇ ਬ੍ਰਾਹਮਣਵਾਦੀ ਚਲਾਕੀ ਬੇਵਸ ਮਹਿਸੂਸ ਕਰ ਰਹੀ ਹੈ। ਜੋ ਗ੍ਰਹਿ ਮੰਤਰੀ ਪਹਿਲਾਂ 'ਘੁਸਪੈਠੀਆਂ ਨੂੰ ਚੁਣ-ਚੁਣ ਕੇ ਬਾਹਰ ਕੱਢਣ' ਦੇ ਘੁਮੰਡੀ ਬਿਆਨ ਦਿੰਦਾ ਸੀ, ਉਸ ਦੇ ਸਮੇਤ ਭਗਵੇਂ ਆਗੂ ਹੁਣ ਵਾਰ-ਵਾਰ ਸਫਾਈਆਂ ਦੇ ਰਹੇ ਹਨ ਕਿ ਨਾਗਰਿਕਤਾ ਸੋਧ ਐਕਟ ਦਾ ਐਨ.ਆਰ.ਸੀ. ਨਾਲ ਕੋਈ ਸਬੰਧ ਨਹੀਂ ਹੈ ਅਤੇ ਮੁਸਲਮਾਨਾਂ ਨੂੰ ਫਿਕਰ ਕਰਨ ਦੀ ਜ਼ਰੂਰਤ ਨਹੀਂ ਹੈ। ਆਰ.ਐਸ.ਐਸ. ਵੀ ਇਸ ਐਕਟ ਨੂੰ ਸਹੀ ਠਹਿਰਾਉਣ ਲਈ ਪੂਰੀ ਤਰ੍ਹਾਂ ਸਰਗਰਮ ਹੈ, ਇਸ ਨੇ ਆਪਣਾ ਸਮੁੱਚਾ ਤੰਤਰ ਘਰ-ਘਰ ਜਾ ਕੇ ਨਾਗਰਿਕਤਾ ਸੋਧ ਐਕਟ ਦੀ ਵਿਆਖਿਆ ਕਰਨ ਉਪਰ ਲਗਾ ਦਿੱਤਾ ਹੈ।

ਹੁਣ ਉਹਨਾਂ ਅੱਗੇ ਅਵਾਮ ਦਾ ਧਿਆਨ ਹਟਾਉਣ ਦੇ ਦੋ ਰਸਤੇ ਹਨ: ਮੁਸਲਮਾਨਾਂ ਤੇ ਸੜਕਾਂ 'ਤੇ ਉਤਰੇ ਹੋਰ ਹਿੱਸਿਆਂ ਵਿਰੁਧ ਅਫਵਾਹਾਂ ਫੈਲਾ ਕੇ ਅਤੇ ਹਿੰਦੂ ਰਾਸ਼ਟਰਵਾਦ ਦਾ ਪ੍ਰਭਾਵ ਕਬੂਲਣ ਵਾਲੇ ਹਜੂਮਾਂ ਨੂੰ ਸਮਾਂਤਰ 'ਮੁਜ਼ਾਹਰਿਆਂ' ਵਿਚ ਲਾਮਬੰਦ ਕਰਕੇ ਫਸਾਦ ਕਰਵਾਏ ਜਾਣ। ਦੂਜਾ, ਪਾਕਿਸਤਾਨ ਵਿਰੁਧ ਜੰਗਬਾਜ਼ ਬਿਆਨਬਾਜ਼ੀ ਨਾਲ ਜੰਗੀ ਜਨੂਨ ਦਾ ਮਾਹੌਲ ਬਣਾ ਕੇ ਦੇਸ਼-ਦੁਨੀਆ ਦਾ ਧਿਆਨ ਮੁਲਕ ਅੰਦਰਲੇ ਵਿਰੋਧ ਤੋਂ ਹਟਾ ਦਿੱਤਾ ਜਾਵੇ। ਫੌਜ ਦੇ ਮੁਖੀ ਸ੍ਰੀ ਬਿਪਨ ਰਾਵਤ ਦਾ ਜੋ ਅਕਸਰ ਹੀ ਆਪਣੀ ਸਿਆਸੀ ਬਿਆਨਬਾਜ਼ੀ ਨਾਲ ਵਿਵਾਦਾਂ ਵਿਚ ਘਿਰੇ ਰਹਿੰਦੇ ਹਨ, ਲਾਈਨ ਆਫ ਕੰਟਰੋਲ ਉਪਰਲੇ ਹਾਲਾਤ ਕਦੇ ਵੀ ਵਿਗੜਨ ਦਾ ਹਾਲੀਆ ਬਿਆਨ ਅਤੇ ਖੁਫੀਆ ਏਜੰਸੀ ਆਈ.ਬੀ. ਵਲੋਂ ਰੋਸ ਮੁਜ਼ਾਹਰਿਆਂ ਵਿਚ ਇਸਲਾਮੀ ਦਹਿਸ਼ਤੀ ਗੁੱਟਾਂ ਦੀ ਕਥਿਤ ਘੁਸਪੈਠ ਦੀਆਂ 'ਚਿਤਾਵਨੀਆਂ' ਇਸ ਪਾਸੇ ਇਸ਼ਾਰਾ ਕਰਦੇ ਹਨ।

ਸੱਤਾ ਦੇ ਹਮਲਿਆਂ ਦਾ ਟਾਕਰਾ ਕਰ ਰਹੇ ਅਵਾਮ ਨੂੰ ਇਸ ਖਤਰਨਾਕ ਸਾਜ਼ਿਸ਼ ਤੋਂ ਬਹੁਤ ਹੀ ਚੁਕੰਨੇ ਰਹਿ ਕੇ ਵਿਰੋਧ ਜਾਰੀ ਰੱਖਣਾ ਚਾਹੀਦਾ ਹੈ ਕਿਉਂਕਿ ਆਉਣ ਵਾਲੇ ਦਿਨਾਂ ਵਿਚ ਆਰ.ਐਸ.ਐਸ.-.ਭਾਜਪਾ ਦਾ ਇਹ ਫਾਸ਼ੀਵਾਦੀ ਹਮਲਾ ਹੋਰ ਵੀ ਤਿੱਖਾ ਹੋਵੇਗਾ। ਜੇ.ਐਨ.ਯੂ. ਤੋਂ ਬਾਅਦ ਜਾਮੀਆ ਮਿਲੀਆ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਕੈਂਪਸਾਂ ਦੀ ਵਿਸ਼ਾਲ ਲਾਮਬੰਦੀ ਅਤੇ ਸੜਕਾਂ ਉਪਰ ਅਵਾਮ ਦੇ ਵਿਸ਼ਾਲ ਸਮੁੰਦਰ ਨੇ ਦਰਸਾ ਦਿੱਤਾ ਹੈ ਕਿ ਅਵਾਮੀ ਇਕਜੁੱਟਤਾ ਨਾਲ ਹਿੰਦੂ ਰਾਸ਼ਟਰ ਦੇ ਮਨਸੂਬਿਆਂ ਨੂੰ ਪਛਾੜਿਆ ਜਾ ਸਕਦਾ ਹੈ।

# ਪੰਜਾਬ ਦਾ ਚੁਰਾਹਾ

ਪੰਜਾਬ ਸ਼ਾਇਦ ਬੰਗਾਲ ਤੋਂ ਬਾਅਦ ਇਕੋ ਇਕ ਸੂਬਾ ਹੈ ਜਿਸ ਨੂੰ ਭੁਗੋਲਿਕ ਤੌਰ 'ਤੇ ਅਜਿਹੀ ਕਾਂਟ-ਛਾਂਟ ਦਾ ਸਾਹਮਣਾ ਕਰਨਾ ਪਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਦੀ ਸਰਦਾਰੀ ਦੇਸ਼ ਵਰਗੀ ਸੀ। ਕਵੀ ਸ਼ਾਹ ਮੁਹੰਮਦ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿਚ ਲਿਖਦਾ ਹੈ: 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।'

**ਐਸ.ਆਰ. ਲੱਧੜ**

ਪੰਜਾਬੀਆਂ ਨੇ ਸ਼ਾਇਦ ਇਸ ਗੱਲ ਨੂੰ ਕਦੀ ਨਹੀਂ ਸੋਚਿਆ ਕਿ ਕੇਂਦਰੀ ਲੀਡਰਸ਼ਿਪ ਨੇ ਭਾਵੇਂ ਉਹ ਦੇਸ਼ ਅਜ਼ਾਦ ਹੋਣ ਵੇਲੇ ਸੀ, ਭਾਵੇਂ ਬਾਅਦ ਵਿਚ; ਪੰਜਾਬ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕੀਤਾ। ਜਿਥੇ ਕਾਂਗਰਸ, ਗਾਂਧੀ ਅਤੇ ਨਹਿਰੂ ਨੇ ਪੰਜਾਬ ਦੀ ਵੰਡ, ਲੱਖਾਂ ਲੋਕਾਂ ਦਾ ਕਤਲ ਖਾਸ ਕਰਕੇ ਪੰਜਾਬੀਆਂ ਦਾ ਅਤੇ ਵਧੇਰੇ ਕਰਕੇ ਸਿੱਖਾਂ ਦਾ ਹੋਣਾ ਸਵੀਕਾਰ ਕੀਤਾ, ਉਥੇ ਬਾਅਦ ਦੇ ਲੀਡਰਾਂ ਨੇ ਵੀ ਪੰਜਾਬ ਨਾਲ ਘੱਟ ਧ੍ਰੋਹ ਨਹੀਂ ਕਮਾਇਆ।

ਅਫਗਾਨਿਸਤਾਨ ਤੱਕ ਫੈਲਿਆ ਪੰਜਾਬ 1966 ਦੀ ਸੂਬਾ ਵੰਡ ਨੇ ਹੋਰ ਛੋਟਾ ਕਰ ਦਿੱਤਾ। ਲਾਹੌਰ ਛੁੱਟਣ ਦਾ ਦੁੱਖ, ਚੰਡੀਗੜ੍ਹ ਵਰਗਾ ਆਧੁਨਿਕ ਸ਼ਹਿਰ ਬਣਾ ਕੇ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਉਸ ਨੂੰ ਵੀ ਯੂ.ਟੀ. ਬਣਾ ਕੇ ਸ਼ਰੇਆਮ ਧੱਕਾ ਕੀਤਾ ਗਿਆ। ਦੁਨੀਆ ਦਾ ਕੋਈ ਵੀ ਸ਼ਖਸ ਆਪਣੀ ਜ਼ਮੀਨ-ਜਾਇਦਾਦ ਦੀ ਵੰਡ ਕਰਕੇ ਖੁਸ਼ ਨਹੀਂ ਹੁੰਦਾ, ਆਪਣੀ ਜ਼ਮੀਨ ਨਹੀਂ ਘਟਾਉਣੀ ਚਾਹੁੰਦਾ ਪਰ ਪੰਜਾਬ ਦੇ ਸਿਰਮੌਰ ਅਕਾਲੀ ਲੀਡਰਾਂ ਨੇ ਇਸ ਕੰਮ ਲਈ ਮੋਰਚੇ ਲਾ ਕੇ ਆਪਣੇ ਸੂਬੇ ਨੂੰ ਹੋਰ ਛੋਟਾ ਕੀਤਾ। ਉਨ੍ਹਾਂ ਦੇ ਦਿਮਾਗ ਵਿਚ ਪੰਜਾਬ ਜਾਂ ਪੰਜਾਬੀ ਦਾ ਮੋਹ ਨਹੀਂ ਸੀ; ਬੱਸ ਮੋਹ ਸੀ ਤਾਂ ਕੁਰਸੀ ਦਾ। ਜਦੋਂ ਕਦੀ ਰਾਜ-ਭਾਗ ਖੁੱਸਦਾ ਨਜ਼ਰ ਆਇਆ ਤਾਂ 'ਪੰਥ ਖਤਰੇ ਵਿਚ' ਦਾ ਨਾਹਰਾ ਲਾ ਦਿੱਤਾ। ਅਕਾਲੀਆਂ ਦੀ ਕੁਰਸੀ ਦੀ ਭੁੱਖ ਇਤਨੀ ਹੱਦੋਂ ਵੱਧ ਟੱਪ ਗਈ ਕਿ ਉਨ੍ਹਾਂ ਬਾਬਾ ਨਾਨਕ ਦੀ ਤੱਕੜੀ ਨੂੰ ਚੋਣ ਨਿਸ਼ਾਨ ਤਾਂ ਬਣਾਇਆ ਪਰ ਆਰ.ਐਸ.ਐਸ. ਦੀ ਮਨੂੰਵਾਦੀ ਵਿਚਾਰਧਾਰਕ ਪਾਰਟੀ ਨਾਲ 'ਨਹੁੰ-ਮਾਸ' ਦਾ ਰਿਸ਼ਤਾ ਗੰਢ ਲਿਆ।

ਪੰਜਾਬ ਦਾ ਡੇਢ ਲੱਖ ਨੌਜਵਾਨ ਹਰ ਸਾਲ ਵਿਦੇਸ਼ਾਂ ਵਿਚ ਜਾਇਜ਼-ਨਾਜਾਇਜ਼ ਢੰਗ ਨਾਲ ਕਰੋੜਾਂ-ਅਰਬਾਂ ਰੁਪਏ ਖਰਚ ਕਰ ਕੇ ਭੱਜ ਰਿਹਾ ਹੈ। ਪੰਜਾਬ ਵਿਚ ਰਹਿੰਦੇ ਨੌਜਵਾਨ ਬੁਰੀ ਤਰ੍ਹਾਂ ਨਸ਼ਿਆਂ ਦੀ ਗ੍ਰਿਫਤ ਵਿਚ ਹਨ। ਪੁਲਿਸ ਅਤੇ ਸਿਆਸਤਦਾਨ ਦਾ ਨਾਪਾਕ ਗੱਠਜੋੜ ਨਸ਼ਿਆਂ ਦੀ ਕੜੀ ਟੁੱਟਣ ਨਹੀਂ ਦੇ ਰਿਹਾ। ਕੈਪਟਨ ਅਮਰਿੰਦਰ ਸਿੰਘ ਵਲੋਂ ਗੁਟਕਾ ਹੱਥ ਵਿਚ ਲੈ ਕੇ ਚੁੱਕੀ ਸਹੁੰ ਨੂੰ ਲੋਕ ਵਾਰ-ਵਾਰ ਯਾਦ ਕਰਦੇ ਹਨ ਕਿ ਕਦੋਂ ਉਹ ਸੁਭਾਗਾ ਦਿਨ ਆਵੇਗਾ ਜਦੋਂ ਨਸ਼ਾ ਤਸਕਰਾਂ ਦੀ ਜਕੜ ਪੰਜਾਬ ਵਿਚ ਟੁੱਟੇਗੀ।

ਬਾਬਾ ਨਾਨਕ ਦਾ 550ਵਾਂ ਆਗਮਨ ਪੁਰਬ ਦਿਖਾਵੇ ਵਾਂਗ ਮਨਾਇਆ ਗਿਆ। ਬਾਬੇ ਦੀ ਸਿੱਖਿਆ ਦਾ ਪ੍ਰਚਾਰ ਨਹੀਂ ਕੀਤਾ ਗਿਆ। ਪੂਰਾ ਮਨੂੰਵਾਦੀ ਅਡੰਬਰ ਅਤੇ ਪੈਸਾ ਇਕੱਠਾ ਕਰਨ ਦਾ ਪ੍ਰੋਗਰਾਮ ਨਜ਼ਰ ਆਇਆ। ਕੀ ਬਾਬਾ ਨਾਨਕ ਦੀ ਸਰਬ ਸਾਂਝੀਵਾਲਤਾ ਦੀ ਵਿਚਾਰਧਾਰਾ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਪੈਗਾਮ ਪਰਪੱਕ ਕੀਤਾ ਗਿਆ? ਅਜਿਹਾ ਕੁਝ ਜੇ ਨਜ਼ਰ ਆਇਆ ਤਾਂ ਬਾਬਾ ਨਾਨਕ ਦੀ ਧਰਤੀ ਉਤੇ ਗਰੀਬਾਂ ਤੇ ਅਤਿਆਚਾਰ, ਜਾਤ-ਪਾਤ ਨੂੰ ਹੁਲਾਰਾ, ਜਾਤ ਆਧਾਰਿਤ ਗੁਰਦੁਆਰੇ, ਅਲੱਗ ਅਲੱਗ ਸ਼ਮਸ਼ਾਨਘਾਟ, ਲੋਕਾਂ ਨੂੰ ਭਿਖਾਰੀ ਬਣਾਉਣ ਵਾਲੀਆਂ ਆਟਾ-ਦਾਲ ਸਕੀਮਾਂ।

ਅੱਜ ਪੰਜਾਬ ਸਵਾ ਦੋ ਲੱਖ ਕਰੋੜ ਰੁਪਏ ਦਾ ਕਰਜ਼ਾਈ ਹੈ। ਹਰ ਪੰਜਾਬੀ 75000 ਰੁਪਏ ਦੇ ਕਰਜ਼ੇ ਹੇਠ ਹੈ। ਸਿਆਸੀ ਬੰਦੇ (ਐਮ.ਐਲ.ਏ./ਐਮ.ਪੀ.) ਦੋ-ਦੋ, ਚਾਰ-ਚਾਰ ਅਤੇ ਕਈ ਅੱਠ-ਨੌਂ ਪੈਨਸ਼ਨਾਂ ਵੀ ਲੈ ਰਹੇ ਹਨ। ਮੁਲਾਜ਼ਮਾਂ ਨੂੰ ਨਵੰਬਰ ਮਹੀਨੇ ਦੀ ਤਨਖਾਹ ਨਹੀਂ ਮਿਲ ਰਹੀ। ਬਾਬੇ ਨਾਨਕ ਦਾ ਪੰਜਾਬ, ਪੰਜ ਦਰਿਆਵਾਂ ਦੀ ਇਹ ਧਰਤੀ, ਜ਼ਰਖੇਜ਼ ਜ਼ਮੀਨ, ਭਾਰਤ ਦਾ ਤਾਜ, ਅੰਨ ਭੰਡਾਰ ਅੱਜ ਸ਼ਹਿਨਸ਼ਾਹ ਹੁੰਦਿਆਂ ਵੀ ਭਿਖਾਰੀਆਂ ਵਾਲੀ ਹਾਲਤ 'ਚੋਂ ਗੁਜ਼ਰ ਰਿਹਾ ਹੈ। ਕੀ ਪੰਜਾਬੀ ਸੌਂ ਰਹੇ ਹਨ? ਪੰਜਾਬ ਨੂੰ ਜਿਥੇ ਇਸ ਭਿਖਾਰੀ ਦੀ ਹਾਲਤ 'ਚ ਪੰਜਾਬ ਦੇ ਸਿਆਸਤਦਾਨਾਂ ਨੇ ਯੋਗਦਾਨ ਪਾ ਕੇ ਬੜੀ ਮਿਹਨਤ ਨਾਲ ਇਥੇ ਲਿਆਂਦਾ ਹੈ, ਉਥੇ ਪੰਜਾਬ ਦੀ ਅਫਸਰਸ਼ਾਹੀ ਅਤੇ ਕੇਂਦਰ ਦੀਆਂ ਪੰਜਾਬ ਮਾਰੂ ਸਰਕਾਰਾਂ ਨੇ ਵੀ ਘੱਟ ਨਹੀਂ ਗੁਜ਼ਾਰੀ।

ਪੰਜਾਬ ਵਿਚ ਕਾਂਗਰਸ ਅਤੇ ਅਕਾਲੀ 'ਉਤਰ ਕਾਟੋ ਮੇਰੀ ਵਾਰੀ' ਵਾਂਗ ਕੁਰਸੀ ਤੇ ਬੈਠਦੇ ਹਨ। ਪੰਜਾਬ ਖੁਸ਼ਹਾਲ ਹੋਣ ਦੀ ਥਾਂ ਹੋਰ ਕਰਜ਼ਾਈ, ਹੋਰ ਨਸ਼ਿਆਂ ਵਿਚ ਨਿੱਘਰ ਰਿਹਾ ਹੈ। ਅੱਜ ਪੰਜਾਬ ਕਰਜ਼ਾਈ ਤਾਂ ਹੈ ਹੀ, ਪੰਜਾਬ ਦੀ ਧਰਤੀ ਜ਼ਹਿਰੀਲੀ ਹੋ ਗਈ ਹੈ, ਪਾਣੀ ਪੀਣ ਯੋਗ ਨਹੀਂ ਰਿਹਾ, ਹਵਾ ਦੂਸ਼ਿਤ ਹੋ ਗਈ ਹੈ ਅਤੇ ਸਾਹ ਲੈਣਾ ਔਖਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ: 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥'

ਕੀ ਆਪਣੇ ਗੁਰੂ, ਮਾਂ ਅਤੇ ਪਿਉ ਦੀ ਇਸ ਤਰ੍ਹਾਂ ਸੰਭਾਲ ਕਰੀਦੀ ਹੈ? ਅਸੀਂ ਪੰਜਾਬ ਨੂੰ ਕਿਥੇ ਲਿਆ ਖੜ੍ਹਾ ਕੀਤਾ ਹੈ? ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਨਿੱਜ ਤੋਂ ਉਪਰ ਉਠ ਕੇ ਅਕਾਲੀ ਦਲ ਨੇ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕੀਤੀ ਪਰ ਕੀ ਮਹਾਨ ਵਿਰਾਸਤ ਵਾਲੀ ਇਸ ਪਾਰਟੀ ਵਿਚ ਅੱਜ ਇਸ ਦੇ ਪੁਰਖਿਆਂ ਦਾ ਅਕਸ ਮਾਤਰ ਵੀ ਹੈ? ਕੀ ਗੱਡੀ ਲੀਹ ਤੋਂ ਤਾਂ ਨਹੀਂ ਲਹਿ ਗਈ? ਕੀ ਸਵਾਰਥ ਇੰਨਾ ਭਾਰੂ ਤਾਂ ਨਹੀਂ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਦਾ ਵੀ ਕੋਈ ਮੁੱਲ ਪੰਜਾਬੀਆਂ ਨੂੰ ਨਜ਼ਰ ਨਹੀਂ ਆ ਰਿਹਾ। ਅੱਜ ਹਰ ਪੰਜਾਬੀ ਨੂੰ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ।

ਪੰਜਾਬ ਨੂੰ ਬਚਾਉਣਾ ਹੈ ਤਾਂ ਨਿਜ਼ਾਮ ਬਦਲਣ ਤੋਂ ਪਹਿਲਾਂ ਸੋਚ ਬਦਲਣ ਦੀ ਲੋੜ ਹੈ। ਪੰਜਾਬੀਆਂ ਵਿਚ ਇਹ ਮਾਦਾ ਹੈ ਕਿ ਭੀੜ ਪੈਣ 'ਤੇ ਡਟਦੇ ਰਹੇ ਹਨ। ਅੱਜ ਲੋੜ ਹੈ ਕਿ ਉਹ ਆਪਣੀ ਅਣਖ ਨੂੰ ਵੰਗਾਰਨ, ਨਹੀਂ ਤਾਂ ਨਾ ਆਬਰੂ ਬਚੇਗੀ, ਨਾ ਆਜ਼ਾਦੀ। ਲੀਡਰਾਂ ਦੀ ਚੋਣ ਨਸ਼ਿਆਂ ਤੇ ਪੈਸਿਆਂ ਨਾਲ ਕਰਨ ਦੀ ਥਾਂ ਗੁਰੂਆਂ ਦੀ ਸੋਚ ਦੇ ਮੱਦੇਨਜ਼ਰ ਕਰਨੀ ਪਵੇਗੀ।

# ਵਿਦੇਸ਼ਾਂ ਦੀ ਚਮਕ ਅਤੇ ਪੰਜਾਬ

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਕਿਸੇ ਸਮੇਂ ਆਪਣੀ ਖੁਸ਼ਹਾਲੀ, ਹਰਿਆਲੀ, ਬਹਾਦਰੀ ਤੇ ਚੰਗੇ ਰਹਿਣ ਸਹਿਣ ਵਾਲੇ ਖਿੱਤੇ ਵਜੋਂ ਜਾਣੀ ਜਾਂਦੀ ਸੀ। ਅੱਜ ਉਸ ਵਿਚ ਵੱਸ ਰਹੇ ਪੰਜਾਬੀਆਂ ਦੀ ਹੀਣਭਾਵਨਾ ਵਾਲੀ ਸਥਿਤੀ ਬਣ ਗਈ ਹੈ। ਅੱਜ ਜਦੋਂ ਵੀ ਕੋਈ ਵਿਅਕਤੀ ਪੰਜਾਬ ਦੀ ਗੱਲ ਕਰਦਾ ਹੈ ਤਾਂ ਉਸ ਦੇ ਕਿਸੇ ਵੀ ਚੰਗੇ, ਉਚੇ ਜਾਂ ਵੱਖਰੇ ਪੱਖ ਦੀ ਥਾਂ ਹੀਣ ਭਾਵ ਤੋਂ ਆਪਣੀ ਗੱਲ ਸ਼ੁਰੂ ਕਰਦਾ ਹੈ। ਗੁਰੂਆਂ ਪੀਰਾਂ ਦੀ ਧਰਤੀ ਕਿਸ ਤਰ੍ਹਾਂ ਸਮਗਲਰਾਂ, ਗੈਂਗਸਟਰਾਂ, ਲੋਟੂਆਂ ਦੀ ਧਰਤੀ ਬਣ ਗਈ, ਇਸ ਸੋਚਣ ਵਾਲੀ ਗੱਲ ਹੈ। ਪੰਜਾਬ ਦੀ ਮਾੜੀ ਆਰਥਿਕਤਾ, ਡੁੱਬ ਰਹੀ ਕਿਸਾਨੀ, ਢਹਿ ਰਿਹਾ ਵਿੱਦਿਆ ਦਾ ਮੰਦਰ, ਨਿੱਘਰ ਰਹੀਆਂ ਸਮਾਜਿਕ ਕੀਮਤਾਂ ਆਮ ਪੰਜਾਬੀ ਨੂੰ ਇਸ ਪਾਸੇ ਲਿਜਾ ਰਹੀਆਂ ਹਨ। ਇਸ ਨਾਲ ਵਿਸ਼ੇਸ਼ ਚੇਤਨ ਵਿਅਕਤੀ ਵਰਗ ਦੀ ਨਹੀਂ ਬਲਕਿ ਸਮੂਹ ਜਨ

**ਡਾ. ਸਤਿਨਾਮ ਸਿੰਘ ਸੰਧੂ**
**ਫੋਨ: +91-98144-70175**


ਚੇਤਨਾ ਦੀ ਸੋਚ ਵੀ ਬਦਲਦੀ ਜਾ ਰਹੀ ਹੈ। ਸਵਾਲ ਹੈ ਕਿ ਸਾਡੇ ਹਾਲਾਤ ਅਜਿਹੇ ਕਿਉਂ ਤੇ ਕਿਵੇਂ ਬਣ ਗਏ?

ਇਸ ਲਈ ਕੋਈ ਇਕੱਲੀ ਧਿਰ ਜ਼ਿੰਮੇਵਾਰ ਨਹੀਂ। ਇਸ ਲਈ ਜ਼ਿੰਮੇਵਾਰ ਹਨ ਕੇਂਦਰ ਸਰਕਾਰ ਦੀਆਂ ਨੀਤੀਆਂ, ਕਿਸਾਨੀ ਦੀ ਦਸ਼ਾ, ਵਿੱਦਿਆ ਦਾ ਨਿਘਾਰ ਤੇ ਪਰਵਾਸ ਦੀ ਲੋਚਾ। ਕੇਂਦਰ ਸਰਕਾਰ ਭਾਵੇਂ ਕਿਸੇ ਪਾਰਟੀ ਦੀ ਹੋਵੇ, ਪੰਜਾਬੀਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਵਿਚ ਰਹਿੰਦੀ ਹੈ। ਪਹਿਲੀਆਂ ਕਾਂਗਰਸੀ ਸਰਕਾਰਾਂ ਨੇ ਪੰਜਾਬ ਦੀ ਹੱਦਬੰਦੀ ਇਸ ਤਰ੍ਹਾਂ ਕੀਤੀ ਕਿ ਪੰਜਾਬ ਦਾ ਯੋਗ ਧੰਦਾ ਖੇਤੀ, ਉਸਦਾ ਫੈਲਾਓ ਨਾ ਹੋ ਸਕੇ। ਇਕ ਲੋਕਤੰਤਰੀ ਸਰਕਾਰ ਵਿਚ ਰਹਿੰਦਿਆਂ, ਇਕ ਲੋਕਤੰਤਰੀ ਮੁਲਕ ਦੇ ਬਾਸ਼ਿੰਦੇ ਹੁੰਦਿਆਂ, ਪੰਜਾਬ ਦਾ ਵਾਸੀ ਜੰਮੂ ਕਸ਼ਮੀਰ, ਹਿਮਾਚਲ ਤੇ ਰਾਜਸਥਾਨ ਵਿਚ ਜ਼ਮੀਨ ਖਰੀਦਣ ਤੋਂ ਵਿਰਵਾ ਕਰ ਦਿੱਤਾ। ਪੰਜਾਬੀਆਂ ਦੇ ਪਨਪਣ ਅਤੇ ਵਿਗਸਣ ਦਾ ਮੂਲ ਸੋਮਾ ਖੇਤੀ ਹੀ ਸੀ ਕਿਉਂਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਜਦੋਂ ਪੰਜਾਬ ਦੇ ਖੇਤੀ ਵਲ ਜਾਣ 'ਤੇ ਰੋਕ ਲਗਾ ਦਿੱਤੀ ਗਈ ਤਾਂ ਉਸ ਨਾਲ ਪੰਜਾਬ ਵਿਚ ਇਥੋਂ ਦੀ ਛੋਟੀ ਜ਼ਮੀਨ 'ਤੇ ਤਣਾਅ ਵਧਣ ਲੱਗਿਆ।

ਪੰਜਾਬੀ ਆਪਣੇ ਡੀਲ-ਡੌਲ ਅਤੇ ਜੁੱਸੇ ਕਰਕੇ ਫੌਜ ਅਤੇ ਸੁਰੱਖਿਆ ਨਾਲ ਸਬੰਧਤ ਹੋਰ ਸੰਸਥਾਵਾਂ ਵਿਚ ਚਲੇ ਜਾਂਦੇ ਸਨ। ਇਹ ਵੀ ਕੇਂਦਰ ਸਰਕਾਰ ਦੀ ਨੀਤੀ ਹੀ ਸੀ ਕਿ ਉਨ੍ਹਾਂ ਦੀ ਫੌਜ ਵਿਚ ਜਾਣ ਦੀ ਗਿਣਤੀ ਘਟਾ ਦਿੱਤੀ ਗਈ। ਇਸ ਨਾਲ ਇਕ ਪਾਸੇ ਖੇਤੀ ਵਲੋਂ ਉਨ੍ਹਾਂ ਨੂੰ ਤੰਗੀ ਦਾ ਸਾਹਮਣਾ ਕਰਨਾ ਪਿਆ ਤੇ ਦੂਜਾ ਨੌਕਰੀ ਵਾਲੇ ਪੱਖੋਂ ਵੀ ਪਿੱਛੇ ਰਹਿਣ ਲੱਗੇ। ਅਜਿਹੀ ਸਥਿਤੀ ਵਿਚ ਪੰਜਾਬੀਆਂ ਕੋਲ ਕੀ ਰਾਹ ਬਚਦਾ ਸੀ ਇਸ ਬਾਰੇ ਸੋਚ ਵਿਚਾਰ ਚਰਚਾ ਸ਼ੁਰੂ ਹੋ ਗਈ। ਖੇਤੀਕਾਰਾਂ ਨੇ ਹਰੀ ਕ੍ਰਾਂਤੀ ਤੋਂ ਬਾਅਦ ਜਦੋਂ ਆਰਥਿਕ ਤੌਰ 'ਤੇ ਮਜ਼ਬੂਤੀ ਹਾਸਲ ਕੀਤੀ ਤਾਂ ਉਹ ਪੜ੍ਹਨ ਲਿਖਣ ਵਲ ਜਾਣ ਲੱਗੇ। ਇਕ ਸਮਾਂ ਸੀ ਜਦੋਂ ਪੰਜਾਬ ਵਿਚੋਂ ਕਾਫੀ ਗਿਣਤੀ ਵਿਚ ਲੋਕ ਕੇਂਦਰੀ ਸੇਵਾਵਾਂ ਵਿਚ ਚਲੇ ਜਾਂਦੇ ਸਨ ਪਰ ਇਹ ਸਾਰਿਆਂ ਲਈ ਇਕ ਸਮਾਨ ਮੌਕੇ ਪ੍ਰਦਾਨ ਕਰਨ ਵਾਲਾ ਤਰੀਕਾ ਨਹੀਂ ਸੀ। ਥੋੜ੍ਹੀ ਪੜ੍ਹਾਈ ਵਾਲੇ ਆਮ ਲੋਕਾਂ ਨੇ ਦੂਸਰਾ ਰਸਤਾ ਅਖਤਿਆਰ ਕੀਤਾ ਉਹ ਸੀ ਪੰਜਾਬ ਤੋਂ ਹਿਜਰਤ ਦਾ।

ਪੰਜਾਬ ਤੋਂ ਪਰਵਾਸ ਦੇ ਦੋ ਮੁੱਖ ਕਾਰਨ ਸਨ ਇਕ ਇਥੋਂ ਦੇ ਵਸੀਲਿਆਂ 'ਤੇ ਲਗਾਤਾਰਾ ਵਧ ਰਿਹਾ ਦਬਾਅ ਅਤੇ ਦੂਜਾ ਵਿਦੇਸ਼ਾਂ ਤੋਂ ਘੁੰਮ ਕੇ ਆਏ ਕੁਝ ਪਰਵਾਸੀਆਂ ਵਲੋਂ ਵਿਦੇਸ਼ਾਂ ਦੇ ਸੁਨਹਿਰੀ ਸੁਪਨੇ ਦਿਖਾਉਣਾ। ਵਿਦੇਸ਼ੀਆਂ ਦਾ ਪੰਜਾਬ ਵਿਚ ਆ ਕੇ ਘੁੰਮਣ ਫਿਰਨ, ਰਹਿਣ ਸਹਿਣ, ਵੱਡੇ ਮਕਾਨ ਬਣਾਉਣ ਨਾਲ ਇਥੋਂ ਦੇ ਲੋਕ ਸਮੂਹਿਕ ਤੌਰ 'ਤੇ ਹੀਣਭਾਵਨਾ ਦਾ ਸ਼ਿਕਾਰ ਹੋਣ ਲੱਗੇ। ਪੰਜਾਬ ਵਿਚ ਸੱਠਵਿਆਂ ਤੋਂ ਅੱਸੀਵਿਆਂ ਦਾ ਸਮਾਂ ਉਹ ਸੀ ਜਦੋਂ ਵਿਦੇਸ਼ ਨੂੰ ਡਿਗਰੀ ਵਾਂਗ ਨਾਮ ਪਿੱਛੇ ਲਗਾਇਆ ਜਾਂਦਾ ਸੀ, ਕਰਤਾਰ ਸਿੰਘ ਯੂ.ਐਸ.ਏ., ਸੁਰਜਨ ਸਿੰਘ ਇੰਗਲੈਂਡ, ਪ੍ਰਦਮਣ ਸਿੰਘ ਕੈਨੇਡਾ। ਇਹ ਡਿਗਰੀਆਂ ਨਹੀਂ ਬਲਕਿ ਆਪਣੇ ਆਪ ਨੂੰ ਵਿਦੇਸ਼ੀ ਹੋਣ ਕਰਕੇ ਵੱਡਾ ਦਿਖਾਉਣ ਦੀ ਭਾਵਨਾ ਸੀ। ਇਸ ਨਾਲ ਲੋਕਲ ਬਾਸ਼ਿੰਦਿਆਂ ਨੇ ਇਹ ਦੇਖਣ ਦੀ ਬਜਾਏ ਕਿ ਆਪਣੇ ਨਾਂ ਪਿੱਛੇ ਵਿਦੇਸ਼ਾਂ ਦਾ ਨਾਂ ਲਾਉਣ 'ਚ ਕਿੰਨੀ ਸਖਤ ਮਿਹਨਤ ਛੁਪੀ ਹੈ, ਸਿਰਫ ਵਿਦੇਸ਼ਾਂ ਤੋਂ ਆਏ ਵਿਅਕਤੀਆਂ ਦੀ ਚਮਕ ਅਤੇ ਜੇਬਾਂ ਵਿਚ ਡਾਲਰ ਹੀ ਦੇਖੇ, ਜਿਸ ਨਾਲ ਉਨ੍ਹਾਂ ਨੇ ਆਪਣੇ ਖਿੱਤੇ ਨੂੰ ਤਿਲਾਂਜਲੀ ਦੇਣ ਦਾ ਮਨ ਬਣਾ ਲਿਆ। ਅਜਿਹੀ ਸਥਿਤੀ ਵਿਚ ਹੌਲੀ ਹੌਲੀ ਇਹ ਭਾਵਨਾ ਇੰਨੀ ਤੇਜ਼ ਹੋ ਗਈ ਕਿ ਕਿਸੇ ਵੀ ਤਰੀਕੇ, ਕੋਈ ਵੀ ਖਤਰਾ ਮੁੱਲ ਲੈ ਕੇ ਬੱਸ ਇਕ ਵਾਰ ਵਿਦੇਸ਼ੀ ਧਰਤੀ 'ਤੇ ਪੈਰ ਧਰਿਆ ਜਾਵੇ।

ਪਹਿਲਾਂ ਵਿਦੇਸ਼ ਜਾਣ ਲਈ ਦੋ ਹੀ ਰਸਤੇ ਹੁੰਦੇ ਸਨ। ਪਹਿਲਾ, ਆਪਣੀ ਨੌਕਰੀ ਅਤੇ ਵਿੱਦਿਆ ਦੇ ਸਿਰ 'ਤੇ ਵਿਦੇਸ਼ ਜਾਓ। ਇਹ ਰਸਤਾ ਦੂਜੀ ਪੀੜ੍ਹੀ ਦੇ ਪਰਵਾਸੀਆਂ ਨੇ ਚੁਣਿਆ ਤੇ ਇੰਜਨੀਅਰ, ਡਾਕਟਰ ਆਦਿ ਪੇਸ਼ੇਵਰ ਵਿਦੇਸ਼ ਗਏ। ਫਿਰ ਹੌਲੀ-ਹੌਲੀ ਲੋਕਾਂ ਨੇ ਰਿਸ਼ਤਿਆਂ ਰਾਹੀਂ ਜਾਂ ਵਰਕ ਪਰਮਿਟ ਲੈ ਕੇ ਵੀ ਵਿਦੇਸ਼ ਜਾਣਾ ਸ਼ੁਰੂ ਕਰ ਦਿੱਤਾ। ਇਸ ਨਾਲ ਇਹ ਹੋਇਆ ਕਿ ਜਿੰਨੇ ਵੀ ਵਿਅਕਤੀ ਵਿਦੇਸ਼ਾਂ ਵਿਚ ਗਏ ਉਹ ਉਥੇ ਠੀਕ ਤਰੀਕੇ ਨਾਲ ਸੈਟਲ ਵੀ ਹੋ ਗਏ। ਉਨ੍ਹਾਂ ਪੰਜਾਬ ਵਿਚ ਬਹੁਤ ਸਾਰੇ ਲੋਕਾਂ ਵਿਚ ਹੀਣਭਾਵਨਾ ਜਗਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਮੋਟੀਆਂ ਚੈਨਾਂ, ਵੱਡੀਆਂ ਕਾਰਾਂ ਵਾਲੀਆਂ ਫੋਟੋਆਂ, ਵਧੀਆ ਬਰੈਂਡਿਡ ਕੱਪੜੇ ਅਤੇ ਆ ਕੇ ਪੰਜਾਬ ਵਿਚ ਖੁੱਲ੍ਹਾ ਖਰਚ ਕਰਨਾ, ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਭੱਜਣ ਲਈ ਧੂਹ ਪਾਉਣ ਲੱਗਿਆ। ਇਸ ਨਾਲ ਬਹੁਤੇ ਪੰਜਾਬੀਆਂ ਦੇ ਮਨ ਵਿਚ ਇਹ ਆਉਣ ਲੱਗਿਆ ਕਿ ਸ਼ਾਇਦ ਵਿਦੇਸ਼ਾਂ ਵਿਚ ਡਾਲਰ ਰੁੱਖਾਂ ਨੂੰ ਲੱਗਦੇ ਹਨ ਅਤੇ ਉਹ ਆਪਣੀ ਜ਼ਮੀਨ ਛੱਡਣ ਲਈ ਉਤਾਵਲੇ ਹੋ ਗਏ। ਉਨ੍ਹਾਂ ਇਥੇ ਕੰਮ ਧੰਦਾ ਕਰਨਾ ਛੱਡ ਦਿੱਤਾ। ਜੇ ਵਿਦੇਸ਼ੋਂ ਪੰਜਾਬ ਵਿਚ ਘੁੰਮਣ ਫਿਰਨ ਆਉਣ ਵਾਲੇ ਨਾਲ ਨਾਲ ਉਥੋਂ ਦੀ ਸਖਤ ਜ਼ਿੰਦਗੀ ਦੀ ਤਸਵੀਰ ਵੀ ਆਪਣੇ ਪਿੱਛੇ ਰਹਿ ਚੁੱਕੇ ਰਿਸ਼ਤੇਦਾਰਾਂ ਨੂੰ ਦਿਖਾਉਂਦੇ ਤਾਂ ਸ਼ਾਇਦ ਪੰਜਾਬ ਅੱਜ ਵਾਲੀ ਸਥਿਤੀ ਵਿਚ ਨਾ ਹੁੰਦਾ।



ਪੰਜਾਬ ਵਿਚ ਰਹਿ ਰਹੇ ਨੌਜਵਾਨਾਂ ਨੇ ਵਿਦੇਸ਼ੀ ਚਮਕ ਤਾਂ ਦੇਖੀ ਪਰ ਉਸ ਚਮਕ ਨੂੰ ਪ੍ਰਾਪਤ ਕਰਨ ਲਈ ਕਿੰਨੇ ਘੰਟੇ ਖੜ੍ਹ ਕੇ ਕੰਮ ਕਰਨੀ ਤੇ ਹੋਰ ਜਫਰ ਜਾਲਣੇ ਪੈਂਦੇ ਹਨ, ਇਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਨੌਜਵਾਨਾਂ ਨੇ ਖੇਤੀ ਅਤੇ ਛੋਟੀਆਂ ਨੌਕਰੀਆਂ ਤੇ ਹੋਰ ਕੰਮ-ਧੰਦਿਆਂ ਵਲ ਦੇਖਣਾ ਹੀ ਛੱਡ ਦਿੱਤਾ। ਇਸ ਦਾ ਨੁਕਸਾਨ ਇਹ ਹੋਇਆ ਕਿ ਖੇਤਾਂ ਵਿਚ ਕੰਮ ਕਰਨ ਦੀ ਜ਼ਿੰਮੇਵਾਰੀ ਯੂਪੀ ਬਿਹਾਰ ਤੋਂ ਆਏ ਕਾਮਿਆਂ ਨੇ ਸਾਂਭ ਲਈ। ਜਿੰਨੇ ਵੀ ਛੋਟੇ ਧੰਦੇ ਪੰਜਾਬ ਵਿਚ ਸਨ ਜਿਵੇਂ ਕਲੀ-ਕੂਚੀ, ਮਕਾਨ ਉਸਾਰੀ ਜਾਂ ਰੋਜ਼ਾਨਾ ਮਜ਼ਦੂਰੀ, ਉਨ੍ਹਾਂ ਵਿਚੋਂ ਪੰਜਾਬੀ ਇਕ ਇਕ ਕਰਕੇ ਬਾਹਰ ਹੁੰਦੇ ਗਏ। ਹਾਲਤ ਇਹ ਬਣ ਗਈ ਕਿ ਪੰਜਾਬੀਆਂ ਨੂੰ ਰੋਜ਼ਮਰਾ ਦੀ ਜ਼ਿੰਦਗੀ ਜਿਊਣ ਲਈ ਸੰਘਰਸ਼ ਕਰਨਾ ਪੈਣ ਲੱਗਿਆ। ਇਕ ਪਾਸੇ ਪੰਜਾਬੀ ਹੱਥੀਂ ਕਿਰਤ ਨਾਲੋਂ ਟੁੱਟ ਗਏ ਅਤੇ ਵਿਹਲੜ ਲੋਕ ਨਸ਼ਿਆਂ ਵਲ ਨੂੰ ਤੁਰ ਪਏ।

ਪੰਜਾਬ ਦੀ ਵਿੱਦਿਆ ਨੇ ਵੀ ਨੌਜਵਾਨਾਂ ਦੀ ਬਾਂਹ ਨਾ ਫੜੀ। ਵਿੱਦਿਆ ਦਾ ਵਿਹਾਰਕ ਅਤੇ ਲੋਕਾਂ ਦੀਆਂ ਸਮੇਂ ਨਾਲ ਸਬੰਧਤ ਲੋੜਾਂ ਪੂਰੀਆਂ ਕਰਨਾ ਪ੍ਰਮੁੱਖ ਕਾਰਜ ਹੁੰਦਾ ਹੈ। ਅੱਜ ਦਾ ਬੀਏ ਪਾਸ ਨੌਜਵਾਨ ਜਾਂ ਕੋਈ ਵੀ ਡਿਗਰੀ ਡਿਪਲੋਮਾ ਹੋਲਡਰ, ਸਵੈ ਰੁਜ਼ਗਾਰ ਵਲ ਨੂੰ ਤੁਰਨ ਨੂੰ ਤਿਆਰ ਨਹੀਂ ਜਾਂ ਭਾਵ ਉਸ ਕੋਲ ਕਿਸੇ ਹੋਰ ਪਾਸੇ ਤੁਰਨ ਦੀ ਸਮਰੱਥਾ ਤੇ ਹੁਨਰ ਵੀ ਨਹੀਂ। ਜਿਵੇਂ ਵਿਦਿਆਰਥੀਆਂ ਨੂੰ ਪਹਿਲੀ ਤੋਂ ਬਾਰ੍ਹਵੀਂ ਤੱਕ ਅਤੇ ਫਿਰ ਬੀਏ ਵਿਚ ਅੰਗਰੇਜ਼ੀ ਪੜ੍ਹਾਈ ਜਾਂਦੀ ਹੈ। ਪਰ ਕੀ ਕਾਰਨ ਹੈ ਕਿ ਉਨ੍ਹਾਂ ਨੂੰ ਆਈਲੈਟਸ ਵਰਗਾ ਪੇਪਰ ਪਾਸ ਕਰਨ ਲਈ ਰੋਜ਼ ਅੰਗਰੇਜ਼ੀ ਦੀਆਂ ਦੁਕਾਨਾਂ 'ਤੇ ਜਾਣਾ ਪੈਂਦਾ ਹੈ। ਜੇ ਹਜ਼ਾਰਾਂ ਨੌਜਵਾਨਾਂ ਦੀ ਆਈਲੈਟਸ ਕਰਨਾ ਜ਼ਰੂਰਤ ਹੈ ਤਾਂ ਸਾਡੇ ਕਾਲਜ ਅਤੇ ਯੂਨੀਵਰਸਿਟੀਆਂ ਕਿਉਂ ਉਨ੍ਹਾਂ ਦੀ ਇਹ ਲੋੜ ਪੂਰੀ ਨਹੀਂ ਕਰਦੇ। ਇਸੇ ਤਰ੍ਹਾਂ ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਖੇਤੀ ਤਕਨੀਕ ਵਿਚ ਕੁਝ ਨਵਾਂ ਸਾਹਮਣੇ ਨਹੀਂ ਆਇਆ। ਭਾਵੇਂ ਗਰੀਨ ਹਾਊਸ ਟੈਕਨਾਲੋਜੀ ਨੇ ਕੁਝ ਕਿਸਾਨਾਂ ਨੂੰ ਆਪਣੇ ਵਲ ਖਿੱਚਿਆ ਪਰ ਇਹ ਵੱਡੀ ਗਿਣਤੀ ਲੋਕਾਂ ਦੀ ਜ਼ਿੰਦਗੀ ਦਾ ਹਿੱਸਾ ਨਾ ਬਣ ਸਕੀ। ਸਾਡੇ ਕਿਸੇ ਅਦਾਰੇ ਵਿਚ ਖੇਤੀ ਦੇ ਮੰਡੀਕਰਨ, ਖੇਤੀ ਦੀ ਫਸਲ ਨੂੰ ਪ੍ਰਾਸੈੱਸ ਕਰ ਕੇ ਲੰਮੇ ਸਮੇਂ ਤੱਕ ਰੱਖਣ ਆਦਿ ਦਾ ਢੰਗ ਵਿਕਸਤ ਕਰਨ ਵਲ ਧਿਆਨ ਨਹੀਂ ਦਿੱਤਾ। ਸਾਡੇ ਪੰਜਾਬ ਦੇ ਮੁੱਖ ਕਿੱਤੇ ਖੇਤੀ ਲਈ ਕਿਸੇ ਯੂਨੀਵਰਸਿਟੀ ਵਿਚ ਸ਼ਾਇਦ ਹੀ ਕੋਈ ਐਮ.ਬੀ.ਏ. ਦੀ ਅਜਿਹੀ ਡਿਗਰੀ ਹੋਵੇ, ਜਿਸ ਵਿਚ ਐਗਰੀਕਲਚਰ ਪ੍ਰੋਡਕਟ ਮਾਰਕੀਟਿੰਗ ਨੂੰ ਵਿਸ਼ੇਸ਼ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੋਵੇ।

ਅੱਜ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸੇਧ ਦੇਣ ਵਾਲੇ ਨੇਤਾ ਦੀ ਜ਼ਰੂਰਤ ਹੈ। ਹਾਲਤ ਇਹ ਹੈ ਕਿ ਪੰਜਾਬ ਵਿਚ ਕੋਈ ਐਸਾ ਆਗੂ ਨਹੀਂ ਜਿਸ ਨੂੰ ਲੋਕ ਆਪਣਾ ਆਦਰਸ਼ ਮੰਨ ਸਕਣ। ਜੋ ਪੰਜਾਬ ਦੇ ਲੋਕਾਂ ਨੂੰ ਹੀਣਭਾਵਨਾ ਵਿਚੋਂ ਕੱਢ ਕੇ ਕੋਈ ਵੱਡਾ ਨਿਸ਼ਾਨਾ ਦਿਖਾ ਸਕੇ। ਹਰ ਦੂਸਰਾ ਵਿਅਕਤੀ ਇਹ ਕਹਿੰਦਾ ਸੁਣਿਆ ਜਾਂਦਾ ਹੈ ਕਿ ਇਥੇ ਕੀ ਰੱਖਿਆ ਹੈ? ਜੇ ਬਚਣਾ ਹੈ ਤਾਂ ਵਿਦੇਸ਼ ਚਲੇ ਜਾਓ। ਜ਼ਰੂਰਤ ਇਸ ਗੱਲ ਦੀ ਹੈ ਕਿ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਜਗ੍ਹਾ ਬਦਲਣ ਨਾਲ ਹਾਲਾਤ ਨਹੀਂ ਬਦਲਦੇ। ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਨੌਜਵਾਨ ਬਹੁਤ ਸਖਤ ਮਿਹਨਤ ਕਰਦੇ ਹਨ, ਸ਼ਾਇਦ ਹੀ ਕੋਈ ਐਸਾ ਹੋਵੇ ਜਿਹੜਾ ਇਕ ਤੋਂ ਵੱਧ ਸ਼ਿਫਟਾਂ ਨਾ ਲਾਉਂਦਾ ਹੋਵੇ। ਸਿੱਖ ਪਰਿਵਾਰਾਂ ਨਾਲ ਸਬੰਧਤ ਲੋਕ ਉਥੇ ਬਾਰਬਰ (ਵਾਲ ਕੱਟਣ ਦੀ) ਸ਼ਾਪ ਚਲਾਉਂਦੇ ਹਨ ਤੇ ਹਰ ਉਹ ਕੰਮ ਕਰਦੇ ਹਨ ਜਿਸ ਨਾਲ ਉਨ੍ਹਾਂ ਨੂੰ ਵਧੀਆ ਰੁਜ਼ਗਾਰ ਮਿਲੇ। ਫਿਰ ਪੰਜਾਬ ਵਿਚ ਰਹਿ ਰਹੇ ਨੌਜਵਾਨ ਕਿਉਂ ਹੀਣਭਾਵਨਾ ਦਾ ਸ਼ਿਕਾਰ ਹਨ ਕਿ ਉਹ ਪੈਸੇ ਕਮਾਉਣ ਵਾਲੇ ਧੰਦਿਆਂ ਨੂੰ ਛੱਡੀ ਬੈਠੇ ਹਨ। ਵਿਦੇਸ਼ਾਂ ਵਿਚ ਸਾਡੇ ਲੋਕ ਬਿਨਾਂ ਕਿਸੇ ਸੰਗ ਸ਼ਰਮ ਤੋਂ ਕੋਈ ਵੀ ਕੰਮ ਕਰਨ ਨੂੰ ਤਿਆਰ ਰਹਿੰਦੇ ਹਨ, ਫਿਰ ਪੰਜਾਬ ਵਿਚ ਮਿਹਨਤ ਕਿਉਂ ਨਹੀਂ ਕਰ ਸਕਦੇ।

---

# ਸ਼ਾਮਲਾਟ ਜ਼ਮੀਨਾਂ ਦੀ ਸ਼ਾਮਤ

ਪੰਜਾਬ ਸਰਕਾਰ ਦੀ ਅੱਖ ਹੁਣ ਪਿੰਡਾਂ ਨੇ ਆਪਣੇ ਹਿੱਸੇ ਦੀਆਂ ਰੱਖੀਆਂ ਸਾਂਝੀਆਂ (ਸ਼ਾਮਲਾਟ) ਜ਼ਮੀਨਾਂ ਉਤੇ ਹੈ। ਮੰਤਰੀ ਮੰਡਲ ਨੇ ਇਸ ਮਨਸ਼ਾ ਉਤੇ ਮੋਹਰ ਲਗਾ ਦਿੱਤੀ ਹੈ। ਪੰਜਾਬ ਵਿਲੇਜ਼ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼ 1964 ਵਿਚ ਸੋਧ ਕਰ ਕੇ ਸ਼ਾਮਲਾਟ ਜ਼ਮੀਨ ਪੰਚਾਇਤਾਂ ਦੇ ਨਾਮ ਤੋਂ ਉਦਯੋਗ ਵਿਭਾਗ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ (ਪੀ.ਐਸ.ਆਈ.ਸੀ.) ਦੇ ਨਾਮ ਹੋ ਜਾਣਗੀਆਂ। ਪੰਚਾਇਤਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਇਸ ਦੇ ਪੈਸੇ ਨੂੰ ਬੈਂਕਾਂ ਵਿਚ ਐਫ.ਡੀ. ਕਰਵਾ ਦੇਣ ਜਾਂ ਹੋਰ ਥਾਂ ਉਤੇ ਜ਼ਮੀਨ ਖਰੀਦ ਲੈਣ। ਇਸ ਨਾਲ ਸੂਬੇ ਦੇ 1 ਲੱਖ 35 ਹਜ਼ਾਰ ਏਕੜ ਦੇ

**ਹਮੀਰ ਸਿੰਘ**

ਲਗਪਗ ਹਰ ਸਾਲ ਬੋਲੀ ਉਤੇ ਚੜ੍ਹਾਈ ਜਾਂਦੀ ਜ਼ਮੀਨ ਨੀਤੀਗਤ ਤੌਰ ਉਤੇ ਪੀ.ਐਸ.ਆਈ.ਸੀ. ਨੂੰ ਦੇ ਦਿੱਤੀ ਜਾਵੇਗੀ ਅਤੇ ਅੱਗੋਂ ਪੀ.ਐਸ.ਆਈ.ਸੀ. ਪਲਾਟ ਕੱਟ ਕੇ ਨਿੱਜੀ ਉਦਯੋਗਪਤੀਆਂ ਦਾ ਰਾਹ ਆਸਾਨ ਕਰੇਗੀ।

ਪਹਿਲਾਂ ਸਰਕਾਰ ਵਲੋਂ ਲਏ ਫੈਸਲੇ ਬਾਰੇ ਜਾਣ ਲੈਣਾ ਜ਼ਰੂਰੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਸੂਬੇ ਵਿਚ ਉਦਯੋਗਿਕ ਵਿਕਾਸ ਤੇਜ਼ ਹੋਵੇਗਾ। ਪੰਚਾਇਤਾਂ ਆਪਣੀ ਜ਼ਮੀਨ ਪੀ.ਐਸ.ਆਈ.ਸੀ. ਨੂੰ ਵੇਚਣ ਲਈ ਮਤਾ ਪਾਉਣਗੀਆਂ ਅਤੇ ਸਰਕਾਰ ਦੀ ਮਨਜ਼ੂਰੀ ਪਿੱਛੋਂ ਇਹ ਜ਼ਮੀਨਾਂ ਵੇਚੀਆਂ ਜਾ ਸਕਣਗੀਆਂ। ਪੰਚਾਇਤੀ ਜ਼ਮੀਨ ਖਰੀਦਣ ਲਈ ਪੀ.ਐਸ.ਆਈ.ਸੀ. ਪੰਚਾਇਤਾਂ ਨੂੰ ਪੂਰਾ ਪੈਸਾ ਨਹੀਂ ਦੇਵੇਗੀ। ਵਿੱਤੀ ਹਾਲਤ ਠੀਕ ਨਾ ਹੋਣ ਕਰ ਕੇ ਸਰਕਾਰ ਨੇ ਰਾਹ ਕੱਢਿਆ ਹੈ ਕਿ ਪੀ.ਐਸ.ਆਈ.ਸੀ. 25 ਫੀਸਦੀ ਪੈਸਾ ਦੇਵੇਗੀ ਅਤੇ ਜ਼ਮੀਨ ਆਪਣੇ ਨਾ ਕਰਵਾ ਲਵੇਗੀ। ਬਾਕੀ ਦੀ ਰਕਮ ਚਾਰ ਬਰਾਬਰ ਦੀਆਂ ਕਿਸ਼ਤਾਂ ਵਿਚ ਦਿੱਤੀ ਜਾਵੇਗੀ। ਇਹ ਕਿਸ਼ਤਾਂ ਜ਼ਮੀਨ ਖਰੀਦ ਲੈਣ ਤੋਂ ਦੋ ਸਾਲਾਂ ਪਿੱਛੋਂ ਸ਼ੁਰੂ ਹੋਣਗੀਆਂ ਅਤੇ ਇਸ ਦੌਰਾਨ ਦਸ ਫੀਸਦ ਵਿਆਜ ਦਿੱਤਾ ਜਾਵੇਗਾ।

ਵਿੱਤ ਵਿਭਾਗ ਪੀ.ਐਸ.ਆਈ.ਸੀ. ਵਲੋਂ ਕਿਸੇ ਉਦਯੋਗਿਕ ਪ੍ਰੋਜੈਕਟ ਜਾਂ ਬਾਕੀ ਪੰਚਾਇਤੀ ਜ਼ਮੀਨ ਦੀ 75 ਫੀਸਦ ਰਕਮ ਚੁਕਤਾ ਕਰਨ ਲਈ ਬੈਂਕਾਂ ਤੋਂ ਲਏ ਜਾਣ ਵਾਲੇ ਲੋਨ ਦੀ ਗਾਰੰਟੀ ਦੇਵੇਗਾ। ਜਿਸ ਉਦੇਸ਼ ਲਈ ਜ਼ਮੀਨ ਲਈ ਗਈ ਹੈ, ਜੇ ਉਹ ਦੀ ਵਰਤੋਂ ਨਹੀਂ ਹੁੰਦੀ ਤਾਂ ਜ਼ਮੀਨ ਪੰਚਾਇਤ ਵਾਪਸ ਲੈ ਸਕੇਗੀ ਅਤੇ ਪੀ.ਐਸ.ਆਈ.ਸੀ. ਨੂੰ ਮੂਲ ਰਕਮ ਵਾਪਸ ਕਰਨੀ ਹੋਵੇਗੀ। ਪੰਚਾਇਤ ਸਰਕਾਰ ਤੋਂ ਮਿਲੇ ਪੈਸੇ ਨੂੰ ਬੈਂਕਾਂ ਵਿਚ ਜਮ੍ਹਾਂ ਕਰਵਾ ਕੇ ਵਿਆਜ ਰਾਹੀਂ ਜਾਂ ਫਿਰ ਕਿਤੇ ਹੋਰ ਜ਼ਮੀਨ ਲੈ ਕੇ ਕੰਮ ਚਲਾ ਸਕਦੀ ਹੈ।

ਇਸ ਫੈਸਲੇ ਬਾਰੇ ਕਿਹਾ ਜਾ ਰਿਹਾ ਹੈ ਕਿ ਰਾਜਪੁਰਾ ਨੇੜੇ ਸ਼ਾਮਲਾਟ ਜ਼ਮੀਨ ਲੈਣ ਦੀ ਜ਼ਰੂਰਤ ਗਲੋਬਲ ਮੈਨੂਫੈਕਚਰਿੰਗ ਐਂਡ ਨਾਲਜ ਪਾਰਕ ਬਣਾਉਣ ਲਈ ਇਕ ਹਜ਼ਾਰ ਏਕੜ ਜ਼ਮੀਨ ਚਾਹੀਦੀ ਸੀ। ਇਨ੍ਹਾਂ ਵਿਚ ਸਿਹਰਾ ਦੀ 467 ਏਕੜ, ਸਿਹਰੀ ਦੀ 159 ਏਕੜ, ਆਕੜੀ ਦੀ 168 ਏਕੜ, ਪਾਵੜਾ ਦੀ 159 ਏਕੜ ਅਤੇ ਤਖਤੂ ਮਾਜਰਾ ਦੀ 47 ਏਕੜ ਜ਼ਮੀਨ ਸ਼ਾਮਲ ਹੈ। ਇਸ ਜ਼ਮੀਨ ਉਤੇ ਪੁਰਾਣੇ ਸਮੇਂ ਤੋਂ ਲਗਪਗ ਪੰਜ ਹਜ਼ਾਰ ਰੁਪਏ ਸਾਲਾਨਾ ਠੇਕਾ ਦੇ ਰਹੇ ਕਿਸਾਨ ਕਾਸ਼ਤ ਕਰ ਰਹੇ ਹਨ। ਸਰਕਾਰ ਦਾ ਫੈਸਲਾ ਇਨ੍ਹਾਂ ਕਿਸਾਨਾਂ ਦੇ ਉਜਾੜੇ ਦਾ ਵੀ ਕਾਰਨ ਬਣੇਗਾ। ਇਸ ਫੈਸਲੇ ਪਿੱਛੇ ਪਿੰਡ ਦੀ ਜ਼ਮੀਨ ਸਸਤੀ ਲੈ ਕੇ ਵੱਡੇ ਘਰਾਣਿਆਂ ਨੂੰ ਦੇਣ ਅਤੇ ਉਸ ਵਿਚ ਸਿਆਸਤਦਾਨਾਂ ਅਤੇ ਵੱਡੇ ਅਫਸਰਾਂ ਦੀ ਹਿੱਸਾਪੱਤੀ ਪਾਉਣ ਦੀ ਮਨਸ਼ਾ ਸਾਫ ਨਜ਼ਰ ਆ ਸਕਦੀ ਹੈ। ਸ਼ਾਮਲਾਟ ਜ਼ਮੀਨਾਂ ਪਿੰਡ ਦੇ ਲੋਕਾਂ ਦੀ ਵਿਰਾਸਤ ਹੈ। ਇਸ ਦੀ ਮਾਲਕ ਗ੍ਰਾਮ ਸਭਾ ਹੈ। ਪੰਚਾਇਤਾਂ ਨੂੰ ਇਹ ਸਲਾਹ ਦੇਣਾ ਕਿ ਤੁਹਾਡੀ ਜ਼ਮੀਨ ਤਾਂ ਅਸੀਂ ਲੈ ਲਵਾਂਗੇ ਅਤੇ ਤੁਸੀਂ ਹੋਰ ਜ਼ਮੀਨ ਖਰੀਦ ਕੇ ਜਾਂ ਪੈਸਾ ਬੈਂਕ ਵਿਚ ਰੱਖ ਕੇ ਕੰਮ ਚਲਾ ਲਓ, ਬਿਲਕੁੱਲ ਉਵੇਂ ਹੈ ਕਿ ਕਿਸੇ ਦਾ ਘਰ ਚੰਗਾ ਲੱਗੇ ਤਾਂ ਉਸ ਉਤੇ ਕਬਜ਼ਾ ਕਰ ਕੇ ਕਿਹਾ ਜਾਵੇ ਕਿ ਹੋਰ ਘਰ ਲੈਣ ਲਈ ਉਹ ਆਜ਼ਾਦ ਹੈ। ਪਿੰਡ ਸ਼ਾਮਲਾਟ ਜ਼ਮੀਨ ਦਾ ਮਾਮੂਲੀ ਪੈਸਾ ਦੇ ਕੇ ਬਰਾਬਰ ਦੀ ਜ਼ਮੀਨ ਕਿਹੜੇ ਪਿੰਡ ਵਿਚ ਖਰੀਦੇ। ਕਦੇ ਜ਼ਮੀਨਾਂ ਦੇ ਉਚੇ ਭਾਅ ਦੇ ਦੌਰ ਵਿਚ ਇਹ ਸੀ ਕਿ ਚੰਡੀਗੜ੍ਹ ਨੇੜੇ ਮਹਿੰਗੀ ਜ਼ਮੀਨ ਵੇਚ ਕੇ ਕੋਈ ਬਠਿੰਡਾ-ਮਾਨਸਾ ਵੱਧ ਜ਼ਮੀਨ ਦਾ ਸੌਦਾ ਕਰ ਲੈਂਦਾ ਸੀ। ਹੁਣ ਪਿੰਡ ਕਿਤੇ ਰਹੇਗਾ ਅਤੇ ਸ਼ਾਮਲਾਟ ਕਿਸੇ ਹੋਰ ਪਿੰਡ ਵਿਚ ਹੋਵੇਗੀ? ਇਹ ਦਲੀਲ ਸਰਕਾਰ ਦੀ ਸਮਝ ਨਹੀਂ ਆਈ?

ਵਿਲੇਜ਼ ਕਾਮਨ ਲੈਂਡ ਐਕਟ 1961 ਦੇ ਅਨੁਸਾਰ ਇਕ ਤਿਹਾਈ ਜ਼ਮੀਨ ਅਨੁਸੂਚਿਤ ਜਾਤੀ ਨਾਲ ਸਬੰਧਿਤ ਲੋਕਾਂ ਲਈ ਰਾਖਵੀਂ ਹੈ। ਹਾਲਾਂਕਿ ਇਸ ਕਾਨੰਨ ਹੱਕ ਲਈ ਵੀ ਉਨ੍ਹਾਂ ਨੂੰ ਭਾਰੀ ਜੱਦੋ-ਜਹਿਦ ਕਰਨੀ ਪੈ ਰਹੀ ਹੈ ਪਰ ਜੇਕਰ ਜ਼ਮੀਨ ਹੀ ਖਤਮ ਹੋ ਗਈ ਤਾਂ ਇਸ ਕਾਨੂੰਨ ਦੀ ਕੀ ਜ਼ਰੂਰਤ ਰਹਿ ਜਾਵੇਗੀ? ਇਕ ਤਰ੍ਹਾਂ ਨਾਲ ਇਸ ਕਾਨੂੰਨ ਦਾ ਹੀ ਭੋਗ ਪੈਣ ਵਾਲਾ ਹੈ। ਇਸੇ ਜ਼ਮੀਨ ਵਿਚੋਂ ਬੇਜ਼ਮੀਨਿਆਂ ਗ਼ਰੀਬਾਂ ਲਈ ਪੰਜ ਮਰਲੇ ਦੇ ਪਲਾਟ ਕੱਟ ਕੇ ਦੇਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਕਈ ਪਿੰਡਾਂ ਵਿਚ ਗ੍ਰਾਮ ਸਭਾਵਾਂ ਰਾਹੀਂ ਇਹ ਪਲਾਟ ਮਿਲੇ ਵੀ ਹਨ। ਜੇਕਰ ਜ਼ਮੀਨ ਹੀ ਲੈ ਲਈ ਜਾਵੇ ਤਾਂ ਪਲਾਟ ਦੇਣ ਦੀ ਸਕੀਮ ਆਪਣੇ ਆਪਣੀ ਮੌਤ ਆਪ ਮਰ ਜਾਵੇਗੀ।

ਪੰਜਾਬ ਦੀ ਸ਼ਾਮਲਾਟ ਜ਼ਮੀਨ ਠੇਕੇ ਉਤੇ ਲੈ ਕੇ ਛੋਟੀ ਕਿਸਾਨੀ ਦਾ ਇੱਕ ਤਬਕਾ ਆਪਣੀ ਰੋਜ਼ੀ ਰੋਟੀ ਕਮਾ ਰਿਹਾ ਹੈ। ਪਿਛਲੇ ਢਾਈ ਦਹਾਕਿਆਂ ਵਿਚ ਪੰਜਾਬ ਦਾ ਦੋ ਲੱਖ ਕਿਸਾਨ ਪਰਿਵਾਰ ਵੀ ਬੇਜ਼ਮੀਨਾ ਹੋ ਚੁੱਕਾ ਹੈ। ਉਹ ਠੇਕੇ ਉਤੇ ਜ਼ਮੀਨ ਲੈ ਕੇ ਦੋ ਪਸ਼ੂ ਰੱਖ ਕੇ ਦੁੱਧ ਪਾ ਕੇ ਗੁਜ਼ਾਰਾ ਕਰ ਰਹੇ ਹਨ। ਦਲਿਤਾਂ ਦਾ ਵੱਡਾ ਹਿੱਸਾ ਵੀ ਨਾਲ ਦੁੱਧ ਪਾਉਣ ਦਾ ਕੰਮ ਕਰ ਰਿਹਾ ਹੈ। ਸ਼ਾਮਲਾਟ ਜ਼ਮੀਨ ਨਾ ਮਿਲਣ ਕਰ ਕੇ ਉਹ ਮਾਰਕੀਟ ਵਿਚ ਜ਼ਮੀਨ ਦਾ ਔਸਤ ਠੇਕਾ ਲਗਪਗ 50 ਹਜ਼ਾਰ ਰੁਪਏ ਏਕੜ ਦੇ ਹਿਸਾਬ ਨਾਲ ਦੇ ਕੇ ਕੁੱਝ ਨਹੀਂ ਬਚਾ ਸਕਦਾ। ਸ਼ਾਮਲਾਟ ਜ਼ਮੀਨ ਦਾ ਔਸਤ ਠੇਕਾ 26 ਹਜ਼ਾਰ ਰੁਪਏ ਹੈ। ਇਸ ਉਤੇ ਲੋਕ ਦਬਾਅ ਬਣਾ ਕੇ ਘੱਟ ਵੀ ਕਰਵਾ ਸਕਦੇ ਹਨ। ਡੇਅਰੀ ਖੇਤਰ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀ ਦੇ ਹਿੱਸੇ ਦਾ ਇੱਕ ਤਿਹਾਹੀ ਹਿੱਸਾ ਬਣਦਾ ਹੈ। ਸਰਕਾਰ ਦਾ ਫੈਸਲਾ ਹਜ਼ਾਰਾਂ ਲੋਕਾਂ ਨੂੰ ਵਿਹਲਾ ਕਰ ਕੇ ਸ਼ਹਿਰਾਂ ਵਲ ਕੂਚ ਕਰ ਦੇਣ ਲਈ ਮਜਬੂਰ ਕਰਨ ਵਾਲਾ ਹੈ।

ਇਹ ਵੀ ਅਜੀਬ ਗੱਲ ਹੈ ਕਿ 25 ਫੀਸਦੀ ਪੈਸਾ ਦੇ ਕੇ ਜ਼ਮੀਨ ਦੀ ਰਜਿਸਟਰੀ ਕਿਸੇ ਹੋਰ ਸੰਸਥਾ ਦੇ ਨਾਂ ਚਲੀ ਜਾਵੇ। ਵਿੱਤ ਵਿਭਾਗ ਕੇਵਲ ਬੈਂਕਾਂ ਦੇ ਲੋਨ ਦੀ ਗਾਰੰਟੀ ਦੇਵੇਗਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਲਈ ਵਿੱਤੀ ਜ਼ਿੰਮੇਵਾਰੀ ਕਾਨੂੰਨ ਇੱਕ ਸਮੱਸਿਆ ਬਣ ਕੇ ਖੜ੍ਹਾ ਸੀ। ਜਦੋਂ 2017 ਵਿਚ ਅਮਰਿੰਦਰ ਸਿੰਘ ਨੇ ਚਾਰਜ ਸੰਭਾਲਿਆ ਸੀ ਸਰਕਾਰ ਆਪਣੀ ਕਰਜ਼ਾ ਲੈਣ ਦੀ ਹੱਦ ਮੁਕਾ ਚੁੱਕੀ ਸੀ। ਕੇਂਦਰ ਤੋਂ ਵਾਰ ਵਾਰ ਮਿੰਨਤ ਕਰਨ ਉਤੇ ਵੀ ਦਸ ਹਜ਼ਾਰ ਕਰੋੜ ਰੁਪਏ ਦਾ ਲੋਨ ਹੋਰ ਨਹੀਂ ਲੈ ਸਕੀ। ਇਸ ਕਰ ਕੇ ਕਿਸਾਨਾਂ ਨਾਲ ਕਰਜ਼ਾ ਮੁਆਫੀ ਦੇ ਕੀਤੇ ਵਾਅਦੇ ਵਿਚ ਦੇਰੀ ਹੁੰਦੀ ਰਹੀ। ਜੇਕਰ ਸਰਕਾਰ ਨੂੰ ਲੋਨ ਨਹੀਂ ਮਿਲ ਰਿਹਾ ਤਾਂ ਉਸ ਦੀ ਕਾਰਪੋਰੇਸ਼ਨ ਨੂੰ ਲੋਨ ਕੌਣ ਅਤੇ ਕਿਉਂ ਦੇਵੇਗਾ? ਪਿੰਡਾਂ ਦੀ ਜ਼ਮੀਨ 25 ਫੀਸਦੀ ਨਾਲ ਹੀ ਖੋਹ ਲਏ ਜਾਣ ਦੇ ਅੰਦੇਸ਼ੇ ਬਰਕਰਾਰ ਰਹਿਣਗੇ। ਉਹੀ ਪ੍ਰੋਜੈਕਟ ਨਾ ਲੱਗਣ ਉਤੇ ਜ਼ਮੀਨ ਵਾਪਸ ਮਿਲਣ ਦਾ ਤਰੀਕਾ ਹੈ ਪਰ ਕੋਈ ਸਮਾਂ ਹੱਦ ਨਹੀਂ ਹੈ ਕਿ ਕਿੰਨਾ ਸਮਾਂ ਹੈ ਯੋਗ ਵਰਤੋਂ ਦਾ।

ਪੰਚਾਇਤਾਂ ਨੂੰ ਪਿਛਲੇ ਸਾਲ ਸ਼ਾਮਲਾਟ ਜ਼ਮੀਨ ਦੇ ਠੇਕੇ ਤੋਂ 340 ਕਰੋੜ ਰੁਪਏ ਦੇ ਲਗਪਗ ਰਕਮ ਮਿਲੀ ਸੀ। ਇਸ ਦਾ ਵੀਹ ਫੀਸਦ ਪਹਿਲਾਂ ਹੀ ਵਿਭਾਗ ਪੰਚਾਇਤ ਸਕੱਤਰਾਂ ਅਤੇ ਹੋਰ ਮੁਲਾਜ਼ਮਾਂ ਦੀ ਤਨਖਾਹ ਲਈ ਲੈ ਜਾਂਦਾ ਹੈ। ਜੇਕਰ ਇਹ ਜ਼ਮੀਨ ਨਾ ਰਹੀ ਪੈਸੇ ਵੀ ਖੁਰਦ-ਬੁਰਦ ਹੋ ਗਏ ਤਾਂ ਤਨਖਾਹਾਂ ਕੌਣ ਦੇਵੇਗਾ? ਸ਼ਾਮਲਾਟ ਜ਼ਮੀਨ ਨਾ ਰਹੀ ਤਾਂ ਪਹਿਲਾਂ ਹੀ ਅੱਧੇ ਅਧੂਰੇ ਮਨ ਨਾਲ ਚਲਾਈ ਜਾ ਰਹੀ ਮਹਾਤਮਾ ਗਾਂਧੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਦਾ ਭੋਗ ਪਾ ਦਿੱਤਾ ਜਾਵੇਗਾ। ਲੋਕਾਂ ਨੂੰ ਰੁਜ਼ਗਾਰ ਦੇ ਪ੍ਰਾਜੈਕਟ ਹੀ ਘਟ ਜਾਣਗੇ। ਕੇਂਦਰ ਸਰਕਾਰ ਦੇ ਸਮਾਜਿਕ, ਆਰਥਿਕ ਅਤੇ ਜਾਤੀਗਤ ਮਰਦਮ ਸ਼ੁਮਾਰੀ ਮੁਤਾਬਿਕ ਪੰਜਾਬ ਦੇ 32 ਲੱਖ ਪੇਂਡੂ ਪਰਿਵਾਰਾਂ ਵਿਚੋਂ 73 ਫੀਸਦ ਪੰਜ ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਉਤੇ ਗੁਜ਼ਾਰਾ ਕਰਦੇ ਹਨ।

ਅਸਲ ਵਿਚ ਜਿਸ ਤਰ੍ਹਾਂ ਪੁੱਡਾ ਨੇ ਵੱਡੇ ਪ੍ਰਾਪਰਟੀ ਡੀਲਰ ਵਾਂਗੂ ਕਿਸਾਨਾਂ ਤੋਂ ਸਸਤੇ ਭਾਅ ਜ਼ਮੀਨ ਲੈ ਕੇ ਅਰਬਾਂ ਰੁਪਏ ਕਮਾਏ ਹਨ। ਹੁਣ ਪੀ.ਐਸ.ਆਈ.ਸੀ. ਵੀ ਅਜਿਹਾ ਹੀ ਕਰਨ ਜਾ ਰਹੀ ਹੈ। ਇਹ ਫੈਸਲਾ ਇਸ ਕਰ ਕੇ ਵੀ ਗੈਰ-ਤਰਕਸੰਗਤ ਹੈ ਕਿਉਂਕਿ ਜੇਕਰ ਸਰਕਾਰ ਨੂੰ ਉਦਯੋਗਿਕ ਪ੍ਰੋਜੈਕਟਾਂ ਲਈ ਜ਼ਮੀਨ ਚਾਹੀਦੀ ਹੈ ਤਾਂ ਉਸ ਲਈ 2013 ਦਾ ਬਣਿਆ ਜ਼ਮੀਨ ਐਕੁਆਇਰ ਕਰਨ ਲਈ ਕਾਨੂੰਨ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਇਸ ਕਾਨੂੰਨ ਮੁਤਾਬਿਕ ਕੇਵਲ ਜ਼ਮੀਨਾਂ ਦੇ ਮਾਲਕ ਕਿਸਾਨ ਅਤੇ ਪੰਚਾਇਤਾਂ ਹੀ ਨਹੀਂ ਬਲਕਿ ਬੇਜ਼ਮੀਨਿਆਂ ਅਤੇ ਦਲਿਤਾਂ ਦੇ ਉਜਾੜੇ ਲਈ ਵੀ ਪ੍ਰਭਾਵ ਅਨੁਮਾਨ ਲਗਾਇਆ ਜਾਵੇਗਾ, ਉਨ੍ਹਾਂ ਨੂੰ ਵੀ ਉਜਾੜਾ ਭੱਤਾ ਦਿੱਤੇ ਜਾਣਾ ਜ਼ਰੂਰੀ ਹੈ। ਨਿੱਜੀ ਮਾਲਕਾਂ ਨੂੰ ਦੇਣ ਵਾਸਤੇ ਗ੍ਰਾਮ ਸਭਾਵਾਂ ਦੇ 80 ਫੀਸਦੀ ਵੋਟਰਾਂ ਦੀ ਸਹਿਮਤੀ ਜ਼ਰੂਰੀ ਹੈ। ਇਨ੍ਹਾਂ ਸਭ ਨੂੰ ਸਰਕਾਰ ਨਾ ਫੈਸਲੇ ਵਿਚ ਸ਼ਾਮਲ ਕਰਨਾ ਚਾਹੁੰਦੀ ਹੈ ਅਤੇ ਨਾ ਹੀ ਪੈਸਾ ਦੇਣਾ ਚਾਹੁੰਦੀ ਹੈ। ਅਜਿਹੇ ਹਾਲਾਤ ਵਿਚ ਆਪਣੀਆਂ ਜ਼ਮੀਨਾਂ ਬਚਾਉਣ ਲਈ ਪਿੰਡਾਂ ਕੋਲ ਇੱਕ ਹੀ ਬ੍ਰਹਮਅਸਤਰ ਬਚਿਆ ਹੋਇਆ ਹੈ, ਉਹ ਹੈ ਪਿੰਡ ਦੀ ਗ੍ਰਾਮ ਸਭਾ ਭਾਵ ਪਿੰਡ ਦੀ ਪਾਰਲੀਮੈਂਟ। ਜਿਹੜੀਆਂ ਪੰਚਾਇਤਾਂ ਸੁਹਿਰਦਤਾ ਨਾਲ ਪਿੰਡ ਦੀ ਜ਼ਮੀਨ ਬਚਾਉਣਾ ਚਾਹੁੰਦੀਆਂ ਹਨ, ਉਨ੍ਹਾਂ ਲਈ ਵੀ ਇਹੀ ਰਾਹ ਹੈ ਕਿਉਂਕਿ ਇਕੱਲੀ ਪੰਚਾਇਤ ਜਾਂ ਸਰਪੰਚ ਨੂੰ ਡਰਾਇਆ ਵੀ ਜਾ ਸਕਦਾ ਹੈ ਅਤੇ 'ਖਰੀਦਿਆ' ਵੀ ਜਾ ਸਕਦਾ ਹੈ। ਗ੍ਰਾਮ ਸਭਾ ਨੂੰ ਪੰਚਾਇਤਾਂ ਦੇ ਮਤੇ ਰੱਦ ਕਰਨ ਦਾ ਵੀ ਅਧਿਕਾਰ ਹੈ।

# ਕ੍ਰਿਸਮਸ ਦਾ ਕ੍ਰਿਸ਼ਮਾ

ਕ੍ਰਿਸਮਸ 'ਤੇ ਲੋਕ ਵਧਾਈਆਂ ਦਾ ਲੈਣ-ਦੇਣ ਕਰਦੇ ਹਨ; ਮੈਂ ਵੀ ਉਨ੍ਹਾਂ ਵਿਚ ਸ਼ਾਮਲ ਹਾਂ; ਵਧਾਈਆਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ।

ਮੇਰੇ ਇਕ ਵਿਦਿਆਰਥੀ ਨੇ ਮੈਨੂੰ ਕ੍ਰਿਸਮਸ ਦਾ ਅਰਥ ਪੁੱਛ ਲਿਆ ਤੇ ਸ਼ਰਤ ਰੱਖ ਦਿੱਤੀ ਕਿ ਮੈਂ ਇਸ ਬਾਬਤ ਕੁਝ ਲਿਖਾਂ ਵੀ। ਮੇਰਾ ਮਨ ਹਮੇਸ਼ਾ ਇਸ ਤਰ੍ਹਾਂ ਦੇ ਲਫਜ਼ਾਂ ਦੇ ਮੁਢਲੇ ਅਰਥ ਲੱਭਣ ਵਿਚ ਰੁੱਝਾ ਰਹਿੰਦਾ ਹੈ। ਅਰਥਾਂ ਦੇ ਇਸੇ ਖਬਤ ਵਿਚ ਮੈਂ ਆਪਣੀ ਜ਼ਿੰਦਗੀ ਗਾਲ ਲਈ ਤੇ ਕੋਈ ਚੱਜ ਦਾ ਕੰਮ ਨਹੀਂ ਕੀਤਾ; ਸਗੋਂ ਕਈ ਚੱਜ ਦੇ ਕੰਮਾਂ ਦਾ ਟਾਲ ਮਟੋਲ ਨਾਲ ਹੀ ਸੱਤਿਆਨਾਸ ਕਰ ਦਿੱਤਾ।

ਕ੍ਰਿਸਮਸ ਦੋ ਸ਼ਬਦਾਂ ਦਾ ਸਮਾਸ, ਸੁਮੇਲ ਜਾਂ ਮੇਲ ਹੈ: ਕ੍ਰਿਸ+ਮਸ। ਕ੍ਰਿਸ ਦਾ ਅਰਥ ਹੈ, ਕਰਾਈਸਟ ਅਰਥਾਤ ਈਸਾ। ਕਰਾਈਸਟ ਦਾ ਮੁਢਲਾ ਅਰਥ ਹੈ,



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਮਾਲਿਸ਼ ਕਰਨਾ ਜਾਂ ਮਲਨਾ।

ਮਾਲਿਸ਼ ਮਾਨਵੀ ਇਤਿਹਾਸ ਦਾ ਪਹਿਲਾ ਅਤੇ ਮੁਢਲਾ ਇਲਾਜ ਹੈ। ਮਾਨਵ ਇਤਿਹਾਸ ਵਿਚ ਜਦ ਕਦੀ ਕੋਈ ਸਭ ਤੋਂ ਪਹਿਲਾਂ ਬਿਮਾਰ ਹੋਇਆ ਹੋਵੇਗਾ ਜਾਂ ਕਿਸੇ ਦੇ ਕੋਈ ਸੱਟ ਚੋਟ ਫੇਟ ਲੱਗੀ ਹੋਵੇਗੀ ਤਾਂ ਝੱਟਪਟ ਕਿਸੇ ਨੇ ਉਸ ਦੀ ਮਾਲਸ਼ ਕੀਤੀ ਹੋਵੇਗੀ ਜਾਂ ਸੱਟ ਵਾਲੀ ਥਾਂ 'ਤੇ ਮਲਿਆ ਹੋਵੇਗਾ। ਅੱਜ ਵੀ ਸੱਟ ਵਾਲੀ ਥਾਂ 'ਤੇ ਸਾਡੇ ਕੋਲੋਂ ਮੱਲੋ ਮੱਲੀ ਮਾਲਿਸ਼ ਹੋ ਜਾਂਦੀ ਹੈ।

ਪੁਰਾਣੇ ਸਮਿਆਂ ਵਿਚ ਮਾਲਸ਼ੀਏ ਆਮ ਹੁੰਦੇ ਸਨ। ਬਲਵੰਤ ਗਾਰਗੀ ਨੇ ਆਪਣੀ ਪੁਸਤਕ 'ਪੰਜਾਬ ਦੇ ਮਹਾਨ ਕਲਾਕਾਰ' ਵਿਚ ਲਿਖਿਆ ਹੈ ਕਿ ਬੜੇ ਗੁਲਾਮ ਅਲੀ ਖਾਂ ਆਪਣੇ ਮਾਲਸ਼ੀਏ ਦੀ ਸਿਰ ਝੱਸਣ ਦੀ ਤਾਲ ਵੀ ਦੱਸ ਦਿੰਦੇ ਸਨ ਅਤੇ ਨਾਲ ਅਲਾਪ ਵੀ ਦਿੰਦੇ ਸਨ। ਮਲਨਾ ਅਤੇ ਝੱਸਣਾ ਮੁਢਲਾ ਮਾਨਵੀ ਇਲਾਜ ਹੈ, ਜਿਸ ਦਾ ਅਜੋਕਾ ਰੂਪ ਮਸਾਜ ਹੈ।

ਇਲਾਜ ਉਸੇ ਦਾ ਹੁੰਦਾ ਹੈ, ਜੋ ਸਾਡੇ ਲਈ ਖਾਸ, ਪਿਆਰਾ ਅਤੇ ਸਤਿਕਾਰਯੋਗ ਹੁੰਦਾ ਹੈ; ਜਿਸ ਦੀ ਸਾਨੂੰ ਲੋੜ ਹੁੰਦੀ ਹੈ; ਜਿਸ ਨੂੰ ਅਸੀਂ ਚੁਣ ਲਿਆ, ਅਪਨਾ ਲਿਆ ਜਾਂ ਮੰਨ ਲਿਆ ਹੁੰਦਾ ਹੈ। ਧਾਰਮਿਕ ਮੁਹਾਵਰੇ ਵਿਚ ਮੰਨਣ ਅਤੇ ਮਾਨਤਾ ਦਾ ਇਹੀ ਭਾਵ ਹੈ।

ਚੁਣੇ ਹੋਏ ਨੂੰ ਅੰਗਰੇਜ਼ੀ ਵਿਚ ਅਨੌਇੰਟਡ (anointed) ਕਹਿੰਦੇ ਹਨ। ਅਨੌਇੰਟਮੈਂਟ ਸ਼ਬਦ ਵਿਚ ਵੀ ਔਇੰਟਮੈਂਟ ਅਰਥਾਤ ਮੱਲਮ, ਮਰਹਮ, ਲੋਸ਼ਨ, ਕ੍ਰੀਮ ਜਾਂ ਤੇਲ ਸ਼ਾਮਿਲ ਹੈ। ਬੇਸ਼ੱਕ ਅੱਖਰੀ ਨੁਕਤੇ ਤੋਂ ਇਹ ਸਬੰਧ ਸਥਾਪਤ ਜਾਂ ਸਾਬਤ ਨਹੀਂ ਕੀਤਾ ਜਾ ਸਕਦਾ, ਪਰ ਅਰਬੀ ਦੇ ਸ਼ਬਦ ਮਰਹਮ ਵਿਚ ਰਹਿਮ ਦਾ ਧੁਨੀਆਤਮਕ ਅਤੇ ਅਹਿਸਾਸ ਮੂਲਕ ਪ੍ਰਭਾਵ ਜ਼ਰੂਰ ਹੈ। ਕਿਸੇ ਦੁਖੀਏ 'ਤੇ ਹੀ ਰਹਿਮ ਦਾ ਭਾਵ ਪੈਦਾ ਹੁੰਦਾ ਹੈ ਤੇ ਦੁੱਖਦੇ ਹਿੱਸੇ 'ਤੇ ਹੀ ਮਰਹਮ ਲਾਈ ਜਾਂਦੀ ਹੈ। ਮਰਹਮ ਤੇ ਮਹਿਰਮ ਨੂੰ ਵੀ ਰੂਬਰੂ ਰੱਖ ਕੇ ਦੇਖਿਆ ਜਾ ਸਕਦਾ ਹੈ ਕਿ ਮਹਿਰਮ 'ਤੇ ਹੀ ਰਹਿਮ ਆਉਂਦਾ ਹੈ ਤੇ ਮਰਹਮ ਲਾਈ ਜਾ ਸਕਦੀ ਹੈ।

ਦਸਮੇਸ਼ ਪਿਤਾ ਨੇ ਭਾਈ ਘਨੱਹੀਏ ਨੂੰ ਮਰਹਮ ਦੇ ਕੇ ਆਖਿਆ ਸੀ ਕਿ ਜਖਮੀਆਂ ਦੇ ਮਰਹਮ ਵੀ ਲਾਈ ਜਾਵੇ; ਕਿਉਂਕਿ ਜੰਗ ਦੇ ਮੈਦਾਨ 'ਚ ਵੀ ਸਿੱਖ ਦਾ ਕੋਈ ਦੁਸ਼ਮਣ ਨਹੀਂ ਹੁੰਦਾ; ਸਗੋਂ ਮਹਿਰਮ ਹੁੰਦਾ ਹੈ, "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥"

ਅਨੌਇੰਟਡ ਉਹ ਹੈ, ਜਿਸ ਦੇ ਕੁਝ ਮਲਿਆ ਜਾਂਦਾ ਹੈ ਜਾਂ ਜਿਸ ਦੀ ਮਾਲਸ਼ ਕੀਤੀ ਜਾਂਦੀ ਹੈ। ਕਹਿ ਨਹੀਂ ਸਕਦੇ ਕਿ ਕੋਈ ਪਿਆਰਾ ਹੋਣ ਸਦਕਾ ਮਲਿਆ ਜਾਂਦਾ ਹੈ ਜਾਂ ਕੋਈ ਮਲਿਆ ਹੋਣ ਕਾਰਨ ਪਿਆਰਾ ਹੁੰਦਾ ਹੈ।

ਕਰਾਈਸਟ ਦਾ ਅਰਥ ਹੈ, ਮਲਿਆ ਹੋਇਆ ਤੇ ਚੁਣਿਆ ਹੋਇਆ। ਕਿਸ ਦਾ ਚੁਣਿਆ ਹੋਇਆ? ਰੱਬ ਦਾ। ਪੈਗੰਬਰ ਦਾ ਅਰਥ ਵੀ ਇਹੀ ਹੈ, ਜਿਸ ਨੂੰ ਰੱਬ ਨੇ ਆਪਣਾ ਪੈਗਾਮ ਦੇਣ ਲਈ ਚੁਣਿਆ ਹੈ।

ਗੁਰੂ ਦਾ ਭਾਵ ਅਰਥ ਵੀ ਇਹੀ ਹੈ। ਭਾਈ ਨੰਦ ਲਾਲ ਜੀ ਨੇ ਦੱਸਿਆ ਹੈ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਦੀ ਚੋਣ ਕੀਤੀ ਅਤੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਜਾਓ, ਸੰਸਾਰ ਦਾ ਮੁੱਖ ਮੇਰੇ ਵੱਲ ਮੋੜ ਦਿਓ।"

ਦਸਮ ਪਾਤਸ਼ਾਹ ਨੇ ਤਾਂ ਖੁਦ ਹੀ ਲਿਖਿਆ ਹੈ ਕਿ ਪਰਮਾਤਮਾ ਨੇ ਉਨ੍ਹਾਂ ਦੀ ਖੁਦ ਚੋਣ ਕੀਤੀ ਤੇ ਆਖਿਆ, "ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹ ਸਾਜਾ॥ ਜਾਹਿ ਤਹਾ ਤਹ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥"

ਗੱਲ ਕਰਾਈਸਟ ਦੀ ਹੋ ਰਹੀ ਸੀ। ਦਰਅਸਲ 'ਕਰਾਈਸਟ' ਹੀਬਰੂ ਭਾਸ਼ਾ ਦੇ 'ਮਸੀਹਾ' ਦੇ ਗ੍ਰੀਕ ਅਨੁਵਾਦ ਦਾ ਅੱਗਿਓਂ ਲਾਤੀਨੀ ਤਰਜ਼ਮਾ ਹੈ। ਹੀਬਰੂ ਵਿਚ ਮਸੀਹਾ ਦਾ ਉਹੀ ਅਰਥ ਹੈ, ਜੋ ਗ੍ਰੀਕ ਵਿਚ ਕਰਾਈਸਟ ਦਾ ਹੈ; ਅਰਥਾਤ ਜਿਸ ਦੀ ਮਾਲਸ਼ ਕੀਤੀ ਗਈ ਹੋਵੇ, ਜਿਸ ਦਾ ਇਲਾਜ ਕੀਤਾ ਗਿਆ ਹੋਵੇ, ਜੋ ਪਿਆਰਾ ਹੋਵੇ, ਜੋ ਸਤਿਕਾਰਯੋਗ ਹੋਵੇ, ਜਿਸ ਦੀ ਲੋੜ ਹੋਵੇ, ਜਿਸ ਨੂੰ ਚੁਣਿਆ ਗਿਆ ਹੋਵੇ।

ਚੋਣਵਾਂ ਅਰਥਾਤ ਵਿਸ਼ੇਸ਼। ਮਸੀਹਾ ਦਾ ਅਰਥ ਵੀ ਰੱਬ ਦਾ ਚੁਣਿਆ ਹੋਇਆ ਅਰਥਾਤ ਪੈਗੰਬਰ ਬਣਦਾ ਹੈ। ਜਿਸ ਨੂੰ ਰੱਬ ਨੇ ਚੁਣਿਆ ਹੈ, ਉਹੀ ਰੱਬ ਦੀ ਖਲਕਤ ਦੀ ਖਿਦਮਤ ਕਰ ਸਕਦਾ ਹੈ। ਜੇ ਰੱਬ ਦਾ ਚੁਣਿਆ ਹੋਇਆ ਵੀ ਮਾਨਵਤਾ ਦਾ ਕਲਿਆਣ ਨਾ ਕਰ ਸਕੇ ਤਾਂ ਹੋਰ




ਕੌਣ ਕਰ ਸਕਦਾ ਹੈ! ਗਾਲਿਬ ਨੇ ਠੀਕ ਕਿਹਾ ਹੈ,

ਲੋ ਹਮ ਮਰੀਜ਼ਿ-ਇਸ਼ਕ ਕੇ ਤੀਮਾਰਦਾਰ ਹੈਂ,
ਅੱਛਾ ਅਗਰ ਨ ਹੋ ਤੁ ਮਸੀਹਾ ਕਾ ਕਯਾ ਇਲਾਜ਼?

ਗਾਲਿਬ ਕਵਿਤਾ ਦਾ ਚੁਣਿਆ ਹੋਇਆ ਅਤੇ ਕਵਿਤਾ ਦਾ ਪੈਗੰਬਰ ਹੈ, ਜੋ ਪ੍ਰੇਮ ਰੋਗੀਆਂ ਦਾ ਇਲਾਜ ਕਰਨ ਦੀ ਮੁਹਾਰਤ ਰੱਖਦਾ ਹੈ, ਜਿਸ ਦਾ ਦਾਅਵਾ ਹੈ ਕਿ ਜੇ ਉਸ ਤੋਂ ਕੋਈ ਪ੍ਰੇਮ ਰੋਗੀ ਠੀਕ ਨਾ ਹੋਇਆ ਤਾਂ ਮਸੀਹਾ ਦਾ ਕਾਹਦਾ ਇਲਾਜ?

ਕ੍ਰਿਸਮਸ ਦੇ ਦੂਜੇ ਅੱਧ ਜਾਂ ਭਾਗ 'ਮਸ' ਦਾ ਕੀ ਅਰਥ ਹੋਇਆ? ਇਹ ਵੀ ਬੜਾ ਦਿਲਚਸਪ ਹੈ। ਇਸ ਦਾ ਅਰਥ ਜਾਣਨ ਲਈ ਸਾਨੂੰ ਅਧਿਆਪਨ ਵਿਚ ਉਤਰਨਾ ਪਵੇਗਾ। ਵਿਦਿਆਰਥੀ ਜਾਂ ਸਿਖਿਆਰਥੀ ਵਿੱਦਿਆ ਗ੍ਰਹਿਣ ਕਰਨ ਲਈ ਅਧਿਆਪਕ ਕੋਲ ਜਾਂਦਾ ਹੈ, ਪਰ ਜਦ ਉਹ ਸਿੱਖ ਜਾਂਦੇ ਹਨ ਤਾਂ ਅਧਿਆਪਕ ਉਨ੍ਹਾਂ ਨੂੰ ਲੋਕਾਂ ਵੱਲ ਤੋਰ ਦਿੰਦਾ ਹੈ।

ਸਕੂਲ ਦੀਆਂ ਕੰਧਾਂ 'ਤੇ ਲਿਖਿਆ ਹੁੰਦਾ ਹੈ, 'ਸਿੱਖਣ ਲਈ ਆਉ, ਸੇਵਾ ਲਈ ਜਾਉ।' ਵਿਦਿਆਰਥੀ ਨੇ ਕਿਸੇ ਵੀ ਅਧਿਆਪਕ ਦੇ ਹਮੇਸ਼ਾ ਗੋਡੇ ਮੁੱਢ ਨਹੀਂ ਬੈਠਾ ਰਹਿਣਾ ਹੁੰਦਾ। ਗੁਰੂ ਨਾਨਕ ਪਾਤਸ਼ਾਹ ਨੇ ਵੀ ਭਾਈ ਲਹਿਣੇ ਨੂੰ ਗੁਰਿਆਈ ਬਖਸ਼ ਕੇ ਕਰਤਾਰਪੁਰ ਤੋਂ ਖਡੂਰ ਸਾਹਿਬ ਵੱਲ ਤੋਰ ਦਿੱਤਾ ਸੀ। ਗੁਰੂ ਅੰਗਦ ਦੇਵ ਜੀ ਨੇ ਉਸ ਅਮਰੂ ਨੂੰ ਗੁਰੂ ਅਮਰਦਾਸ ਕਰ ਕੇ ਗੋਇੰਦਵਾਲ ਵੱਲ ਤੋਰ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਅੰਮ੍ਰਿਤਸਰ ਵੱਲ ਤੋਰ ਦਿੱਤਾ ਸੀ ਤੇ ਗੁਰੂ ਰਾਮਦਾਸ ਜੀ ਨੇ ਗੁਰੂ ਅਰਜਨ ਪਾਤਸ਼ਾਹ ਨੂੰ ਤਰਨਤਾਰਨ ਸਾਹਿਬ ਵੱਲ ਭੇਜ ਦਿੱਤਾ ਸੀ।

ਸਿੱਖ ਵਿਦਿਆਰਥੀ ਹੈ, ਜੋ ਗੁਰੂ ਵੱਲ ਜਾ ਰਿਹਾ ਹੈ। ਸਿੰਘ ਉਹ ਸਿੱਖ ਹੈ, ਜੋ ਗੁਰੂ ਤੋਂ ਸਿੱਖਿਆ ਲੈ ਕੇ ਅਰਥਾਤ ਸਿੰਘ ਹੋ ਕੇ ਖਲਕਤ ਦੀ ਸੇਵਾ ਵੱਲ ਜਾਂਦਾ ਹੈ, ਜ਼ਮਾਨੇ ਨੂੰ ਸਿੱਖਿਆ ਦੇਣ ਲਈ।

ਏਹ ਆਦਿ ਅੰਤ ਏਕੈ ਸੁ ਪੰਥ,
ਗੁਰ ਰਚਿਓ ਜਗਤ ਕਉ ਦੈਨ ਸੰਥ।

ਪਹੁੰਚੇ ਹੋਏ ਕਾਮਲ ਮੁਰਸ਼ਦ ਆਪਣੇ ਪੁੱਜੇ ਹੋਏ ਮੁਰੀਦ ਨੂੰ ਇਸੇ ਤਰ੍ਹਾਂ ਜਗਤ ਵੱਲ ਤੋਰ ਦਿੰਦੇ ਹਨ। ਪੂਰਨ ਭਗਤ ਨੂੰ ਵੀ ਗੁਰੂ ਨੇ ਜੋਗ ਦੇ ਕੇ ਜਗਤ ਵੱਲ ਤੋਰ ਦਿੱਤਾ ਸੀ।

ਈਸਾ ਜੀ ਨੇ ਸਲੀਬ 'ਤੇ ਚੜ੍ਹਨ ਤੋਂ ਪਹਿਲਾਂ ਯਾਨਿ ਸ਼ਹੀਦ ਹੋਣ ਤੋਂ ਪਹਿਲਾਂ ਆਪਣੇ ਸਿੱਖਾਂ ਨੂੰ ਅੰਤਿਮ ਪ੍ਰਸ਼ਾਦ ਛਕਾਇਆ ਸੀ, ਜਿਸ ਨੂੰ ਇਸਾਈ ਲੋਕ 'ਲਾਸਟ ਸਪਰ' ਆਖਦੇ ਹਨ। ਕਹਿੰਦੇ ਹਨ, ਈਸਾ ਜੀ ਨੇ ਉਨ੍ਹਾਂ ਨੂੰ ਡਬਲ ਰੋਟੀ ਦੇ ਕੇ ਆਖਿਆ, "ਖਾਉ, ਇਹ ਮੇਰਾ ਮਾਸ ਹੈ।" ਫਿਰ ਉਨ੍ਹਾਂ ਨੇ ਵਾਈਨ ਪੇਸ਼ ਕੀਤੀ, "ਪੀਓ, ਇਹ ਮੇਰਾ ਲਹੂ ਹੈ।"

ਇਸ ਕਥਨ ਦੇ ਬੜੇ ਹੀ ਵਿਚਿੱਤਰ ਅਤੇ ਗੁੱਝੇ ਭਾਵ ਹਨ। ਇਸਾਈ ਲੋਕ ਜਦ ਕੁਝ ਖਾਂਦੇ ਅਤੇ ਪੀਂਦੇ ਹਨ ਤਾਂ ਉਹ ਈਸਾ ਜੀ ਦਾ ਮਾਸ ਅਤੇ ਲਹੂ ਖਾਂਦੇ ਤੇ ਪੀਂਦੇ ਹਨ। ਕੋਈ ਆਪਣੇ ਮਹਿਬੂਬ ਦਾ ਲਹੂ ਕਿਵੇਂ ਪੀ ਸਕਦਾ ਹੈ, ਮਾਸ ਕਿਵੇਂ ਖਾ ਸਕਦਾ ਹੈ? ਅਸੀਂ ਜਾਣਦੇ ਹਾਂ ਕਿ ਮਹੀਂਵਾਲ ਨੇ ਆਪਣੀ ਪਿਆਰੀ ਸੋਹਣੀ ਲਈ ਆਪਣੇ ਪੱਟ ਦਾ ਮਾਸ ਰਿੰਨ੍ਹਿਆਂ ਸੀ।

ਕਹਿੰਦੇ ਹਨ ਕਿ ਬ੍ਰੈਡ ਇਸੇ ਲਈ ਪੋਲੀ ਅਤੇ ਨਰਮ ਹੁੰਦੀ ਹੈ ਕਿ ਇਸ ਨੂੰ ਖਾਣ ਲੱਗਿਆਂ ਦੰਦ ਨਾ ਲੱਗਣ ਜਾਂ ਖੁਭਣ ਨਾ; ਕਿਉਂਕਿ ਇਹ ਈਸਾ ਜੀ ਦਾ ਮਾਸ ਹੈ। ਇਸਾਈਅਤ ਦਾ ਸਮੁੱਚਾ ਭਾਵ ਅਤੇ ਪ੍ਰਭਾਵ ਈਸਾ ਜੀ ਦੇ 'ਮਾਸ ਅਤੇ ਲਹੂ' ਵਾਲੇ ਇਸ ਕਥਨ ਵਿਚ ਨਿਹਿਤ ਹੈ।

ਈਸਾ ਜੀ ਨੇ ਆਪਣੇ ਇਸ ਆਖਰੀ ਮਹਾਂ ਲੰਗਰ, ਫੀਸਟ ਜਾਂ ਸਪਰ ਉਪਰੰਤ ਆਪਣੇ ਸਿੱਖਾਂ ਨੂੰ ਆਦੇਸ਼ ਦਿੱਤਾ ਸੀ, "ਜਾਓ।" ਗ੍ਰੀਕ ਭਾਸ਼ਾ ਵਿਚ 'ਮਾਸ' ਸ਼ਬਦ ਦਾ ਅਰਥ ਸਾਡੀ ਡਬਲ ਰੋਟੀ ਜਿਹਾ ਹੈ। ਮਾਸ ਸ਼ਬਦ ਵਿਚ ਖਾਣ ਅਤੇ ਜਾਣ ਦੇ ਦੋਨੋਂ ਭਾਵ ਸ਼ਾਮਲ ਹਨ। ਜਿਸ ਨੇ ਈਸਾ ਜੀ ਦਾ ਮਾਸ ਖਾ ਲਿਆ ਹੈ ਅਤੇ ਲਹੂ ਪੀ ਲਿਆ ਹੈ, ਉਹ ਹੁਣ ਜਾਵੇ।

ਕਿੱਥੇ ਅਤੇ ਕਾਹਦੇ ਲਈ ਜਾਵੇ? ਇਸ ਪ੍ਰਸ਼ਨ ਦਾ ਜਵਾਬ ਹੈ, ਇਸਾਈਅਤ ਦਾ ਪ੍ਰਚਾਰ ਕਰਨ ਲਈ।

ਅਸੀਂ ਜੋ ਵੀ ਖਾਂਦੇ ਪੀਂਦੇ ਹਾਂ, ਉਹ ਸਿਰਫ ਗੁਰੂ ਦਾ ਦਿੱਤਾ ਹੀ ਨਹੀਂ, ਸਗੋਂ ਅਸੀਂ ਗੁਰੂ ਨੂੰ ਹੀ ਖਾਂਦੇ ਹਾਂ। ਇਸ ਤੋਂ ਘੱਟ ਪਿਆਰੇ ਬਣਦੇ ਵੀ ਨਹੀਂ ਤੇ ਮੰਨਦੇ ਵੀ ਨਹੀਂ।

ਇਸਾਈਅਤ ਦੇ ਇਹ ਖਿਆਲ ਸਾਡੇ ਗੀਤਾਂ ਵਿਚ ਵੀ ਜਲਵਾਗਰ ਹੋ ਰਹੇ ਹਨ। ਸ਼ਾਹ ਹੁਸੈਨ ਨੇ ਕਿੱਡਾ ਖੂਬ ਲਿਖਿਆ ਹੈ: ਮਿੱਤਰਾਂ ਦੀ ਮੇਜਬਾਨੀ ਖਾਤਰ ਦਿਲ ਦਾ ਲਹੂ ਛਾਣੀਦਾ। ਸ਼ਿਵ ਕੁਮਾਰ ਨੇ ਤਾਂ ਕਮਾਲ ਹੀ ਕਰ ਦਿੱਤੀ: ਚੂਰੀ ਕੁੱਟਾਂ ਉਹ ਖਾਂਦਾ ਨਾਹੀ, ਅਸਾਂ ਦਿਲ ਦਾ ਮਾਸ ਖੁਆਇਆ।

ਇਸੇ ਸ਼ਬਦ 'ਮਾਸ' ਤੋਂ ਹੀ 'ਮਿਸ਼ਨਰੀ' ਸ਼ਬਦ ਬਣਿਆ ਹੈ। ਮਿਸ਼ਨਰੀ ਉਹ ਹੈ, ਜਿਸ ਨੂੰ ਗੁਰੂ ਨੇ ਧਰਮ ਦਾ ਪ੍ਰਚਾਰ ਅਤੇ ਪਸਾਰ ਕਰਨ ਲਈ ਆਪਣੇ ਕੋਲੋਂ ਤੋਰ ਦਿੱਤਾ ਹੈ। ਗੁਰੂ ਨਾਨਕ ਦੇਵ ਨੇ ਕਿਸੇ ਥਾਂ ਦੇ ਢੀਠ ਜਿਹੇ ਲੋਕਾਂ ਨੂੰ ਆਖਿਆ ਸੀ, "ਵਸਦੇ ਰਹੋ" ਅਤੇ ਭਲੇ ਲੋਕਾਂ ਨੂੰ ਆਖਿਆ ਸੀ, "ਉਜੜ ਜਾਓ।"

ਕ੍ਰਿਸਮਸ ਦੇ 'ਮਸ' ਵਾਲੇ ਭਾਗ ਵਿਚ ਉਜੜ ਜਾਣ ਦਾ ਭਾਵ ਹੈ। ਚੰਗੇ ਲੋਕ ਜਿੱਥੇ ਵੀ ਜਾਂਦੇ ਹਨ, ਉਥੇ ਉਥੇ ਚੰਗਿਆਈ ਫੈਲਾਉਂਦੇ ਹਨ। ਚੰਗੇ ਲੋਕਾਂ ਨੂੰ ਫੈਲ ਜਾਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਦੀ 'ਉਦਾਸੀ' ਵਿਚ ਵੀ ਕ੍ਰਿਸਮਸ ਦੇ 'ਮਾਸ' ਵਾਲਾ ਭਾਵ ਸ਼ਾਮਲ ਹੈ।

ਸਾਰੀ ਵਿਚਾਰ-ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਕ੍ਰਿਸਮਸ ਦਾ ਅਰਥ ਹੈ, ਰੱਬ ਦੇ ਚੋਣਵੇਂ ਪਿਆਰਿਆਂ ਦਾ ਧਰਮ ਪ੍ਰਚਾਰ ਹਿਤ ਚਾਲੇ ਪਾਉਣਾ। ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਨੇ ਲਿਖਿਆ: Wherever life can exist and sustain, the Sikhs and potatoes are bound to reach there sooner or later. ਅਰਥਾਤ ਜਿੱਥੇ ਕਿਤੇ ਵੀ ਜੀਵਨ ਸੰਭਵ ਹੈ, ਸਿੱਖ ਅਤੇ ਆਲੂ ਦੇਰ ਸਵੇਰ ਉਥੇ ਪੁੱਜ ਜਾਣ ਲਈ ਵਚਨਬੱਧ ਹਨ।

ਕ੍ਰਿਸਮਸ ਦਾ ਅਰਥ ਈਸਾ ਮਸੀਹ ਹੈ, ਜਿਸ ਵਿਚ ਈਸਾ ਜੀ ਦੀ ਸਿੱਖਿਆ ਵਿਚ ਪਰਿਪੂਰਣ ਲੋਕਾਂ ਲਈ ਆਦੇਸ਼ ਹੈ ਕਿ 'ਸਰਬੱਤ ਦੇ ਭਲੇ ਲਈ ਜਾਉ।' ਇਹੀ ਕ੍ਰਿਸਮਸ ਦਾ ਕ੍ਰਿਸ਼ਮਾ ਹੈ।

# ਪੰਚਾਇਤੀ ਜ਼ਮੀਨਾਂ ਬਚਾਉਣ ਲਈ ਤਿੱਖੀ ਹੋਈ ਲਾਮਬੰਦੀ

**ਚੰਡੀਗੜ੍ਹ:** ਪੰਚਾਇਤੀ ਜ਼ਮੀਨਾਂ ਨੂੰ ਬਚਾਉਣ ਲਈ ਲੋਕ ਇਨਸਾਫ ਪਾਰਟੀ 'ਸਾਡੀ ਪੰਚਾਇਤ-ਸਾਡੀ ਜ਼ਮੀਨ' ਮੁਹਿੰਮ ਤਹਿਤ ਬੈਂਸ ਭਰਾ ਸੂਬੇ ਦੇ 12278 ਪਿੰਡਾਂ ਵਿਚ ਜਾ ਕੇ ਲੋਕਾਂ ਵਿਚ ਅਲਖ ਜਗਾਉਣਗੇ। ਲੋਕ ਇਨਸਾਫ ਪਾਰਟੀ ਨੇ ਇਸ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਹ ਮੁਹਿੰਮ ਚਾਰ ਜਨਵਰੀ ਤੋਂ ਖੰਨਾ ਦੇ ਪਿੰਡ ਘੁਮਦੀ ਤੋਂ ਸ਼ੁਰੂ ਕੀਤੀ ਜਾਵੇਗੀ। ਪਹਿਲੇ ਦਿਨ ਬੈਂਸ ਭਰਾ ਅਤੇ ਪਾਰਟੀ ਦੇ ਆਗੂ 32 ਪਿੰਡਾਂ ਨੂੰ ਕਵਰ ਕਰਨਗੇ। ਹਰ ਪਿੰਡ ਦੀ ਸ਼ਾਮਲਾਟ ਜ਼ਮੀਨ 'ਤੇ ਪਾਰਟੀ ਵੱਲੋਂ ਤਿਆਰ ਕੀਤੇ ਗਏ ਵਿਸ਼ੇਸ਼ ਝੰਡੇ ਲਗਾਏ ਜਾਣਗੇ। ਲੋਕ ਇਨਸਾਫ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਹ ਪੰਚਾਇਤਾਂ ਨੂੰ ਅਪੀਲ ਕਰਨਗੇ ਕਿ ਜ਼ਮੀਨ ਵੇਚਣ ਲਈ ਕੋਈ ਪ੍ਰਸਤਾਵ ਨਾ ਰੱਖਿਆ ਜਾਵੇ। ਉਨ੍ਹਾਂ ਇਸ ਮੁੱਦੇ ਉਤੇ ਹਾਈ ਕੋਰਟ 'ਚ ਪਟੀਸ਼ਨ ਦਾਖ਼ਲ ਕਰਨ ਦਾ ਐਲਾਨ ਵੀ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿਚ ਇਸ ਸਮੇਂ ਕੁੱਲ 1 ਲੱਖ 35 ਹਜ਼ਾਰ ਏਕੜ ਜ਼ਮੀਨ ਪੰਚਾਇਤਾਂ ਕੋਲ ਹੈ, ਜਿਸ ਵਿਚੋਂ ਕਰੀਬ 33 ਫੀਸਦੀ ਹੀ ਦਲਿਤ ਪਰਿਵਾਰਾਂ ਲਈ ਰਾਖਵੀਂ ਹੈ। ਜਾਣਕਾਰੀ ਮੁਤਾਬਕ ਸਰਕਾਰ ਨੂੰ 2018-19 ਵਿਚ ਇਸ ਜ਼ਮੀਨ ਤੋਂ ਕਰੀਬ 340 ਕਰੋੜ ਰੁਪਏ ਦੀ ਆਮਦਨੀ ਹੋਈ ਹੈ। ਪੰਚਾਇਤੀ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਵੇਚਣ ਖਿਲਾਫ ਹਾਈ ਕੋਰਟ 'ਚ ਪਟੀਸ਼ਨ ਦਾਇਰ ਹੋਈ ਸੀ। ਇਸ ਦੀ ਜਾਂਚ ਲਈ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਸੀ। ਕਮੇਟੀ ਨੇ ਹਾਈ ਕੋਰਟ 'ਚ ਪੇਸ਼ ਕੀਤੀ ਰਿਪੋਰਟ 'ਚ ਖੁਲਾਸਾ ਕੀਤਾ ਸੀ ਕਿ ਕਿਵੇਂ ਰਾਜਸੀ ਨੇਤਾਵਾਂ ਅਤੇ ਅਫਸਰਸ਼ਾਹੀ ਨੇ ਮਿਲ ਕੇ ਪੰਚਾਇਤੀ ਜ਼ਮੀਨਾਂ ਨੂੰ ਆਪਣੇ ਨਾਮ ਕੀਤਾ ਹੈ। ਸਾਲ 2012 'ਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਜਾਰੀ ਕੀਤੇ ਸਨ ਕਿ ਉਹ ਪੰਚਾਇਤੀ ਜ਼ਮੀਨਾਂ ਦਾ ਇੰਤਕਾਲ ਨਿੰਜੀ ਲੋਕਾਂ ਤੋਂ ਲੈ ਕੇ ਪੰਚਾਇਤ ਦੇ ਨਾਮ ਕਰਵਾਏ। ਸਰਕਾਰ ਨੇ ਵੀ ਕਾਗਜ਼ੀ ਕਾਰਵਾਈ ਕਰਦਿਆਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਜਾਰੀ ਕਰ ਕਾਰਵਾਈ ਦੇ ਹੁਕਮ ਦਿੱਤੇ ਸਨ ਪਰ ਅੱਜ 8 ਸਾਲ ਬੀਤ ਜਾਣ ਦੇ ਬਾਵਜੂਦ ਕੁਝ ਨਹੀਂ ਹੋ ਸਕਿਆ। ਉਨ੍ਹਾਂ ਨੇ ਇਕ ਲਿਸਟ ਵੀ ਜਾਰੀ ਕੀਤੀ, ਜਿਸ ਵਿਚ ਕਈ ਸਿਆਸੀ ਆਗੂਆਂ ਤੇ ਅਫਸਰਾਂ ਦੇ ਨਾਂ ਸ਼ਾਮਲ ਹਨ।

ਸ੍ਰੀ ਬੈਂਸ ਨੇ ਦੋਸ਼ ਲਗਾਏ ਕਿ ਕੁਝ ਰਾਜਸੀ ਆਗੂਆਂ ਨੇ ਸੀਨੀਅਰ ਅਫਸਰਾਂ ਦੀ ਮਿਲੀ-ਭੁਗਤ ਨਾਲ ਪੰਜਾਬ ਕਾਮਨ ਵਿਲੇਜ ਐਕਟ 1961 ਤਹਿਤ ਪੰਚਾਇਤੀ ਜ਼ਮੀਨ ਨੂੰ ਚੋਰ ਮੋਰੀ ਰਾਹੀਂ ਹੱਦਬੰਦੀ ਡਾਇਰੈਕਟਰ ਤੋਂ ਗਲਤ ਢੰਗ ਨਾਲ ਇੰਤਕਾਲ ਤੁੜਵਾ ਕੇ ਚੰਡੀਗੜ੍ਹ ਅਤੇ ਪੰਜਾਬ ਦੇ ਹੋਰ ਵੱਖ-ਵੱਖ ਥਾਂਵਾਂ ਉਪਰ ਮਹਿੰਗੇ ਭਾਅ ਦੀ ਜ਼ਮੀਨ ਕੌਡੀਆਂ ਦੇ ਭਾਅ ਖਰੀਦ ਕੇ ਲੋਕਾਂ ਨਾਲ ਧੋਖਾ ਕੀਤਾ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਦੀ ਬੁੱਕਲ ਵਿਚ ਵਸੇ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਨੂੰ ਸਾਜ਼ਿਸ਼ ਤਹਿਤ ਕੌਡੀਆਂ ਦੇ ਭਾਅ ਖਰੀਦ ਕੇ ਚੰਡੀਗੜ੍ਹ ਦੇ ਬਰਾਬਰ ਨਿਊ ਚੰਡੀਗੜ੍ਹ ਵਸਾ ਕੇ ਖਰਬਾਂ ਦੀ ਜਾਇਦਾਦ ਨੂੰ ਵੀ ਮਹਿਫੂਜ਼ ਕੀਤਾ।

## ਸ਼ਾਮਲਾਟ ਜ਼ਮੀਨਾਂ ਹਥਿਆਉਣ ਦਾ ਫੈਸਲਾ ਮਾੜਾ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸੰਸਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੈਪਟਨ ਸਰਕਾਰ ਵੱਲੋਂ ਉਦਯੋਗਾਂ ਲਈ ਸ਼ਾਮਲਾਟ ਜ਼ਮੀਨਾਂ ਹਥਿਆਉਣ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤੀ ਜ਼ਮੀਨਾਂ ਦਿਹਾਤੀ ਖੇਤਰ ਦੀ ਰੂਹ ਹਨ। ਇਸ ਲਈ ਇਨ੍ਹਾਂ ਜ਼ਮੀਨਾਂ ਨੂੰ ਇਸ ਤਰ੍ਹਾਂ ਸਰਕਾਰ ਵੱਲੋਂ ਹਾਸਲ ਕਰਨਾ ਦਿਹਾਤੀ ਖੇਤਰ ਦੇ ਖਾਤਮੇ ਵੱਲ ਨੂੰ ਕਦਮ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਕੋਈ ਵੀ ਸਹੂਲਤ ਦੇਣੀ ਹੋਵੇ ਤਾਂ ਜ਼ਮੀਨ ਦੀ ਜ਼ਰੂਰਤ ਹੁੰਦੀ ਹੈ ਤੇ ਜ਼ਮੀਨ ਪੰਚਾਇਤ ਵੱਲੋਂ ਹੀ ਮੁਫਤ ਵਿਚ ਦਿੱਤੀ ਜਾਂਦੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਪੰਜਾਬ ਦੇ ਦਿਹਾਤੀ ਖੇਤਰ ਵਿਚੋਂ ਸਹੂਲਤਾਂ ਪਹਿਲਾਂ ਦੀ ਘਟ ਰਹੀਆਂ ਹਨ ਤੇ ਪੇਂਡੂ ਲੋਕਾਂ ਵੱਲੋਂ ਲਗਾਤਾਰ ਸ਼ਹਿਰਾਂ ਨੂੰ ਹਿਜਰਤ ਕੀਤੀ ਜਾ ਰਹੀ ਹੈ। ਅਜਿਹੀ ਹਾਲਤ ਨੂੰ ਦੇਖਦਿਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਪਿੰਡਾਂ ਦੇ ਲੋਕਾਂ ਦੀ ਜੀਵਨ ਪੱਧਰ ਸ਼ਹਿਰੀ ਲੋਕਾਂ ਦੇ ਬਰਾਬਰ ਲਿਆਂਦਾ ਜਾ ਸਕੇ।

## 'ਆਪ' ਵੱਲੋਂ ਵੀ ਮੁਹਿੰਮ ਚਲਾਉਣ ਦਾ ਐਲਾਨ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਵੇਚਣ ਦੇ ਫੈਸਲੇ ਖਿਲਾਫ ਆਮ ਆਦਮੀ ਪਾਰਟੀ (ਆਪ) ਨੇ ਮੁਹਿੰਮ ਵਿੱਢਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪਾਰਟੀ ਵੱਲੋਂ ਪਹਿਲੇ ਪੜਾਅ ਵਿਚ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਜਾਵੇਗਾ। ਪਾਰਟੀ ਦੇ ਮਾਝਾ ਜ਼ੋਨ ਦੇ ਕਨਵੀਨਰ ਕੁਲਦੀਪ ਸਿੰਘ ਧਾਲੀਵਾਲ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਪ੍ਰਾਈਵੇਟ ਸੈਕਟਰ ਨੂੰ ਵੇਚਣ ਦਾ ਫੈਸਲਾ ਕੀਤਾ ਹੈ, ਜਿਸ ਦਾ ਪਾਰਟੀ ਵਿਰੋਧ ਕਰੇਗੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਸ਼ਾਮਲਾਟ ਜ਼ਮੀਨਾਂ 'ਚੋਂ ਦਲਿਤਾਂ ਅਤੇ ਪਿਛੜੇ ਵਰਗ ਦੇ ਲੋਕਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਸਰਕਾਰ ਇਸ ਵਾਅਦੇ ਤੋਂ ਭੱਜਣ ਦਾ ਯਤਨ ਕਰ ਰਹੀ ਹੈ।

# ਸਾਇਰਸ ਮਿਸਤਰੀ ਨੇ ਟਾਟਾ ਗਰੁਪ ਖਿਲਾਫ ਕਾਨੂੰਨੀ ਲੜਾਈ ਜਿੱਤੀ

**ਨਵੀਂ ਦਿੱਲੀ:** ਟਾਟਾ ਗਰੁਪ ਨਾਲ ਕਾਨੂੰਨੀ ਲੜਾਈ ਵਿਚ ਸਾਇਰਸ ਮਿਸਤਰੀ ਨੂੰ ਵੱਡੀ ਜਿੱਤ ਹਾਸਲ ਹੋਈ ਹੈ। ਕੌਮੀ ਕੰਪਨੀ ਕਾਨੂੰਨ ਅਪੀਲੀ ਟ੍ਰਿਬਿਊਨਲ ਨੇ ਮਿਸਤਰੀ ਨੂੰ ਟਾਟਾ ਗਰੁਪ ਦੇ ਕਾਰਜਕਾਰੀ ਚੇਅਰਮੈਨ ਵਜੋਂ ਬਹਾਲ ਕਰਨ ਦੇ ਹੁਕਮ ਦਿੱਤੇ ਹਨ। ਨਾਲ ਹੀ ਕਾਰਜਕਾਰੀ ਚੇਅਰਮੈਨ ਦੇ ਅਹੁਦੇ ਉਤੇ ਐੱਨ ਚੰਦਰਸ਼ੇਖਰਨ ਦੀ ਨਿਯੁਕਤੀ ਨੂੰ ਗੈਰਕਾਨੂੰਨੀ ਠਹਿਰਾਇਆ ਹੈ।

ਜਸਟਿਸ ਐਸ. ਜੇ. ਮੁਖੋਪਧਿਆਏ ਦੀ ਪ੍ਰਧਾਨਗੀ ਵਾਲੇ ਦੋ ਮੈਂਬਰੀ ਬੈਂਚ ਨੇ ਕਿਹਾ ਕਿ ਬਹਾਲੀ ਦੇ ਹੁਕਮ ਚਾਰ ਹਫਤੇ ਪਿਛੋਂ ਲਾਗੂ ਹੋਣਗੇ। ਫੈਸਲੇ ਅਨੁਸਾਰ ਟਾਟਾ ਗਰੁਪ ਇਸ ਮਿਆਦ ਦੌਰਾਨ ਚਾਹੇ ਤਾਂ ਅਦਾਲਤੀ ਫੈਸਲੇ ਵਿਰੁੱਧ ਅਪੀਲ ਕਰ ਸਕਦਾ ਹੈ। ਇਸ ਪਿਛੋਂ ਹੇਠਲੀ ਅਦਾਲਤ ਦੇ ਹੁਕਮਾਂ ਨੂੰ ਖਾਰਜ ਕਰਦਿਆਂ ਅਪੀਲੀ ਟ੍ਰਿਬਿਊਨਲ ਨੇ ਟਾਟਾ ਸਮੂਹ ਨੂੰ ਜਨਤਕ ਫਰਮ ਤੋਂ ਬਦਲ ਕੇ ਪ੍ਰਾਈਵੇਟ ਫਰਮ ਬਣਨ ਕਾਰਵਾਈ ਨੂੰ ਵੀ ਰੱਦ ਕਰ ਦਿੱਤਾ ਹੈ।

ਧਨਾਢ ਸ਼ਾਪੂਰਜੀ ਪਲੋਨਜੀ ਪਰਿਵਾਰ ਨਾਲ ਸਬੰਧਤ ਮਿਸਤਰੀ ਨੂੰ ਅਕਤੂਬਰ 2016 'ਚ ਟਾਟਾ ਗਰੁਪ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਹ ਟਾਟਾ ਗਰੁਪ ਦੇ ਛੇਵੇਂ ਚੇਅਰਮੈਨ ਸਨ। ਮਿਸਤਰੀ ਨੇ ਰਤਨ ਟਾਟਾ ਦੇ ਅਹੁਦੇ ਤੋਂ ਹਟਣ ਮਗਰੋਂ 2012 'ਚ ਕੰਪਨੀ ਦੀ ਕਮਾਨ ਸਾਂਭੀ ਸੀ।

# ਜੁਗਨੀ ਪੰਜਾਬ ਦੀ



ਜੁਗਨੀ ਉਹਦੇ ਮੂੰਹੋਂ ਫੱਬੇ
ਜਿਹਨੂੰ ਸੱਟ ਇਸ਼ਕ ਦੀ ਲੱਗੇ...

ਜੁਗਨੀ ਦੀ ਬਾਤ ਪਾਉਣ ਲੱਗਾ ਹਾਂ। ਸਬੱਬ ਬਣੀ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਹੋਈ ਪੇਸ਼ਕਾਰੀ: 'ਓ ਜੁਗਨੀ ਪੰਜਾਬ ਦੀ'। ਸੂਫੀ ਕੱਥਕ ਫਾਊਂਡੇਸ਼ਨ ਦੀ ਸੰਸਥਾਪਕ ਮੰਜਰੀ ਚਤੁਰਵੇਦੀ ਇਕ ਨਾਮਚੀਨ ਕੱਥਕ ਨਾਚੀ ਹੈ ਜੋ ਭੁੱਲੇ ਵਿਸਰੇ ਰਵਾਇਤੀ ਕਿਰਦਾਰ ਮੰਚ ਤੋਂ ਸਾਕਾਰ ਕਰਨ ਲਈ ਤਤਪਰ ਰਹਿੰਦੀ ਹੈ। ਗੰਗਾ ਯਮੁਨਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਕੀਤੀ ਗਈ ਇਹ ਪੇਸ਼ਕਾਰੀ ਨਾਚ, ਕੱਵਾਲੀ, ਕਿੱਸਾਗੋਈ ਦਾ ਖੂਬਸੂਰਤ ਸੁਮੇਲ ਸੀ। ਪ੍ਰਸਿਧ ਸੰਗੀਤਕਾਰ ਮਦਨ ਗੋਪਾਲ ਸਿੰਘ ਦੀ ਸੁਚੱਜੀ ਅਗਵਾਈ ਹੇਠ ਮੰਜਰੀ ਚਤੁਰਵੇਦੀ ਨੇ ਜੁਗਨੀ ਦਾ ਸੰਕਲਪ ਘੜਿਆ ਅਤੇ ਜਸਦੀਪ ਸਿੰਘ ਨੇ ਫਿਰ ਵੱਖ-ਵੱਖ ਲੋਕ ਗਾਥਾਵਾਂ ਨੂੰ ਪਰੋ ਕੇ ਕਹਾਣੀ ਬਣਾਈ।



ਇਸ ਕਹਾਣੀ ਵਿਚ ਜੁਗਨੀ ਆਜ਼ਾਦ ਰੂਹ ਦੇ ਰੂਪ ਵਿਚ ਵਿਚਰਦੀ ਦਿਖਾਈ ਦਿੰਦੀ ਹੈ ਜੋ ਬਾਗੀ ਵੀ ਹੈ ਤੇ ਇਸ਼ਕ ਵਿਚ ਭਿੱਜਿਆ ਜਜ਼ਬਾਤੀ ਜਿਓੜਾ ਵੀ ਹੈ। ਜੁਗਨੀ ਪੰਜਾਬੀ ਲੋਕ ਗਾਇਕੀ ਵਿਚ ਵੱਖੋ-ਵੱਖਰੇ ਰੰਗਾਂ ਵਿਚ ਪਰਿਭਾਸ਼ਤ ਹੁੰਦੀ ਆਈ ਹੈ। ਇਸ ਪੇਸ਼ਕਾਰੀ ਦਾ ਰੰਗ ਤੇ ਮਿਜ਼ਾਜ ਵੱਖਰਾ ਸੀ। ਇਥੇ ਜੁਗਨੀ ਸਿਆਲਾਂ ਦੀ ਹੀਰ ਦੇ ਵੇਗਮੱਤੇ ਇਸ਼ਕ ਦੀ ਜ਼ਾਮਨ ਵੀ ਹੈ ਤੇ ਰਾਂਝੇ ਚਾਕ ਦੀ ਵੰਝਲੀ ਦੀ ਹੂਕ ਵੀ ਹੈ; ਜੁਗਨੀ ਸੋਹਣੀ ਦੇ ਕੱਚੇ ਘੜੇ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੇ ਪੱਕੇ ਕੌਲ ਕਰਾਰਾਂ ਨਾਲ ਸਾਂਝ ਵੀ ਪਾਉਂਦੀ ਹੈ ਤੇ ਮਹੀਂਵਾਲ ਦੇ ਪੱਟ 'ਚੋਂ ਚੀਰੇ ਮਾਸ ਦਾ ਜਨੂਨ ਵੀ ਦਰਸ਼ਕ ਦੇ ਸਨਮੁੱਖ ਕਰਦੀ ਹੈ।

ਇਹ ਜੁਗਨੀ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਦੀ ਰੁਸਵਾਈ ਨੂੰ ਤਰਲ ਕਰਨ ਲਈ ਬੁੱਲ੍ਹੇ ਸ਼ਾਹ ਵਲੋਂ ਕੰਜਰੀ ਬਣ ਨੱਚੇ ਨਾਚ ਅੰਦਰ ਘੁੰਗਰੂ ਬਣ ਛਣਕਦੀ ਵੀ ਹੈ ਤੇ ਬਾਬਾ ਨਾਨਕ ਵਲੋਂ ਸਰਬੱਤ ਦੇ ਭਲੇ ਲਈ ਕੀਤੀਆਂ ਦੁਆਵਾਂ 'ਚੋਂ ਆਸੀਸ ਲੈਣ ਲਈ ਝੋਲੀ ਅੱਡ ਵੀ ਆ ਖੜ੍ਹਦੀ ਹੈ। ਇਹ ਜੁਗਨੀ ਨੱਚਦੀ ਹੈ, ਗਾਉਂਦੀ ਹੈ, ਗੁਦਗੁਦਾਉਂਦੀ ਹੈ, ਹਸਾਉਂਦੀ ਹੈ, ਰੁਆਉਂਦੀ ਹੈ ਤੇ ਵਜਦ 'ਚ ਆ ਕੇ ਦਰਸ਼ਕ ਨੂੰ ਝੂਮਣ ਲਾ ਦਿੰਦੀ ਹੈ।

ਪੇਸ਼ਕਾਰੀ ਦੀ ਰੰਗਤ ਰੰਗਮੰਚੀ ਹੈ। ਸੁਆਦਲੀ ਗੱਲ ਇਹ ਕਿ ਸ਼ੁਰੂਆਤ ਬਿਨਾ ਕਿਸੇ ਰਸਮੀ ਉਦਘਾਟਨ ਜਾਂ ਐਲਾਨ ਤੋਂ ਹੁੰਦੀ ਹੈ। ਮੰਚ ਉਤੇ ਛੋਟੀਆਂ ਵੱਡੀਆਂ ਐਲ.ਈ.ਡੀ. ਸਕਰੀਨਾਂ ਸਜਾਈਆਂ ਹੋਈਆਂ ਹਨ ਜਿਨ੍ਹਾਂ ਦਾ ਸਥਾਨ ਤੈਅ ਹੈ ਪਰ ਉਹ ਕਿਸੇ ਕਿਰਦਾਰ ਵਾਂਗ ਪਲ ਪਲ ਰੰਗ ਰੂਪ ਅਤੇ ਭਾਵ ਬਦਲਦੀਆਂ ਹਨ। ਇਥੋਂ ਤਕ ਕਿ ਮੰਜਰੀ ਚਤੁਰਵੇਦੀ ਦੀ ਜਾਣ-ਪਛਾਣ ਵੀ ਦਿਲਚਸਪ ਹੋ ਨਿਬੜਦੀ ਹੈ ਜਦੋਂ ਇਕ ਖੂਬਸੂਰਤ ਗੀਤ ਨਾਲ ਬੜੇ ਸਲੀਕੇ ਨਾਲ ਪਰੋਇਆ ਉਸ ਦਾ ਜੀਵਨ ਵੇਰਵਾ ਨਮੂਦਾਰ ਹੁੰਦਾ ਹੈ। ਇਸ ਉਪਰੰਤ ਕਿੱਸਾ-ਗੋ ਰੰਗਮੰਚੀ ਅੰਦਾਜ਼ ਵਿਚ ਜੁਗਨੀ ਦੇ ਕੱਚੇ-ਪੱਕੇ ਧਾਗੇ ਉਧੇੜਨੇ ਸ਼ੁਰੂ ਕਰਦਾ ਹੈ।

ਵਿਕਰਮਜੀਤ ਸਿੰਘ ਰੂਪਰਾਇ ਦੀ ਸੁਸਤ ਕਿੱਸਾ ਬਿਆਨੀ ਜਿਵੇਂ ਹੀ ਦਰਸ਼ਕ ਨੂੰ ਉਕਤਾਉਣ ਲੱਗਦੀ ਹੈ, ਕੱਵਾਲ ਰਾਂਝਣ ਅਲੀ ਦੇ ਅਲਾਪ ਫਿਜ਼ਾ ਵਿਚ ਗੂੰਜਦੇ ਹਨ ਤੇ ਸੁਰ ਕੀਤੇ ਗਲੇ ਰਾਹੀਂ ਪੇਸ਼ ਹੋ ਰਹੀ ਰੂਹ ਦੀ ਗਾਇਕੀ ਪੂਰੇ ਮਾਹੌਲ ਨੂੰ ਰਹੱਸਮਈ ਬਣਾ ਦਿੰਦੀ ਹੈ। ਮੰਜਰੀ ਆਪਣੀਆਂ ਅਦਾਵਾਂ ਸੰਗ ਲਰਜ਼ਦੀ ਮੰਚ 'ਤੇ ਪ੍ਰਵੇਸ਼ ਕਰਦੀ ਹੈ। ਦਰਸ਼ਕ ਮੰਜਰੀ ਨੂੰ ਦੇਖ ਰਿਹਾ ਹੈ, ਰਾਂਝਣ ਅਲੀ ਤੇ ਸਾਥੀ ਕੱਵਾਲਾਂ ਨੂੰ ਸੁਣ ਰਿਹਾ ਹੈ, ਸਕਰੀਨਾਂ ਤੇ ਰੌਸ਼ਨੀ ਪ੍ਰਭਾਵ ਆਪਣਾ ਜਾਦੂ ਵਿਖਾ ਰਹੇ ਹਨ, ਹਾਲ ਅੰਦਰ ਬੈਠਾ ਦਰਸ਼ਕ ਆਪਣੇ ਆਪ ਨੂੰ ਦਰਿਆ ਦੀਆਂ ਲਹਿਰਾਂ 'ਤੇ ਝੂਟੇ ਲੈਂਦੀ ਬੇੜੀ ਵਿਚ ਬੈਠਾ ਮਹਿਸੂਸ ਕਰਦਾ ਹੈ ਜਿਥੇ ਠੰਢੀ ਹਵਾ ਦੇ ਬੁੱਲੇ ਵੀ ਆ ਰਹੇ ਹਨ ਤੇ ਪਵਣ ਗੁਰੂ ਪਾਣੀ ਪਿਤਾ ਦਾ ਸੰਗੀਤ ਵੀ ਉਸ ਨੂੰ ਸਰਸ਼ਾਰ ਕਰ ਰਿਹਾ ਹੈ। ਰਾਂਝਣ ਅਲੀ ਦੀ ਗਾਇਕੀ ਉਚੇਚ ਰਹਿਤ ਹੈ, ਉਚਾਰਨ ਕਮਾਲ ਦਾ ਹੈ। ਜਦੋਂ ਤਬਲੇ ਤੇ ਢੋਲਕ ਦੀ ਥਾਪ ਸੰਗ ਉਚਾ ਸੁਰ ਪਕੜਦਾ ਤਾਂ ਲੱਗਦਾ ਪੱਬ ਹੁਣੇ ਧਰਤੀ ਤੋਂ ਉਠ ਜਾਣਗੇ ਤੇ ਜਦੋਂ ਰਿਦਮ ਨੂੰ ਤਕਰੀਬਨ ਸਿਫਰ 'ਤੇ ਪਹੁੰਚਾ ਕੇ ਇਕਦਮ ਨੀਵੀਂ ਆਵਾਜ਼ ਕਰਕੇ ਕਿਸੇ ਪੰਕਤੀ ਦਾ ਦੁਹਰਾਉ ਪੇਸ਼ ਕਰਦਾ ਤਾਂ ਲੱਗਦਾ ਕਿ ਰਾਂਝਣ ਮੰਚ 'ਤੇ ਨਹੀਂ ਬੈਠਾ, ਤੁਹਾਡੀ ਬਗਲ ਵਿਚ ਬੈਠਾ ਕੰਨਾਂ ਵਿਚ ਮਿਸ਼ਰੀ ਘੋਲ ਰਿਹਾ ਹੈ।

ਮੰਜਰੀ ਕੱਥਕ ਨਾਚੀ ਹੈ ਪਰ ਅੱਜ ਇਉਂ ਲੱਗਦਾ ਸੀ, ਜਿਵੇਂ ਉਹ ਦਰਸ਼ਕਾਂ ਦੀ ਹਾਜ਼ਰੀ ਤੋਂ ਬੇਖਬਰ ਹੋ ਕੇ ਮੈਡੀਟੇਸ਼ਨ ਕਰ ਰਹੀ ਹੋਵੇ। ਉਸ ਦੀਆਂ ਨ੍ਰਿਤ ਮੁਦਰਾਵਾਂ ਵਿਚ ਰਵਾਨੀ ਇੰਨੀ ਕਿ ਇਕ ਵਾਰ ਨਜ਼ਰ ਟਿਕ ਗਈ ਤਾਂ ਜਿਧਰ-ਜਿਧਰ ਉਸ ਦੇ ਹੱਥ ਜਾਂਦੇ, ਦਰਸ਼ਕ ਦੀ ਨਜ਼ਰ ਪਿੱਛਾ ਕਰਦੀ। ਕਿਸੇ ਵੀ ਕਲਾ ਵਿਚ ਸੁਭਾਵਿਕਤਾ ਆ ਜਾਵੇ ਤਾਂ ਸਮਝੋ ਉਚ ਦੁਆਰ ਖੁੱਲ੍ਹ ਗਿਆ।

ਵਾਰਸ ਸ਼ਾਹ, ਬਾਬਾ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਬਾਬਾ ਫਰੀਦ, ਬਾਬਾ ਨਾਨਕ... ਕਿੱਸਾ-ਦਰ-ਕਿੱਸਾ ਜੁਗਨੀ ਰਾਹੀਂ ਪੇਸ਼ ਹੋ ਰਿਹਾ ਹੈ। ਬਲਕਾਰ ਸਿੱਧੂ ਦੀ ਆਮਦ ਮਾਹੌਲ ਨੂੰ ਹੋਰ ਵੀ ਖੁਸ਼ਗਵਾਰ ਬਣਾ ਦਿੰਦੀ ਹੈ। ਉਸ ਦੀ ਸਾਫ ਕਿੱਸਾ ਗੋਈ, ਉਰਦੂ ਲਫਜ਼ਾਂ ਦਾ ਪਰਿਪੱਕ ਉਚਾਰਨ, ਢੁਕਵੇਂ ਹਾਵ-ਭਾਵ, ਸੰਵਾਦ ਅਦਾਇਗੀ ਖਿੱਚ ਪਾਉਂਦੀ ਹੈ। ਬਾਬਾ ਫਰੀਦ ਦਾ ਕਿੱਸਾ ਪੇਸ਼ ਕਰਦਾ ਬਲਕਾਰ ਸਿੱਧੂ ਜਦੋਂ ਇਕੋ ਥਾਂ 'ਤੇ ਬੈਠੇ-ਬੈਠੇ ਕੱਵਾਲਾਂ ਦੀ ਗਾਇਕੀ ਨਾਲ ਇਕਸੁਰ ਹੋ ਕੇ ਸਿਰਫ ਉਪਰਲੇ ਧੜ ਦੀਆਂ ਨਾਚ ਮੁਦਰਾਵਾਂ ਰਾਹੀਂ ਰੰਗ ਬੰਨ੍ਹਦਾ ਹੈ ਤਾਂ ਖੁਸ਼ੀ ਹੁੰਦੀ ਹੈ ਕਿ ਮੰਜਰੀ ਨੂੰ ਬਰਾਬਰ ਦੀ ਟੱਕਰ ਦੇਣ ਵਾਲਾ ਸਾਡਾ ਆਪਣਾ ਪੰਜਾਬੀ 'ਗੱਭਰੂ' ਵੀ ਘੱਟ ਨਹੀਂ।

ਇਹ ਪੇਸ਼ਕਾਰੀ ਜੁਗਨੀ ਦੇ ਕਿਰਦਾਰ ਦੀਆਂ ਤਹਿਆਂ ਫਰੋਲਣ ਦੀ ਕੋਸ਼ਿਸ਼ ਕਰਦੀ ਹੈ, ਜਿਵੇਂ ਅਰਥ ਤਲਾਸ਼ਣ ਦਾ ਅਭਿਆਸ! ਜਾਪਿਆ ਕਿ ਜੁਗਨੀ ਜੁਗਨੂੰ ਬਣ ਹਨੇਰੀਆਂ ਨੁੱਕਰਾਂ ਨੂੰ ਰੁਸ਼ਨਾ ਰਹੀ ਹੈ, ਫੇਰ ਖੁਦ ਹੀ ਕਿਸੇ ਹਨੇਰੇ ਵਿਚ ਗੁੰਮ ਗੁਆਚ ਜਾਂਦੀ ਹੈ। ਕਦੇ ਲੱਗਦਾ ਹੈ ਕਿ ਜੁਗਨੀ ਕਿਸੇ ਫਕੀਰ ਦੀ ਦੁਆ ਦਾ ਨਾਮ ਹੈ, ਕਿਸੇ ਰਹਿਮਤ ਦਾ ਖਜ਼ਾਨਾ ਹੈ। ਜੁਗਨੀ ਹਾਣ ਪਰਵਾਣ ਲੱਭਦੀ ਕੋਈ ਐਸੀ ਰੂਹ ਹੈ ਜੋ ਕਦੇ ਵੀ ਕਿਤੇ ਵੀ ਪਹੁੰਚ ਜਾਂਦੀ ਹੈ ਤੇ ਇਸ਼ਕ ਦੀ ਅਲਖ ਜਗਾ ਦਿੰਦੀ ਹੈ। ਉਹ ਨਾ ਕਿਸੇ ਸਮਾਜਿਕ ਨੇਮ ਜਾਂ ਵਲਗਣਾਂ ਤੇ ਨਾ ਕਿਸੇ ਹਾਕਮ ਦੀਆਂ ਬੰਦਿਸ਼ਾਂ ਤੋਂ ਖੌਫ ਖਾਂਦੀ ਹੈ। ਉਹ ਅਲਬੇਲੀ ਰੂਹ ਹੈ। ਜੁਗਨੀ ਸਾਡੇ ਅੰਦਰ ਦੱਬੀਆਂ ਅਧੂਰੀਆਂ ਖਾਹਿਸ਼ਾਂ ਦਾ ਬਿੰਬ ਹੈ, ਸਾਡੇ ਅੰਦਰ ਕੈਦ ਆਜ਼ਾਦ ਹਸਤੀ ਦਾ ਝਉਲਾ ਹੈ। ਜੁਗਨੀ ਸਾਡਾ ਅਕਸ ਹੈ ਜਿਸ ਨੂੰ ਅਸੀਂ ਸਾਰੀ ਉਮਰ ਦਬਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਾਂ ਤਾਂ ਕਿ ਸਾਨੂੰ ਸਮਾਜਿਕ ਪ੍ਰਵਾਨਗੀ ਮਿਲਣੋਂ ਕਿਤੇ ਖੁੰਝ ਨਾ ਜਾਵੇ।

ਜੁਗਨੀ ਪੇਸ਼ ਕਰਕੇ ਮੰਜਰੀ ਚਤੁਰਵੇਦੀ, ਰਾਂਝਣ ਅਲੀ ਤੇ ਉਸ ਦੇ ਸਾਥੀ ਕੱਵਾਲ, ਮੰਚ ਵਿਉਂਤਣ ਵਾਲੀ ਟੀਮ, ਰੌਸ਼ਨੀ ਪ੍ਰਭਾਵ ਡਿਜ਼ਾਈਨ ਕਰਨ ਵਾਲੇ ਤਕਨੀਸ਼ੀਨ, ਕਿੱਸਾ-ਗੋ ਬਲਕਾਰ ਸਿੱਧੂ ਤੇ ਵਿਕਰਮਜੀਤ ਸਿੰਘ ਨੇ ਸਾਡੇ ਪੋਲੀ ਜਿਹੀ ਚੂੰਢੀ ਵੱਢੀ ਹੈ ਤਾਂ ਕਿ ਸਾਨੂੰ ਯਾਦ ਰਹੇ ਕਿ ਜੁਗਨੀ ਅੱਜ ਵੀ ਜ਼ਿੰਦਾ ਹੈ ਤੇ ਆਜ਼ਾਦ ਫਿਜ਼ਾ ਵਿਚ ਸਾਹ ਲੈਣ ਲਈ ਤਰਲੋਮੱਛੀ ਹੋ ਰਹੀ ਹੈ। ਜੁਗਨੀ ਸਾਡੇ ਦਿਲਾਂ ਦੀਆਂ ਤਾਰਾਂ ਨੂੰ ਤੁਣਕਾ ਦੇ ਕੇ ਗਈ ਹੈ ਕਿ ਜ਼ੁਬਾਨੀ ਕਲਮਾ ਤਾਂ ਹਰ ਕੋਈ ਪੜ੍ਹਦਾ ਹੈ, ਪਰ ਦਿਲ ਦਾ ਕਲਮਾ ਕੋਈ ਹੋਵੇ! 'ਓ ਜੁਗਨੀ ਪੰਜਾਬ ਦੀ' ਪੇਸ਼ ਕਰਨ ਵਾਲੀ ਸਮੁੱਚੀ ਟੀਮ ਬਕੌਲ ਬਾਬਾ ਬੁੱਲ੍ਹੇ ਸ਼ਾਹ ਸਾਨੂੰ ਝੰਜੋੜਦੀ ਹੈ ਕਿ ਇਸ ਤੋਂ ਪਹਿਲਾਂ ਕਿ 'ਜ਼ਿੰਦਗੀ ਰੂਪੀ ਮਹਿਬੂਬ' ਹਮੇਸ਼ਾਂ ਲਈ ਰੁੱਸ ਜਾਵੇ, ਆਓ ਉਸ ਨੂੰ ਮਨਾਉਣ ਲਈ ਹੰਭਲਾ ਮਾਰੀਏ:

ਛੇਤੀ ਬਹੁੜੀਂ ਵੇ ਤਬੀਬਾ
ਨਹੀਂ ਤੇ ਮੈਂ ਮਰ ਗਈ ਆਂ
ਤੇਰੇ ਇਸ਼ਕ ਨਚਾਇਆ
ਕਰ ਥਈਆ ਥਈਆ!



*ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਜੁਗਨੀ ਬਣੀ ਮੰਜਰੀ ਚਤੁਰਵੇਦੀ ਦਾ ਇਕ ਅੰਦਾਜ਼।*

ਡਾ. ਸਾਹਿਬ ਸਿੰਘ
ਫੋਨ: +91-98880-11096

# ਫੁੱਲਾਂ ਦੀ ਫਲਾਹੀ ਮਾਹੀਆ...

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ
ਫੁੱਲਾਂ ਬਾਝ ਫਲਾਹੀਆਂ।

ਲੋਕ ਗੀਤ ਬੋਲੀ ਦੀ ਇਹ ਝਲਕ ਸ਼ਾਇਦ ਹੁਣ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਰੁੱਖਾਂ ਹੇਠ ਥੜ੍ਹਿਆਂ ਉਪਰ ਰਲ ਬੈਠ ਵਕਤ ਗੁਜ਼ਾਰਨ ਦਾ ਰੁਝਾਨ ਦਿਨ-ਬ-ਦਿਨ ਘਟ ਰਿਹਾ ਹੈ। ਪਿੰਡਾਂ ਵਿਚਲਾ ਸਹਿਚਾਰ ਅਤੇ ਮੋਹ ਦੀਆਂ ਤੰਦਾਂ ਘਟਣ ਕਾਰਨ ਲੋਕ ਜ਼ਿਆਦਾ ਸਮਾਂ ਘਰੀਂ ਗੁਜ਼ਾਰਨ ਨੂੰ ਤਰਜੀਹ ਦੇਣ ਲੱਗੇ ਹਨ। ਜਿਨ੍ਹਾਂ ਰੁੱਖਾਂ ਹੇਠ ਮਹਿਫਲਾਂ ਸਜਦੀਆਂ ਸਨ, ਉਹ ਵੀ ਦਿਨ-ਬ-ਦਿਨ ਲੋਪ ਹੋ ਰਹੇ ਹਨ। ਸਾਡੇ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਆਦਿ ਪੱਖਾਂ ਨਾਲ ਜੁੜਿਆ ਰੁੱਖ ਫਲਾਹੀ ਵੀ ਉਨ੍ਹਾਂ ਵਿਚੋਂ ਇਕ ਹੈ ਜਿਸ ਨੂੰ ਅੱਜ ਕੱਲ੍ਹ ਲੱਭਣਾ ਪੈਂਦਾ ਹੈ ਜੋ ਕਦੇ ਆਮ ਹੀ ਮਿਲ ਜਾਂਦਾ ਸੀ। ਨਿੰਮ, ਕਿੱਕਰ ਵਾਂਗ ਪਹਿਲਾਂ ਫਲਾਹੀ ਦੀ ਦਾਤਣ ਕਰਨ ਦਾ ਰੁਝਾਨ ਵੀ ਆਮ ਸੀ। ਜਿਸ ਦੀ ਗਵਾਹੀ ਲੋਕ ਬੋਲੀ ਬਾਖੂਬੀ ਭਰਦੀ ਹੈ:

ਵਿਹੜੇ ਤਾਂ ਸਾਡੇ ਹਰੀਓ ਫਲਾਹੀ
ਵੇ ਬੀਬਾ! ਮੋੜ ਘੋੜਾ
ਦਾਤਣ ਕਰ ਜਾਣਾ ਜੀ
ਦਾਤਣ ਵੀ ਕਰ ਗਿਆ
ਗੱਲਾਂ ਵੀ ਕਰ ਗਿਆ
ਇਹੋ ਜੋਗੀ, ਨੀ ਸਈਓ
ਇਹੋ ਜੋਗੀ ਸਾਨੂੰ ਛਲ ਗਿਆ ਨੀ।

ਦਰਅਸਲ, ਤਰੱਕੀ ਦੀ ਪੌੜੀ ਚੜ੍ਹਦਿਆਂ ਅਸੀਂ ਕਾਫੀ ਅੱਗੇ ਲੰਘ ਆਏ ਹਾਂ। ਕੁਦਰਤੀ ਨਿਆਮਤਾਂ ਤੇ ਕੁਦਰਤੀ ਮਾਹੌਲ ਤੋਂ ਟੁੱਟ ਬਣਾਵਟੀ ਵਸਤਾਂ ਤੇ ਬਣਾਵਟੀ ਜਿਹੀ ਜ਼ਿੰਦਗੀ ਨੂੰ ਹੀ ਜ਼ਿੰਦਗੀ ਸਮਝਣ ਲੱਗੇ ਹਾਂ। ਕਦੇ ਸਾਡੇ ਪੰਜਾਬ ਵਿਚ ਰੁੱਖ-ਬੂਟੇ ਬਹੁਤ ਹੁੰਦੇ ਸਨ ਜਿਨ੍ਹਾਂ ਸਦਕਾ ਪਸ਼ੂ-ਪੰਛੀ ਸਭ ਆਨੰਦਮਈ ਜੀਵਨ ਜਿਉਂਦੇ ਸਨ। ਹਰੀ ਕ੍ਰਾਂਤੀ ਨੇ ਆਰਥਿਕਤਾ ਨੂੰ ਤਾਂ ਹੁਲਾਰਾ ਦਿੱਤਾ ਪਰ ਕੁਦਰਤੀ ਨਿਆਮਤਾਂ ਖਾਸ ਕਰ ਰੁੱਖ-ਪੌਦੇ ਸਾਥੋਂ ਖੋਹ ਲਏ। ਜਦੋਂ ਅਸੀਂ ਪੁਰਾਤਨ ਬੋਲੀਆਂ-ਗੀਤਾਂ ਜਾਂ ਸਿੱਠਣੀਆਂ ਆਦਿ 'ਤੇ ਝਾਤੀ ਮਾਰਦੇ ਹਾਂ ਤਾਂ ਸਾਨੂੰ ਅਨੇਕਾਂ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ:

ਲਾੜਿਆ ਵੇ ਤੇਰੀ
ਭੈਣ ਬੜੀ ਕੁਪੱਤੀ
ਵੇ ਉਹ ਖਾਵੇ ਬਾਜਰਾ
ਤੇ ਦੱਸਦੀ ਹੈ ਮੱਕੀ
ਵੇ ਉਹ ਚੜ੍ਹਦੀ
ਫਲਾਹੀ ਤੇ ਢੱਕੀਂ
ਵੇ ਉਹ ਬੈਤਲ
ਨਾ ਰਹਿੰਦੀ ਡੱਕੀ
ਉਹਨੂੰ ਰੋਕ ਲਾੜਿਆ
ਨੱਕ ਤੇ ਨਾ ਬਹਿਣ
ਦੇਵੇ ਵੇ ਉਹ ਮੱਖੀ।

ਜਦੋਂ ਫਲਾਹੀ ਦੇ ਰੁੱਖ ਦੀ ਗੱਲ ਚੱਲਦੀ ਹੈ ਤਾਂ ਸਾਡੇ ਸਾਹਮਣੇ ਧਾਰਮਿਕ ਪੱਖ ਉਜਾਗਰ ਹੁੰਦਾ ਹੈ। ਕਹਿਣ ਦਾ ਭਾਵ ਖਾਸ ਕਰ ਸਿੱਖ ਧਰਮ 'ਚ ਫਲਾਹੀ ਦਾ ਜ਼ਿਕਰ ਖਾਸ ਦੇਖਣ ਨੂੰ ਮਿਲਦਾ ਹੈ। ਲੁਧਿਆਣਾ ਤੋਂ ਮਾਲੇਰਕੋਟਲਾ ਜਾਂਦਿਆਂ ਕੈਂਡ ਪਿੰਡ ਨੇੜਲੀ ਨਹਿਰ ਦੇ ਨਜ਼ਦੀਕ ਦੁਲੇਅ ਪਿੰਡ ਵਿਖੇ ਦਸਵੀਂ ਪਾਤਸ਼ਾਹੀ ਨਾਲ ਸਬੰਧਤ ਗੁਰਦੁਆਰਾ ਫਲਾਹੀ ਸਾਹਿਬ ਬਣਿਆ ਹੋਇਆ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਘੋੜੇ 'ਤੇ ਸਵਾਰ ਹੋ ਕੇ ਇਸ ਸਥਾਨ 'ਤੇ ਪੁੱਜੇ ਸਨ ਤਾਂ ਉਨ੍ਹਾਂ ਆਪਣਾ ਘੋੜਾ ਫਲਾਹੀ ਦੇ ਰੁੱਖ ਨਾਲ ਬੰਨ੍ਹਿਆ ਸੀ। ਇਸੇ ਤਰ੍ਹਾਂ ਜ਼ਿਲ੍ਹਾ ਬਠਿੰਡਾ ਵਿਚ ਮੌਜੂਦ ਲੱਖੀ ਜੰਗਲ ਵਿਚਲੇ ਗੁਰੂ ਘਰ ਨੇੜੇ ਫਲਾਹੀ ਸਾਹਿਬ ਦਾ ਪੁਰਾਤਨ ਰੁੱਖ ਮੌਜੂਦ ਹੈ। ਕਾਦੀਆਂ ਰੋਡ ਉਪਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਹੈ। ਇਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਆਪਣੇ ਵਿਆਹ ਉਪਰੰਤ ਆਏ ਸਨ ਅਤੇ ਉਨ੍ਹਾਂ ਦਾਤਣ ਗੱਡੀ ਸੀ ਜੋ ਅੱਜ



ਵਿਸ਼ਾਲ ਰੁੱਖ ਦਾ ਰੂਪ ਲੈ ਚੁੱਕੀ ਹੈ।

ਫਲਾਹੀ ਰੁੱਖ ਦੇ ਮੂਲ ਸਥਾਨ ਦੀ ਗੱਲ ਕਰੀਏ ਤਾਂ ਪਾਕਿਸਤਾਨ, ਅਫਗਾਨਿਸਤਾਨ ਅਤੇ ਭਾਰਤ ਦੇ ਪੰਜਾਬ ਤੇ ਉਤਰ ਪ੍ਰਦੇਸ਼ ਸੂਬੇ ਮੁੱਖ ਰੂਪ ਵਿਚ ਮੰਨੇ ਜਾਂਦੇ ਹਨ। ਇਸ ਰੁੱਖ ਦਾ ਵਿਗਿਆਨਕ ਨਾਮ 'ਅਕੇਸ਼ੀਆ ਮੋਡੈਸਟਾ' ਹੈ ਜੋ ਪੰਜਾਬ ਦੇ ਕੰਢੀ ਖੇਤਰ, ਪਹਾੜੀ ਖੇਤਰ ਅਤੇ ਖੁਸ਼ਕ ਇਲਾਕਿਆਂ ਵਿਚ ਮਿਲਦਾ ਹੈ। ਦਰਮਿਆਨੇ ਕੱਦ ਦਾ ਇਹ ਪੱਤਝੜੀ ਰੁੱਖ ਜਨਵਰੀ ਮਹੀਨੇ ਪੱਤਹੀਣ ਹੋ ਜਾਂਦਾ ਹੈ। ਮਾਰਚ ਦੇ ਅਖੀਰ ਤੋਂ ਲੈ ਕੇ ਅਪਰੈਲ ਮਈ ਦੇ ਮਹੀਨੇ ਤਕ ਛੋਟੇ-ਛੋਟੇ ਸਫੈਦ ਕਰੀਮ ਜਿਹੇ ਫੁੱਲ ਨਜ਼ਰੀਂ ਆਉਂਦੇ ਹਨ ਜੋ ਸਮਾਂ ਪਾ ਕੇ ਚਮਟੀਆਂ ਜਿਹੀਆਂ ਫਲੀਆਂ ਵਿਚ ਤਬਦੀਲ ਹੋ ਜਾਂਦੇ ਹਨ। ਇਹ ਫਲੀਆਂ ਕਈ ਮਹੀਨੇ ਰੁੱਖ ਉਪਰ ਲਟਕਦੀਆਂ ਹਨ। ਫੁੱਲਾਂ 'ਚੋਂ ਹਲਕੀ ਮਹਿਕ ਵੀ ਮਹਿਸੂਸ ਕੀਤੀ ਜਾਂਦੀ ਹੈ। ਰੁੱਖ ਦਾ ਸੱਕ ਖੁਰਦਰਾ ਅਤੇ ਵਿੰਗ-ਤੜਿੰਗੇ ਕਟਾਵਾਂ ਵਾਲਾ ਹੁੰਦਾ ਹੈ। ਰੁੱਖ ਦੀਆਂ ਟਾਹਣੀਆਂ ਉਪਰ ਗੁਲਾਬ ਦੀ ਤਰ੍ਹਾਂ ਜੋੜਿਆਂ ਵਿਚ ਕੰਡੇ ਹੁੰਦੇ ਹਨ। ਇਨ੍ਹਾਂ ਕੰਡਿਆਂ ਦੀ ਮੌਜੂਦਗੀ ਕਰਕੇ ਪੁਰਾਤਨ ਵੇਲਿਆਂ ਵਿਚ ਫਲਾਹੀ ਤੋਂ ਵਾੜ ਦਾ ਕੰਮ ਵੀ ਲਿਆ ਜਾਂਦਾ ਸੀ।

ਪੁਰਾਣੇ ਵੇਲਿਆਂ ਵਿਚ ਫੁਲਾਹੀ ਨੂੰ ਬਾਲਣ ਲਈ ਜਾਂ ਫਿਰ ਬੱਕਰੀਆਂ, ਊਠ ਅਤੇ ਹੋਰਨਾਂ ਜਾਨਵਰਾਂ ਦੇ ਚਾਰੇ ਲਈ ਖੂਬ ਵਰਤਿਆ ਜਾਂਦਾ ਸੀ। ਫਲਾਹੀ ਦੀ ਲੱਕੜ ਸਖਤ ਜਾਨ ਹੋਣ ਕਰਕੇ ਮਜ਼ਬੂਤੀ ਨੂੰ ਜਾਣਦਿਆਂ ਲੋਕ ਖੇਤੀ ਸੰਦ, ਘੁਲਾੜੀ, ਖੂਹ ਆਦਿ ਵਿਚ ਵਰਤਦੇ ਸਨ। ਫਲਾਹੀ ਦੇ ਤਣੇ ਵਿਚੋਂ ਗੂੰਦ ਨਿਕਲਦੀ ਹੈ ਤੇ ਇਸੇ ਕਰਕੇ ਫਲਾਹੀ ਨੂੰ ਅਕਸਰ ਸੰਸਾਰ ਦੇ ਹੋਰ ਹਿੱਸਿਆਂ ਵਿਚ 'ਅੰਮ੍ਰਿਤਸਰੀ ਗਮ' ਦੇ ਨਾਂ ਨਾਲ ਵੀ ਜਾਣਦੇ ਹਨ। ਗੂੰਦ ਬਹੁਤ ਹੀ ਗੁਣਕਾਰੀ ਮੰਨੀ ਜਾਂਦੀ ਹੈ। ਪੁਰਾਣੇ ਵੇਲਿਆਂ ਵਿਚ ਔਰਤਾਂ ਨੂੰ ਜਣੇਪੇ ਤੋਂ ਬਾਅਦ ਫਲਾਹੀ ਦੀ ਗੂੰਦ, ਕਣਕ, ਬਾਦਾਮ ਅਤੇ ਮੱਖਣ ਦਾ ਮਿਸ਼ਰਨ ਬਣਾ ਕੇ ਦਿੱਤਾ ਜਾਂਦਾ ਸੀ ਤਾਂ ਜੋ ਸਰੀਰਕ ਕਮਜ਼ੋਰੀ ਤੋਂ ਬਚਾਅ ਕੀਤਾ ਜਾ ਸਕੇ, ਦੂਸਰਾ ਪਿੱਠ ਦੇ ਹੇਠਲੇ ਪਾਸੇ ਤੋਂ ਨਿਕਲਣ ਵਾਲੀ ਪੀੜ ਦੇ ਇਲਾਜ ਲਈ ਵੀ ਖਾਸ ਨੁਸਖੇ ਤਿਆਰ ਕੀਤੇ ਜਾਂਦੇ ਹਨ।

ਇਸ ਤੋਂ ਇਲਾਵਾ ਫਲਾਹੀ ਦੇ ਵੱਖ-ਵੱਖ ਭਾਗਾਂ ਤੋਂ ਅਧਰੰਗ, ਦਸਤ ਰੋਗ, ਅੰਤੜੀ ਰੋਗ, ਕੋਹੜ, ਖੰਘ ਆਦਿ ਅਨੇਕਾਂ ਰੋਗਾਂ ਦੇ ਇਲਾਜ ਲਈ ਨੁਸਖੇ ਤਿਆਰ ਕੀਤੇ ਜਾਂਦੇ ਹਨ। ਦੰਦਾਂ ਦੇ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਫਲਾਹੀ ਦੀ ਦਾਤਣ ਵਿਸ਼ੇਸ਼ ਤੌਰ 'ਤੇ ਕੀਤੀ ਜਾਂਦੀ ਸੀ। ਕਈ ਸੱਜਣ ਫਲਾਹੀ ਦੇ ਫੁੱਲਾਂ ਤੋਂ ਪ੍ਰਾਪਤ ਸ਼ਹਿਦ ਖਾਸ ਤੌਰ 'ਤੇ ਖਾਣਾ ਪਸੰਦ ਕਰਦੇ ਹਨ।

ਫਲਾਹੀ ਦੇ ਰੁੱਖ ਨਰਸਰੀਆਂ ਵਿਚ ਬਹੁਤ ਘੱਟ ਮਿਲਦੇ ਹਨ ਪਰ ਇਸ ਦੇ ਬੀਜਾਂ ਨੂੰ ਇਕੱਤਰ ਕਰਕੇ ਖੁਦ ਬੂਟੇ ਤਿਆਰ ਕੀਤੇ ਜਾ ਸਕਦੇ ਹਨ। ਤਾਜ਼ੇ ਬੀਜਾਂ ਨੂੰ ਸਿੱਧੇ ਤੌਰ 'ਤੇ ਅਤੇ ਪੁਰਾਣੇ ਬੀਜਾਂ ਨੂੰ ਤਕਰੀਬਨ 24 ਘੰਟੇ ਭਿਉਂ ਕੀ ਬੀਜਣਾ ਲਾਭਕਾਰੀ ਹੁੰਦਾ ਹੈ। ਇਕ ਟੱਪੇ ਦਾ ਰੰਗ ਦੇਖੋ:

ਫੁੱਲਾਂ ਦੀ ਫਲਾਹੀ ਮਾਹੀਆ
ਇਕ ਤੇਰੀ ਜਿੰਦ ਬਦਲੇ
ਜਿੰਦ ਕੰਡਿਆਂ 'ਤੇ ਪਾਈ ਮਾਹੀਆ।

ਡਾ. ਬਲਵਿੰਦਰ ਸਿੰਘ ਲੱਖੇਵਾਲੀ
ਫੋਨ: +91-98142-39041

XPressCargo

Tel.: 317-426-5410
Ext 311 or 340

Cell : 317-701-4230
Fax : 317-308-6424

Pay Every Week
Single upto 42 Cent + Team Upto 50 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਨਵ-ਕਲਾਸਕੀ ਕਲਾ ਅੰਦੋਲਨ ਅਤੇ ਫਰਾਂਸੀਸੀ ਇਨਕਲਾਬ






*ਸੰਸਾਰ ਪ੍ਰਸਿੱਧ ਮਸ਼ਹੂਰ ਚਿੱਤਰ 'ਸੁਕਰਾਤ ਦੀ ਮੌਤ' (ਖੱਬੇ) ਅਤੇ 'ਮਰਾਤ ਦੀ ਮੌਤ'।*

## ਕਲਾ ਪਰਿਕਰਮਾ

ਨਵ-ਕਲਾਸਕੀ (Neo-classicism) 1750-1850 ਜਿਵੇਂ ਇਸ ਦੇ ਨਾਮ ਤੋਂ ਹੀ ਝਲਕਦਾ ਹੈ, ਇਹ ਕਲਾ ਅੰਦੋਲਨ ਇਕ ਵਾਰ ਫਿਰ ਪੁਰਾਤਨ ਯੂਨਾਨੀ ਕਲਾਸਕੀ ਸੁਹਜ ਨੂੰ ਕਲਾ ਵਿਚ ਸਥਾਪਤ ਕਰਨ ਵੱਲ ਮੁੜਿਆ। ਇਸ ਸਮੇਂ ਏਥਨਜ਼ ਅਤੇ ਨੇਪਲਜ਼ ਦੀਆਂ ਪੁਰਾਤਨ ਸਭਿਅਤਾਵਾਂ ਦੇ ਖੰਡਰਾਂ ਦੀ ਖੋਜ ਹੋਈ ਅਤੇ ਪੂਰਵਕਾਲ ਅਵਸ਼ੇਸ਼ਾਂ ਪ੍ਰਤੀ ਜਨੂਨ ਜਿਹਾ ਜਾਗ ਉਠਿਆ ਸੀ। ਕਲਾਕਾਰਾਂ ਨੇ ਆਪਣੀ ਕਲਾ ਵਿਚ ਮੁੜ ਤੋਂ ਮਹਾਨ ਕਲਾਸਕੀ ਆਦਰਸ਼ਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ ਅਤੇ ਪੁਰਾਤਨ ਚੀਜ਼ਾਂ ਪ੍ਰਤੀ ਜਨੂਨ ਦਾ ਇਜ਼ਹਾਰ ਕੀਤਾ। ਕਲਾਕਾਰਾਂ ਨੇ



ਰਣਦੀਪ ਮੱਦੋਕੇ
ਫੋਨ: +91-98146-93368

ਪ੍ਰਾਚੀਨ ਕਲਾ ਦੇ ਮਹਾਨ ਕਾਰਜਾਂ ਨੂੰ ਫਿਰ ਤੋਂ ਸਿਰਜਣ ਦੀ ਕੋਸ਼ਿਸ਼ ਕੀਤੀ। ਕਲਾ ਦੇ ਕਲਾਸਕੀ ਸਿਧਾਂਤਾਂ- ਇਕਸੁਰਤਾ, ਸਰਲਤਾ ਅਤੇ ਅਨੁਪਾਤ ਦੇ ਕਲਾਸਕੀ ਆਦਰਸ਼ਾਂ ਵਿਚ ਦਿਲਚਸਪੀ ਲਈ।

ਨਵ-ਕਲਾਸਕੀ ਲਹਿਰ ਦੇ ਕਲਾਕਾਰ ਸੁਹਜ ਕਲਾ ਦੇ ਕਲਾਸਕੀ ਤੱਤਾਂ ਤੋ ਪ੍ਰਭਾਵਿਤ ਹੋਏ; ਖਾਸਕਰ ਆਦਰਸ਼ਵਾਦ ਇਸ ਦਾ ਕੇਂਦਰੀ ਨੁਕਤਾ ਸੀ। ਲਾਜ਼ਮੀ ਤੌਰ 'ਤੇ ਕਲਾਕਾਰਾਂ ਨੇ ਆਪਣੀ ਸਿਰਜਣਾ ਵਿਚ ਆਧੁਨਿਕ, ਇਤਿਹਾਸਕ ਰੂਪ ਨਾਲ ਪ੍ਰਸੰਗਕ ਚਿਤਰਨ ਨੂੰ ਸ਼ਾਮਲ ਕੀਤਾ। ਇਸ ਦੀ ਮਿਸਾਲ ਇਤਾਲਵੀ ਮੂਰਤੀਕਾਰ ਅੰਤੋਨੀਓ ਕੇਨੋਵਾ ਸਨ ਜਿਨ੍ਹਾਂ ਆਪਣੀਆਂ ਸੰਗਮਰਮਰੀ ਮੂਰਤੀਆਂ ਵਿਚ ਕਲਾਸਕੀ ਤੱਤ ਦਾ ਆਕਰਸ਼ਨ ਲਿਆਂਦਾ।

ਨਵ-ਕਲਾਸਕੀ ਅੰਦੋਲਨ ਨੇ ਸਿਰਫ ਦਰਸ਼ਨੀ ਕਲਾਵਾਂ (visual arts) ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਸਿਰਜਣਾ ਦੇ ਸਾਰੇ ਖੇਤਰਾਂ ਜਿਵੇਂ ਦਰਸ਼ਨ, ਸਹਿਤ, ਸੰਗੀਤ, ਕੋਮਲ ਕਲਾਵਾਂ, ਇਮਾਰਤਸਾਜ਼ੀ ਆਦਿ ਸਭ ਸਿਰਜਣਾਤਮਿਕ ਅਤੇ ਸਿਧਾਂਤਕ ਵਿਧਾਵਾਂ 'ਤੇ ਆਪਣੀ ਛਾਪ ਛੱਡੀ। ਇਹ ਉਹ ਸਮਾਂ ਸੀ ਜਦ ਸਮਾਜਿਕ ਅਤੇ ਸਿਆਸੀ ਵਿਵਸਥਾ ਜ਼ਬਰਦਸਤ ਬਦਲਾਓ ਦੇ ਦੌਰ ਵਿਚੋਂ ਗੁਜ਼ਰ ਰਹੀ ਸੀ। ਇਸ ਕਲਾ ਅੰਦੋਲਨ ਦੀ ਸ਼ੁਰੂਆਤ ਦੇ ਸਮੇਂ ਹੀ ਫਰਾਂਸੀਸੀ ਇਨਕਲਾਬ ਦਾ ਬਾਨ੍ਹਣੂ ਬੱਝਣਾ ਸ਼ੁਰੂ ਹੋ ਗਿਆ ਸੀ ਜਿਸ ਦੀ ਝਲਕ ਇਸ ਨਵ-ਕਲਾਸਕੀ ਕਲਾ ਵਿਚ ਸਾਫ ਦਿਸਦੀ ਹੈ।

18ਵੀਂ ਸਦੀ ਦੇ 7ਵੇਂ-8ਵੇਂ ਦਹਾਕੇ ਵਿਚ ਕਈ ਕਾਰਨਾਂ ਕਰਕੇ ਸਮਕਾਲੀਨ ਰਾਜ ਪ੍ਰਬੰਧ ਖਿਲਾਫ ਫਰਾਂਸੀਸੀ ਜਨਤਾ ਅੰਦਰ ਵਿਦਰੋਹੀ ਭਾਵਨਾ ਪ੍ਰਚੰਡ ਹੋ ਰਹੀ ਸੀ 1789 ਵਿਚ ਰਾਜੇ ਲੂਈਸ 16ਵੇਂ ਨੂੰ ਆਮ ਸਭਾ ਸੱਦਣੀ ਪਈ ਸੀ ਜੋ ਪਹਿਲੇ ਕਾਫੀ ਸਮੇਂ ਤੋਂ ਨਹੀਂ ਸੱਦੀ ਗਈ ਸੀ। ਇਸ ਵਿਚ ਜਾਗੀਰਦਾਰ ਵਰਗ ਦੇ ਨੁਮਾਇੰਦੇ ਹੁੰਦੇ ਸਨ। ਇਥੇ ਜਨਤਾ ਦੇ ਮੁੱਦਿਆਂ 'ਤੇ ਭਖਵੀਂ ਬਹਿਸ ਹੋਈ ਕਿਉਂਕਿ ਰਾਜੇ ਦੀਆਂ ਆਪਹੁਦਰੀਆਂ ਕਰਕੇ ਆਮ ਜਨਤਾ ਦਾ ਜੀਣਾ ਔਖਾ ਹੋਇਆ ਪਿਆ ਸੀ ਅਤੇ ਜਨਤਾ ਰਾਜ ਸੱਤਾ ਨੂੰ ਬਦਲਣ ਦੇ ਰੌਂਅ ਵਿਚ ਸੀ। ਇਸ ਆਮ ਸਭਾ ਦੇ ਕੁਝ ਹਫਤਿਆਂ ਬਾਅਦ ਆਮ ਜਨਤਾ ਦੇ ਵੱਡੇ ਹਜੂਮ ਨੇ ਬਾਸਤਿਲ ਜੇਲ੍ਹ ਨੂੰ ਘੇਰਾ ਪਾ ਲਿਆ ਅਤੇ ਸਾਰੇ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਕਿਉਂਕਿ ਜਨਤਾ ਇਸ ਜੇਲ੍ਹ ਨੂੰ ਜਨਤਾ ਦੇ ਦਮਨ ਦਾ ਖੂੰਖਾਰ ਚਿੰਨ੍ਹ ਮੰਨਦੀ ਸੀ। ਅਗਲੇ ਦਿਨਾਂ ਵਿਚ ਔਰਤਾਂ ਦਾ ਜਥਾ ਬਾਰਸੇ ਵਿਚਲੇ ਰਾਜ ਦਰਬਾਰ ਨੂੰ ਘੇਰਨ ਨਿਕਲ ਪਿਆ ਅਤੇ ਰਾਜੇ ਨੂੰ ਮਹਿਲ ਛੱਡ ਕੇ ਪੈਰਿਸ ਭੱਜਣਾ ਪਿਆ।

ਇਸ ਦੇ ਫਲਸਰੂਪ ਆਮ ਸਭਾ ਨੂੰ ਕੁਝ ਲੋਕ ਪੱਖੀ ਕਦਮ ਚੁੱਕਣ ਲਈ ਮਜਬੂਰ ਹੋਣਾ ਪਿਆ ਜਿਸ ਵਿਚ ਮਾਨਵ ਅਧਿਕਾਰਾਂ ਦੀ ਰਾਖੀ, ਗਿਰਜੇ ਦੇ ਰਸੂਖ ਦੀ ਸਮਾਪਤੀ, ਜਾਗੀਰਦਾਰੀ ਦੀ ਸਮਾਪਤੀ ਅਤੇ ਗੁਲਾਮਦਾਰੀ ਪ੍ਰਥਾ ਦੇ ਅੰਤ ਦਾ ਐਲਾਨ ਕਰਨਾ ਪਿਆ। ਇਨਕਲਾਬੀ ਧਿਰਾਂ ਵਿਚ ਆਪਸੀ ਮਤਭੇਦ ਵੀ ਉਜਾਗਰ ਹੋਏ ਕਿਉਂਕਿ ਇਨਕਲਾਬੀਆਂ ਦਾ ਇਕ ਹਿੱਸਾ ਕ੍ਰਾਂਤੀ ਨੂੰ ਸਹਿਜ ਭਾਵ ਨਾਲ ਸਿਰੇ ਚੜ੍ਹਨ ਦੇ ਹੱਕ ਵਿਚ ਸੀ ਪਰ ਤਿੱਖੀ ਕ੍ਰਾਂਤੀਕਾਰੀ ਧਿਰ ਦੀ ਅਗਵਾਈ ਵਿਚ ਹੀ ਬਗਾਵਤ ਦੀ ਵਾਗਡੋਰ ਰਹੀ; ਅੰਤ 1789 ਵਿਚ ਫਰਾਂਸੀਸੀ ਇਨਕਲਾਬ ਹੋ ਗਿਆ ਅਤੇ ਲੂਈਸ 16ਵੇਂ ਅਤੇ ਉਸ ਦੀ ਰਾਣੀ ਤੇ ਪਰਿਵਾਰ ਨੂੰ ਕਤਲ ਕਰ ਦਿੱਤਾ ਗਿਆ।

ਇਸ ਘਟਨਾਕ੍ਰਮ ਤੋਂ ਸਤੇ ਯੂਰਪੀ ਰਾਜਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਉਨ੍ਹਾਂ ਸੰਯੁਕਤ ਸੈਨਾ ਬਣਾ ਕੇ ਫਰਾਂਸੀਸੀ ਕ੍ਰਾਂਤੀਕਾਰੀਆਂ ਵਿਰੁਧ ਜਹਾਦ ਛੇੜ ਦਿੱਤਾ। ਫਿਰ ਕ੍ਰਾਂਤੀਕਾਰੀਆਂ ਨੇ ਵੀ ਆਪਣੀ ਸੈਨਾ ਬਣਾਈ। ਬਾਅਦ ਵਿਚ ਇਸ ਦੀ ਅਗਵਾਈ ਬੋਨਾਪਾਰਟ ਨਪੋਲੀਅਨ ਨੇ ਸੰਭਾਲ ਲਈ ਅਤੇ ਤਾਕਤ ਹੇਠ ਲਗਦਿਆਂ ਹੀ ਨਪੋਲੀਅਨ ਨੇ ਇਟਲੀ, ਆਸਟਰੀਆ, ਰੂਸ ਆਦਿ ਦੇਸ਼ਾਂ 'ਤੇ ਚੜ੍ਹਾਈ ਕਰ ਦਿੱਤੀ। ਬਾਅਦ ਵਿਚ ਨਪੋਲੀਅਨ ਖੁਦ ਸੱਤਾ 'ਤੇ ਕਾਬਜ਼ ਹੋ ਗਿਆ ਅਤੇ ਆਪਣੇ ਆਪ ਨੂੰ ਰਾਜਾ ਐਲਾਨ ਦਿਤਾ। ਇਉਂ ਫਰਾਂਸ ਵਿਚ ਫਿਰ ਤੋਂ ਰਾਜਤੰਤਰ ਦੀ ਸਥਾਪਨਾ ਹੋ ਗਈ।



*ਫਰਾਂਸੀਸੀ ਇਨਕਲਾਬ ਦੌਰਾਨ ਕ੍ਰਾਂਤੀਕਾਰੀਆਂ ਦੀ ਚੜ੍ਹਤ ਬਿਆਨ ਕਰਦਾ ਇਕ ਚਿੱਤਰ।*

ਨਵ-ਕਲਾਸਕੀ ਕਲਾ ਲਹਿਰ ਦੇ ਕੁੱਲ 559 ਦੇ ਕਰੀਬ ਕਲਾਕਾਰ ਹੋਏ ਜਿਨ੍ਹਾਂ ਵਿਚੋਂ ਬਹੁ-ਚਰਚਿਤ ਡੇਵਿਡ ਯਕ ਲੂਈਸ, ਆਰਨੋਲਡ ਬੁਕਲਿਨ, ਵਿਲੀਅਮ ਅਡੋਲਫ, ਜਾਂ ਬੈਪਤਿਸਤੇ, ਜਾਂ ਲਿਓਨ, ਜਾਂ ਅਗਸਤੇ, ਏਂਜਲਿਕਾ ਕੌਫਮੈਨ, ਲਾਰਡ ਫ੍ਰੈਡਰਿਕ ਹਨ ਪਰ ਇਨ੍ਹਾਂ ਸਭਨਾਂ ਵਿਚੋਂ ਯਾਕ ਲੂਈਸ ਡੇਵਿਡ ਦਾ ਨਾਮਣਾ ਬਹੁਤ ਸੀ। ਉਹ ਖੁਦ ਕਲਾਕਾਰ ਹੋਣ ਦੇ ਨਾਲ-ਨਾਲ ਫਰਾਂਸੀਸੀ ਇਨਕਲਾਬ ਦੀ ਆਮ ਸੁਰੱਖਿਆ ਕਮੇਟੀ ਦਾ ਮੈਂਬਰ ਵੀ ਸੀ। ਉਸ ਨੇ ਕਲਾਸਕੀ ਵਿਸ਼ਿਆਂ 'ਤੇ ਸੁਕਰਾਤ ਦੀ ਮੌਤ (The death of Socrates), ਆਂਦਰੋਮਾਚੇ ਦਾ ਹੈਕਟਰ ਦੀ ਦੇਹ ਉਪਰ ਵਿਰਲਾਪ (Andromache Mourning Over the Body of Hector), ਹੋਰਾਤੀ ਦੀ ਕਸਮ (Oath of the Horatii) ਅਤੇ ਸਮਕਾਲੀ ਵਿਸ਼ਿਆਂ ਮਰਾਤ ਦੀ ਮੌਤ (The death of Marat), ਬੋਨਾਪਾਰਟ ਐਲਪਸ ਦਰਿਆ ਪਾਰ ਕਰਦਿਆਂ (Bonaparte crossing the Alpas) ਅਤੇ ਹੋਰ ਫਰਾਂਸੀਸੀ ਇਨਕਲਾਬੀਆਂ ਤੇ ਨਪੋਲੀਅਨ ਦੀਆਂ ਜੰਗੀ ਮੁਹਿੰਮਾਂ ਦੇ ਚਿੱਤਰ ਬਣਾਏ।

ਇਸੇ ਸਮੇਂ ਹੀ ਮਨੁੱਖੀ ਇਤਿਹਾਸ ਦੇ ਮਹਾਨ ਸੰਗੀਤਕਾਰ ਮੋਜ਼ਾਰਟ ਅਤੇ ਬੀਥੋਵਿਨ ਹੋਏ ਜੋ ਆਪਣੀ ਵਿਦਰੋਹੀ ਸੰਗੀਤ ਸਿਰਜਣਾ ਕਰਕੇ ਜਾਣੇ ਜਾਣਦੇ ਹਨ। ਮੋਜ਼ਾਰਟ ਦੀ ਮੌਤ ਭਾਵੇਂ ਫਰਾਂਸੀਸੀ ਕ੍ਰਾਂਤੀ ਦੇ ਦੋ ਸਾਲਾਂ ਬਾਅਦ ਹੀ ਹੋ ਗਈ ਪਰ ਉਸ ਨੂੰ ਕ੍ਰਾਂਤੀਕਾਰੀ ਸੰਗੀਤਕਾਰ ਵਜੋਂ ਹੀ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮੋਜ਼ਾਰਟ ਦਾ ਆਖਰੀ ਅਧੂਰਾ ਓਪੇਰਾ 'ਜਾਈਦੇ' ਇਸੇ ਉਥਲ-ਪੁਥਲ ਨੂੰ ਸਮਰਪਤ ਸੀ। ਇਵੇਂ ਹੀ ਬੀਥੋਵਿਨ ਵੀ ਨਪੋਲੀਅਨ ਤੋਂ ਕਾਫੀ ਪ੍ਰਭਾਵਿਤ ਸੀ ਅਤੇ ਉਸ ਦੀ ਪ੍ਰਸ਼ੰਸਾ ਵਿਚ ਬੋਨਾਪਾਰਟ ਨੂੰ ਸਮਰਪਤ ਸਿੰਫਨੀ (Sinfonia intitolata Bonaparte) ਦੀ ਸਿਰਜਣਾ ਕੀਤੀ ਪਰ ਜਲਦੀ ਹੀ ਜਦ 1804 ਵਿਚ ਨਪੋਲੀਅਨ ਖੁਦ ਹਾਕਮ ਬਣ ਬੈਠਾ ਅਤੇ ਮਨੁੱਖੀ ਹਕੂਕ ਦਾ ਘਾਣ ਕਰਨ ਲੱਗਾ ਤਾਂ ਬੀਥੋਵਿਨ ਨੇ ਰੋਹ ਭਰੇ ਮਨ ਨਾਲ ਕਿਹਾ- 'ਹੁਣ ਉਹ ਆਮ ਇਨਸਾਨ ਤੋਂ ਵਧ ਕੁਝ ਨਹੀਂ ਹੈ'। ਨਾਲ ਹੀ ਉਸ ਨੇ ਸਿੰਫਨੀ ਦਾ ਸਮਰਪਣ ਵਾਪਿਸ ਲੈ ਲਿਆ।

ਇਹ ਸਭ ਘਟਨਾਕ੍ਰਮ ਕਲਾਕਾਰ ਦੇ ਮਨੁੱਖੀ ਸਰੋਕਾਰਾਂ ਦੀ ਸ਼ਾਹਦੀ ਭਰਦਾ ਹੈ ਪਰ ਅੱਜ ਸਾਡੇ ਸਮਿਆਂ ਵਿਚ ਸਿਰਜਣਾ ਦੇ ਖੇਤਰ ਵਿਚ ਕਲਾਕਾਰ ਦੀ ਕਮੀ ਹੈ ਜੋ 'ਰਾਣੀ ਨੂੰ ਅੱਗਾ ਢਕਣ' ਦੀ ਨਸੀਹਤ ਦੇਣ ਅਤੇ ਜੋ ਹਾਕਮ ਦੀ ਪ੍ਰਸ਼ੰਸਾ ਵਿਚ ਕੀਤੇ ਗੁਣਗਾਨ ਨੂੰ ਉਹਦੀਆਂ ਆਪਹੁਦਰੀਆਂ ਕਰਕੇ ਵਾਪਿਸ ਲੈਣ ਦੇ ਸੁਚੇਤ ਫੈਸਲੇ ਕਰਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜਨਵਰੀ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-410



*ਵਿਚ ਰਜਾਈਆਂ ਬੈਠੇ ਲੋਕੀਂ, ਠੰਢ ਵਿਚ ਠੁਰ ਠੁਰ ਕਰਦਾ ਏ।*
*ਅੰਨ-ਦਾਤਾ ਜੋ ਦੇਸ਼ ਦਾ, ਉਹ ਆਪਣਾ ਢਿੱਡ ਇਉਂ ਭਰਦਾ ਏ।*

## ਕੈਪਸ਼ਨ ਮੁਕਾਬਲਾ-408



ਰੁੱਤ ਸਿਆਲਾਂ ਦੀ ਆਈ ਯਾਰੋ
ਕੰਬਣੀ ਛੇੜੀ ਜਾਵੇ।
ਮਿਲ ਜਾਵੇ ਜੇ ਮਘਦੀ ਭੱਠੀ
ਗਨੀਮਤ ਹੀ ਹੋ ਜਾਵੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-91-98783-37222*

---

ਠੰਡੀ ਰੁੱਤ ਹੈ ਸਿਆਲ ਦੀ ਆਈ।
ਪੋਹ ਨੇ ਆ ਕੇ ਹੁਣ ਬੱਸ ਕਰਾਈ।
ਮੋਟਰ ਸਾਇਕਲ 'ਤੇ ਵੱਜਣ ਦੰਦ।
ਤੰਦੂਰ 'ਤੇ ਹੱਥ ਸੇਕ ਨਠਾਈ ਠੰਡ।
*-ਸੇਵਾ ਸਿੰਘ ਨੂਰਪੁਰੀ*

---

ਪੋਹ, ਮਾਘ ਹੋਏ, ਪਾਲਾ ਭਰ ਜਵਾਨ,
ਸੁੰਨ ਹੱਥ-ਪੈਰ, ਵੱਜਣ ਦੰਦੋੜਿੱਕੇ।
ਭੱਜਦੇ, ਨੱਠਦਿਆਂ ਦੇ ਲਵੇ ਨਾ ਲੱਗੇ,
ਬੈਠੇ ਬੁੱਢਿਆਂ ਨੂੰ ਲੈਂਦਾ ਅੜਿੱਕੇ।
ਧੂਣੀ, ਅੱਗ ਦਾ ਸੇਕ ਭਜਾਵੇ,
ਬਚਦਾ ਜੋ ਗੁੜ, ਤਿਲ, ਮੂੰਗਫਲੀ ਖਾਵੇ ।
*-ਦਵਿੰਦਰ ਕੌਰ*

---

ਪੋਹ ਨਾ ਪਾਲਾ, ਮਾਘ ਨਾ ਪਾਲਾ
ਪਾਲਾ ਠੰਡੀ 'ਵਾ ਦਾ।
ਅਮੀਰ ਕੀ ਜਾਣੇ ਪਾਲਾ
ਪਾਲਾ ਗਰੀਬ ਦਾ ਸਾਲਾ
ਮਿਲ ਗਿਆ ਵਿਰਸੇ 'ਚ ਪਾਲਾ
ਖੁਦ ਵੀ ਠੁਰ ਠੁਰ ਕਰਦੇ
ਨਵ ਜੰਮਿਆਂ ਦੇ ਪੱਲੇ ਵੀ ਪਾਲਾ।
ਕਿਵੇਂ ਖਹਿੜਾ ਛੁਡਾਈਏ
ਨਹੀਂ ਹੀਲਾ ਗਲੋਂ ਲਾਹੁਣ ਦਾ।
'ਹਾਏ ਓਏ ਪਾਲਾ!
ਮਰ ਗਏ, ਲੁੱਟੇ ਗਏ ਓਏ ਪਾਲਾ!'
ਜਿਸ ਨੂੰ ਦੇਖੋ ਇਹੀ ਸ਼ਬਦ ਉਚਾਰੇ।
*-ਦਰਸ਼ਨਪਾਲ ਦੋਸਾਂਝ*

---

ਠੰਡ ਲੱਗੀ ਹੋਈ ਕਰੇ ਬਿਮਾਰ ਜੀ
ਸਾਰਾ ਸਿਆਲ ਹੀ ਰਹਿਣਾ ਹੁਸ਼ਿਆਰ ਜੀ।
ਸਕੂਟਰੀ ਰੋਕ ਹੱਥ ਸੇਕਦਾ ਹੈ
ਠੰਡ ਦਾ ਹੀ ਭੰਨਿਆ ਸਰਦਾਰ ਜੀ।
*-ਅਜੀਤ ਸਿੰਘ ਬਾਹੀਆ*
*ਫੋਨ: 510-314-2859*

---

ਪੋਹ-ਮਾਘ ਦਾ ਪਾਲਾ
ਲੱਗਦਾ ਨ੍ਹੀਂ ਕਿਸੇ ਦਾ ਸਾਲਾ!
ਬੱਚਿਆਂ, ਬੁੱਢਿਆਂ, ਕਮਜ਼ੋਰਾਂ ਨੂੰ ਛੇੜੇ ਕੰਬਣੀ
ਰਾਖਾ ਉਨ੍ਹਾਂ ਦਾ ਵਾਹਿਗੁਰੂ, ਅੱਲ੍ਹਾ ਤਾਲਾ।
ਅਮੀਰ ਤਾਂ ਬਚਾਓ ਦਾ ਕਰ ਲਵੇ ਹੀਲਾ
ਗਰੀਬ ਤਾਂ ਵੱਜਦਾ ਧੂਣੀਂ ਆਲਾ।
ਬਜ਼ੁਰਗ ਨੂੰ ਖਾਲੀ ਤੰਦੂਰ ਲੱਭਿਆ
ਠਰੇ ਹੱਥਾਂ ਨੂੰ ਕਰ ਰਿਹੈ ਸੁਖਾਲਾ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

# ਇਤਿਹਾਸਕਾਰ ਗੰਡਾ ਸਿੰਘ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ

ਇੱਕ ਦਿਨ ਮੈਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ 'ਚ ਬੈਠਿਆਂ ਲਾਇਬਰੇਰੀ ਮੁਖੀ ਦਾ ਫੋਨ ਆਇਆ ਕਿ ਪੰਜਾਬੀ ਦੀਆਂ ਕੁਝ ਕਿਤਾਬਾਂ ਸਾਡੇ ਕੋਲ ਪਈਆਂ ਹਨ, ਉਹ ਤੁਸੀਂ ਆਪਣੇ ਵਿਭਾਗ ਦੀ 'ਸੈਮੀਨਾਰ ਲਾਇਬਰੇਰੀ' ਲਈ ਲੈ ਜਾਓ। ਮੈਂ ਅੱਗੋਂ ਇਹੀ ਡਿਊਟੀ ਆਪਣੇ ਖੋਜ ਵਿਦਿਆਰਥੀਆਂ ਦੀ ਲਾ ਦਿੱਤੀ। ਕੁਝ ਦਿਨ ਮੇਰੇ ਖੋਜ ਵਿਦਿਆਰਥੀ ਪੰਜਾਬੀ ਦੀਆਂ ਕਿਤਾਬਾਂ ਦੀ ਐਂਟਰੀ ਕਰਦੇ ਰਹੇ ਤੇ ਉਹ ਕੋਈ ਤਿੰਨ ਸੌ ਕਿਤਾਬਾਂ ਸਾਡੀ 'ਸੈਮੀਨਾਰ ਲਾਇਬਰੇਰੀ' ਦਾ ਹਿੱਸਾ ਬਣ ਗਈਆਂ। ਇਹ ਉਹ ਕਿਤਾਬਾਂ ਸਨ, ਜੋ ਸਮੇਂ-ਸਮੇਂ ਤੋਹਫੇ ਦੇ ਰੂਪ 'ਚ ਯੂਨੀਵਰਸਿਟੀ ਲਾਇਬਰੇਰੀ ਨੂੰ



**ਡਾ. ਕਰਾਂਤੀ ਪਾਲ***
**ਫੋਨ: 91-92165-35617**

ਭੇਜੀਆਂ ਗਈਆਂ ਸਨ।

ਕਿਤਾਬਾਂ ਫਰੋਲਦਿਆਂ ਮੇਰੇ ਹੱਥ ਇੱਕ ਕਿਤਾਬ ਲੱਗੀ, ਜਿਸ ਦਾ ਨਾਂ ਸੀ, 'ਪੰਜਾਬ' ਸੰਪਾਦਕ ਡਾ. ਗੰਡਾ ਸਿੰਘ। ਕਿਤਾਬ ਖੋਲ੍ਹੀ ਤਾਂ ਦੇਖਿਆ ਕਿ ਪਹਿਲੇ ਸਫੇ 'ਤੇ ਆਪਣੇ ਹਸਤਾਖਰ ਕਰ ਕੇ ਗੰਡਾ ਸਿੰਘ ਨੇ 1964 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਲਾਇਬਰੇਰੀ ਨੂੰ ਉਸ ਸਮੇਂ ਭੇਟ ਕੀਤੀ ਸੀ, ਜਦੋਂ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ. ਲਿੱਟ ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ ਸੀ।

ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਨੂੰ ਜਿਲਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ 'ਚ ਹੋਇਆ ਤੇ ਉਹ 27 ਦਸੰਬਰ 1987 ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਨੇ ਆਪਣੀ ਮੁਢਲੀ ਪੜ੍ਹਾਈ ਹੁਸ਼ਿਆਰਪੁਰ ਤੋਂ ਕੀਤੀ ਅਤੇ ਮੈਟ੍ਰਿਕ ਪਿਛੋਂ ਭਾਰਤੀ ਸੈਨਾ ਵਿਚ ਭਰਤੀ ਹੋ ਗਏ। 1921 ਵਿਚ ਫੌਜ ਦੀ ਨੌਕਰੀ ਛੱਡ ਕੇ ਈਰਾਨ ਵਿਚ 'ਐਂਗਲੋ-ਪਰਸ਼ੀਅਨ ਆਇਲ ਕੰਪਨੀ' ਵਿਚ ਅਕਾਊਂਟਸ ਅਫਸਰ ਦੇ ਅਹੁਦੇ 'ਤੇ ਨੌਂ ਸਾਲ ਤੱਕ ਨੌਕਰੀ ਕੀਤੀ। ਫਿਰ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਬੀ. ਏ. ਕਰ ਕੇ 1944 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਐਮ. ਏ. ਇਤਿਹਾਸ ਕੀਤੀ।

ਅਲੀਗੜ੍ਹ 'ਚ 'ਇਤਿਹਾਸ ਵਿਭਾਗ' ਆਪਣੀ ਵਿਰਾਸਤ ਨੂੰ ਸਰ ਸਯੱਦ ਅਹਿਮਦ ਖਾਂ ਦੇ ਮੁਹੰਮਦ ਐਂਗਲੋ ਓਰੀਐਂਟਲ (MIO) ਕਾਲਜ ਤੋਂ ਸਾਂਭੀ ਬੈਠਾ ਹੈ। ਉਸ ਸਮੇਂ ਕਾਲਜ ਵਿਚ ਵੀ ਇਤਿਹਾਸ ਦੀ ਪੜ੍ਹਾਈ ਕਰਵਾਈ ਜਾਂਦੀ ਸੀ। ਜਦੋਂ ਇਹੀ ਕਾਲਜ 'ਐਕਟ 1920' ਤਹਿਤ 'ਅਲੀਗੜ੍ਹ ਮੁਸਲਿਮ ਯੂਨੀਵਰਸਿਟੀ' ਦੇ ਨਾਂ ਹੇਠ ਸਥਾਪਿਤ ਹੋ ਗਿਆ ਤਾਂ ਪ੍ਰਸਿੱਧ ਇਤਿਹਾਸਕਾਰ ਸਰਦਾਰ ਕੇ. ਐਮ. ਪਾਨੀਕਰ ਇਸ ਦੇ ਪ੍ਰੋਫੈਸਰ ਚੁਣੇ ਗਏ। ਇਹੀ ਵਿਭਾਗ ਅੱਗੇ ਚੱਲ ਕੇ 1968 ਵਿਚ 'ਏ ਸੈਂਟਰ ਆਫ ਐਡਵਾਂਸਡ ਸਟੱਡੀ ਇਨ ਹਿਸਟਰੀ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਇਹ ਵੱਡਾ ਵਿਭਾਗ ਆਪਣੇ ਆਪ ਵਿਚ ਉਸੇ ਕਾਲਜ ਦੀ ਦੇਣ ਹੈ, ਜੋ ਕਾਲਜ ਸਰ ਸਯੱਦ ਅਹਿਮਦ ਖਾਂ ਨੇ 1875 'ਚ ਬਣਵਾਇਆ ਸੀ।

ਜਦੋਂ ਗੰਡਾ ਸਿੰਘ ਨੇ ਇਤਿਹਾਸ ਵਿਭਾਗ ਵਿਚ ਦਾਖਲਾ ਲਿਆ ਤਾਂ ਉਸ ਸਮੇਂ ਮੁਹੰਮਦ ਹਬੀਬ ਇਤਿਹਾਸ ਵਿਭਾਗ ਦਾ ਮੁਖੀ ਸੀ। ਗੰਡਾ ਸਿੰਘ ਆਪਣੇ ਸਾਥੀ ਵਿਦਿਆਰਥੀਆਂ ਨਾਲੋਂ ਉਮਰ ਵਿਚ ਵੱਡੇ ਸਨ। ਇਸ ਕਰ ਕੇ ਸਾਰਾ ਵਿਭਾਗ ਉਨ੍ਹਾਂ ਨੂੰ ਜਾਣਦਾ ਸੀ, ਇੱਕ ਤਾਂ ਸਰਦਾਰ, ਦੂਜਾ ਉਮਰ 'ਚ ਸਭ ਤੋਂ ਵੱਡਾ; ਪਰ ਪ੍ਰੋ. ਮੁਹੰਮਦ ਹਬੀਬ ਉਸ ਨੂੰ ਇਸ ਕਰ ਕੇ ਪਿਆਰ ਕਰਦੇ ਸਨ ਕਿ ਉਹ ਐਨੀ ਦੂਰੋਂ ਪੰਜਾਬ ਤੋਂ ਚੱਲ ਕੇ ਅਲੀਗੜ੍ਹ ਇਤਿਹਾਸ ਪੜ੍ਹਨ ਆਇਆ ਹੈ। ਉਨ੍ਹਾਂ ਦੀ ਇਸ ਰੁਚੀ ਅਤੇ ਉਨ੍ਹਾਂ ਦੇ ਖੋਜੀ ਸੁਭਾਅ ਤੋਂ ਉਹ ਬਹੁਤ ਪ੍ਰਭਾਵਿਤ ਸਨ।

ਪ੍ਰੋ. ਮੁਹੰਮਦ ਹਬੀਬ ਦੇ ਪੁੱਤਰ ਪ੍ਰਸਿੱਧ ਇਤਿਹਾਸਕਾਰ ਪ੍ਰੋ. ਇਰਫਾਨ ਹਬੀਬ ਨੇ ਗੱਲਬਾਤ ਦੌਰਾਨ ਦੱਸਿਆ ਕਿ ਉਸ ਸਮੇਂ ਮੇਰੀ ਉਮਰ ਬਾਰ੍ਹਾਂ-ਤੇਰ੍ਹਾਂ ਸਾਲ ਦੀ ਸੀ, ਜਦੋਂ ਮੈਂ ਉਨ੍ਹਾਂ ਨੂੰ ਵੇਖਿਆ। ਮੈਨੂੰ ਯਾਦ ਹੈ ਕਿ ਉਸ ਸਮੇਂ ਅਨਾਜ ਦਾ ਕਾਲ ਪੈ ਗਿਆ ਸੀ ਤੇ ਸ਼ਹਿਰ ਵਿਚ ਇੱਕ 'ਅਲੀਗੜ੍ਹ ਸਿਟੀਜ਼ਨ ਰਿਲੀਫ ਕਮੇਟੀ' ਤਿਆਰ ਕੀਤੀ ਗਈ। ਉਸ ਕਮੇਟੀ ਦਾ ਸਕੱਤਰ ਗੰਡਾ



**ਡਾ. ਗੰਡਾ ਸਿੰਘ**

ਸਿੰਘ ਨੂੰ ਬਣਾਇਆ ਗਿਆ। ਗੰਡਾ ਸਿੰਘ ਹਿੰਮਤੀ ਵਿਦਿਆਰਥੀ ਸੀ। ਜਦੋਂ ਸਾਰੇ ਗੈਰ ਮੁਸਲਿਮ ਵਿਦਿਆਰਥੀਆਂ ਨੂੰ 'ਹਿੰਦੂ ਹੋਸਟਲ' 'ਚ ਰੱਖਿਆ ਗਿਆ ਤਾਂ ਉਸ ਹੋਸਟਲ ਦਾ ਵਾਰਡਨ ਵੀ ਗੰਡਾ ਸਿੰਘ ਨੂੰ ਲਾਇਆ ਗਿਆ। ਬਹੁਤ ਰੌਲਾ ਪਿਆ ਕਿ ਇੱਕ ਵਿਦਿਆਰਥੀ ਨੂੰ ਹੋਸਟਲ ਦਾ ਵਾਰਡਨ ਬਣਾ ਦਿੱਤਾ ਹੈ। ਪ੍ਰੋ. ਇਰਫਾਨ ਨੇ ਹੱਸ ਕੇ ਆਖਿਆ, ਉਸ ਸਮੇਂ ਲੀਗ ਦਾ ਜ਼ਮਾਨਾ ਸੀ ਪਰ ਇਹ ਸਭ ਕੁਝ ਵੀ ਹੋ ਰਿਹਾ ਸੀ।

ਜਦੋਂ 1931 ਵਿਚ ਗੰਡਾ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਸਿੱਖ ਹਿਸਟਰੀ ਰਿਸਰਚ ਵਿਭਾਗ ਦਾ ਇੰਚਾਰਜ ਬਣਿਆ ਤਾਂ ਅੰਦਰੋਂ ਅੰਦਰੀ ਇਹ ਗੱਲ ਉਭਰਨ ਲੱਗੀ ਕਿ ਬਿਨਾ ਐਮ. ਏ. ਕੀਤਿਆਂ ਕੋਈ ਵਿਭਾਗ ਦਾ ਇੰਚਾਰਜ ਕਿਵੇਂ ਲੱਗ ਸਕਦਾ ਹੈ? ਗੰਡਾ ਸਿੰਘ ਨੇ ਫਿਰ ਐਮ. ਏ. ਇਤਿਹਾਸ ਕਰਨ ਦਾ ਮਨ ਬਣਾ ਲਿਆ ਅਤੇ ਅਲੀਗੜ੍ਹ ਪਹੁੰਚ ਗਿਆ, ਜਿੱਥੇ ਉਸ ਦਾ ਵਾਹ ਪ੍ਰੋ. ਮੁਹੰਮਦ ਹਬੀਬ ਨਾਲ ਪੈ ਗਿਆ। ਮੁਹੰਮਦ ਹਬੀਬ ਦਾ ਪਿਤਾ ਮੁਹੰਮਦ ਨਸੀਮ ਇੱਕ ਅਮੀਰ ਬੈਰਿਸਟਰ ਸੀ ਅਤੇ ਉਸ ਨੇ 1916 ਵਿਚ ਲਖਨਊ ਵਿਚ ਹੋਣ ਵਾਲੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਜਲਾਸ ਦਾ ਇੰਤਜ਼ਾਮ ਕੀਤਾ ਸੀ। ਇਹ ਪੂਰਾ ਪਰਿਵਾਰ ਮਾਨਵਵਾਦੀ ਸੋਚ ਦਾ ਧਾਰਨੀ ਸੀ। ਗੰਡਾ ਸਿੰਘ ਨੇ ਪ੍ਰੋ. ਮੁਹੰਮਦ ਹਬੀਬ ਦੀ ਸੰਗਤ ਕਰਦਿਆਂ 'ਇਤਿਹਾਸ ਅਤੇ ਵਿਚਾਰਧਾਰਾ' ਨੂੰ ਸਮਝਿਆ।

ਐਮ. ਏ. ਦੀ ਪੜ੍ਹਾਈ ਕਰਦਿਆਂ ਪ੍ਰੋ. ਮੁਹੰਮਦ ਹਬੀਬ ਨੂੰ ਪਤਾ ਲੱਗ ਗਿਆ ਕਿ ਇਹ ਗੰਡਾ ਸਿੰਘ ਹੈ ਤਾਂ ਸਿਆਣਾ ਪਰ ਇਸ ਨੂੰ ਲਿਖਣ 'ਚ ਦਿੱਕਤ ਆਉਂਦੀ ਹੈ, ਫਟਾ-ਫਟ ਲਿਖ ਨਹੀਂ ਸਕਦਾ। ਉਹ ਸੋਚਣ ਲੱਗੇ ਤਿੰਨ ਘੰਟੇ ਦੀ ਪ੍ਰੀਖਿਆ ਵਿਚ ਇਹ ਕੀ ਲਿਖੇਗਾ, ਇਸ ਨੂੰ ਆਉਂਦਾ ਸਭ ਕੁਝ ਹੈ, ਪਰ ਨਿਰਧਾਰਿਤ ਸਮੇਂ ਵਿਚ ਆਪਣੀ ਯੋਗਤਾ/ਗਿਆਨ ਦਾ ਪ੍ਰਗਟਾਵਾ ਨਹੀਂ ਕਰ ਸਕਦਾ। ਪ੍ਰੋ. ਮੁਹੰਮਦ ਹਬੀਬ ਨੂੰ ਇਹ ਚਿੰਤਾ ਸੀ ਕਿ ਇਹ ਫੇਲ੍ਹ ਨਾ ਹੋ ਜਾਵੇ। ਉਸ ਨੇ ਯੂਨੀਵਰਸਿਟੀ ਦੇ ਨਿਯਮ ਬਦਲਾਉਣ ਦੀ ਕੋਸ਼ਿਸ਼ ਕੀਤੀ। ਤਿੰਨ ਮਹੀਨੇ ਮੀਟਿੰਗ ਹੁੰਦੀ ਰਹੀ। ਕਮੇਟੀਆਂ ਬਣਾਈਆਂ ਗਈਆਂ। ਅਖੀਰ ਅਕਾਦਮਿਕ ਕੌਂਸਲ ਨੇ ਇਹ ਫੈਸਲਾ ਲਿਆ ਕਿ ਐਮ. ਏ. ਨੂੰ ਦੋ ਢੰਗਾਂ ਵਿਚੋਂ ਕਿਸੇ ਇੱਕ ਢੰਗ ਰਾਹੀਂ ਪਾਸ ਕੀਤਾ ਜਾ ਸਕਦਾ ਹੈ, ਇੱਕ ਤਾਂ ਇਹ ਸੀ ਕਿ ਪ੍ਰੀਖਿਆ ਵਿਚ ਬੈਠ ਕੇ ਅਤੇ ਦੂਜਾ ਇਹ ਸੀ ਕਿ ਕਿਸੇ ਦਿੱਤੇ ਗਏ ਵਿਸ਼ੇ ਉਪਰ ਖੋਜ ਨਿਬੰਧ ਲਿਖ ਕੇ ਮੁਲੰਕਣ ਲਈ ਪੇਸ਼ ਕੀਤਾ ਜਾਵੇ। ਇਸ ਸੋਧ ਨੂੰ 'ਗੰਡਾ ਸਿੰਘ ਐਕਟ' ਨਾਲ ਯਾਦ ਕੀਤਾ ਜਾਣ ਲੱਗਾ। ਵਿਦਿਆਰਥੀਆਂ ਨੇ ਇਸ ਸੋਧ ਦਾ ਨਾਂ ਹੀ ਗੰਡਾ ਸਿੰਘ ਐਕਟ ਰੱਖ ਦਿੱਤਾ।

ਪ੍ਰੋ. ਇਰਫਾਨ ਹਬੀਬ ਨੇ ਦੱਸਿਆ ਕਿ ਗੰਡਾ ਸਿੰਘ ਨੇ ਜੋ ਖੋਜ ਨਿਬੰਧ ਲਿਖਿਆ ਸੀ ਤੇ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ, ਉਸ ਦਾ ਮੁਲੰਕਣ ਸਾਡੇ ਘਰ ਤਾਰਾ ਚੰਦ ਨੇ ਕੀਤਾ। ਉਹ ਵੱਡੇ ਇਤਿਹਾਸਕਾਰ ਸਨ, ਜਿਨ੍ਹਾਂ ਨੂੰ ਪ੍ਰਾਚੀਨ ਇਤਿਹਾਸ ਅਤੇ ਸੰਸਕ੍ਰਿਤੀ ਦੀ ਬਹੁਤ ਸਮਝ ਸੀ, ਸ਼ਾਇਦ ਉਸ ਸਮੇਂ ਉਹ ਇਲਾਹਾਬਾਦ ਯੂਨੀਵਰਸਿਟੀ ਦੇ ਉਪਕੁਲਪਤੀ ਸਨ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦਾ ਸਫਰ ਤੈਅ ਕਰਦਿਆਂ ਗੰਡਾ ਸਿੰਘ ਇੱਕ ਪ੍ਰਸਿੱਧ ਇਤਿਹਾਸਕਾਰ ਬਣਿਆ, ਜਿਸ ਨੂੰ ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਤੇ ਪੰਜਾਬੀ ਭਾਸ਼ਾ ਦਾ ਗੂੜ੍ਹ ਗਿਆਨ ਸੀ। 1965 ਵਿਚ 'ਪੰਜਾਬ ਹਿਸਟਰੀ ਕਾਨਫਰੰਸ' ਦੀ ਸ਼ੁਰੂਆਤ ਵੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਤਾਲੀਮ ਦਾ ਹਿੱਸਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ 1963 'ਚ 'ਪੰਜਾਬ ਇਤਿਹਾਸ ਅਧਿਐਨ ਵਿਭਾਗ' ਵੀ ਇਸੇ ਇਲਮ ਵਿਚੋਂ ਨਿਕਲਿਆ।

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ ਦੇ ਇਤਿਹਾਸ ਵਿਭਾਗ ਦਾ ਇਹ ਪੁਰਾਣਾ ਵਿਦਿਆਰਥੀ ਭਾਰਤ ਸਰਕਾਰ ਵੱਲੋਂ 1983 ਵਿਚ ਪਦਮ ਭੂਸ਼ਨ ਦੇ ਖਿਤਾਬ ਨਾਲ ਸਨਮਾਨਿਤ ਹੋਇਆ ਪਰ ਪਦਮ ਸ੍ਰੀ ਦਾ ਖਿਤਾਬ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੇ ਰੋਸ ਵਜੋਂ ਵਾਪਿਸ ਕਰ ਦਿੱਤਾ। ਗੋਆ ਯੂਨੀਵਰਸਿਟੀ ਵਿਖੇ 'ਇੰਡੀਅਨ ਹਿਸਟਰੀ ਕਾਂਗਰਸ' ਦੇ 1987ਵੇਂ ਗੋਲਡਨ ਜੁਬਲੀ ਸ਼ੈਸ਼ਨ ਮੌਕੇ ਗੰਡਾ ਸਿੰਘ ਦਾ ਭਾਰਤ ਦੇ ਪੰਜ ਵਿਲੱਖਣ ਇਤਿਹਾਸਕਾਰਾਂ ਵਿਚੋਂ ਇੱਕ ਹੋਣ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ।

1964 ਵਿਚ ਗੰਡਾ ਸਿੰਘ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਨੇ ਡੀ. ਲਿੱਟ ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ।

---

****ਚੇਅਰਮੈਨ ਭਾਰਤੀ ਆਧੁਨਿਕ ਭਾਸ਼ਾਵਾਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ।***

# ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ...

**ਭਖਦੇ ਮਸਲੇ**

ਕੁਝ ਅਰਸਾ ਪਹਿਲਾਂ ਪ੍ਰਸਿੱਧ ਸ਼ਾਇਰ ਮੁਜ਼ੱਫਰ ਰਿਜ਼ਮੀ ਦਾ ਕਿਹਾ ਇਕ ਸ਼ੇਅਰ ਚੇਤੇ ਆ ਗਿਆ,

ਯੇਹ ਜਬਰ ਭੀ ਦੇਖਾ ਹੈ
ਤਾਰੀਖ ਕੀ ਨਜ਼ਰੋਂ ਨੇ,
ਲਮਹੋਂ ਨੇ ਖਤਾ ਕੀ ਥੀ
ਸਦੀਓਂ ਨੇ ਸਜ਼ਾ ਪਾਈ।

ਨਾਗਰਿਕਤਾ ਸੋਧ ਬਿਲ ਨੂੰ ਭਾਵੇਂ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਹੈ, ਪਰ ਇਸ ਵਿਵਾਦਿਤ ਤੇ ਪੱਖਪਾਤੀ ਬਿਲ ਨੂੰ ਲੈ ਕੇ ਸਥਿਤੀ ਲਗਾਤਾਰ ਤਣਾਅਪੂਰਨ ਬਣੀ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 91-98552-59650**

ਹੋਈ ਹੈ। ਜਿਸ ਤਰ੍ਹਾਂ ਦੇਸ਼ ਦੇ ਮੁਸਲਮਾਨ ਤਬਕੇ ਨੂੰ ਬਾਹਰ ਰੱਖ ਕੇ ਪੱਖਪਾਤ ਕੀਤਾ ਗਿਆ ਹੈ, ਉਸ ਨਾਲ ਮੁਸਲਿਮ ਭਾਈਚਾਰੇ ਵਿਚ ਦੁੱਖ ਪਾਇਆ ਜਾਣਾ ਕੁਦਰਤੀ ਹੈ।

ਇਸ ਬਿਲ, ਜੋ ਹੁਣ ਕਾਨੂੰਨ ਬਣ ਚੁਕਾ ਹੈ, ਨੂੰ ਲੈ ਕੇ ਅਸਾਮ ਅਤੇ ਤ੍ਰਿਪੁਰਾ ਸਮੇਤ ਦੇਸ਼ ਦੇ ਬਹੁਤ ਸਾਰੇ ਇਲਾਕਿਆਂ ਵਿਚ ਵੱਡੀ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਦੇ ਚਲਦਿਆਂ ਉਥੇ ਕਰਫਿਊ ਲਾ ਦਿੱਤਾ ਗਿਆ ਹੈ। ਤਣਾਅਪੂਰਨ ਸਥਿਤੀ ਦੇ ਚਲਦਿਆਂ ਜਿਥੇ ਜਪਾਨੀ ਪ੍ਰਧਾਨ ਮੰਤਰੀ ਦਾ ਭਾਰਤ ਦੌਰਾ ਹਾਲ ਦੀ ਘੜੀ ਰੱਦ ਹੋ ਗਿਆ ਹੈ, ਉਥੇ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਨੇ ਵੀ ਆਪਣੀ ਭਾਰਤ ਯਾਤਰਾ ਫਿਲਹਾਲ ਟਾਲ ਦਿੱਤੀ ਹੈ।

ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਮਾਰਕੰਡੇ ਕਾਟਜੂ ਨੇ ਆਪਣੇ ਇਕ ਟਵੀਟ ਵਿਚ ਕਿਹਾ ਹੈ, "ਅਸਾਮ ਵੀ ਕਸ਼ਮੀਰ ਵਾਂਗ ਜਲ ਰਿਹਾ ਹੈ। ਦੇਸ਼ ਵਿਚ ਅੱਗ ਲੱਗੀ ਹੈ ਅਤੇ ਇਹ ਆਧੁਨਿਕ 'ਨੀਰੋ' ਬੇਖਬਰ ਹਨ।...ਹਨੂੰਮਾਨ ਜੀ ਨੇ ਤਾਂ ਸਿਰਫ ਲੰਕਾ ਸਾੜੀ ਸੀ, ਪਰ ਇਹ ਆਧੁਨਿਕ ਹਨੂੰਮਾਨ ਜੀ ਤਾਂ ਪੂਰੇ ਦੇਸ਼ ਵਿਚ ਅੱਗ ਲਾ ਦੇਣਗੇ।"

ਮਾਰਕੰਡੇ ਕਾਟਜੂ ਨੇ ਆਪਣੇ ਇਕ ਲੇਖ ਵਿਚ ਇਸ ਬਿਲ (ਕਾਨੂੰਨ) 'ਤੇ ਸਵਾਲ ਖੜ੍ਹੇ ਕਰਦਿਆਂ ਇਸ ਨੂੰ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਹੈ ਕਿ ਇਹ ਬਿਲ ਸੰਵਿਧਾਨ ਦੇ ਆਰਟੀਕਲ 14 ਅਤੇ 21 ਦੀ ਖੁੱਲ੍ਹੀ ਉਲੰਘਣਾ ਕਰਦਾ ਹੈ। ਇਹ ਬਿਲ ਸਮਾਨਤਾ, ਜਿਉਣ ਅਤੇ ਸੁਤੰਤਰਤਾ ਦੇ ਹੱਕਾਂ ਦੀ ਉਲੰਘਣਾ ਕਰਦਾ ਹੈ।

ਮਾਰਕੰਡੇ ਕਾਟਜੂ ਨੇ ਸੁਪਰੀਮ ਕੋਰਟ ਦੇ 23 ਸਾਲ ਪੁਰਾਣੇ ਇਕ ਫੈਸਲੇ ਦਾ ਹਵਾਲਾ ਦਿੱਤਾ ਹੈ ਕਿ 1996 ਦੇ ਇਕ ਕੇਸ ਵਿਚ ਉਨ੍ਹਾਂ ਨੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਬਨਾਮ ਅਰੁਣਾਚਲ ਪ੍ਰਦੇਸ਼ ਸਰਕਾਰ ਕੇਸ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਬੰਗਲਾਦੇਸ਼ ਤੋਂ ਆਏ ਚਕਮਾ ਸ਼ਰਨਾਰਥੀਆਂ ਦੇ ਮੁੱਦੇ 'ਤੇ ਕੋਰਟ ਨੇ ਮੰਨਿਆ ਸੀ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 21 ਦੁਆਰਾ ਅਧਿਕਾਰਤ ਜੀਵਨ ਅਤੇ ਸੁਤੰਤਰਤਾ ਦੇ ਮੌਲਿਕ ਹੱਕ ਵੀ ਚਕਮਾ ਸ਼ਰਨਾਰਥੀਆਂ ਨੂੰ ਮਿਲੇ ਹੋਏ ਹਨ, ਹਾਲਾਂਕਿ ਉਹ ਭਾਰਤੀ ਨਾਗਰਿਕ ਨਹੀਂ ਸਨ।

ਪ੍ਰਸਿਧ ਦੱਖਣੀ ਐਕਟਰ ਅਤੇ ਮੱਕਲ ਨਿਧੀ ਮਯੱਮ (ਐਮ. ਐਨ. ਐਮ.) ਦੇ ਸੰਸਥਾਪਕ ਕਮਲ ਹਾਸਨ ਨੇ ਨਾਗਰਿਕਤਾ ਸੋਧ ਕਾਨੂੰਨ ਦੀ ਨਿੰਦਾ ਕਰਦਿਆਂ ਕਿਹਾ ਹੈ, "ਇਹ ਇੱਕ ਚੰਗੇ ਭਲੇ ਤੰਦਰੁਸਤ ਵਿਅਕਤੀ ਦੀ ਸਰਜਰੀ ਦੀ ਕੋਸ਼ਿਸ਼ ਕਰਨ ਜਿਹਾ ਅਪਰਾਧ ਹੈ।...ਭਾਰਤ ਨੂੰ ਇਕ ਅਜਿਹਾ ਦੇਸ਼ ਬਣਾਉਣ ਦੀ ਕੋਸ਼ਿਸ਼ ਹੈ, ਜਿਥੇ ਇਕ ਹੀ ਤਰ੍ਹਾਂ ਦੇ ਲੋਕ ਰਹਿਣ, ਜੋ ਭੇਦਭਾਵ ਹੈ।"

ਅਮਰੀਕਾ ਵਿਚ ਇਸ ਬਿਲ ਦਾ ਕਿਸ ਕਦਰ ਵਿਰੋਧ ਹੋ ਰਿਹਾ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਯੂ. ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (USCIRF) ਨੇ ਇਸ ਬਿਲ 'ਤੇ ਗਹਿਰੀ ਚਿੰਤਾ ਪ੍ਰਗਟਾਈ ਹੈ ਅਤੇ ਇਸ ਬਿਲ ਦੇ ਵਿਰੋਧ ਵਿਚ ਅਮਰੀਕੀ ਸਰਕਾਰ ਨੂੰ ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਤਮਾਮ ਵੱਡੇ ਨੇਤਾਵਾਂ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ।

ਉਧਰ ਓਲੰਪਿਕਸ ਗੋਲਡ ਮੈਡਲਿਸਟ ਬਾਕਸਰ ਵਿਜੇਂਦਰ ਸਿੰਘ ਨੇ ਨਾਗਰਿਕਤਾ ਸੋਧ ਬਿਲ ਦੇ ਸੰਦਰਭ ਵਿਚ ਆਪਣੇ ਇਕ ਟਵੀਟ ਵਿਚ ਵਿਅੰਗ ਕੀਤਾ ਹੈ, "ਜਦੋਂ ਮਸਾਲਾ ਹਿੰਦੂ-ਮੁਸਲਮਾਨ ਵਾਲਾ ਚੰਗਾ ਲੱਗਣ ਲੱਗੇ, ਉਹ ਕੌਮਾਂ 'ਪਿਆਜ਼' ਦੀ ਚਿੰਤਾ ਨਹੀਂ ਕਰਦੀਆਂ।"

ਪ੍ਰਸ਼ਾਂਤ ਕਿਸ਼ੋਰ ਨੇ ਟਵੀਟ ਕੀਤਾ ਹੈ, "ਨਾਗਰਿਕਤਾ ਸੋਧ ਬਿਲ ਅਤੇ ਐਨ. ਆਰ. ਸੀ. ਧਰਮ ਦੇ ਆਧਾਰ 'ਤੇ ਲੋਕਾਂ ਲਈ ਭੇਦਭਾਵ ਦਾ ਘਾਤਕ ਜੋੜ ਸਾਬਿਤ ਹੋਵੇਗਾ।...ਇਹ ਬਿਲ ਕਿਸੇ ਦੀ ਨਾਗਰਿਕਤਾ ਖਤਮ ਕਰਨ ਲਈ ਨਹੀਂ, ਸਗੋਂ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਹੈ, ਪਰ ਸੱਚਾਈ ਇਹ ਹੈ ਕਿ ਇਹ ਸਰਕਾਰ ਦੇ ਹੱਥ ਵਿਚ ਇੱਕ ਅਜਿਹਾ ਖਤਰਨਾਕ ਹਥਿਆਰ ਸਾਬਤ ਹੋ ਸਕਦਾ ਹੈ, ਜਿਸ ਰਾਹੀਂ ਧਰਮ ਦੇ ਆਧਾਰ 'ਤੇ ਲੋਕਾਂ ਵਿਚ ਭੇਦਭਾਵ ਕਰਦਿਆਂ ਉਨ੍ਹਾਂ ਵਿਰੁਧ ਮੁਕੱਦਮਾ ਚਲਾਇਆ ਜਾ ਸਕਦਾ ਹੈ।"

ਪ੍ਰਸ਼ਾਂਤ ਕਿਸ਼ੋਰ ਨੇ ਆਪਣੇ ਇਕ ਹੋਰ ਟਵੀਟ ਵਿਚ ਕਿਹਾ ਹੈ ਕਿ ਹੁਣ 16 ਗੈਰ-ਭਾਜਪਾ ਮੁੱਖ ਮੰਤਰੀਆਂ 'ਤੇ ਭਾਰਤ ਦੀ ਆਤਮਾ ਨੂੰ ਬਚਾਉਣ ਦੀ ਜਿੰਮੇਵਾਰੀ ਹੈ, ਕਿਉਂਕਿ ਇਹ ਅਜਿਹੇ ਰਾਜ ਹਨ, ਜਿਥੇ ਇਸ ਨੂੰ ਲਾਗੂ ਕਰਨਾ ਹੈ (ਜ਼ਿਕਰਯੋਗ ਹੈ ਕਿ ਪੰਜਾਬ, ਬੰਗਾਲ, ਕੇਰਲ, ਛਤੀਸਗੜ੍ਹ ਆਦਿ ਸੂਬਿਆਂ ਨੇ ਉਕਤ ਕਾਨੂੰਨ ਆਪਣੇ ਰਾਜ ਵਿਚ ਲਾਗੂ ਕਰਨ ਤੋਂ ਮਨ੍ਹਾਂ ਕਰ ਦਿੱਤਾ ਹੈ)।

ਉਧਰ ਅਮਰੀਕਾ ਨੇ ਭਾਰਤ ਨੂੰ ਸੰਵਿਧਾਨਕ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦਿਆਂ ਧਾਰਮਿਕ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕਰਨ ਲਈ ਕਿਹਾ ਹੈ। ਨਾਲ ਹੀ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਇਕ ਤਰਜਮਾਨ ਦਾ ਕਹਿਣਾ ਹੈ, "ਕਾਨੂੰਨ ਤਹਿਤ ਬਰਾਬਰ ਵਿਹਾਰ ਅਤੇ ਧਾਰਮਿਕ ਸੁਤੰਤਰਤਾ ਦਾ ਸਨਮਾਨ ਸਾਡੇ ਦੋਹਾਂ ਲੋਕਤੰਤਰੀ ਦੇਸ਼ਾਂ ਦੇ ਮੌਲਿਕ ਸਿਧਾਂਤ ਹਨ।"

ਸੰਯੁਕਤ ਰਾਸ਼ਟਰ ਦੀ ਹਿਊਮਨ ਰਾਈਟਸ ਬਾਡੀ ਨੇ ਵੀ ਭਾਰਤ ਦੇ ਨਵੇਂ ਕਾਨੂੰਨ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਇਹ ਕੁਦਰਤੀ ਹੀ ਫਿਰਕਾਪ੍ਰਸਤੀ ਜਾਂ ਕੱਟੜਵਾਦ ਨਾਲ ਲੈਸ ਹੈ। ਇਸ ਸੰਦਰਭ ਵਿਚ ਸੰਯੁਕਤ ਰਾਸ਼ਟਰ ਹਿਊਮਨ ਰਾਈਟਸ ਚੀਫ ਮਿਸ਼ੈਲ ਬਾਚਲੈਟ ਦੇ ਤਰਜਮਾਨ ਜੈਰਮੀ ਲਾਰੈਂਸ ਨੇ ਜਨੇਵਾ ਵਿਚ ਕਿਹਾ, "ਅਸੀਂ ਭਾਰਤ ਦੇ ਨਵੇਂ ਸਿਟੀਜ਼ਨਸ਼ਿਪ ਕਾਨੂੰਨ (ਤਰਮੀਮ) 2019 ਨੂੰ ਲੈ ਕੇ ਚਿੰਤਤ ਹਾਂ, ਜਿਸ ਦੀ ਫਿਤਰਤ ਬੁਨਿਆਦੀ ਤੌਰ 'ਤੇ ਕੱਟੜਵਾਦ ਨਾਲ ਲਿਪਤ ਹੈ।...ਇਹ ਤਰਮੀਮਸ਼ੁਦਾ ਕਾਨੂੰਨ ਭਾਰਤ ਦੇ ਸੰਵਿਧਾਨ ਵਿਚ ਦਰਜ ਕਾਨੂੰਨ ਦੇ ਸਾਹਮਣੇ ਬਰਾਬਰੀ ਦੀ ਦ੍ਰਿੜ੍ਹਤਾ ਨੂੰ ਕੌਮਾਂਤਰੀ ਸ਼ਹਿਰੀ ਅਤੇ ਸਿਆਸੀ ਹੱਕਾਂ ਤੇ ਨਸਲੀ ਜਾਨਿਬਦਾਰੀ ਦੇ ਖਾਤਮੇ ਨਾਲ ਸਬੰਧਤ ਜਿੰਮੇਦਾਰੀਆਂ ਨੂੰ ਘਟਾ ਕੇ ਵੇਖਦਾ ਹੈ।

ਸਿਆਸੀ ਮਾਹਿਰਾਂ ਅਨੁਸਾਰ ਇਸ ਕਾਨੂੰਨ ਦੇ ਭੇਦਭਾਵ ਕਾਰਨ ਦੇਸ਼ ਕਮਜ਼ੋਰ ਹੋਵੇਗਾ ਅਤੇ ਇਸ ਨਾਲ ਭਾਰਤ ਵਿਚ ਰਹਿੰਦੀਆਂ ਘੱਟ-ਗਿਣਤੀਆਂ ਵਿਚ ਦੋਇਮ ਦਰਜੇ ਦੇ ਸ਼ਹਿਰੀ ਹੋਣ ਦੀ ਭਾਵਨਾ ਪੈਦਾ ਹੋਵੇਗੀ। ਦੇਸ਼ ਦੇ ਹਾਕਮਾਂ ਦਾ ਇਹ ਮੁਢਲਾ ਫਰਜ਼ ਬਣਦਾ ਹੈ ਕਿ ਦੇਸ਼ ਵਿਚ ਵਸਦੇ ਤਮਾਮ ਨਾਗਰਿਕਾਂ ਨੂੰ ਜਾਤ-ਪਾਤ, ਧਰਮ, ਭਾਸ਼ਾ ਅਤੇ ਭੇਦਭਾਵ ਤੋਂ ਉਪਰ ਉਠ ਕੇ ਬਰਾਬਰ ਸਮਝਿਆ ਜਾਵੇ।

ਮਾਹਿਰਾਂ ਅਨੁਸਾਰ ਜਿਸ ਤਰ੍ਹਾਂ ਨੋਟਬੰਦੀ ਇਕ ਗਲਤ ਫੈਸਲਾ ਸਾਬਤ ਹੋਈ ਸੀ, ਬਿਲਕੁਲ ਉਸੇ ਤਰ੍ਹਾਂ ਨਾਗਰਿਕਤਾ ਸਬੰਧੀ ਨਵਾਂ ਕਾਨੂੰਨ ਵੀ ਦੇਸ਼ ਲਈ ਘਾਟੇ ਦਾ ਵਣਜ ਸਿੱਧ ਹੋਵੇਗਾ। ਕਿਸੇ ਕੌਮ ਜਾਂ ਦੇਸ਼ ਦੀ ਤਰੱਕੀ ਵਿਚ ਇਨਸਾਫ ਹਮੇਸ਼ਾ ਸਥਿਰਤਾ ਪੈਦਾ ਕਰਦਾ ਹੈ, ਜਦੋਂ ਕਿ ਬੇਇਨਸਾਫੀ ਉਸ ਕੌਮ ਜਾਂ ਦੇਸ਼ ਦੇ ਅਸਤਿਤਵ ਨੂੰ ਬੌਣਾ ਬਣਾ ਕੇ ਰੱਖ ਦਿੰਦੀ ਹੈ ਅਤੇ ਬੇਇਨਸਾਫੀ ਤੇ ਬੇਇਮਾਨੀ ਦੇਸ਼ਾਂ ਅਤੇ ਕੌਮਾਂ ਦੀ ਤਰੱਕੀ ਨੂੰ ਕਮਜ਼ੋਰ ਤੇ ਸੁਰੱਖਿਆ ਪ੍ਰਣਾਲੀ ਨੂੰ ਖੋਖਲਾ ਬਣਾਉਂਦੀ ਹੈ।

ਬੇਸ਼ੱਕ ਅੱਜ ਸੱਤਾ ਰੂੜ ਗਠਜੋੜ ਦੇ ਹਾਕਮਾਂ ਹੱਥ ਲਾਠੀ ਹੈ; ਕਹਾਵਤ ਹੈ, 'ਜਿਸ ਦੀ ਲਾਠੀ, ਉਸ ਦੀ ਮੱਝ।' ਪਰ ਹਕੂਮਤ ਦੇ ਨਸ਼ੇ ਵਿਚ ਇਹ ਹਰਗਿਜ਼ ਨਹੀਂ ਭੁੱਲਣਾ ਚਾਹੀਦਾ ਕਿ ਇਕ ਲਾਠੀ ਉਹ ਵੀ ਹੈ, ਜਿਸ ਦੀ ਆਵਾਜ਼ ਨਹੀਂ ਹੁੰਦੀ; ਜਦੋਂ ਉਹ ਕਿਸੇ 'ਤੇ ਪੈਂਦੀ ਹੈ ਤਾਂ ਉਹ ਬੰਦਾ ਹੋਵੇ ਜਾਂ ਕੌਮ ਜਾਂ ਫਿਰ ਕੋਈ ਦੇਸ਼, ਉਸ ਨੂੰ ਉਠਣ ਨਹੀਂ ਦਿੰਦੀ। ਵੈਸੇ ਵੀ ਹਕੂਮਤਾਂ ਧੁੱਪ-ਛਾਂ ਵਾਂਗ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ।

ਸਮਝਦਾਰ ਉਹ ਹੁੰਦਾ ਹੈ, ਜੋ ਹਮੇਸ਼ਾ ਆਪਣੇ ਅਸਤਿਤਵ ਵਿਚ ਨਿਮਰਤਾ, ਇਨਸਾਫ ਅਤੇ ਹਲੀਮੀ ਵਾਲੇ ਗੁਣ ਬਣਾਈ ਰੱਖੇ। ਫਲਦਾਰ ਦਰਖਤ ਦੀ ਇਹ ਖੂਬੀ ਹੁੰਦੀ ਹੈ ਕਿ ਉਸ ਨੂੰ ਜਦ ਵੀ ਫਲ ਲਗਦਾ ਹੈ ਤਾਂ ਉਹ ਝੁਕ ਜਾਂਦਾ ਹੈ। ਅੱਜ ਸਾਨੂੰ ਇਨਸਾਨਾਂ ਨੂੰ ਦਰਖਤਾਂ ਤੋਂ ਬਹੁਤ ਸਾਰੇ ਸਬਕ ਲੈਣ ਦੀ ਲੋੜ ਹੈ। ਭਾਰਤ ਵਿਚ ਜੋ ਨਫਰਤ ਵਾਲੇ ਹਾਲਾਤ ਹਨ, ਉਨ੍ਹਾਂ ਨੂੰ ਲੈ ਕੇ ਹਿੰਦੂਆਂ ਅਤੇ ਮੁਸਲਮਾਨਾਂ ਸਮੇਤ ਸਭੇ ਘੱਟ-ਗਿਣਤੀਆਂ ਵਿਚ ਦੁੱਖ ਤੇ ਚਿੰਤਾ ਹੈ। ਇਸੇ ਸੰਦਰਭ ਵਿਚ ਇਕ ਕਵੀ ਕਹਿੰਦਾ ਹੈ,

ਮਜ਼ਹਬ ਕੇ ਨਾਮ ਪਰ
ਯੇਹ ਫਸਾਦਾਤ ਦੇਖ ਕਰ,
ਹਿੰਦੂ ਹੈ ਗਮਜ਼ਦਾ
ਤੋ ਮੁਸਲਮਾਂ ਉਦਾਸ ਹੈ।

# ਸ਼੍ਰੋਮਣੀ ਅਕਾਲੀ ਦਲ ਦੇ 99 ਸਾਲ

*ਪੰਜਾਬ ਦੀ ਇਤਿਹਾਸਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਉਸ ਵਕਤ (14 ਦਸੰਬਰ 1920) ਹੋਇਆ, ਜਦੋਂ ਸਮੁੱਚਾ ਮੁਲਕ ਅੰਗਰੇਜ਼ ਬਸਤੀਵਾਦੀਆਂ ਖਿਲਾਫ ਜੂਝ ਰਿਹਾ ਸੀ। ਪਹਿਲਾਂ ਗਦਰ ਪਾਰਟੀ ਦੀ ਤਿੱਖੀ ਸਰਗਰਮੀ ਅਤੇ ਫਿਰ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਤੋਂ ਬਾਅਦ ਜਿਸ ਤਰ੍ਹਾਂ ਦਾ ਸਿਆਸੀ ਮਾਹੌਲ ਕਰਵਟਾਂ ਲੈ ਰਿਹਾ ਸੀ, ਉਸ ਵਿਚ ਪੰਜਾਬ ਦੇ ਕੁਝ ਜੁਝਾਰੂ ਜਿਊੜਿਆਂ ਨੇ ਅੰਗਰੇਜ਼ਾਂ ਦੀਆਂ ਜ਼ਿਆਦਤੀਆਂ ਖਿਲਾਫ ਜੂਝਣ ਲਈ ਪਿੜ ਮੱਲ ਲਿਆ। ਡਾ. ਮਹਿੰਦਰ ਸਿੰਘ ਨੇ ਆਪਣੇ ਇਸ ਲੇਖ ਵਿਚ ਸ਼੍ਰੋਮਣੀ ਅਕਾਲੀ ਦਲ ਦੇ 99 ਵਰ੍ਹਿਆਂ ਦੇ ਇਤਿਹਾਸ ਉਤੇ ਟਿੱਪਣੀ ਕੀਤੀ ਹੈ। -ਸੰਪਾਦਕ*

**ਡਾ. ਮੋਹਿੰਦਰ ਸਿੰਘ**
**ਫੋਨ: +91-98183-09390**

ਗੁਰਦੁਆਰਾ ਸੁਧਾਰ ਲਹਿਰ ਦੇ ਜ਼ੋਰ ਫੜਨ ਅਤੇ ਵੱਧ ਤੋਂ ਵੱਧ ਗੁਰਦੁਆਰੇ ਅਕਾਲੀ ਸੁਧਾਰਕਾਂ ਦੇ ਪ੍ਰਬੰਧ ਹੇਠ ਆਉਂਦੇ ਜਾਣ ਕਾਰਨ ਸਿੱਖਾਂ ਦੀ ਕੇਂਦਰੀ ਪ੍ਰਤੀਨਿਧ ਸੰਸਥਾ ਦਾ ਗਠਨ ਜ਼ਰੂਰੀ ਹੋ ਗਿਆ ਤਾਂ ਕਿ ਸੁਧਾਰਾਂ ਦੇ ਕੰਮ ਦਾ ਵਖੋ-ਵਖ ਪੱਧਰਾਂ 'ਤੇ ਤਾਲਮੇਲ ਬਣਾਇਆ ਜਾ ਸਕੇ। ਇਹ ਉਦੋਂ ਹੋਰ ਵੀ ਜ਼ਰੂਰੀ ਹੋ ਗਿਆ, ਜਦੋਂ 12 ਅਕਤੂਬਰ 1920 ਨੂੰ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਦਾ ਪ੍ਰਬੰਧ ਵੀ ਅਕਾਲੀ ਸੁਧਾਰਕਾਂ ਨੇ ਸੰਭਾਲ ਲਿਆ। ਅਕਾਲੀ ਆਗੂ ਸਮਝ ਗਏ ਕਿ ਜਥੇਬੰਦ ਤੇ ਯੋਜਨਾਬੱਧ ਕੰਮ-ਢੰਗ ਤੋਂ ਬਿਨਾ ਮਹਿਜ਼ ਜੋਸ਼ ਨਾਲ ਚੱਲਣ 'ਤੇ ਸੁਧਾਰਕ ਆਪਣੇ ਰਾਹ ਤੋਂ ਖਿੜਕ ਸਕਦੇ ਹਨ ਜਿਸ ਨਾਲ ਗੈਰ-ਜ਼ਿੰਮੇਵਾਰੀ, ਭੰਬਲਭੂਸਾ ਅਤੇ ਜਥੇਬੰਦਕ ਅਰਾਜਕਤਾ ਵਾਲੀ ਹਾਲਤ ਪੈਦਾ ਹੋਵੇਗੀ। ਇਸ ਤਰ੍ਹਾਂ ਪੰਥ ਦੀਆਂ ਸੂਝਵਾਨ ਸ਼ਖਸੀਅਤਾਂ ਨੇ ਮਿਲ-ਬੈਠ ਕੇ ਵਿਚਾਰ ਕੀਤੀ ਤੇ ਵਖੋ-ਵਖ ਖੇਤਰਾਂ ਵਿਚ ਕੰਮ ਕਰਨ ਲਈ ਤਿੰਨ ਸੰਸਥਾਵਾਂ ਦਾ ਗਠਨ ਕੀਤਾ।


ਲੀਡਰਸ਼ਿਪ ਨੂੰ ਪਤਾ ਸੀ ਕਿ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਾਉਣ ਦੀ ਮੁਹਿੰਮ ਲਈ ਕਾਰਕੁਨ ਸ਼੍ਰੋਮਣੀ ਅਕਾਲੀ ਦਲ ਵਲੋਂ ਮੁਹੱਈਆ ਕਰਵਾਏ ਜਾਣਗੇ। ਆਜ਼ਾਦ ਕਰਵਾਏ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਲਈ 16 ਨਵੰਬਰ 1920 ਨੂੰ ਵਖਰੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦਾ ਗਠਨ ਕੀਤਾ ਗਿਆ। ਸੂਬਾਈ ਸਿਆਸਤ ਵਿਚ ਅਗਵਾਈ ਦੇਣ ਲਈ ਸੈਂਟਰਲ ਸਿੱਖ ਲੀਗ ਦੀ ਸਥਾਪਨਾ ਹੋਈ। ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਅਤੇ ਸਿੱਖ ਗੁਰਦੁਆਰਾ ਤੇ ਧਰਮ ਸਥਾਨ ਬਿਲ ਪਾਸ ਹੋ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਪੂਰੀ ਹੋ ਗਈ ਸੀ। ਜਿਵੇਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਭੰਗ ਕਰ ਦੇਣ ਦੀ ਮਹਾਤਮਾ ਗਾਂਧੀ ਦੀ ਸਲਾਹ ਕਾਂਗਰਸ ਆਗੂਆਂ ਨੇ ਅਣਸੁਣੀ ਕਰ ਦਿੱਤੀ, ਉਵੇਂ ਹੀ ਅਕਾਲੀ ਆਗੂਆਂ ਨੇ ਵੀ ਦਲ ਨੂੰ ਭੰਗ ਕਰਨ ਤੋਂ ਨਾਂਹ ਕਰ ਦਿੱਤੀ, ਕਿਉਂਕਿ ਉਹ ਅਕਾਲੀ ਕਾਰਕੁਨਾਂ ਵਲੋਂ ਕੀਤੀਆਂ ਕੁਰਬਾਨੀਆਂ ਦਾ ਆਪਣੇ ਸਿਆਸੀ ਮੰਤਵਾਂ ਲਈ ਲਾਹਾ ਲੈਣਾ ਚਾਹੁੰਦੇ ਸਨ। ਇਹ ਬਹੁਤ ਹੈਰਾਨੀਜਨਕ ਗੱਲ ਹੈ ਕਿ ਮੌਜੂਦਾ ਅਕਾਲੀ ਆਪਣੀ ਸੱਤਾ ਦੀ ਭੁੱਖ ਕਾਰਨ ਅਸਲੀ ਅਕਾਲੀਆਂ ਵਾਲੀ ਭਾਵਨਾ ਤੋਂ ਕਿਤੇ ਦੂਰ ਚਲੇ ਗਏ ਹਨ ਅਤੇ ਆਮ ਸਿੱਖਾਂ ਨੂੰ ਹੈਰਾਨੀ ਹੁੰਦੀ ਹੈ ਕਿ ਹੁਣ ਪੰਥਕ ਕਦਰਾਂ-ਕੀਮਤਾਂ ਦਾ ਕਿਹੜੀ ਪਾਰਟੀ ਖਿਆਲ ਰੱਖੇਗੀ।

ਜਿਥੇ ਐਸ.ਜੀ.ਪੀ.ਸੀ. ਨੇ ਅਕਾਲੀ ਅੰਦੋਲਨ ਨੂੰ ਵਧੀਆ ਜਥੇਬੰਦੀ ਦਿੱਤੀ, ਉਥੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਕਾਰਕੁਨਾਂ ਦਾ ਮਜ਼ਬੂਤ ਆਧਾਰ ਦਿੱਤਾ ਜਿਹੜਾ ਇਸ ਤਹਿਤ ਕੰਮ ਕਰਨ ਵਾਲੇ ਵਖੋ-ਵਖ ਜਥਿਆਂ ਦੇ ਰੂਪ ਵਿਚ ਸੀ। ਕਈ ਮੁਕਾਮੀ ਜਥੇ ਭਾਵੇਂ ਐਸ.ਜੀ.ਪੀ.ਸੀ. ਦੀ ਸਥਾਪਨਾ ਤੋਂ ਕਾਫੀ ਪਹਿਲਾਂ ਹੋਂਦ ਵਿਚ ਆ ਗਏ ਸਨ ਪਰ ਉਨ੍ਹਾਂ ਦਾ ਤਾਲਮੇਲ 14 ਦਸੰਬਰ 1920 ਨੂੰ 'ਸ਼੍ਰੋਮਣੀ ਅਕਾਲੀ ਦਲ' ਦੇ ਨਾਂ ਹੇਠ ਕੀਤਾ ਗਿਆ। ਤਕਨੀਕੀ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਕੰਟਰੋਲ ਵਾਲੇ ਜਥਿਆਂ ਨੇ ਜਥੇਬੰਦਕ ਵਿੰਗ, ਭਾਵ ਐਸ.ਜੀ.ਪੀ.ਸੀ. ਵਲੋਂ ਮਿਥੇ ਆਮ ਢਾਂਚੇ ਤਹਿਤ ਕੰਮ ਕਰਨਾ ਸੀ ਪਰ ਅਸਲ ਵਿਚ ਅਕਾਲੀ ਗਰਮਦਲੀਆਂ ਨੇ ਇਸ ਦੇ ਅਧਿਕਾਰ ਨੂੰ ਬਹੁਤ ਨਜ਼ਰਅੰਦਾਜ਼ ਕੀਤਾ। ਉਹ ਅਕਸਰ ਹੀ ਐਸ.ਜੀ.ਪੀ.ਸੀ. ਵਲੋਂ ਮਿਥੀਆਂ ਹੱਦਾਂ ਨੂੰ ਉਲੰਘਦੇ ਰਹੇ। ਆਖਰ ਸ਼੍ਰੋਮਣੀ ਅਕਾਲੀ ਦਲ ਨੇ ਐਸ.ਜੀ.ਪੀ.ਸੀ. ਦੀ ਮਾਤਹਿਤ ਸੰਸਥਾ ਬਣੇ ਰਹਿਣ ਦੀ ਥਾਂ ਆਪਣੀ ਵਖਰੀ ਹੋਂਦ ਵਿਕਸਿਤ ਕਰ ਲਈ।

1920 ਦੀਆਂ ਗਰਮੀਆਂ ਦੌਰਾਨ, ਜਦੋਂ ਸੁਧਾਰਾਂ ਦੀ ਮੁਹਿੰਮ ਨੇ ਜ਼ੋਰ ਫੜਿਆ, ਬਹੁਤ ਸਾਰੇ ਸਿੱਖ ਇਸ ਅੰਦੋਲਨ ਵਿਚ ਕੁੱਦ ਪਏ। ਜਦੋਂ ਸੁਧਾਰਾਂ ਦੀ ਰਫਤਾਰ ਤੇਜ਼ ਹੋਈ ਤੇ ਸੰਘਰਸ਼ ਆਪਣੀ ਸਹੀ ਸ਼ਕਲ ਅਖਤਿਆਰ ਕਰਨ ਲੱਗਾ ਤਾਂ ਅਕਾਲੀਆਂ ਦੀਆਂ ਨਿੱਜੀ ਕੋਸ਼ਿਸ਼ਾਂ ਦੀ ਥਾਂ ਸੁਧਾਰਕਾਂ ਦੇ ਸਾਫ-ਸਪਸ਼ਟ ਜਥਿਆਂ ਨੇ ਲੈ ਲਈ। ਸਾਂਝੇ ਐਕਸ਼ਨ ਲਈ ਪਹਿਲੀ ਕੋਸ਼ਿਸ਼ ਉਦੋਂ ਹੋਈ ਜਦੋਂ ਸੈਂਟਰਲ ਸਿੱਖ ਲੀਗ ਵਲੋਂ ਜੁਲਾਈ 1920 ਵਿਚ ਸੱਦੇ ਦੀਵਾਨ ਵਿਚ ਅਮਰ ਸਿੰਘ ਝਬਾਲ ਨੇ ਸੰਗਤ ਨੂੰ ਗੁਰਦੁਆਰਾ ਰਕਾਬਗੰਜ ਦਿੱਲੀ ਦੀ ਕੰਧ ਦੀ ਮੁਰੰਮਤ ਵਾਸਤੇ ਸ਼ਹੀਦਾਂ ਵਜੋਂ ਆਪਣੇ ਨਾਂ ਲਿਖਵਾਉਣ ਦੀ ਅਪੀਲ ਕੀਤੀ ਪਰ ਅੰਗਰੇਜ਼ ਸਰਕਾਰ ਵਲੋਂ ਗੁਰਦੁਆਰੇ ਦੀ ਢਾਹੀ ਗਈ ਦੀਵਾਰ ਮੁੜ ਉਸਾਰ ਦਿੱਤੇ ਜਾਣ ਨਾਲ ਜਦੋਂ ਸ਼ਹੀਦਾਂ ਦੀ ਭਰਤੀ ਦਾ ਟੀਚਾ ਪੂਰਾ ਹੋ ਗਿਆ ਤਾਂ ਉਨ੍ਹਾਂ ਦਾ ਸਾਰਾ ਧਿਆਨ ਅਹਿਮ ਸਿੱਖ ਗੁਰਦੁਆਰਾ ਸਾਹਿਬਾਨ ਦੇ ਸੁਧਾਰਾਂ ਦੇ ਅੰਦੋਲਨ ਵਲ ਕੇਂਦਰਿਤ ਹੋ ਗਿਆ।



ਪਹਿਲੇ ਪ੍ਰਧਾਨ ਸਰਮੁਖ ਸਿੰਘ



ਬਾਬਾ ਖੜਕ ਸਿੰਘ



ਮਾਸਟਰ ਤਾਰਾ ਸਿੰਘ

ਅਕਾਲੀਆਂ ਦੀ ਅਤੀਤ ਵਿਚਲੀ ਪ੍ਰਾਪਤੀ ਦੀ ਅਹਿਮੀਅਤ ਸਿਰਫ ਸਿੱਖਾਂ ਦੀ ਵੱਡੀ ਗਿਣਤੀ ਸ਼ਮੂਲੀਅਤ ਕਾਰਨ ਹੀ ਨਹੀਂ ਹੈ - ਭਾਰਤ ਦੀ ਕੁੱਲ ਆਬਾਦੀ ਦਾ ਦੋ ਫੀਸਦੀ ਤੋਂ ਵੀ ਘੱਟ ਹਿੱਸਾ ਹੋਣ ਦੇ ਬਾਵਜੂਦ ਗ੍ਰਿਫਤਾਰੀਆਂ ਦੇਣ ਵਾਲੇ ਸਿੱਖਾਂ ਦੀ ਗਿਣਤੀ ਦੇਸ਼ ਵਿਆਪੀ ਅਸਹਿਯੋਗ ਅੰਦੋਲਨ ਲਈ ਗ੍ਰਿਫਤਾਰ ਹੋਏ ਲੋਕਾਂ ਨਾਲੋਂ ਵੀ ਵੱਧ ਹੈ। ਮਹਾਤਮਾ ਗਾਂਧੀ ਨੇ ਭਾਵੇਂ ਤਿੰਨਾਂ ਵਿਚੋਂ ਕੋਈ ਵੀ ਮੰਗ ਪੂਰੀ ਹੋਏ ਬਿਨਾ 1922 ਵਿਚ ਅਸਹਿਯੋਗ ਅੰਦੋਲਨ ਵਾਪਸ ਲੈ ਲਿਆ ਪਰ ਅਕਾਲੀਆਂ ਨੇ ਆਪਣੀ ਮੁਹਿੰਮ ਇਤਿਹਾਸਕ ਸਿੱਖ ਗੁਰਦੁਆਰਿਆਂ ਨੂੰ ਭ੍ਰਿਸ਼ਟ ਜੱਦੀ-ਪੁਸ਼ਤੀ ਮਹੰਤਾਂ ਤੋਂ ਆਜ਼ਾਦ ਕਰਵਾ ਲੈਣ ਤੱਕ ਜਾਰੀ ਰੱਖੀ। ਇਸੇ ਕਾਰਨ ਖੁਸ਼ਵੰਤ ਸਿੰਘ ਨੇ ਮਹਾਤਮਾ ਗਾਂਧੀ ਦੇ ਇਸ ਵੱਡੇ ਅਸਹਿਯੋਗ ਅੰਦੋਲਨ ਨੂੰ 'ਅਕਾਲੀ ਮੁਹਿੰਮ ਦੀ ਮਾੜੀ ਨਕਲ' ਕਰਾਰ ਦਿੱਤਾ।

ਅਕਾਲੀਆਂ ਦੀ ਇਸ ਮੁਹਿੰਮ ਤੋਂ ਕਾਂਗਰਸ ਨੂੰ ਮਹਾਤਮਾ ਗਾਂਧੀ ਵਲੋਂ ਸ਼ੁਰੂ ਕੀਤੇ ਅਸਹਿਯੋਗ ਅੰਦੋਲਨ ਨੂੰ ਅੱਗੇ ਵਧਾਉਣ ਅਤੇ ਪੰਜਾਬ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਦਾ ਮੌਕਾ ਮਿਲ ਗਿਆ। ਅਕਾਲੀ ਆਗੂਆਂ ਦਾ ਭਰੋਸਾ ਜਿੱਤਣ ਸਦਕਾ ਕਾਂਗਰਸ ਆਮ ਸਿੱਖਾਂ ਦੇ ਵੱਡੇ ਵਰਗ ਉਤੇ ਆਪਣਾ ਪ੍ਰਭਾਵ ਪਾਉਣ ਵਿਚ ਕਾਮਯਾਬ ਹੋ ਗਈ ਜੋ ਇਸ ਤੋਂ ਪਹਿਲਾਂ ਕਾਂਗਰਸ ਦੇ ਪ੍ਰੋਗਰਾਮਾਂ ਤੋਂ ਦੂਰ ਹੀ ਰਹਿੰਦੇ ਸਨ। ਇਸ ਤਰ੍ਹਾਂ ਕਾਂਗਰਸ ਨੇ ਨਾ ਸਿਰਫ ਸਿੱਖਾਂ ਦੇ ਸਰਕਾਰ ਵਿਰੋਧੀ ਅਹਿੰਸਕ ਅੰਦੋਲਨ ਦੀ ਹਮਾਇਤ ਦਾ ਮਤਾ ਪਾਸ ਕੀਤਾ ਸਗੋਂ ਜੈਤੋ ਮੋਰਚੇ ਦੌਰਾਨ ਜਵਾਹਰਲਾਲ ਨਹਿਰੂ, ਏ.ਟੀ. ਗਿਡਵਾਨੀ ਅਤੇ ਕੇ. ਸੰਤਾਨਮ ਨੂੰ ਜੈਤੋ ਵੀ ਭੇਜਿਆ। ਜੈਤੋ ਪੁੱਜਣ 'ਤੇ ਇਨ੍ਹਾਂ ਕਾਂਗਰਸੀ ਨੁਮਾਇੰਦਿਆਂ ਨੂੰ ਵੀ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ, ਜਿਥੇ ਨਹਿਰੂ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਕਿਸੇ ਬ੍ਰਿਟਿਸ਼ ਪ੍ਰਸ਼ਾਸਕ ਦੀ ਹਕੂਮਤ ਵਾਲੇ ਰਿਆਸਤੀ ਰਾਜ ਵਿਚ ਜੇਲ੍ਹ ਜਾਣ ਦਾ ਕੀ ਮਤਲਬ ਹੁੰਦਾ ਹੈ। ਆਪਣੇ ਲੰਮੇ ਹੱਥ-ਲਿਖਤ ਬਿਆਨ ਰਾਹੀਂ ਨਹਿਰੂ ਨੇ ਪ੍ਰਸ਼ਾਸਨ ਤੇ ਅਦਾਲਤੀ ਪ੍ਰਬੰਧ ਉਤੇ ਉਸ ਦੇ 'ਅਨੈਤਿਕ ਤੇ ਘਟੀਆ' ਹਥਕੰਡਿਆਂ ਲਈ ਜ਼ੋਰਦਾਰ ਹਮਲੇ ਕੀਤੇ ਅਤੇ ਨਾਲ ਹੀ ਅਕਾਲੀਆਂ ਦੀ ਸ਼ਲਾਘਾ ਕੀਤੀ। ਨਾਭਾ ਜੇਲ੍ਹ ਵਿਚ 23 ਨਵੰਬਰ 1923 ਨੂੰ ਲਿਖੇ ਗਏ ਇਸ ਹੱਥ-ਲਿਖਤ ਬਿਆਨ ਦੇ ਆਖਰੀ ਪੈਰੇ ਵਿਚ ਨਹਿਰੂ ਨੇ ਲਿਖਿਆ:

"ਸਿੱਖਾਂ ਵਲੋਂ ਦਲੇਰੀ ਨਾਲ ਲੜੇ ਅਤੇ ਜਿੱਤੇ ਗਏ ਗੁਰੂ ਕਾ ਬਾਗ ਮੋਰਚੇ ਦੌਰਾਨ ਮੈਂ ਜੇਲ੍ਹ ਵਿਚ ਸਾਂ। ਅਕਾਲੀਆਂ ਦੇ ਜੋਸ਼ ਤੇ ਕੁਰਬਾਨੀ ਤੋਂ ਮੈਂ ਹੈਰਾਨ ਰਹਿ ਗਿਆ ਅਤੇ ਮੇਰੀ ਦਿਲੀ ਤਮੰਨਾ ਸੀ ਕਿ ਮੈਨੂੰ ਵੀ ਕਦੇ ਮੌਕਾ ਮਿਲੇ ਤਾਂ ਕਿ ਮੈਂ ਉਨ੍ਹਾਂ ਦੀ ਕੋਈ ਸੇਵਾ ਕਰ ਕੇ ਉਨ੍ਹਾਂ ਪ੍ਰਤੀ ਆਪਣੇ ਸਤਿਕਾਰ ਦਾ ਪ੍ਰਗਟਾਵਾ ਕਰ ਸਕਾਂ। ਉਹ ਮੌਕਾ ਮੈਨੂੰ ਹੁਣ ਮਿਲਿਆ ਹੈ ਅਤੇ ਉਮੀਦ ਕਰਦਾ ਹਾਂ ਕਿ ਮੈਂ ਉਨ੍ਹਾਂ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਹੌਸਲੇ ਮੁਤਾਬਿਕ ਖਰਾ ਉਤਰ ਸਕਾਂ। ਸਤਿ ਸ੍ਰੀ ਅਕਾਲ।"

ਇਸ ਤਰ੍ਹਾਂ ਇਕ ਸਾਂਝੇ ਟੀਚੇ (ਆਜ਼ਾਦੀ ਅੰਦੋਲਨ) ਅਤੇ ਸਾਂਝੇ ਦੁਸ਼ਮਣ (ਅੰਗਰੇਜ਼ ਹਕੂਮਤ) ਨੇ ਭਾਰਤ ਦੀ ਆਜ਼ਾਦੀ ਤੱਕ ਤਾਂ ਅਕਾਲੀਆਂ ਤੇ ਕਾਂਗਰਸ ਨੂੰ ਇਕਜੁਟ ਰੱਖਿਆ, ਪਰ ਆਜ਼ਾਦੀ ਦੇ ਫੌਰੀ ਬਾਅਦ ਇਸ ਰਵਾਇਤੀ ਦੋਸਤੀ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ। ਇਕ ਪਾਸੇ ਅਕਾਲੀਆਂ ਨੂੰ ਆਪਣੀਆਂ ਅਤੀਤ ਦੀਆਂ ਕੁਰਬਾਨੀਆਂ ਕਾਰਨ ਸੱਤਾ ਦੀ ਚਾਹਤ ਸੀ, ਦੂਜੇ ਪਾਸੇ ਕਾਂਗਰਸੀ ਆਗੂ ਇਸ ਸਰਹੱਦੀ ਸੂਬੇ ਦੀ ਸੱਤਾ ਉਤੇ ਸਿਰਫ ਅਕਾਲੀਆਂ ਦੇ ਦਾਅਵੇ ਨੂੰ ਮੰਨਣ ਲਈ ਤਿਆਰ ਨਾ ਹੋਏ ਜਿਸ ਕਾਰਨ ਦੋਵਾਂ ਧਿਰਾਂ 'ਚ ਗੰਭੀਰ ਮਤਭੇਦ ਉਭਰ ਆਏ। ਇਸ ਦਾ ਨਤੀਜਾ ਅਕਾਲੀਆਂ ਦੇ ਜ਼ੋਰਦਾਰ ਅੰਦੋਲਨਾਂ ਵਜੋਂ ਨਿਕਲਿਆ ਜਿਨ੍ਹਾਂ ਵਿਚੋਂ ਮੁੱਖ ਸਨ: ਪੰਜਾਬੀ ਸੂਬਾ (1956-66), ਐਮਰਜੈਂਸੀ ਖਿਲਾਫ ਅਕਾਲੀ ਮੋਰਚਾ (1975-77) ਅਤੇ ਧਰਮ ਯੁੱਧ ਮੋਰਚਾ ਜਿਸ ਦਾ ਸਿੱਟਾ ਸਾਕਾ ਨੀਲਾ ਤਾਰਾ ਤੇ ਹੋਰ ਦੁਖਦਾਈ ਘਟਨਾਵਾਂ ਦੇ ਰੂਪ 'ਚ ਨਿਕਲਿਆ।

ਪੰਜਾਬੀ ਸੂਬੇ ਦੀ ਚਿਰੋਕਣੀ ਮੰਗ ਤੋਂ ਬਾਅਦ ਨਵੇਂ ਬਣੇ ਸੂਬੇ ਵਿਚ ਸਿੱਖ ਬਹੁਗਿਣਤੀ ਹੋ ਗਏ ਪਰ ਕੇਂਦਰ ਨੇ ਚੰਡੀਗੜ੍ਹ ਆਪਣੇ ਕੋਲ ਰੱਖ ਲਿਆ। ਸੂਬਾਈ ਰਾਜਧਾਨੀ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਮਿਲਾਉਣ ਲਈ ਅਕਾਲੀਆਂ ਨੇ ਹੋਰ ਅੰਦੋਲਨ ਛੇੜ ਦਿੱਤਾ। ਮਾਸਟਰ ਤਾਰਾ ਸਿੰਘ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਬਣੇ ਸੰਤ ਫਤਹਿ ਸਿੰਘ ਨੇ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣ ਦੀ ਮੰਗ 'ਤੇ ਮਰਨ ਵਰਤ ਰੱਖਿਆ। ਕੇਂਦਰ 'ਤੇ ਦਬਾਅ ਪਾਉਣ ਲਈ ਉਨ੍ਹਾਂ ਅਕਾਲ ਤਖਤ ਨੇੜਲੇ ਇਕ ਘਰ ਦੀ ਛੱਤ ਉਤੇ ਅਗਨੀ ਕੁੰਡ ਬਣਵਾ ਲਿਆ ਅਤੇ ਮੰਗ ਨਾ ਮੰਨੇ ਜਾਣ ਦੀ ਸੂਰਤ ਵਿਚ ਆਤਮਦਾਹ ਦੀ ਧਮਕੀ ਦਿੱਤੀ ਪਰ ਆਤਮਦਾਹ ਦੀ ਥਾਂ ਸੰਤ ਫਤਹਿ ਸਿੰਘ ਨੇ ਅਰਦਾਸ ਦੀ ਪਵਿਤਰਤਾ ਭੰਗ ਕਰਦਿਆਂ ਝੂਠੇ ਭਰੋਸੇ 'ਤੇ ਆਪਣਾ ਵਰਤ ਤੋੜ ਦਿੱਤਾ। ਹਾਂ, ਸਿੱਖ ਅਰਦਾਸ ਦੀ ਪਵਿਤਰਤਾ ਨੂੰ ਬਹਾਲ ਕਰਨ ਦਾ ਸਿਹਰਾ ਅਕਾਲੀ-ਕਾਂਗਰਸੀ ਪਿਛੋਕੜ ਵਾਲੇ ਪੱਕੇ ਸਿੱਖ ਦਰਸ਼ਨ ਸਿੰਘ ਫੇਰੂਮਾਨ ਨੂੰ ਜਾਂਦਾ ਹੈ ਜਿਨ੍ਹਾਂ ਆਪਣਾ ਮਰਨ ਵਰਤ ਨਹੀਂ ਤੋੜਿਆ ਤੇ ਵਰਤ ਦੇ 74ਵੇਂ ਦਿਨ ਸ਼ਹੀਦੀ ਪਾ ਗਏ।

ਅਕਾਲੀਆਂ ਦੇ ਤਿੰਨ ਸਭ ਤੋਂ ਤਾਕਤਵਰ ਅੰਦੋਲਨਾਂ ਦੇ ਤੁਲਨਾਤਮਕ ਅਧਿਐਨ ਤੋਂ ਕੁਝ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਅਹਿਮ ਹੈ ਸਿੱਖ ਲੀਡਰਸ਼ਿਪ ਦਾ ਰੋਲ। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਸਿੱਖ ਆਗੂ ਗੁਰਦੁਆਰਾ ਸੁਧਾਰ ਲਹਿਰ (1920-25) ਦੌਰਾਨ ਸਿੱਖਾਂ ਵਿਚ ਪੈਦਾ ਹੋਈ ਜ਼ੋਰਦਾਰ ਧਾਰਮਿਕ ਲਹਿਰ ਨੂੰ ਭਾਰਤ ਦੇ ਆਜ਼ਾਦੀ ਅੰਦੋਲਨ ਨਾਲ ਜੋੜਨ ਵਿਚ ਸਫਲ ਰਹੇ ਤੇ ਉਨ੍ਹਾਂ ਸਿੱਖ ਭਾਈਚਾਰੇ ਨੂੰ ਆਜ਼ਾਦੀ ਅੰਦੋਲਨ ਦੀ ਮੁੱਖ ਧਾਰਾ ਵਿਚ ਲਿਆਂਦਾ। ਅਤੀਤ ਦੇ ਇਸ ਸੰਘਰਸ਼ ਦੀਆਂ ਤਿੰਨ ਨਿਵੇਕਲੀਆਂ ਖੂਬੀਆਂ ਇਸ ਨੂੰ ਇਸ ਤੋਂ ਬਾਅਦ ਵਾਲੇ ਪ੍ਰਗਟਾਵੇ ਦੇ ਮੁਕਾਬਲਤਨ ਵੱਧ ਅਸਰਦਾਰ ਬਣਾਉਂਦੀਆਂ ਹਨ। ਪਹਿਲੀ ਖਾਸੀਅਤ ਇਹ ਕਿ ਅਕਾਲੀ ਲੀਡਰਸ਼ਿਪ ਨੇ ਪ੍ਰੈੱਸ ਅਤੇ ਲੋਕ ਰਾਇ ਦੀ ਅਹਿਮੀਅਤ ਪਛਾਣੀ। ਉਨ੍ਹਾਂ ਨਾ ਸਿਰਫ ਦੋ ਪੰਜਾਬੀ ਅਖਬਾਰ 'ਅਕਾਲੀ' ਅਤੇ 'ਅਕਾਲੀ ਤੇ ਪਰਦੇਸੀ' ਸਗੋਂ ਅੰਗਰੇਜ਼ੀ ਅਖਬਾਰ 'ਦਿ ਹਿੰਦੁਸਤਾਨ ਟਾਈਮਜ਼' ਵੀ ਸ਼ੁਰੂ ਕੀਤਾ ਜਿਸ ਸਬੰਧ ਵਿਚ ਉਨ੍ਹਾਂ ਨੂੰ 'ਟ੍ਰਿਬਿਊਨ' ਦੇ ਟਰੱਸਟੀ ਰੁਚੀ ਰਾਮ ਸਾਹਨੀ ਦਾ ਸਰਗਰਮ ਸਹਿਯੋਗ ਮਿਲਿਆ। ਦੂਜੀ ਇਹ ਕਿ ਸ਼ੁਰੂ ਤੋਂ ਹੀ ਉਨ੍ਹਾਂ ਨਾ ਸਿਰਫ ਹਿੰਸਾ ਤੋਂ ਪ੍ਰਹੇਜ਼ ਕੀਤਾ ਸਗੋਂ ਵਖ ਹੋਏ ਧੜੇ 'ਬੱਬਰ ਅਕਾਲੀ' ਦੀਆਂ ਹਿੰਸਕ ਸਰਗਰਮੀਆਂ ਨੂੰ ਫੌਰੀ ਤੌਰ 'ਤੇ ਨਕਾਰ ਦਿੱਤਾ। ਤੀਜੀ ਖਾਸੀਅਤ ਇਹ ਸੀ ਕਿ ਇਸ ਅੰਦੋਲਨ ਨੂੰ ਫਿਰਕੂ ਰੰਗ ਬਿਲਕੁਲ ਨਹੀਂ ਲੈਣ ਦਿੱਤਾ ਗਿਆ। ਇਸ ਦੇ ਉਲਟ, ਹਾਲੀਆ ਅਕਾਲੀ ਲੀਡਰਸ਼ਿਪ ਭਾਰਤੀ ਸਮਾਜ ਦੇ ਵਡੇਰੇ ਹਿੱਸੇ ਅਤੇ ਕੌਮੀ ਮੀਡੀਆ ਦੀ ਹਮਾਇਤ ਆਪਣੇ ਨਾਲ ਰੱਖਣ ਵਿਚ ਨਾਕਾਮ ਰਹੀ ਹੈ। 1980ਵਿਆਂ ਦੇ ਗੜਬੜਜ਼ਦਾ ਸਮੇਂ ਦੌਰਾਨ ਐਸ.ਜੀ.ਪੀ.ਸੀ. ਤੇ ਸ਼੍ਰੋਮਣੀ ਅਕਾਲੀ ਦਲ ਦੋਵੇਂ ਦਰਬਾਰ ਸਾਹਿਬ ਦੀ ਪਵਿਤਰਤਾ ਬਣਾਈ ਰੱਖਣ ਦੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਨਾਕਾਮ ਰਹੇ। ਪਹਿਲੇ ਅਕਾਲੀ ਆਗੂਆਂ ਵਾਂਗ ਮੂਹਰਲੀ ਕਤਾਰ 'ਚ ਖੜੋ ਕੇ ਲੜਨ ਦੀ ਥਾਂ ਅਕਾਲੀ ਆਗੂਆਂ ਨੇ ਆਪਣੀ ਸੁਰੱਖਿਆ ਦਾ ਵੱਧ ਫਿਕਰ ਕੀਤਾ ਤੇ ਆਪਣੀਆਂ ਨਜ਼ਰਬੰਦੀਆਂ ਵਿਚ ਵਾਧਾ ਕਰਵਾਉਂਦੇ ਰਹੇ ਤਾਂ ਕਿ ਉਹ ਸਰਕਟ ਹਾਊਸਾਂ ਵਿਚ ਮਹਿਫੂਜ਼ ਰਹਿ ਸਕਣ।

ਐਸ.ਜੀ.ਪੀ.ਸੀ. ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਉਦੋਂ ਤੱਕ ਤਾਕਤ ਦਾ ਵਧੀਆ ਤਵਾਜ਼ਨ ਬਣਿਆ ਰਿਹਾ, ਜਦੋਂ ਤੱਕ ਸੀਨੀਅਰ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਐਸ.ਜੀ.ਪੀ.ਸੀ. ਵਿਚ ਚੱਲਦੀ ਰਹੀ ਪਰ ਮਾਰਚ 1990 ਵਿਚ ਉਨ੍ਹਾਂ ਨੂੰ ਐਸ.ਜੀ.ਪੀ.ਸੀ. ਦੀ ਪ੍ਰਧਾਨਗੀ ਤੋਂ ਲਾਹ ਦਿੱਤੇ ਜਾਣ ਪਿੱਛੋਂ ਐਸ.ਜੀ.ਪੀ.ਸੀ. 'ਤੇ ਸ਼੍ਰੋਮਣੀ ਅਕਾਲੀ ਦਲ ਦੀ ਮੁਕੰਮਲ ਸਰਦਾਰੀ ਹੋ ਗਈ। ਜਿਵੇਂ ਆਮ ਆਖਿਆ ਜਾਂਦਾ ਹੈ, "ਤਾਕਤ ਤਾਂ ਭ੍ਰਿਸ਼ਟ ਕਰਦੀ ਹੀ ਹੈ ਪਰ ਅਸੀਮਤ ਤਾਕਤ ਬਿਲਕੁਲ ਭ੍ਰਿਸ਼ਟ ਕਰ ਦਿੰਦੀ ਹੈ", ਮੁਤਾਬਿਕ ਸਿੱਖਾਂ ਦੀਆਂ ਦੋਵੇਂ ਮੁੱਖ ਸੰਸਥਾਵਾਂ ਲਈ ਹੁਣ ਭ੍ਰਿਸ਼ਟਾਚਾਰ ਸਰਾਪ ਬਣ ਚੁੱਕਾ ਹੈ। ਮਾਸਟਰ ਤਾਰਾ ਸਿੰਘ ਦੇ ਮਸ਼ਹੂਰ ਨਾਅਰੇ 'ਮੈਂ ਮਰਾਂ ਤੇ ਪੰਥ ਜੀਵੇ' ਨੂੰ ਮੌਜੂਦਾ ਅਕਾਲੀ ਲੀਡਰਸ਼ਿਪ ਨੇ ਪੂਰੀ ਤਰ੍ਹਾਂ ਉਲਟਾ ਦਿੱਤਾ ਜਾਪਦਾ ਹੈ।



ਗੁਰੂ ਕੇ ਬਾਗ ਦੇ ਮੋਰਚੇ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਅਕਾਲੀ ਵਰਕਰ।

# ਹਰ ਦਿਨ-ਵਰਕੇ 'ਤੇ ਕੁਝ ਤਾਂ ਲਿਖੀਏ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਲਾਂਘੇ ਦੇ ਅਰਥਾਂ ਉਤੇ ਵਿਸਥਾਰ ਵਿਚ ਚਰਚਾ ਕਰਦਿਆਂ ਕਿਹਾ ਸੀ, "ਸੰਤੋਖੇ ਹੋਏ ਧਾਰਮਿਕ ਗ੍ਰੰਥਾਂ ਨੂੰ ਲਾਂਘਿਆਂ ਦੀ ਲੋੜ ਸਭ ਤੋਂ ਵੱਧ ਤਾਂ ਕਿ ਇਨ੍ਹਾਂ ਵਿਚ ਸਮੋਏ ਚਾਨਣ ਨਾਲ ਮਨੁੱਖ ਦਾ ਮੁਖੜਾ ਰੁਸ਼ਨਾਵੇ। ਅੰਧ-ਵਿਸ਼ਵਾਸ ਦੀ ਥਾਂ ਤਰਕ-ਸੋਚ ਨੂੰ ਪੈਗਾਮੀ ਪ੍ਰਵਚਨ ਬਣਾਇਆ ਜਾਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਨਵੇਂ ਸਾਲ ਨੂੰ ਜੀ ਆਇਆਂ ਆਖਦਿਆਂ ਪਾਠਕਾਂ ਨੂੰ ਨਵੇਂ ਸਾਲ ਵਿਚ ਕੀ ਕੀਤਾ ਜਾਵੇ ਅਤੇ ਕੀ ਨਾ ਕੀਤਾ ਜਾਵੇ, ਦਾ ਤਹੱਈਆ ਕਰਨ ਦੀ ਨਸੀਹਤ ਦਿੱਤੀ ਹੈ। ਉਹ ਕਹਿੰਦੇ ਹਨ, "ਨਵੇਂ ਸਾਲ ਦੇ ਇਕ ਵਰਕੇ 'ਤੇ ਉਨ੍ਹਾਂ ਗੀਤਾਂ ਦੀ ਤਫਸੀਲ ਜਰੂਰ ਲਿਖਣੀ ਜਿਹੜੇ ਤੁਸੀਂ ਬਚਪਨੇ ਵਿਚ ਗੁਣਗੁਣਾਏ, ਜੋ ਚੜ੍ਹਦੀ ਜਵਾਨੀ ਵੇਲੇ ਤੁਹਾਡੇ ਹੋਠਾਂ 'ਤੇ ਆਏ ਜਾਂ ਜਿਨ੍ਹਾਂ ਵਿਚ ਰੂਹਾਨੀਅਤ ਅਤੇ ਸਭਿਆਚਾਰਕ ਮਹਿਕ ਦਾ ਬੁੱਲਾ ਦਿਲ-ਬਰੂਹਾਂ ਮੱਲ ਖੋਤਾ ਸੀ, ਪਰ ਵਿਹਲ ਦੀ ਘਾਟ ਨੇ ਸਭ ਕੁਝ ਹਜ਼ਮ ਕਰ ਲਿਆ। ਉਹ ਕਹਿੰਦੇ ਹਨ, "ਹਰ ਸਾਲ ਦੇ ਹਰ ਦਿਨ-ਵਰਕੇ 'ਤੇ ਕੁਝ ਅਜਿਹੀ ਇਬਾਰਤ ਜਰੂਰ ਲਿਖੀਏ, ਇਬਾਰਤ ਜੋ ਤੁਹਾਥੋਂ ਵਿਸਰੀ ਜਲਾਵਤਨੀ ਹੰਢਾ ਰਹੀ ਏ।" -ਸੰਪਾਦਕ***

ਜੀਵਨ, ਸਾਲਾਂ, ਮਹੀਨਿਆਂ, ਦਿਨਾਂ, ਘੰਟਿਆਂ, ਮਿੰਟਾਂ, ਸੈਕੰਡਾਂ ਅਤੇ ਪਲਾਂ ਦਾ ਨਾਮ। ਇਸ ਦੇ ਹਰੇਕ ਪਲ ਵਿਚ ਕੁਝ ਨਾ ਕੁਝ ਅਜਿਹਾ ਵਾਪਰਦਾ, ਜੋ ਜ਼ਿੰਦਗੀ ਦੀ ਨੁਹਾਰ ਨੂੰ ਪ੍ਰਭਾਵਿਤ ਕਰਦਾ। ਬੀਤਦਾ ਜੀਵਨ, ਰੇਤ ਵਾਂਗ ਕਿਰ ਰਿਹਾ ਸਮਾਂ ਅਤੇ ਅਖੀਰ ਵਿਚ ਖਾਲੀ ਮੁੱਠੀ ਵਿਚ ਰਹਿ ਜਾਂਦੇ ਕੁਝ ਕੁ ਤਾਰਿਆਂ ਵਰਗੇ ਕਣ, ਜੋ ਸਦੀਵੀ

### ਨਵੇਂ ਵਰ੍ਹੇ 'ਤੇ ਵਿਸ਼ੇਸ਼

ਹਾਸਲ ਬਣਦੇ।

ਜੀਵਨ ਦੇ ਹਰ ਪਹਿਰ ਦੇ ਵਰਕੇ ਕੋਰੇ। ਮਨੁੱਖ ਹਰ ਰੋਜ਼ ਜਾਂ ਕਦੇ ਕਦਾਈਂ ਇਸ 'ਤੇ ਕੁਝ ਇਬਾਰਤ ਉਕਰਦਾ। ਇਬਾਰਤ, ਜੋ ਉਸ ਦੇ ਮਨ ਦਾ ਦਰਪਣ, ਭਾਵਨਾਵਾਂ ਦਾ ਪ੍ਰਗਟਾਅ, ਸੋਚ ਦਾ ਸਮੁੰਦਰੀ ਵਹਾ ਅਤੇ ਹਿਰਦੇ ਦੀਆਂ ਤਿੱਤਰਖੰਭੀਆਂ ਵਿਚਲੀ ਧੁੱਪ-ਛਾਂ ਦਾ ਝਲਕਾਰਾ।

ਜ਼ਿੰਦਗੀ ਦੇ ਕੁਝ ਵਰਕੇ ਖਾਲੀ ਵੀ ਰਹਿ ਜਾਂਦੇ। ਕਿੰਜ ਪੜ੍ਹੋਗੇ ਇਨ੍ਹਾਂ ਦੀ ਇਬਾਰਤ? ਇਸ ਨੂੰ ਸਮੂਹਿਕ ਅਰਥ ਦੇਣਾ ਸਭ ਤੋਂ ਔਖਾ। ਇਸ ਕੋਰੀ ਇਬਾਰਤ ਨੂੰ ਪੜ੍ਹਨਯੋਗ ਬਣਾਉਣ ਅਤੇ ਇਸ ਦੀ ਤਕਦੀਰ ਨੂੰ ਤਸ਼ਬੀਹ ਬਣਾਉਣ ਲਈ ਜਰੂਰੀ ਹੈ, ਹਰਫਾਂ ਨਾਲ ਸਾਂਝ ਪਾਈਏ। ਹਰਫ ਜੋ ਬੋਲਦੇ, ਬੁਲਾਉਂਦੇ, ਸੁਣਦੇ, ਸੁਣਾਉਂਦੇ, ਸਮਝਦੇ ਅਤੇ ਸਮਝਾਉਂਦੇ। ਇਨ੍ਹਾਂ ਹਰਫਾਂ ਵਿਚੋਂ ਬੋਧ-ਬੋਲ, ਬਾਬਾ-ਬਾਣੀ ਅਤੇ ਬੋਧ-ਚੇਤਨਾ ਪੈਦਾ ਹੁੰਦੀ।

ਜ਼ਿੰਦਗੀ ਦੇ ਵਰਕਿਆਂ 'ਤੇ ਇਬਾਰਤ ਲਿਖਣਾ ਅਤੇ ਇਸ ਨੂੰ ਜੀਵਨ-ਜਾਚ ਸੋਚ ਬਣਾਉਣਾ, ਮਨੁੱਖੀ ਸੋਚ ਵਿਚਲੇ ਖਲਾਅ ਨੂੰ ਪੂਰਾ ਕਰਨ ਵਿਚ ਅਹਿਮ। ਇਸ ਵੰਨੀਂ ਪਹਿਲ ਕਰਨ ਵਿਚ ਦੇਰੀ ਕਾਹਦੀ?

ਹਰ ਸਾਲ ਦੇ ਹਰ ਦਿਨ-ਵਰਕੇ 'ਤੇ ਕੁਝ ਅਜਿਹੀ ਇਬਾਰਤ ਜਰੂਰ ਲਿਖੀਏ, ਇਬਾਰਤ ਜੋ ਤੁਹਾਥੋਂ ਵਿਸਰੀ ਜਲਾਵਤਨੀ ਹੰਢਾ ਰਹੀ ਏ। ਜਿਸ ਦੇ ਨੈਣਾਂ ਵਿਚ ਹੰਝੂ, ਸਾਹਾਂ ਵਿਚ ਸਿਸਕੀ ਅਤੇ ਅਰਥਾਂ ਵਿਚ ਅਰਦਾਸ। ਇਸ ਦੀਆਂ ਮਨੋ-ਭਾਵਨਾਵਾਂ ਨੂੰ ਪਿਘਲਾਵੋ, ਤੁਹਾਨੂੰ ਤੁਹਾਡੇ ਸਮੁੱਚ ਦੇ ਦੀਦਾਰ ਕਰਵਾਏਗੀ ਅਤੇ ਤੁਹਾਡੀ ਅਪ੍ਰਾਪਤੀ ਦੀ ਝੋਲੀ ਵਿਚ ਕੁਝ ਪ੍ਰਾਪਤੀ ਦਾ ਸ਼ਗਨ ਪਾਵੇਗੀ

ਕੁਝ ਦਿਨ-ਵਰਕਿਆਂ 'ਤੇ ਅਪੂਰਨ ਸੁਪਨਿਆਂ ਦੀ ਪੂਰਤੀ ਦਾ ਹਲਫਨਾਮਾ ਲਿਖੋ। ਅਹਿਦ ਕਰੋ ਕਿ ਸੁਪਨਿਆਂ ਦੀ ਪੂਰਤੀ ਤੀਕ ਬੇਅਰਾਮ ਰਹਿਣਾ। ਸੁਪਨੇ ਜਿਨ੍ਹਾਂ 'ਚ ਸਰਬੱਤ ਦਾ ਭਲਾ ਹੋਵੇ। ਸੁਪਨਾ ਜੋ ਬਿਰਖ ਲਈ ਬਹਾਰ, ਪੰਛੀਆਂ ਲਈ ਪਰਵਾਜ਼, ਅੰਬਰ ਲਈ ਚਾਨਣੀ, ਬੱਦਲਾਂ ਲਈ ਬਾਰਸ਼, ਦਰਿਆ ਲਈ ਨੀਰ ਅਤੇ ਧਰਤ ਲਈ ਜਰਖੇਜ਼ਤਾ ਦਾ ਪੈਗਾਮ ਹੋਵੇ। ਸੁਪਨਾ ਜੋ ਅਬਲਾ ਲਈ ਇੱਜਤ, ਬਚਪਨੇ ਲਈ ਸ਼ਰਾਰਤ, ਪੂਰਨਿਆਂ ਲਈ ਖਮ ਤੇ ਸਿਆਹੀ ਅਤੇ ਝੋਲੇ ਲਈ ਪੁਸਤਕ-ਭੰਡਾਰ ਬਣੇ। ਸੁਪਨਾ ਜੋ ਇਕ ਅੱਖ ਤੋਂ ਤੁਰ ਕੇ ਦੂਸਰੇ ਦੇ ਨੈਣਾਂ ਵਿਚ ਆਲ੍ਹਣਾ ਪਾਵੇ ਅਤੇ ਸੁਪਨਿਆਂ ਦਾ ਕਾਫਲਾ ਬਣ ਕੇ ਜੀਵਨ ਨੂੰ ਨਵੇਂ ਦਿਸਹੱਦਿਆਂ ਦੀ ਸੋਝੀ ਤੇ ਸੇਧ ਦੇਵੇ।

ਕੁਝ ਦਿਨ-ਵਰਕਿਆਂ 'ਤੇ ਉਨ੍ਹਾਂ ਦੋਸਤਾਂ-ਮਿੱਤਰਾਂ ਦੇ ਸਿਰਨਾਵੇਂ ਲਿਖਣਾ ਜੋ ਤੁਹਾਡੇ ਚੇਤਿਆਂ 'ਚੋਂ ਖੁਰ ਗਏ। ਜਿਨ੍ਹਾਂ ਨੂੰ ਕਦੇ ਮਿਲਣਾ, ਫੋਨ ਕਰਨਾ ਜਾਂ ਖੱਤ ਪਾਉਣਾ ਯਾਦ ਹੀ ਨਹੀਂ ਰਿਹਾ। ਜੀਵਨੀ ਰੁਝੇਵਿਆਂ ਨੇ ਖਾ ਲਿਆ ਸੀ, ਬਚਪਨੀ ਸਾਂਝ ਦੀ ਸੰਵੇਦਨਾ ਨੂੰ। ਫਿਰ ਤੋਂ ਨਿਰਛੱਲ ਸਬੰਧਾਂ ਵਿਚਲੀ ਅਪਣੱਤ ਤੇ ਮੋਹ ਵਿਚ ਨਹਾਉਣ ਅਤੇ ਉਨ੍ਹਾਂ ਪਲਾਂ ਨੂੰ ਮੁੜ ਤੋਂ ਜਿਉਣ ਦੀ ਚੇਸ਼ਟਾ ਮਨ ਵਿਚ ਪੈਦਾ ਕਰਨਾ। ਅਜਿਹੇ ਪਲਾਂ ਤੋਂ ਵਿਰਵਾ ਹੋ ਕੇ ਮਾਇਕ ਜਾਂ ਸਮਾਜਕ ਉਪਲਬਧੀਆਂ ਤਾਂ ਬਹੁਤ ਪ੍ਰਾਪਤ ਕਰ ਲਈਆਂ ਹੋਣਗੀਆਂ, ਪਰ ਉਹ ਸੁਖਨ, ਸਕੂਨ, ਸੰਤੁਸ਼ਟੀ ਅਤੇ ਸਹਿਜ ਤਾਂ ਕਦੇ ਮਿਲਿਆ ਹੀ ਨਹੀਂ, ਜੋ ਆਪਣੀ ਬਚਪਨੀ ਧੁਨ ਦੀ ਮਸਤੀ ਵਿਚ ਮਿਲਦਾ ਸੀ, ਜਿਹੜਾ ਮਾਂ-ਬਾਪ ਦੇ ਨੈਣਾਂ ਵਿਚ ਖੇੜਾ ਲਿਆਉਂਦਾ ਸੀ ਅਤੇ ਬਜੁਰਗਾਂ ਲਈ ਨਾਜ਼ ਦਾ ਸਬੱਬ ਹੁੰਦਾ ਸੀ।

ਇਕ ਦਿਨ ਵਰਕੇ 'ਤੇ ਰੁੱਸ ਗਏ ਦੋਸਤਾਂ ਨੂੰ ਹਾਕ ਮਾਰੋ ਜਾਂ ਉਨ੍ਹਾਂ ਨੂੰ ਮਿਲਣ ਲਈ ਪਹਿਲ ਕਰੋ ਜੋ ਬਹੁਤ ਚਿਰ ਹੋਇਆ ਨਾਰਾਜ਼ ਹੋ ਗਏ ਸੀ। ਕੁਝ ਕਦਮ ਤੁਸੀਂ ਤੁਰੋਗੇ ਤਾਂ ਦੋਸਤ ਤੁਹਾਡੇ ਵੱਲ ਅਹੁਲਣਗੇ। ਰੁੱਸੀਆਂ ਗਲਵਕੜੀਆਂ ਵਿਚ ਨਿੱਘ ਉਪਜਾਓ, ਨਿੱਜੀ ਰੰਜਿਸ਼ਾਂ ਅਤੇ ਗਿਲੇ-ਸ਼ਿਕਵੇ ਦੂਰ ਕਰੋ। ਜ਼ਿੰਦਗੀ ਤਾਂ ਬਹੁਤ ਛੋਟੀ ਹੈ, ਇਨ੍ਹਾਂ ਨੂੰ ਮਨ-ਮੁਟਾਵ ਜਾਂ ਤਲਖੀਆਂ ਦੇ ਹਵਾਲੇ ਕਰੋਗੇ ਤਾਂ ਅਉਧ ਸਿਉਂਕੀ ਜਾਵੇਗੀ। ਹਰ ਪਲ ਨੂੰ ਇੰਜ ਮਾਣੋ, ਜਿਵੇਂ ਹਥਲਾ ਪਲ ਆਖਰੀ ਪਲ ਹੋਵੇ। ਦੋਸਤ-ਮਿਲਣੀ ਦੇ ਪਲਾਂ ਵਿਚ ਦਿਨ-ਵਰਕਿਆਂ ਦੀ ਸੰਦਲੀ ਨੁਹਾਰ ਤੁਹਾਡੇ ਚਿਹਰੇ ਦੀ ਰੰਗਤ ਨੂੰ ਦੂਣ-ਸਵਾਈ ਕਰ ਦੇਵੇਗੀ।

ਕੁਝ ਕੁ ਦਿਨ-ਵਰਕਿਆਂ 'ਤੇ ਉਨ੍ਹਾਂ ਸਕੇ-ਸਬੰਧੀਆਂ ਦੀ ਸੂਚੀ ਬਣਾਓ, ਜਿਨ੍ਹਾਂ ਨੇ ਤੁਹਾਥੋਂ ਦੂਰੀ ਬਣਾਈ ਜਾਂ ਤੁਸੀਂ ਹੀ ਆਪਣੇ ਰੁਤਬੇ ਜਾਂ ਸ਼ੁਹਰਤ ਕਾਰਨ, ਨੇੜੇ ਲੱਗਣ ਤੋਂ ਟਾਲਾ ਵੱਟਦੇ ਰਹੇ। ਜੇ ਮਨ ਵਿਚ ਗੰਢਾਂ ਬੰਨ ਕੇ ਸਦਾ ਲਈ ਰੁਖਸਤ ਹੋ ਗਏ ਤਾਂ ਆਪਣੇ ਕਿਹੜੇ ਜੇਰੇ ਨਾਲ ਨੜੋਏ ਵਿਚ ਸ਼ਾਮਲ ਹੋਣਗੇ? ਕਿਹੜੇ ਬੋਲਾਂ ਨਾਲ ਤੁਹਾਨੂੰ ਯਾਦ ਕਰਨਗੇ? ਤੁਹਾਡੀਆਂ ਕਿਹੜੀਆਂ ਗੱਲਾਂ ਉਨ੍ਹਾਂ ਨੂੰ ਰੋਣ ਲਾਉਣਗੀਆਂ ਅਤੇ ਘਾਟ ਦਾ ਅਹਿਸਾਸ ਕਰਵਾਉਣਗੀਆਂ? ਕਿਹੜਾ ਖਲਾਅ ਤੁਹਾਡੀ ਅਣਹੋਂਦ ਕਾਰਨ ਉਨ੍ਹਾਂ ਦੇ ਮਨਾਂ ਵਿਚ ਪੈਦਾ ਹੋਵੇਗਾ? ਚੰਗੀਆਂ ਯਾਦਾਂ ਛੱਡ ਕੇ ਜਹਾਨ ਤੋਂ ਤੁਰ ਜਾਣ ਵਾਲਿਆਂ ਨੂੰ ਜਦ ਕੋਈ ਆਪਣੇ ਮਨ ਵਿਚ ਵਸਾਉਂਦਾ ਏ ਤਾਂ ਉਸ ਦਾ ਜਾਣਾ, ਜਿਉਂਦਿਆਂ ਨੂੰ ਪੀੜਤ ਵੀ ਕਰਦਾ ਅਤੇ ਇਕ ਸੁਖਦ ਅਹਿਸਾਸ ਵੀ ਪੈਦਾ ਹੁੰਦਾ ਕਿ ਤੁਰ ਗਿਆਂ ਦੀ ਸੰਗਤ ਵਿਚ ਮਾਣੇ ਪਲ, ਹੁਣ ਜ਼ਿੰਦਗੀ ਦਾ ਸਰਮਾਇਆ ਨੇ।

***ਸਾਲ ਦੇ ਪਹਿਲੇ ਦਿਨ-ਵਰਕੇ 'ਤੇ ਜਰੂਰ ਲਿਖਣਾ ਕਿ ਉਨ੍ਹਾਂ ਗਲਤੀਆਂ, ਖੁਨਾਮੀਆਂ, ਕਮੀਆਂ ਅਤੇ ਕੁਤਾਹੀਆਂ ਨੂੰ ਮੁੜ ਨਹੀਂ ਦੁਹਰਾਉਣਾ, ਜਿਨ੍ਹਾਂ ਕਰਕੇ ਜੀਵਨ 'ਚ ਨਮੋਸ਼ੀ ਹੋਈ, ਰਿਸ਼ਤਿਆਂ ਵਿਚ ਕੜਵਾਹਟ ਤੇ ਖਿਚੋਤਾਣ ਪੈਦਾ ਹੋਈ, ਸਬੰਧ ਵਿਗੜੇ, ਆਪਣਿਆਂ ਤੋਂ ਹੀ ਮਨ-ਉਚਾਟ ਹੋ ਗਿਆ, ਮਰਹਮ ਦੀ ਥਾਂ ਡੂੰਘੇ ਫੱਟ ਲਾਏ ਅਤੇ ਸ਼ਬਦਾਂ ਵਿਚ ਤਲਖੀ, ਕਰੋਧ, ਕਰੂਰਤਾ ਤੇ ਕੁੜੱਤਣ ਦਾ ਵਾਸਾ ਸੀ। ਇਨ੍ਹਾਂ ਨੂੰ ਸੋਧਣਾ ਅਤੇ ਖੁਦ ਨੂੰ ਸੰਭਾਲਣਾ। ਨਵੀਂ ਕਿਰਨ-ਕੀਰਤੀ ਪੈਦਾ ਕਰਨ ਲਈ ਨਵੀਂ ਵਿਉਂਤਬੰਦੀ ਕਰਨੀ, ਜੀਵਨੀ-ਸੁੱਚਮ ਨੂੰ ਨਵੀਂਆਂ ਬੁਲੰਦੀਆਂ ਹਾਸਲ ਹੋਣਗੀਆਂ।***

ਯਾਦ ਰੱਖਣਾ! ਬੰਦੇ ਦੇ ਤੁਰ ਜਾਣ ਤੋਂ ਬਾਅਦ ਸਿਰਫ ਯਾਦਾਂ ਹੀ ਬਚਦੀਆਂ ਨੇ। ਇਹ ਯਾਦਾਂ ਕਿਸ ਤਰ੍ਹਾਂ ਦੀਆਂ ਹੋਣੀਆਂ ਚਾਹੀਦੀਆਂ, ਇਹ ਖੁਦ 'ਤੇ ਨਿਰਭਰ। ਸੰਸਾਰ ਵਿਚ ਬਹੁਤ ਸਾਰੇ ਮਿੱਤਰ-ਪਿਆਰੇ ਮਿਲਣਗੇ ਪਰ ਖੂਨ ਦਾ ਰਿਸ਼ਤਾ ਸਿਰਫ ਵਿਰਲਿਆਂ ਨਾਲ ਹੀ ਹੁੰਦਾ। ਆਂਦਰਾਂ ਦੀ ਖਿੱਚ ਜਦ ਮਨ ਵਿਚ ਤੜਫਾਹਟ ਪੈਦਾ ਕਰਦੀ ਤਾਂ ਆਪਣਿਆਂ ਨੂੰ ਹਿੱਕ ਨਾਲ ਲਾਉਣ ਅਤੇ ਪਿਛਲੀਆਂ ਤਲਖੀਆਂ ਨੂੰ ਭੁਲਾਉਣ ਤੇ ਸਦਾ ਲਈ ਮਿਟਾਉਣ ਲਈ ਮਨ ਵਿਚ ਕਾਹਲ ਪੈਦਾ ਹੁੰਦੀ। ਇਸ ਕਾਹਲ ਨੂੰ ਕੁਝ ਵਰਕਿਆਂ 'ਤੇ ਲਾਲ ਸਿਆਹੀ ਨਾਲ ਜਰੂਰ ਲਿਖਣਾ ਤਾਂ ਕਿ ਤੁਹਾਨੂੰ ਇਹ ਸਦਾ ਯਾਦ ਰਹੇ।

ਕੁਝ ਦਿਨ-ਵਰਕੇ ਫਿਰ ਵੀ ਖਾਲੀ ਹੋਣਗੇ ਹੀ। ਇਨ੍ਹਾਂ 'ਤੇ ਕੁਝ ਕੁ ਉਨ੍ਹਾਂ ਕਾਰਜਾਂ ਦੀ ਤਫਸੀਲ ਜਰੂਰ ਬਣਾਉਣੀ, ਜੋ ਤੁਸੀਂ ਕਰਨਾ ਲੋਚਦੇ ਸੀ ਪਰ ਤੁਹਾਡੇ ਰੁਝੇਵਿਆਂ ਨੇ ਇਨ੍ਹਾਂ ਕਾਰਜਾਂ ਨੂੰ ਪਿਛੇ ਹੀ ਪਾਈ ਰੱਖਿਆ। ਇਨ੍ਹਾਂ ਵਿਚ ਕੁਝ ਅਜਿਹੇ ਥਾਂਵਾਂ ਦੀ ਸੈਰ ਹੋ ਸਕਦੀ, ਜਿਥੇ ਕੁਦਰਤ ਨੂੰ ਭਰਪੂਰ ਮਾਣਨ ਦਾ ਚਾਅ, ਮਨੁੱਖੀ ਪ੍ਰਾਪਤੀਆਂ ਨੂੰ ਨਿਹਾਰਨ ਦਾ ਵਲਵਲਾ, ਬੀਤੀਆਂ ਮਹਾਨ ਸ਼ਖਸੀਅਤਾਂ ਨਾਲ ਜੁੜੀਆਂ ਥਾਂਵਾਂ ਦੀ ਅਕੀਦਤ, ਸਮੁੰਦਰੀ ਤੱਟ 'ਤੇ ਬਹਿ ਕੇ ਛੱਲਾਂ ਨਾਲ ਗੱਲਾਂ ਕਰਨੀਆਂ, ਬੀਚ 'ਤੇ ਖੁਦ ਨਾਲ ਸੰਵਾਦ ਰਚਾਉਣਾ, ਜੰਗਲ-ਜੂਹ ਵਿਚ ਪਰਿੰਦਿਆਂ ਤੇ ਜੀਵ-ਸੰਸਾਰ ਵਿਚ ਝਾਤ ਮਾਰਨੀ, ਪਰਬਤ ਦੀ ਟੀਸੀ 'ਤੇ ਬਹਿ ਕੇ ਅੰਬਰ ਨਾਲ ਗੁਫਤਗੂ ਕਰਨੀ, ਬੱਦਲਾਂ ਨਾਲ ਯਾਰੀ ਪਾਉਣੀ ਹੋਵੇ ਜਾਂ ਆਲੇ-ਦੁਆਲੇ ਪਸਰੀ ਸੁੰਨ ਵਿਚ ਸੁੰਨ-ਸਮਾਧੀ ਲਾਉਣੀ ਹੋਵੇ। ਕੁਝ ਅਜਿਹੀ ਕਵਿਤਾ, ਗੀਤ ਜਾਂ ਕਾਵਿ-ਰਚਨਾ ਕਰਨ ਦਾ ਖਿਆਲ ਵੀ ਹੋ ਸਕਦਾ, ਜੋ ਹੁਣ ਤੀਕ ਸਿਰਫ ਖਿਆਲ ਸੀ। ਇਸ ਨੂੰ ਖਬਤ ਜਰੂਰ ਬਣਾਉਣਾ। ਮਨ ਵਿਚ ਚਿਤਵੀ ਕਲਾ-ਕ੍ਰਿਤ ਨੂੰ ਉਡੀਕਦੀ ਏ ਤੁਹਾਡੇ ਘਰ ਦੀ ਸੁੰਨੀ ਦੀਵਾਰ। ਦੀਵਾਰ ਦੇ ਭਾਗ ਜਗਾਉਣ ਅਤੇ ਇਸ ਨੂੰ ਸੁੰਦਰ ਬਣਾਉਣ ਵੰਨੀਂ ਉਦਮ ਜਰੂਰ ਕਰਨਾ, ਕਿਉਂਕਿ ਉਦਮ ਕਰੇਂਦਿਆਂ ਹੀ ਕੁਝ ਹਾਸਲ ਹੁੰਦਾ। ਬੇਹਿੰਮਤੀ ਵਿਚ ਬਹੁਤ ਸਮਾਂ ਗਵਾ ਲਿਆ। ਬਹੁਤ ਘੱਟ ਸਮਾਂ ਬਚਿਆ ਏ ਤੁਹਾਡੇ ਕੋਲ। ਇਸ ਨੂੰ ਅਜਾਈਂ ਨਾ ਗਵਾਉਣਾ। ਇਸ ਦੀ ਸੁਯੋਗਤਾ ਨੂੰ ਜੀਵਨ-ਪਹਿਲ ਦੇ ਨਾਮ ਲਾਉਣਾ। ਅਧੂਰੇ ਕਾਰਜਾਂ ਵਿਚ ਦੇਸ਼-ਵਿਦੇਸ਼ ਦੀ ਸੈਰ, ਕਿਸੇ ਤੀਰਥ-ਯਾਤਰਾ 'ਤੇ ਜਾਣ ਦਾ ਵਿਚਾਰ ਵੀ ਹੋ ਸਕਦਾ ਜਾਂ ਕਿਸੇ ਲੰਮੇ ਸਫਰ 'ਤੇ ਜਾ ਕੇ ਖੁਦ ਵਿਚੋਂ ਖੁਦ ਦੀ ਜਾਮਾ-ਤਲਾਸ਼ੀ ਕਰਨ ਦਾ ਫੁਰਨਾ ਵੀ ਮਨ ਵਿਚ ਪੈਦਾ ਹੋ ਸਕਦਾ। ਬਹੁਤ ਸਾਰੇ ਫੁਰਨਿਆਂ ਨੂੰ ਤਾਂ ਅਸੀਂ ਖੁਦ ਹੀ ਖਤਮ ਕਰ ਦਿੰਦੇ ਹਾਂ। ਪਰ ਕਦੇ ਕਦਾਈਂ ਇਨ੍ਹਾਂ ਫੁਰਨਿਆਂ ਦੀ ਤਲੀ 'ਤੇ ਤਿਲ-ਫੁਲ ਜਰੂਰ ਧਰਿਆ ਕਰੋ। ਕਈ ਵਾਰ ਅਜਿਹੇ ਫੁਰਨੇ ਹੀ ਜੀਵਨ ਦਾ ਹਾਸਲ ਤੇ ਸੁੱਚਮ ਬਣ ਕੇ ਸਦੀਵੀ ਪ੍ਰਸਿੱਧੀ ਵੀ ਬਣਦੇ। ਬਹੁਤ ਸਾਰੀਆਂ ਖੋਜਾਂ, ਕਲਾਵਾਂ, ਕੀਰਤੀਆਂ

***ਇਸ ਸਾਲ ਦੇ ਕੈਲੰਡਰ 'ਤੇ ਇਕ ਵਰਕੇ 'ਤੇ ਕੁਝ ਅਜਿਹਾ ਜਰੂਰ ਲਿਖਣਾ ਜੋ ਧਾਰਮਿਕ ਕੱਟੜਤਾ ਲਈ ਚੁਣੌਤੀ ਹੋਵੇ, ਹੱਦਾਂ-ਸਰਹੱਦਾਂ ਦੀ ਰੁਕਾਵਟ ਨੂੰ ਤੋੜਨ ਲਈ ਹੰਭਲਾ ਹੋਵੇ, ਜਮਾਤੀ ਵਲਗਣਾਂ ਨੂੰ ਉਲੰਘਣ ਲਈ ਪੁਟਿਆ ਪੱਬ ਹੋਵੇ, ਸਮਾਜਿਕ ਨਾ-ਬਰਾਬਰੀ ਨੂੰ ਦੂਰ ਕਰਨ ਲਈ ਪੈਗਾਮ ਹੋਵੇ, ਸੁਪਨਹੀਣਾਂ ਲਈ ਸੁਪਨਮਈ ਨੀਂਦ ਦੀ ਆਗੋਸ਼ ਹੋਵੇ, ਭੁੱਖੇ ਪੇਟ ਲਈ ਟੁੱਕਰ ਹੋਵੇ, ਪਲੀਤ ਪੌਣ ਲਈ ਪਾਕੀਜਗੀ ਦਾ ਪ੍ਰਮਾਣ ਹੋਵੇ, ਪਲੀਤ ਪਾਣੀਆਂ ਦੀ ਸਫਾਫਤ ਲਈ ਸਫਲ-ਸਾਧਨ ਹੋਵੇ, ਧਰਤ ਦੀ ਕੁੱਖ ਵਿਚਲੀ ਜਹਿਰ ਨੂੰ ਚੂਸੇ, ਉਜੜੇ ਆਲ੍ਹਣਿਆਂ ਨੂੰ ਮੁੜ ਵੱਸਣ ਦਾ ਸੰਦੇਸ਼ ਹੋਵੇ ਤੇ ਬੋਟਾਂ ਦੀ ਪਹਿਲੀ ਪਰਵਾਜ਼ ਦਾ ਸਬਕ ਹੋਵੇ।***

ਆਦਿ ਮਨ ਦੇ ਫੁਰਨਿਆਂ ਦੀ ਪੈਦਾਇਸ਼ ਹੀ ਹਨ।

ਨਵੇਂ ਸਾਲ ਦੇ ਕੁਝ ਦਿਨ-ਵਰਕਿਆਂ 'ਤੇ ਉਨ੍ਹਾਂ ਚਾਵਾਂ, ਲਾਡਾਂ ਅਤੇ ਸਹੂਲਤਾਂ ਦਾ ਵਰਣਨ ਕਰੋ, ਜੋ ਤੁਹਾਨੂੰ ਬਾਲ ਵਰੇਸ ਵਿਚ ਨਹੀਂ ਮਿਲੀਆਂ, ਜਿਨ੍ਹਾਂ ਦੀ ਘਾਟ ਤੁਹਾਨੂੰ ਹੁਣ ਤੀਕ ਵੀ ਰੜਕਦੀ ਏ। ਵਾਸਤਾ ਜੇ! ਇਨ੍ਹਾਂ ਸਹੂਲਤਾਂ ਤੋਂ ਵਿਰਵਿਆਂ ਲਈ, ਉਦਮ-ਆਸ ਕਰਨ ਦਾ ਤਹੱਈਆ ਕਰੋ। ਇਨ੍ਹਾਂ ਦੀ ਅਣਹੋਂਦ ਹੰਢਾ ਰਹੀ ਬਾਲ ਵਰੇਸ ਨੂੰ ਉਨ੍ਹਾਂ ਲਾਡਾਂ, ਚਾਵਾਂ ਅਤੇ ਸਹੂਲਤਾਂ ਦਾ ਵਰਦਾਨ ਦੇਣ ਲਈ ਉਪਰਾਲਾ ਜਰੂਰ ਕਰਨਾ। ਇਸ ਨਾਲ ਨਿੱਕੇ ਕਦਮਾਂ ਵਿਚ ਪੈਦਾ ਹੋਇਆ ਉਤਸ਼ਾਹ, ਸੁਪਨਹੀਣ ਅੱਖਾਂ ਵਿਚ ਪੈਦਾ ਹੋਈ ਲਿਸ਼ਕ, ਬੱਚਿਆਂ ਦੇ ਰੁਆਂਸੇ ਚਿਹਰਿਆਂ 'ਤੇ ਮੁਸਕਰਾਹਟ ਦੀ ਪਰਤ ਤੇ ਬਾਲ-ਮਨਾਂ 'ਚ ਕੁਝ ਕਰਨ ਦਾ ਵਿਸਮਾਦ, ਜਦ ਸੁਪਨ-ਰਾਹ ਤੁਰ ਪਿਆ ਤਾਂ ਬਚਪਨੀ ਘਾਟਾਂ ਤੁਹਾਨੂੰ ਨਹੀਂ ਸਤਾਉਣਗੀਆਂ। ਤੁਹਾਨੂੰ ਕੁਝ ਲੈਣ ਨਾਲੋਂ ਕੁਝ ਦੇਣ ਵਿਚ ਵੱਧ ਸੁੱਖ ਅਤੇ ਸੰਤੁਸ਼ਟੀ ਦਾ ਅਹਿਸਾਸ ਹੋਵੇਗਾ।

ਨਵੇਂ ਸਾਲ ਦੇ ਇਕ ਵਰਕੇ 'ਤੇ ਉਨ੍ਹਾਂ ਗੀਤਾਂ ਦੀ ਤਫਸੀਲ ਜਰੂਰ ਲਿਖਣੀ, ਜੋ ਤੁਸੀਂ ਬਚਪਨੇ ਵਿਚ ਗੁਣਗੁਣਾਏ, ਜੋ ਚੜ੍ਹਦੀ ਜਵਾਨੀ ਵੇਲੇ ਤੁਹਾਡੇ ਹੋਠਾਂ 'ਤੇ ਆਏ ਜਾਂ ਜਿਨ੍ਹਾਂ ਵਿਚ ਰੂਹਾਨੀਅਤ ਅਤੇ ਸਭਿਆਚਾਰਕ ਮਹਿਕ ਦਾ ਬੁੱਲਾ ਦਿਲ-ਬਰੂਹਾਂ ਮੱਲ ਖਲੋਤਾ ਸੀ, ਪਰ ਵਿਹਲ ਦੀ ਘਾਟ ਨੇ ਸਭ ਕੁਝ ਹਜ਼ਮ ਕਰ ਲਿਆ। ਉਨ੍ਹਾਂ ਗੀਤਾਂ ਨੂੰ 'ਕੱਲੇ ਬੈਠ ਕੇ ਸੁਣਨਾ, ਮਨ 'ਚ ਵਿਸਮਾਦੀ ਲੋਰ ਉਪਜਾਉਣੀ ਅਤੇ ਲੰਘ ਚੁਕੇ ਵਕਤ ਨੂੰ ਮੋੜ ਲਿਆਉਣਾ। ਤੁਹਾਨੂੰ ਸਮੇਂ ਦੇ ਠਹਿਰ ਜਾਣ ਦਾ ਅਹਿਸਾਸ ਹੋਵੇਗਾ। ਇਸ ਵਕਤ ਦੀ ਉਡੀਕ ਵਿਚ ਸਾਹਾਂ ਨੂੰ ਵਿਅਰਥ ਹੀ ਗਵਾਉਂਦੇ ਰਹੇ। ਕਿੰਨੇ ਸਹਿਜ ਤੇ ਸੁਹਜਮਈ ਹੋਣਗੇ ਉਹ ਪਲ, ਜਿਨ੍ਹਾਂ ਦੀ ਮਹਿਰੂਮੀਅਤ ਸਦਾ ਖਟਕਦੀ ਰਹੀ। ਇਨ੍ਹਾਂ ਪਲਾਂ ਨੂੰ ਜੀ ਭਰ ਕੇ ਜੀਓ।

ਇਸ ਸਾਲ ਦੇ ਕੈਲੰਡਰ 'ਤੇ ਇਕ ਵਰਕੇ 'ਤੇ ਕੁਝ ਅਜਿਹਾ ਜਰੂਰ ਲਿਖਣਾ ਜੋ ਧਾਰਮਿਕ ਕੱਟੜਤਾ ਲਈ ਚੁਣੌਤੀ ਹੋਵੇ, ਹੱਦਾਂ-ਸਰਹੱਦਾਂ ਦੀ ਰੁਕਾਵਟ ਨੂੰ ਤੋੜਨ ਲਈ ਹੰਭਲਾ ਹੋਵੇ, ਜਮਾਤੀ ਵਲਗਣਾਂ ਨੂੰ ਉਲੰਘਣ ਲਈ ਪੁਟਿਆ ਪੱਬ ਹੋਵੇ, ਸਮਾਜਕ ਨਾ-ਬਰਾਬਰੀ ਨੂੰ ਦੂਰ ਕਰਨ ਲਈ ਪੈਗਾਮ ਹੋਵੇ, ਸੁਪਨਹੀਣਾਂ ਲਈ ਸੁਪਨਮਈ ਨੀਂਦ ਦੀ ਆਗੋਸ਼ ਹੋਵੇ, ਭੁੱਖੇ ਪੇਟ ਲਈ ਟੁੱਕਰ ਹੋਵੇ, ਪਲੀਤ ਪੌਣ ਲਈ ਪਾਕੀਜ਼ਗੀ ਦਾ ਪ੍ਰਮਾਣ ਹੋਵੇ, ਪਲੀਤ ਪਾਣੀਆਂ ਦੀ ਸਫਾਫਤ ਲਈ ਸਫਲ-ਸਾਧਨ ਹੋਵੇ, ਧਰਤ ਦੀ ਕੁੱਖ ਵਿਚਲੀ ਜਹਿਰ ਨੂੰ ਚੂਸੇ, ਉਜੜੇ ਆਲ੍ਹਣਿਆਂ ਨੂੰ ਮੁੜ ਵੱਸਣ ਦਾ ਸੰਦੇਸ਼ ਹੋਵੇ ਤੇ ਬੋਟਾਂ ਦੀ ਪਹਿਲੀ ਪਰਵਾਜ਼ ਦਾ ਸਬਕ ਹੋਵੇ।

ਨਵੇਂ ਸਾਲ ਦੇ ਦਿਨ-ਵਰਕਿਆਂ 'ਤੇ ਕੁਝ ਅਪਹੁੰਚ ਅਤੇ ਅਸੰਭਵ ਲੱਗਦੇ ਦਿਸਹੱਦਿਆਂ ਦਾ ਦ੍ਰਿਸ਼ ਜਰੂਰ ਸਿਰਜਣਾ ਤਾਂ ਕਿ ਮਨ ਨੂੰ ਪਤਾ ਤਾਂ ਲੱਗੇ ਕਿ ਕੁਝ ਵੀ ਅਸੰਭਵ, ਅ-ਪਹੁੰਚ ਅਤੇ ਅ-ਪ੍ਰਾਪਤ ਨਹੀਂ ਹੁੰਦਾ। ਸਿਰਫ ਸਾਡੀ ਹਿੰਮਤ, ਸਿਰੜ, ਸਾਧਨਾ ਹੀ ਹੀਣੀ ਹੁੰਦੀ, ਜੋ ਸੰਭਵ ਨੂੰ ਅਸੰਭਵ ਦਾ ਹਊਆ ਬਣਾ ਦਿੰਦੀ। ਇਨ੍ਹਾਂ ਵੰਨੀਂ ਹੁਣ ਦੇਖਣਾ, ਤੁਹਾਨੂੰ ਲੱਗੇਗਾ ਕਿ ਇਹ ਤਾਂ ਤੁਹਾਡੀ ਪਹੁੰਚ ਵਿਚ ਹੀ ਸੀ। ਜੀਵਨ ਤਾਂ ਚਲਦੇ ਰਹਿਣ ਦਾ ਨਾਮ ਹੈ ਅਤੇ ਸਫਰ ਵਿਚ ਰਹਿਣ ਵਾਲੇ ਲੋਕ ਬੁਲੰਦੀਆਂ ਦਾ ਨਾਮਕਰਣ ਬਣਦੇ। ਤੁਰਨ ਵਾਲੇ ਬਹੁਤ ਅੱਗੇ ਲੰਘ ਜਾਂਦੇ ਨੇ ਅਤੇ ਫਾਡੀ ਰਹਿਣ ਵਾਲਿਆਂ ਦੀ ਝੋਲੀ ਵਿਚ ਇਕ ਪਛਤਾਵਾ ਹੀ ਰਹਿ ਜਾਂਦਾ। ਉਨ੍ਹਾਂ ਨੂੰ ਝੂਰਨ ਤੋਂ ਸਿਵਾਏ ਕੁਝ ਵੀ ਹਾਸਲ ਨਹੀਂ ਹੁੰਦਾ।

ਨਵੇਂ ਸਾਲ ਦੇ ਦਿਨ-ਵਰਕੇ ਤੇ ਆਪਣੀਆਂ ਤਰਜ਼ੀਹਾਂ ਅਤੇ ਤਦਬੀਰਾਂ ਦੀ ਤਵਾਰੀਖ ਜਰੂਰ ਲਿਖਣਾ। ਆਪਣੀ ਜੀਵਨ-ਸ਼ੈਲੀ ਨੂੰ ਕਿਹੜੇ ਅਰਥ ਦੇਣੇ ਅਤੇ ਰਹਿਣ-ਸਹਿਣ, ਖਾਣ-ਪੀਣ ਅਤੇ ਦਿੱਖ ਵਿਚ ਕੁਝ ਅਜਿਹਾ ਕਰਨਾ ਕਿ ਇਹ ਦੰਭ ਨਾ ਰਹੇ। ਸਗੋਂ ਇਸ ਵਿਚੋਂ ਸੁਚਮ, ਸਾਦਗੀ ਅਤੇ ਸੁਚਮਤਾ ਦਾ ਝਲਕਾਰਾ ਨਜ਼ਰ ਆਵੇ। ਅੰਦਰੋਂ-ਬਾਹਰੋਂ ਇਕਸਾਰ। ਪੂਰਨ ਪਾਰਦਰਸ਼ਤਾ। ਕੂੜ ਕਪਟ ਤੋਂ ਦੂਰ। ਪਰਤਾਂ 'ਚ ਜਿਉਣ ਤੋਂ ਤੋਬਾ। ਮੁਖੌਟਿਆਂ ਤੋਂ ਨਫਰਤ। ਕਹਿਣੀ ਤੇ ਕਰਨੀ ਵਿਚ ਸੰਪੂਰਨ। ਕਰਮ-ਧਰਮ ਦੀ ਪੂਜਾ। ਕਰਮ-ਕੀਰਤੀ ਦਾ ਰਾਗ ਮਨ-ਮੰਦਿਰ ਵਿਚ ਉਪਜਾਉਣ ਦਾ ਹੀਲਾ ਅਤੇ ਹੱਠ। ਸੱਚ ਸਬਰ, ਸੰਤੋਖ ਅਤੇ ਸਧਾਰਨਤਾ ਵਿਚ ਰਹਿਣ ਵਾਲਿਆਂ ਲਈ ਰੁਤਬਿਆਂ ਜਾਂ ਮਹਿਲ ਮਾੜੀਆਂ ਦੇ ਕੋਈ ਅਰਥ ਨਹੀਂ। ਨਾ ਹੀ ਉਨ੍ਹਾਂ ਨੂੰ ਦਿਖਾਵੇ ਦੇ ਦਰਪਣ ਵਿਚੋਂ ਝਾਤ ਮਾਰਨੀ ਪੈਂਦੀ। ਉਹ ਜੋ ਹੁੰਦੇ, ਉਹੀ ਦਿਸਦੇ। ਉਹੀ ਰੰਗ ਉਨ੍ਹਾਂ ਦੇ ਬੋਲਾਂ, ਸ਼ਬਦਾਂ ਅਤੇ ਕਰਮ-ਜਾਚਨਾ ਵਿਚੋਂ ਪ੍ਰਗਟਦਾ। ਇਸ ਨੂੰ ਜੀਵਨੀ ਅਸੂਲ ਜਰੂਰ ਬਣਾਉਣਾ। ਪਰਤਾਂ ਵਿਚ ਖੁਰਨ ਨਾਲੋਂ ਤਾਂ ਚੰਗਾ ਹੁੰਦਾ ਹੈ ਬੇ-ਪਰਤੇ ਹੋ ਕੇ ਖੁਦ ਨੂੰ ਖੁਦ ਦੀ ਬਾਰਸ਼ ਵਿਚ ਰੱਜ ਕੇ ਭਿਉਣਾ। ਕਿਸੇ ਰੰਗ ਦੇ ਲੱਥਣ ਦਾ ਖਦਸ਼ਾ ਨਹੀਂ ਹੋਵੇਗਾ।

ਨਵੇਂ ਸਾਲ ਵਿਚ ਕੁਝ ਵਾਅਦੇ ਕਰੋ ਖੁਦ ਨਾਲ, ਜੋ ਟੁੱਟੇ ਹੋਏ ਵਾਅਦਿਆਂ ਨੂੰ ਵਫਾ ਵੰਨੀਂ ਤੋਰਨ। ਕੁਝ ਕਸਮਾਂ ਪਾਓ ਤਾਂ ਕਿ ਮਨ ਦੀ ਕਰੜਾਈ ਤੇ ਪਕਿਆਈ ਵਿਚਲੀਆਂ ਚੋਰ-ਮੋਰੀਆਂ ਸਦਾ ਲਈ ਬੰਦ ਹੋ ਜਾਣ। ਆਪਣੇ ਸਿਰੜ ਤੇ ਸਦਾ ਸਥਿਰ ਰਹੋ। ਸਾਬਤ ਰਹਿਣ ਵਾਲੇ ਲੋਕ ਲਿਫ ਤਾਂ ਸਕਦੇ ਨੇ, ਪਰ ਕਦੇ ਟੁੱਟਦੇ ਨਹੀਂ। ਉਹ ਅਜਿਹੇ ਰੁਖ, ਜੋ ਤੁਫਾਨਾਂ ਵਿਚ ਸਿਰਫ ਲਿਫਦੇ। ਇਸ ਦੇ ਲੰਘ ਜਾਣ ਤੋਂ ਬਾਅਦ ਫਿਰ ਹਿੱਕ ਤਾਣ ਕੇ ਖੜੇ ਹੋ ਜਾਂਦੇ ਛਾਂਵਾਂ ਵੰਡਣ, ਹਰਿਆਵਲ ਦਾ ਰਾਗ ਪੈਦਾ ਕਰਨ ਅਤੇ ਪਰਿੰਦਿਆਂ ਦੇ ਘਰਾਂ ਦੀ ਤਾਮੀਰਦਾਰੀ ਕਰਨ।

ਨਵੇਂ ਸਾਲ ਦੇ ਪਹਿਲੇ ਵਰਕੇ 'ਤੇ ਇਹ ਜਰੂਰ ਲਿਖਣਾ ਕਿ ਬੀਤੇ ਨੂੰ ਭੁੱਲ ਜਾਣਾ, ਇਕ ਨਵੀਂ ਸ਼ੁਰੂਆਤ ਕਰਨੀ ਹੁੰਦੀ। ਸੁਪਨਗੋਈ ਵਿਚ ਨਵੀਂਆਂ ਖਾਬਗਾਹਾਂ ਦੀ ਸਿਰਜਣਾ ਕਰਨੀ। ਖਾਬਗਾਹਾਂ ਜੋ ਸਰਬ-ਸਾਂਝੀਆਂ ਹੋਣ, ਜਿਨ੍ਹਾਂ 'ਚ ਖੁਸ਼ੀਆਂ ਤੇ ਖੇੜਿਆਂ ਦਾ ਵਾਸ ਹੋਵੇ, ਸਰਬ-ਸੁਖਨ ਅਤੇ ਸ਼ੁਭ-ਚਿੰਤਨ ਦੀ ਲਾਲਸਾ ਹੋਵੇ ਅਤੇ ਕੁਝ ਚੰਗੇਰਾ ਕਰਨ ਦਾ ਉਦਮ, ਆਦੇਸ਼ ਤੇ ਸੰਦੇਸ਼ ਹੋਵੇ। ਇਸ ਨਾਲ ਸੂਰਜ ਦੀ ਭਾਅ ਮਾਰਦੇ ਕੁਝ ਸਿਰਨਾਵੇਂ ਵਕਤ-ਵਰਕਿਆਂ ਦਾ ਹਾਸਲ ਬਣਨਗੇ, ਜੋ ਭਵਿਖ ਨੂੰ ਨਵਾਂ ਮਾਰਗ-ਦਰਸ਼ਨ ਦੇਣਗੇ।

ਸਾਲ ਦੇ ਪਹਿਲੇ ਦਿਨ-ਵਰਕੇ 'ਤੇ ਜਰੂਰ ਲਿਖਣਾ ਕਿ ਉਨ੍ਹਾਂ ਗਲਤੀਆਂ, ਖੁਨਾਮੀਆਂ, ਕਮੀਆਂ ਅਤੇ ਕੁਤਾਹੀਆਂ ਨੂੰ ਮੁੜ ਨਹੀਂ ਦੁਹਰਾਉਣਾ, ਜਿਨ੍ਹਾਂ ਕਰਕੇ ਜੀਵਨ 'ਚ ਨਮੋਸ਼ੀ ਹੋਈ, ਰਿਸ਼ਤਿਆਂ ਵਿਚ ਕੜਵਾਹਟ ਤੇ ਖਿਚੋਤਾਣ ਪੈਦਾ ਹੋਈ, ਸਬੰਧ ਵਿਗੜੇ, ਆਪਣਿਆਂ ਤੋਂ ਹੀ ਮਨ-ਉਚਾਟ ਹੋ ਗਿਆ, ਮਰਹਮ ਦੀ ਥਾਂ ਡੂੰਘੇ ਫੱਟ ਲਾਏ ਅਤੇ ਸ਼ਬਦਾਂ ਵਿਚ ਤਲਖੀ, ਕਰੋਧ, ਕਰੂਰਤਾ ਤੇ ਕੁੜੱਤਣ ਦਾ ਵਾਸਾ ਸੀ। ਇਨ੍ਹਾਂ ਨੂੰ ਸੋਧਣਾ ਅਤੇ ਖੁਦ ਨੂੰ ਸੰਭਾਲਣਾ। ਨਵੀਂ ਕਿਰਨ-ਕੀਰਤੀ ਪੈਦਾ ਕਰਨ ਲਈ ਨਵੀਂ ਵਿਉਂਤਬੰਦੀ ਕਰਨੀ, ਜੀਵਨੀ-ਸੁੱਚਮ ਨੂੰ ਨਵੀਂਆਂ ਬੁਲੰਦੀਆਂ ਹਾਸਲ ਹੋਣਗੀਆਂ।

ਅਜਿਹੀ ਆਸ ਤਾਂ ਨਵੇਂ ਸਾਲ ਦੇ ਪਹੁ-ਫੁਟਾਲੇ 'ਤੇ ਕਦਮ ਧਰਨ ਵਾਲਿਆਂ ਤੋਂ ਰੱਖੀ ਹੀ ਜਾ ਸਕਦੀ ਹੈ ਕਿਉਂਕਿ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ। ਇਸ ਨੂੰ ਹੋਰ ਹੁਸੀਨ ਅਤੇ ਸੁੰਦਰ ਬਣਾਉਣ ਦਾ ਖਬਤ ਖਿਆਲ ਬਣ ਜਾਵੇ ਤਾਂ ਹਰ ਦਿਨ ਹੀ ਨਵੇਂ ਸਾਲ ਦਾ ਪਹਿਲਾ ਦਿਨ ਹੁੰਦਾ।

## ਗੁਰੂ ਨਾਨਕ ਤੇ ਅੱਜ-2

# ਹਿੰਦੂ ਦਾ ਗੁਰੂ ਮੁਸਲਮਾਨਾਂ ਦਾ ਪੀਰ

*ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸਿੱਖ ਕੌਮ ਨੇ ਹਾਲ ਹੀ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਹੈ, ਪਰ ਕੀ ਅਸੀਂ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਚੱਲ ਰਹੇ ਹਾਂ? ਹਾਲ ਹੀ ਵਿਚ ਖੁੱਲ੍ਹੇ ਕਰਤਾਰਪੁਰ ਦੇ ਲਾਂਘੇ ਲਈ ਤਾਂ ਬੜੇ ਯਤਨ ਹੋਏ ਨੇ, ਪਰ ਗੁਰੂ ਲਈ ਆਪਣੇ ਦਿਲਾਂ ਦੇ ਬੰਦ ਪਏ ਦਰਵਾਜੇ ਕਦੋਂ ਖੋਲ੍ਹਾਂਗੇ? ਗੁਰੂ ਸਾਹਿਬ ਦੀ ਬਾਣੀ ਤਾਂ ਹੋਰ ਕਹਿੰਦੀ ਹੈ, ਪਰ ਧਰਮ ਦੇ ਠੇਕੇਦਾਰਾਂ ਨੇ ਸਭ ਕੁਝ ਬਾਣੇ ਨੂੰ ਬਣਾ ਲਿਆ ਏ। ਭਾਈ ਮਰਦਾਨਾ ਹਮੇਸ਼ਾ ਗੁਰੂ ਨਾਨਕ ਦੇਵ ਜੀ ਦੇ ਨਾਲ ਰਿਹਾ, ਅੱਜ ਉਸ ਦੇ ਵਾਰਸਾਂ ਨੂੰ ਹਰਿਮੰਦਰ ਸਾਹਿਬ ਕੀਰਤਨ ਕਰਨ ਦੀ ਇਜਾਜ਼ਤ ਨਹੀਂ। ਗੁਰੂ ਸਾਹਿਬ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਕਹਿ ਕੇ ਔਰਤ ਨੂੰ ਵੱਡਾ ਦਰਜਾ ਦਿੱਤਾ ਸੀ। ਕੀ ਅੱਜ ਔਰਤਾਂ ਨੂੰ ਉਹ ਦਰਜਾ ਹਾਸਲ ਹੈ? ਗੁਰੂ ਸਾਹਿਬ ਹਿੰਦੂਆਂ ਤੇ ਮੁਸਲਮਾਨਾਂ ਦੇ ਸਾਂਝੇ ਗੁਰੂ ਸਨ। ਅੱਜ ਵੰਡੀਆਂ ਕਿਉਂ ਪਈਆਂ ਹਨ? ਅਸੀਂ ਗੁਰੂ ਨੂੰ ਆਪਣਾ ਬਣਾ ਲਿਆ, ਦੂਜਿਆਂ ਤੋਂ ਖੋਹ ਲਿਆ। ਗੁਰੂ ਦੁਆਲੇ ਧੁੰਦ ਲਪੇਟ ਦਿੱਤੀ। ਸਾਂਝੀਵਾਲਤਾ ਦੀ ਥਾਂ ਕੇਵਲ ਮੈਂ, ਮੇਰੀ ਭਾਰੂ ਹੋ ਗਈ ਏ। ਬਾਬੇ ਦਾ ਤੂੰ ਤੇਰਾ ਦਾ ਸਬਕ ਕਿਉਂ ਭੁੱਲ ਗਏ ਹਾਂ? ਇਹ ਕੁਝ ਸਵਾਲ ਹਨ ਜੋ ਨਾਮੀ ਸਾਹਿਤਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਇਸ ਗਹਿਰ ਗੰਭੀਰ ਲੇਖ ਵਿਚ ਉਠਾਏ ਹਨ। ਪੇਸ਼ ਹੈ, ਲੇਖ ਦੀ ਦੂਜੀ ਤੇ ਆਖਰੀ ਕਿਸ਼ਤ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਰਾਬਿੰਦਰ ਨਾਥ ਟੈਗੋਰ ਤੋਂ ਵੱਡਾ ਹਿੰਦੂ ਕਿਹੜਾ ਹੋ ਸਕਦਾ ਏ, ਜੋ ਜਦ ਵੀ ਲਾਹੌਰ ਆਉਂਦਾ, ਉਦੋਂ ਹੀ ਅੰਮ੍ਰਿਤਸਰ ਆ ਕੇ ਸ੍ਰੀ ਦਰਬਾਰ ਸਾਹਿਬ ਵਿਚ ਗੁਰਬਾਣੀ ਦਾ ਕੀਰਤਨ ਘੰਟਿਆਂ ਬੱਧੀ ਸੁਣਦਾ। ਜਦੋਂ ਕਿਸੇ ਨੇ ਕਿਹਾ ਕਿ ਤੁਸੀਂ ਦੇਸ਼ ਦਾ ਕੌਮੀ ਤਰਾਨਾ ਲਿਖਿਆ ਏ, ਹੁਣ ਵਿਸ਼ਵ ਦਾ ਤਰਾਨਾ ਵੀ ਲਿਖੋ। ਤਾਂ ਉਹਨੇ ਬੜੀ ਨਿਮਰਤਾ ਨਾਲ ਕਿਹਾ ਸੀ, "ਮੈਂ ਤਾਂ ਭਾਰਤ ਦਾ ਤਰਾਨਾ ਲਿਖਿਆ ਏ, ਪਰ ਗੁਰੂ ਨਾਨਕ ਸਾਹਿਬ ਤਾਂ ਪੰਜ ਸੌ ਸਾਲ ਪਹਿਲਾਂ ਹੀ ਪੂਰੇ ਵਿਸ਼ਵ ਦਾ, ਪੂਰੇ ਬ੍ਰਹਿਮੰਡ ਦਾ ਤਰਾਨਾ ਲਿਖ ਗਏ ਨੇ।"

ਜਦੋਂ ਬਲਰਾਜ ਸਾਹਨੀ ਨੇ ਸ਼ਾਂਤੀ ਨਿਕੇਤਨ ਵਿਚ 'ਹਿੰਦੀ ਸਾਹਿਤ ਸੰਮੇਲਨ' ਕਰਵਾਉਣ ਦਾ ਫੈਸਲਾ ਲਿਆ ਤਾਂ ਟੈਗੋਰ ਨੂੰ ਸੱਦਾ ਦੇਣ ਗਿਆ। ਟੈਗੋਰ ਨੇ ਕਿਹਾ, "ਮੈਂ ਹੈਰਾਨ ਹਾਂ, ਤੂੰ ਹਿੰਦੀ ਵਿਚ ਕਿਉਂ ਲਿਖਦਾਂ ਏਂ, ਤੇਰੀ ਮਾਂ ਬੋਲੀ ਤਾਂ ਪੰਜਾਬੀ ਹੈ।"



**ਵਰਿਆਮ ਸਿੰਘ ਸੰਧੂ**
**ਫੋਨ: 91-98726-02296**

ਬਲਰਾਜ ਸਾਹਨੀ ਨੇ ਜੁਆਬ ਦਿੱਤਾ, "ਪੰਜਾਬੀ ਨੂੰ ਪੱਛੜੀ, ਤੇ ਗਵਾਰੂ ਜ਼ੁਬਾਨ ਮੰਨਿਆ ਜਾਂਦਾ ਹੈ; ਇਸੇ ਕਰ ਕੇ ਪੰਜਾਬ ਵਿਚ ਉਰਦੂ ਜਾਂ ਹਿੰਦੀ ਵਿਚ ਲਿਖਣ ਵਾਲੇ ਹੀ ਜ਼ਿਆਦਾ ਹਨ।"

ਟੈਗੋਰ ਨੇ ਕਿਹਾ, "ਮੈਂ ਤੇਰੇ ਨਾਲ ਸਹਿਮਤ ਨਹੀਂ। ਜਿਸ ਭਾਸ਼ਾ ਵਿਚ ਗੁਰੂ ਨਾਨਕ ਨੇ ਲਿਖਿਆ ਹੋਵੇ, ਉਹ ਪੱਛੜੀ ਹੋਈ ਕਿਵੇਂ ਕਹੀ ਜਾ ਸਕਦੀ ਹੈ।"

ਸਰਬਸਾਂਝੀਵਾਲਤਾ ਵਾਲੇ ਪੰਜਾਬ ਬਾਰੇ ਝਾਤੀ ਮਾਰਦਿਆਂ ਮੇਰਾ ਧਿਆਨ ਬਚਪਨ ਵੱਲ ਪਰਤਦਾ ਹੈ। ਅਸੀਂ ਵੇਖਦੇ ਰਹੇ ਹਾਂ ਕਿ ਸਾਡੇ ਪਿੰਡਾਂ ਵਿਚ ਹਿੰਦੂ ਗੁਰਦੁਆਰੇ ਵੀ ਜਾਂਦੇ ਸਨ ਤੇ ਦਿਨ-ਸੁਦ 'ਤੇ ਘਰਾਂ ਵਿਚ ਅਖੰਡ ਪਾਠ ਵੀ ਰਖਾਉਂਦੇ ਸਨ; ਪਰ ਅਸੀਂ ਸਿੱਖਾਂ ਨੇ ਹਿੰਦੂਆਂ ਕੋਲੋਂ ਵੀ ਗੁਰੂ ਨੂੰ ਖੋਹ ਲਿਆ।

ਹਰ ਮੇਲੇ ਉਤੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਮੇਤ ਕੀਰਤਨ ਕਰਦਾ ਜਲੂਸ ਸਾਰੇ ਪਿੰਡ ਵਿਚੋਂ ਗੁਜ਼ਰਦਾ। ਸਾਡਾ ਘਰ ਬਾਜ਼ਾਰ ਵਿਚ ਸੀ। ਜਲੂਸ ਬਾਜ਼ਾਰ ਵਿਚੋਂ ਗੁਜ਼ਰ ਰਿਹਾ ਹੁੰਦਾ ਤਾਂ ਢੋਲਕੀ ਛੈਣਿਆਂ ਵਾਲੇ ਸਿੰਘ ਅਕਸਰ ਇਹ ਸ਼ਬਦ ਹੀ ਪੜ੍ਹਿਆ ਕਰਦੇ,

"ਰੰਗ ਰੰਗ ਦੀ ਵਜਾਉਂਦਾ ਬੰਸਰੀ; ਨਾਲੇ ਕਾਹਨ ਗਊਆਂ ਚਾਰਦਾ।"

ਉਦੋਂ ਬੱਚਾ ਹੋਣ ਕਰਕੇ ਕਈ ਸਾਲ ਤਾਂ ਮੇਰੇ ਮਨ ਵਿਚ ਇਹੋ ਹੀ ਰਿਹਾ ਕਿ ਸ਼ਾਇਦ ਜਲੂਸ ਵਿਚ ਸਾਰੇ ਰਾਹ ਇਹੋ ਇੱਕੋ ਸ਼ਬਦ ਹੀ ਗਾਇਆ ਜਾਂਦਾ ਹੋਵੇ, ਪਰ ਥੋੜ੍ਹੀ ਸੋਝੀ ਆਉਣ 'ਤੇ ਮੈਂ ਮਹਿਸੂਸ ਕੀਤਾ ਕਿ ਇਹ ਤਾਂ 'ਹਿੰਦੂ ਇਲਾਕੇ' ਵਿਚੋਂ ਲੰਘਦਿਆਂ ਹਿੰਦੂ ਭਾਈਚਾਰੇ ਪ੍ਰਤੀ ਆਪਸੀ ਸਾਂਝ ਅਤੇ ਪਿਆਰ ਪ੍ਰਗਟਾਉਣ ਦਾ ਇੱਕ ਸੂਖਮ ਇਸ਼ਾਰਾ ਸੀ ਅਤੇ ਇਹ ਦੱਸਣ ਦਾ ਯਤਨ ਸੀ ਕਿ 'ਬੰਸਰੀ ਵਾਲਾ ਵੀ ਉਨ੍ਹਾਂ ਦਾ ਆਪਣਾ ਹੀ ਹੈ।'

ਜਿਸ ਦਿਨ ਜਲੂਸ ਲੰਘਣਾ ਹੁੰਦਾ, ਉਸ ਦਿਨ ਬਾਜ਼ਾਰ ਵਾਲਿਆਂ ਵੱਲੋਂ ਸਾਰੇ ਬਾਜ਼ਾਰ ਦੀ ਉਚੇਚੀ ਸਫਾਈ ਕਰਵਾਈ ਜਾਂਦੀ। ਪਾਣੀ ਤਰੌਂਕਿਆ ਜਾਂਦਾ। ਗੁਰੂ ਗ੍ਰੰਥ ਸਾਹਿਬ ਦੀ ਬੀੜ ਲੰਘਦੀ ਤਾਂ ਦੁਕਾਨਾਂ ਵਿਚੋਂ ਬਾਹਰ ਨਿਕਲ ਕੇ ਹੱਥ ਜੋੜੀ ਖਲੋਤੇ ਹਿੰਦੂ ਦੁਕਾਨਦਾਰ ਅੱਗੇ ਵਧ ਕੇ, ਸਿਰ ਝੁਕਾ ਕੇ, ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ। ਜਿੰਨਾ ਚਿਰ ਜਲੂਸ ਲੰਘ ਨਾ ਜਾਂਦਾ, ਉਹ ਹੱਥ ਜੋੜ ਕੇ ਅਦਬ ਵਿਚ ਖਲੋਤੇ ਰਹਿੰਦੇ। ਜਦੋਂ ਜਲੂਸ 'ਦੇਵੀ-ਦੁਆਰੇ' ਵਾਲੇ ਪੜਾਅ 'ਤੇ ਪਹੁੰਚਦਾ ਤਾਂ ਅੱਗੇ ਪਿੰਡ ਦੇ ਮੁਖੀ ਹਿੰਦੂ ਸਿਰ ਉਤੇ ਚਿੱਟੀਆਂ ਪੱਗਾਂ ਬੰਨ੍ਹ ਕੇ ਸੁਆਗਤ ਲਈ ਹਾਜ਼ਰ ਹੁੰਦੇ। ਗੁਰਦੁਆਰੇ ਲਈ ਮਾਇਆ ਅਰਦਾਸ ਕਰਾਉਂਦੇ। ਕਵੀਸ਼ਰ ਅਤੇ ਢਾਡੀ ਸਿੰਘ ਹਿੰਦੂ-ਮਿਥਿਹਾਸ ਵਿਚੋਂ ਕਿਸੇ ਨਾ ਕਿਸੇ ਕਥਾ ਦਾ ਗਾਇਨ ਕਰਦੇ। ਆਮ ਤੌਰ 'ਤੇ ਦ੍ਰੋਪਦੀ ਦੇ ਚੀਰ-ਹਰਨ ਅਤੇ ਭਗਵਾਨ ਕ੍ਰਿਸ਼ਨ ਵੱਲੋਂ ਉਸ ਦੀ ਰੱਖਿਆ ਕੀਤੇ ਜਾਣ ਜਾਂ ਰਾਮ ਜੀ ਵੱਲੋਂ ਭੀਲਣੀ ਦੇ ਬੇਰ ਖਾਣ ਵਾਲੀ ਕਥਾ ਸੁਣਾਈ ਜਾਂਦੀ। ਉਸ ਪਿਛੋਂ ਜੈਕਾਰੇ ਛੱਡਦਾ ਜਲੂਸ ਅਗਲੇ ਪੜਾਅ ਲਈ ਤੁਰ ਪੈਂਦਾ।

ਦੇਵੀ-ਦੁਆਰੇ ਵਿਚ ਹਰ ਸਾਲ ਜਨਮ-ਅਸ਼ਟਮੀ ਮਨਾਈ ਜਾਂਦੀ। ਸ਼ਹਿਰਾਂ 'ਚੋਂ ਮੰਗਵਾਏ ਗਏ ਪ੍ਰਸਿੱਧ ਹਿੰਦੂ ਕੀਰਤਨੀਏ ਦੀਵਾਨ ਲਾਉਂਦੇ ਭਗਵਾਨ ਕ੍ਰਿਸ਼ਨ ਦੇ ਜੀਵਨ-ਸਮਾਚਾਰ ਅਤੇ ਭਗਤੀ-ਗਾਇਨ ਸੁਣਨ ਲਈ ਪਿੰਡ ਦੇ ਕਿਸਾਨ ਅਤੇ ਹੋਰ ਜਾਤਾਂ ਦੇ ਲੋਕ ਦੀਵਾਨ ਵਿਚ ਪੁੱਜਦੇ। ਉਗਰਾਹੀ ਵੀ ਦਿੰਦੇ। ਇਸ ਤਰ੍ਹਾਂ ਜਨਮ-ਅਸ਼ਟਮੀ ਵੀ ਪਿੰਡ ਦਾ ਸਾਂਝਾ ਤਿਓਹਾਰ ਹੋ ਨਿੱਬੜਦਾ। ਏਨਾ ਹੀ ਨਹੀਂ, ਬਾਜ਼ਾਰ ਵਿਚ ਚਮੜੇ ਦਾ ਕੰਮ ਕਰਨ ਵਾਲੇ ਕਾਰੀਗਰ ਹਰ ਸਾਲ ਭਗਤ ਰਵਿਦਾਸ ਜੀ ਦਾ ਜਨਮ-ਦਿਹਾੜਾ ਮਨਾਉਂਦੇ। ਉਹ ਬਾਜ਼ਾਰ ਵਿਚ ਹੀ ਕਿਸੇ ਖੁੱਲ੍ਹੇ ਥਾਂ 'ਤੇ ਸ਼ਾਮਿਆਨੇ ਤੇ ਕਨਾਤਾਂ ਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਅਤੇ ਉਨ੍ਹਾਂ ਵੱਲੋਂ ਸੱਦੇ ਬੁਲਾਏ ਅਤੇ ਕੀਰਤਨੀਏ ਭਗਤ ਰਵਿਦਾਸ ਜੀ ਦੀ ਬਾਣੀ ਦਾ ਗਾਇਨ ਵੀ ਕਰਦੇ ਤੇ ਸੰਗਤਾਂ ਨੂੰ ਉਨ੍ਹਾਂ ਦੇ ਜੀਵਨ-ਸਮਾਚਾਰ ਵੀ ਸੁਣਾਉਂਦੇ। ਇਥੇ ਵੀ ਪਿੰਡ ਦੇ ਸਾਰੀਆਂ ਜਾਤਾਂ ਦੇ ਲੋਕ ਸਤਿਕਾਰ ਵਜੋਂ ਹਾਜ਼ਰੀ ਭਰਦੇ।

ਇੰਜ ਹੀ ਸਾਡੇ ਪਿੰਡ ਬਾਬੇ ਸ਼ਾਹ ਮਾਲਕ ਅਤੇ ਬਾਬੇ ਸ਼ਾਹ ਜਮਾਲ ਦੀਆਂ ਕਬਰਾਂ 'ਤੇ ਵੀ ਦੇਸ਼-ਵੰਡ ਤੋਂ ਪਹਿਲਾਂ ਮੇਲੇ ਲੱਗਦੇ ਹੁੰਦੇ ਸਨ। ਹੁਣ ਭਾਵੇਂ ਮੁਸਲਮਾਨ ਚਲੇ ਗਏ ਸਨ, ਪਰ ਕਦੀ ਕਦੀ ਕੋਈ ਖੁੱਲ੍ਹ-ਦਿਲੇ ਫਕੀਰੀ ਰੂਹ ਵਾਲੇ ਲੋਕ ਇਨ੍ਹਾਂ ਪੀਰਾਂ ਦੀ ਜਗ੍ਹਾ 'ਤੇ ਵੀ ਉਗਰਾਹੀ ਕਰਕੇ ਮੇਲਾ-ਗੇਲਾ ਕਰਾ ਦਿੰਦੇ। ਉਹ ਕਵਾਲਾਂ ਨੂੰ ਸੱਦਦੇ ਅਤੇ ਕਵੀ-ਕਵੀਸ਼ਰਾਂ ਨੂੰ ਵੀ। ਮਿੱਠੇ ਚੌਲਾਂ ਦੀਆਂ ਦੇਗਾਂ ਚੜ੍ਹਦੀਆਂ ਤੇ ਲੰਗਰ ਲਾਇਆ ਜਾਂਦਾ।

ਇਹ ਸੀ ਪੰਜਾਬੀਆਂ ਦੀ ਸਰਬ-ਸਾਂਝੀਵਾਲਤਾ ਵਾਲਾ ਪੰਜਾਬ। ਪਰ ਅੱਜ ਤਾਂ ਦੀਵਾਲੀ ਵੀ ਸਾਡੀ ਨਹੀਂ, ਰੱਖੜੀ ਵੀ ਸਾਡੀ ਨਹੀਂ, ਲੋਹੜੀ ਵੀ ਸਾਡੀ ਨਹੀਂ। ਸਾਂਝੀਵਾਲਤਾ ਵਾਲੇ ਪੰਜਾਬ ਬਾਰੇ ਹੋਰ ਚੰਗੀ ਤਰ੍ਹਾਂ ਜਾਣਨ ਲਈ ਥੋੜ੍ਹਾ ਪਿੱਛੇ ਪਰਤੀਏ।

ਜਦੋਂ 1762 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮੁੜ ਦਰਬਾਰ ਸਾਹਿਬ ਦੀ ਇਮਾਰਤ ਢਾਹ ਕੇ ਸਰੋਵਰ ਪੂਰ ਦਿੱਤਾ ਤਾਂ ਦੋ ਕੁ ਸਾਲਾਂ ਵਿਚ ਸਿੱਖ ਸਰਦਾਰਾਂ ਨੇ ਮਾਇਆ ਇਕੱਠੀ ਕਰ ਕੇ ਸ. ਜੱਸਾ ਸਿੰਘ ਆਹਲੂਵਾਲੀਏ ਤੋਂ ਦਰਬਾਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ ਤੇ ਸਾਰੀ ਮਾਇਆ ਸੁਰ ਸਿੰਘ (ਮੇਰੇ ਪਿੰਡ) ਦੇ ਗੁਰ-ਸਿੱਖ ਸ਼ਾਹੂਕਾਰ ਖੱਤਰੀ ਭਾਈ ਦੇਸ ਰਾਜ ਨੂੰ ਦੇ ਕੇ ਦਰਬਾਰ ਸਾਹਿਬ ਦੀ ਇਮਾਰਤ ਤਾਮੀਰ ਕਰਵਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ।

ਉਹਨੇ ਕਿਹਾ ਕਿ ਪੰਥ ਨੇ ਮੇਰੇ 'ਤੇ ਐਨਾ ਭਰੋਸਾ ਕੀਤਾ ਏ ਤੇ ਮੇਰੀ ਸ਼ਾਹਗਿਰੀ ਹੁਣ ਕਿਹੜੇ ਕੰਮ ਦੀ ਏ। ਮੈਂ ਤੇ ਉਸ ਸ਼ਾਹ ਦਾ ਗੁਲਾਮ ਹੋ ਗਿਆ ਹਾਂ। ਆਪਣੀ ਸਾਰੀ ਜਾਇਦਾਦ ਵੇਚ ਦਿੱਤੀ ਤੇ ਜੋ ਵੀ ਪੈਸਾ ਇਕੱਠਾ ਹੋਇਆ, ਉਹ ਵੀ ਦਰਬਾਰ ਸਾਹਿਬ ਦੀ ਉਸਾਰੀ ਵਾਸਤੇ ਲਾ ਦਿੱਤਾ ਤੇ ਖੁਦ ਅੰਮ੍ਰਿਤਸਰ ਵਿਚ ਜਾ ਕੇ ਦੋਹਾਂ ਜੀਆਂ ਨੇ ਅੱਠ ਫੁੱਟ ਜਰਬ ਦਸ ਫੁੱਟ ਦੀ ਕੋਠੜੀ ਵਿਚ ਵਾਸਾ ਕਰ ਲਿਆ।

ਸੰਗਤਾਂ ਚੂਨਾ ਪੀਸਦੀਆਂ ਨੇ ਚੱਕੀਆਂ 'ਤੇ। ਚੂਨਾ ਪਿਸਦਾ ਪਿਆ, ਆਵੇ ਚੜ੍ਹੇ ਪਏ ਨੇ, ਇੱਟਾਂ ਪੱਕਦੀਆਂ ਪਈਆਂ ਨੇ, ਇਸ ਸਭ ਕੁਝ ਨਾਲ ਦਰਬਾਰ ਸਾਹਿਬ ਦੀ ਇਮਾਰਤ ਉਸਾਰੀ ਜਾਣੀ ਏ। ਇਕ ਰਾਤ ਦੋਵੇਂ ਜੀਅ ਲੇਟੇ ਹੋਏ ਨੇ। ਸਰੋਂ ਦੇ ਤੇਲ ਦਾ ਦੀਵਾ ਬਲਦਾ ਪਿਆ ਏ। ਪਤਨੀ ਕਹਿੰਦੀ ਏ, "ਸੁਆਮੀ ਜੀ, ਮੇਰੇ ਮਨ ਵਿਚ ਇਕ ਖਿਆਲ ਆਇਐ; ਆਖੋ ਤਾਂ ਆਪ ਨਾਲ ਸਾਂਝਾ ਕਰ ਲਵਾਂ?"

ਉਹ ਕਹਿੰਦਾ, "ਦਸ ਭਾਗਵਾਨੇ! ਕੀ ਖਿਆਲ ਆਇਆ?"

ਕਹਿੰਦੀ, "ਜੇ ਤੁਸੀਂ ਆਗਿਆ ਦਿਓ ਤਾਂ ਇਸ ਕੰਧ 'ਤੇ ਔਹ ਨੁੱਕਰ ਵਿਚ ਥੋੜ੍ਹੀ ਜਿਹੀ ਤਰੇੜ ਆਈ ਹੋਈ ਏ, ਮੈਂ ਸਵੇਰੇ ਇਕ ਮੁੱਠ ਚੂਨਾ ਲੈ ਕੇ, ਗਿੱਲਾ ਕਰਕੇ ਇਸ ਤਰੇੜ ਉਤੇ ਲਾ ਦਵਾਂ?"

ਭਾਈ ਦੇਸ ਰਾਜ ਨੇ ਆਖਿਆ, "ਓ! ਭਲੀਏ ਲੋਕੇ! ਕਿੱਡਾ ਵੱਡਾ ਪਾਪ ਕੀਤਾ ਈ। ਗੁਰੂ ਘਰ ਦੀ ਇਮਾਰਤ ਵਾਸਤੇ ਪੀਸੇ ਜਾ ਰਹੇ ਚੂਨੇ ਵਿਚੋਂ ਇਕ ਮੁੱਠ ਲੈ ਕੇ ਭਾਵੇਂ ਤੂੰ ਆਪਣੀ ਕੋਠੜੀ ਦੀ ਤਰੇੜ ਨੂੰ ਨਹੀਂ ਲਾਈ, ਪਰ ਜੇ ਤੂੰ ਉਹਦਾ ਸੰਕਲਪ ਵੀ ਕਰ ਲਿਆ ਤਾਂ ਆਪਣੇ ਆਪ ਵਿਚ ਬਹੁਤ ਵੱਡਾ ਪਾਪ ਕੀਤਾ ਏ। ਤੈਨੂੰ ਉਸ ਪਾਪ ਦਾ ਪ੍ਰਾਸ਼ਚਿਤ ਕਰਨਾ ਪਵੇਗਾ। ਜਿੰਨਾ ਚੂਨਾ ਰੋਜ਼ ਪੀਸਦੀ ਏਂ, ਉਸ ਤੋਂ ਦੁਗਣਾ ਚੂਨਾ ਪੀਸਣਾ ਪਵੇਗਾ, ਤੇਰੇ ਗੁਨਾਹ ਦਾ ਕਫਾਰਾ ਤਾਂ ਹੀ ਹੋਵੇਗਾ।

ਗੁਰਦੁਆਰੇ ਦੀ ਇਮਾਰਤ ਨੂੰ ਬਣਾਉਣ ਵਾਸਤੇ ਪੀਸੇ ਜਾ ਰਹੇ ਚੂਨੇ ਦੀ ਇਕ ਮੁੱਠ ਆਪਣੇ ਘਰ ਲਾਉਣ ਦਾ ਸੰਕਲਪ ਹੀ ਲਿਆ ਸੀ ਤੇ ਇਹਨੂੰ ਬਹੁਤ ਵੱਡਾ ਗੁਨਾਹ ਮੰਨਿਆ ਸੀ, ਪਰ ਅੱਜ ਉਸ ਗੁਰੂ ਘਰਾਂ ਨੂੰ ਲੱਗ ਰਹੇ 'ਚੂਨੇ' ਦਾ ਕੀ ਹੋ ਰਿਹਾ ਹੈ, ਇਹ ਤੁਸੀਂ ਮੇਰੇ ਨਾਲੋਂ ਬਿਹਤਰ ਜਾਣਦੇ ਈ ਓ, ਪਰ ਜੇ ਦਰਬਾਰ ਸਾਹਿਬ ਦਾ ਉਸਰਈਆ ਭਾਈ ਦੇਸ ਰਾਜ ਅੱਜ ਆਵੇ ਤਾਂ ਉਹਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ, ਕਿਉਂਕਿ ਉਹ ਅਜੋਕੀ ਰਾਜਨੀਤੀ ਦੇ ਮਿਆਰਾਂ ਮੁਤਾਬਕ 'ਸਿੱਖ' ਨਹੀਂ। ਹੋਵੇਗਾ ਉਹ 'ਗੁਰਸਿੱਖ ਖੱਤਰੀ' (ਇਤਿਹਾਸ ਵਿਚ ਉਸ ਬਾਰੇ ਏਹੋ ਲਿਖਿਆ ਏ), ਸ. ਜੱਸਾ ਸਿੰਘ ਆਹਲੂਵਾਲੀਏ ਤੇ ਹੋਰ ਮਿਸਲਾਂ ਦੇ ਸਰਦਾਰਾਂ ਅਤੇ ਤਦੋਂ ਕੇ ਸਮੁੱਚੇ ਪੰਥ ਲਈ, ਪਰ ਅਜੋਕੇ ਪੰਥ ਨੇ ਉਹਨੂੰ ਤੇ ਪਤਾ ਨਹੀਂ ਹੋਰ ਕਿੰਨੇ ਲੋਕਾਂ ਨੂੰ ਪੰਥ ਤੋਂ ਵੱਖ ਕਰ ਦਿੱਤਾ ਏ।

ਯਾਦ ਰੱਖੋ 'ਗੁਰਸਿੱਖ ਖੱਤਰੀ' ਭਾਈ ਦੇਸ ਰਾਜ ਅੱਜ ਵੋਟ ਨਹੀਂ ਪਾ ਸਕਦਾ, ਗੁਰਦੁਆਰਿਆਂ ਦੇ ਪ੍ਰਬੰਧ ਤੇ ਸਾਂਭ-ਸੰਭਾਲ ਵਾਸਤੇ।

ਜਦੋਂ ਤੁਸੀਂ ਅਗਲੇ ਨੂੰ ਆਪ ਹੀ ਆਖੋਗੇ ਕਿ ਤੂੰ ਸਾਡਾ ਆਪਣਾ ਨਹੀਂ ਤਾਂ ਅਗਲਾ ਕਿਉਂ ਤੁਹਾਨੂੰ ਆਪਣਾ ਸਮਝੂ?

ਕਾਰਨ ਕੋਈ ਵੀ ਹੋਵੇ, ਪਰ ਜਿਸ ਮਰਦਾਨੇ ਨੂੰ ਬਾਬੇ ਨਾਨਕ ਨੇ ਸਾਰੀ ਉਮਰ ਗਲ ਨਾਲ ਲਾ ਕੇ ਰੱਖਿਆ; ਅਸੀਂ ਉਸੇ ਮਰਦਾਨੇ ਨੂੰ ਆਪਣੇ ਗਲ ਨਾਲੋਂ ਤੋੜ ਵਿਛੋੜ ਦਿੱਤਾ ਜਾਂ ਉਹ ਸਾਥੋਂ ਵਿਛੜ ਗਿਆ, ਪਰ ਇਸ 'ਚ ਵੀ ਕੋਈ ਸ਼ੱਕ ਨਹੀਂ ਕਿ ਮੁਸਲਮਾਨ ਗੁਰੂ ਜੀ ਨੂੰ ਆਪਣਾ ਪੀਰ ਮੰਨਦੇ ਸਨ। ਸਦੀਆਂ ਤੋਂ ਹੀ ਉਕਤੀ ਪ੍ਰਚਲਿਤ ਹੈ,

ਨਾਨਕ ਸ਼ਾਹ ਫਕੀਰ
ਹਿੰਦੂ ਦਾ ਗੁਰੂ, ਮੁਸਲਮਾਨਾਂ ਦਾ ਪੀਰ।

ਮੱਕੇ ਤੋਂ ਵਾਪਸੀ ਤੇ ਬਗਦਾਦ ਠਹਿਰੇ ਲਿਖਿਆ ਮਿਲਦਾ: ਗੁਰੂ ਨਾਨਕ ਐਲਦੀ ਹਜ਼ਰਤ ਰਬੂੱਲ ਮਜੀਦ। ਬਾਬਾ ਨਾਨਕ ਫਕੀਰ

ਅਰਥ ਬਣੇ: ਗੁਰੂ ਬਾਬਾ ਅਕਾਲ ਪੁਰਖ।

ਇਕੋ ਖੁਦਾ ਨੂੰ ਮੰਨਣ ਵਾਲੇ ਮੁਸਲਮਾਨ ਜੇ ਉਨ੍ਹਾਂ ਨੂੰ ਇੰਜ ਯਾਦ ਕਰਦੇ ਨੇ ਤਾਂ ਉਨ੍ਹਾਂ ਦੀ ਵਡਿਆਈ ਸਮਝ ਪੈ ਜਾਂਦੀ ਹੈ। ਇਕ ਰੱਬ ਦੇ ਸਿਧਾਂਤ ਨੂੰ ਇਸਲਾਮ ਵਿਚ ਵੀ ਮਾਨਤਾ ਹੈ। ਡਾ. ਇਕਬਾਲ ਨੇ ਗੁਰੂ ਸਾਹਿਬ ਦੀ ਅਜ਼ਮਤ ਦਾ ਬਿਆਨ ਕੁਝ ਇੰਜ ਕੀਤਾ ਸੀ,

ਫਿਰ ਉਠੀ ਆਖਿਰ
ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ-ਕਾਮਿਲ ਨੇ
ਜਗਾਇਆ ਖਵਾਬ ਸੇ।

ਸਾਂਝੀ ਪੰਜਾਬੀਅਤ ਦੇ ਸ਼ੈਦਾਈ ਬਾਬੂ ਫਿਰੋਜ਼ਦੀਨ ਸ਼ਰਫ ਨੇ ਕਦੀ ਲਿਖਿਆ ਸੀ,

ਦੁਨੀਆ ਥੱਕ ਗਈ ਏ
ਗਿਣ ਗਿਣ ਗੁਣ ਤੇਰੇ,
ਪਾਇਆ ਅੰਤ ਨਾ ਗੁਣੀ ਗਹੀਰ ਨਾਨਕ।
ਕਰਾਂ ਦੱਸ ਕੀ ਸ਼ਾਨ ਬਿਆਨ ਤੇਰੀ?
ਗੁਰੂ ਸਿੱਖਾਂ ਦੇ 'ਸ਼ਰਫ' ਦੇ ਪੀਰ ਨਾਨਕ।

ਡਾ. ਹਰਿਭਜਨ ਸਿੰਘ ਦੀ ਨਜ਼ਮ ਸੀ,

ਮੇਰਾ ਨਾਨਕ ਇਕੱਲਾ ਰਹਿ ਗਿਆ ਹੈ,
ਬਹੁਤ ਦਿਨ ਹੋਏ ਸੰਗਤ 'ਚ ਹੁਣ ਕਦੇ ਮਰਦਾਨਾ ਨਹੀਂ ਆਇਆ!

ਦੇਸ਼ ਵੰਡ ਤੋਂ ਪਹਿਲਾਂ ਮੁਸਲਮਾਨ ਕੀਰਤਨੀਏ ਗੁਰੂ ਘਰਾਂ ਵਿਚ ਗੁਰਬਾਣੀ ਦਾ ਕੀਰਤਨ ਕਰਦੇ ਰਹੇ। ਪ੍ਰਸਿੱਧ ਲੋਕ ਗਾਇਕ ਤੁਫੈਲ ਨਿਆਜ਼ੀ ਪਾਕਿਸਤਾਨ ਬਣਨ ਤੋਂ ਪਹਿਲਾਂ ਗੋਇੰਦਵਾਲ ਸਾਹਿਬ ਗੁਰਦੁਆਰੇ ਵਿਚ ਹਜ਼ੂਰੀ ਰਾਗੀ ਵਜੋਂ ਕੀਰਤਨ ਕਰਦਾ ਰਿਹਾ। ਆਸਾ ਦੀ ਵਾਰ ਉਹਨੂੰ ਮਰਨ ਤੱਕ ਪੂਰੀ ਯਾਦ ਸੀ। ਭਾਈ ਮਰਦਾਨੇ ਦੇ ਵਾਰਸ ਹੋਰਨਾਂ ਗੁਰਦੁਆਰਿਆਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਵਿਚ ਵੀ ਕੀਰਤਨ ਕਰਦੇ ਰਹੇ, ਪਰ ਕੁਝ ਸਾਲ ਪਹਿਲਾਂ ਉਸੇ ਮਰਦਾਨੇ ਦੇ ਵਾਰਸ ਆਏ ਤਾਂ ਉਨ੍ਹਾਂ ਵੱਲੋਂ ਬੇਨਤੀ ਕਰਨ ਦੇ ਬਾਵਜੂਦ ਦਰਬਾਰ ਸਾਹਿਬ ਵਿਚ ਕੀਰਤਨ ਨਾ ਕਰਨ ਦਿੱਤਾ ਗਿਆ। ਅੰਮ੍ਰਿਤਧਾਰੀ ਹੋਣ ਦੀ ਜੋ ਸ਼ਰਤ ਉਹ ਪੂਰੀ ਨਹੀਂ ਸਨ ਕਰਦੇ, ਉਹ ਸ਼ਰਤ ਤਾਂ ਬਾਬਾ ਨਾਨਕ ਤੇ ਮਰਦਾਨਾ ਵੀ ਸ਼ਾਇਦ ਪੂਰੀ ਨਹੀਂ ਕਰਦੇ। ਜੇ ਅੱਜ ਉਹ ਆ ਜਾਣ ਤਾਂ ਕੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ? ਤੁਹਾਡੇ ਕੋਲ ਮੇਰੇ ਨਾਲੋਂ ਸ਼ਾਇਦ ਬਿਹਤਰ ਜਵਾਬ ਹੋਵੇ।

ਦੁੱਖ ਤੇ ਸ਼ਰਮ ਦੀ ਗੱਲ ਹੈ ਕਿ ਅਸੀਂ ਭਾਈ ਮਰਦਾਨੇ ਦੇ ਵਾਰਸਾਂ ਨੂੰ ਸਾਂਭ ਨਾ ਸਕੇ। ਉਹ ਅੱਜ ਤੱਕ ਕੀਰਤਨ ਨਾਲ ਜੁੜੇ ਰਹੇ, ਪਰ ਹੁਣ ਰੋਟੀ ਤੋਂ ਆਤੁਰ ਹੋਣ ਕਰ ਕੇ ਉਨ੍ਹਾਂ ਦੀ ਔਲਾਦ ਵਿਚੋਂ ਇਕ ਨੌਜਵਾਨ ਸਟੇਜਾਂ ਉਤੇ ਗਾਉਣ ਵਾਲਿਆਂ ਵਿਚ ਸ਼ਾਮਲ ਹੋਣ ਲਈ ਮਜਬੂਰ ਹੋ ਗਿਆ ਹੈ।

### ਦਿੱਖ ਅਤੇ ਤੱਤ ਦਾ ਫਰਕ

ਬਾਣੀ ਤੇ ਬਾਣੇ ਦੀ ਪ੍ਰਚਲਿਤ ਧਾਰਨਾ ਦੀ ਗੱਲ ਕਰੀਏ ਤਾਂ ਲੱਗਦਾ ਇਹੋ ਹੈ ਕਿ ਅੱਜ ਬਾਹਰੀ ਦਿੱਖ ਨੂੰ ਹੀ ਸਭ ਕੁਝ ਮੰਨ ਲਿਆ ਗਿਆ ਹੈ ਤੇ ਬਾਣੀ ਭੁਲਾ ਦਿੱਤੀ ਗਈ ਹੈ, ਪਰ ਬਾਹਰੀ ਦਿੱਖ ਬਾਰੇ ਗੁਰੂ ਸਾਹਿਬ ਤਾਂ ਬੜੇ ਸਾਫ ਸਨ। ਜਿੱਥੇ ਤੇ ਜਿਹੜੇ ਇਲਾਕੇ ਵਿਚ ਜਾਂਦੇ ਸਨ, ਉਨ੍ਹਾਂ ਲੋਕਾਂ ਨਾਲ ਅਪਣਤ ਦਾ ਰਿਸ਼ਤਾ ਬਣਾਉਣ ਲਈ ਓਹੋ ਜਿਹਾ ਵੇਸ ਬਣਾ ਲੈਂਦੇ ਸਨ,

ਬਾਬਾ ਫਿਰ ਮੱਕੇ ਗਯਾ
ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ
ਕੂਜਾ ਬਾਂਗ ਮੁਸੱਲਾ ਧਾਰੀ॥

ਬਾਹਰੀ ਪਹਿਰਾਵੇ ਜਾਂ ਬਾਹਰੀ ਚਿੰਨ੍ਹਾਂ ਦੀ ਥਾਂ ਗੁਰੂ ਸਾਹਿਬ ਸਦਾ ਅੰਦਰਲੇ ਮਾਨਵੀ ਗੁਣਾਂ ਨੂੰ ਤਰਜੀਹ ਤੇ ਮਾਣ ਦਿੰਦੇ ਹਨ। ਉਹ ਬਾਹਰਲੇ ਭੇਖ ਓਹਲੇ ਲੁਕੇ ਪਖੰਡ ਅਤੇ ਦੰਭ ਨੂੰ ਵਾਰ ਵਾਰ ਬੇਨਕਾਬ ਕਰਦੇ ਹਨ,

ਮਥੇ ਟਿਕਾ ਤੇੜ ਧੋਤੀ ਕਖਾਈ॥
ਹਥ ਛੁਰੀ ਜਗਤ ਕਸਾਈ॥
ਜਾਂ
ਧੋਤੀ ਟਿਕਾ ਤੈ ਜਪਮਾਲੀ
ਧਾਨੁ ਮਲੇਛਾਂ ਖਾਈ॥

ਜੇ ਬਾਹਰੀ ਚਿੰਨ੍ਹ ਆਪਣੇ ਪਿਛਲੇ ਅਰਥਾਂ ਤੋਂ ਵਿਯੋਗੇ ਜਾਂ ਵਿਛੁੰਨੇ ਜਾ ਚੁਕੇ ਹੋਣ ਤਾਂ ਉਹ ਚਿੰਨ੍ਹ ਧਾਰਨੇ ਕਿਸ ਅਰਥ? ਇਸੇ ਲਈ ਉਹ ਜਨੇਊ ਪਾਉਣ ਤੋਂ ਜ਼ਾਹਰਾ ਤੌਰ 'ਤੇ ਭਾਵੇਂ ਇਨਕਾਰੀ ਤਾਂ ਨਹੀਂ ਹੁੰਦੇ, ਸਗੋਂ ਸੂਖਮ ਢੰਗ ਨਾਲ ਇਹ ਸਮਝਾਉਂਦੇ ਨੇ ਕਿ ਅੰਦਰਲੇ ਮਾਨਵੀ ਗੁਣਾਂ ਤੋਂ ਖਾਲੀ ਬਾਣਾ ਜਾਂ ਬਾਹਰੀ ਚਿੰਨ੍ਹ ਤੇ ਤੀਰਥਾਂ 'ਤੇ ਇਸ਼ਨਾਨ ਕਰ ਕੇ ਪਵਿੱਤਰ ਹੋ ਜਾਣ ਵਾਲੇ ਬਾਹਰੀ ਕਰਮ-ਕਾਂਡ ਤਾਂ ਇਸ ਤਰ੍ਹਾਂ ਹੀ ਹਨ ਜਿਵੇ, ਬਾਹਰੋਂ ਧੋਤੀ ਤੁੰਬੜੀ ਅੰਦਰ ਵਿਸ ਨਕੋਰ।

ਇਸੇ ਕਰ ਕੇ ਉਹ ਦਇਆ ਦੀ ਕਪਾਹ, ਸੰਤੋਖ ਦੇ ਸੂਤ ਤੇ ਜਤ ਦੀ ਗੰਢ ਤੇ ਸਤ ਦੇ ਵੱਟ ਵਾਲਾ ਜਨੇਊ ਪਹਿਨਾਏ ਜਾਣ ਦੀ ਮੰਗ ਕਰਦੇ ਹਨ।

ਗੁਰੂ ਜੀ ਨੇ ਵੇਲੇ ਦੇ ਦੋਵਾਂ ਧਰਮਾਂ ਦੇ ਬਾਹਰੀ ਭੇਖ ਤੇ ਪਖੰਡ ਨੂੰ ਰੱਦ ਕੀਤਾ ਤੇ ਧਰਮ ਦਾ ਤੱਤ ਤੇ ਸੱਚ ਸਾਂਝਾ ਕਰਦਿਆਂ ਹਿੰਦੂ ਵਾਂਗ ਹੀ ਮੁਸਲਮਾਨ ਨੂੰ ਕਿਹਾ,

ਮਿਹਰ ਮਸੀਤਿ ਸਿਦਕੁ ਮੁਸਲਾ
ਹਕ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਣੁ॥

ਸੋ ਗੁਰੂ ਸਾਹਿਬ ਦੀ ਬਾਣੀ ਤਾਂ ਹੋਰ ਕਹਿੰਦੀ ਹੈ, ਪਰ ਧਰਮ ਦੇ ਠੇਕੇਦਾਰਾਂ ਨੇ ਸਭ ਕੁਝ ਬਾਣੇ ਨੂੰ ਬਣਾ ਲਿਆ ਏ। ਅਸੀਂ ਬਾਣੇ ਦਾ ਵਿਰੋਧ ਨਹੀਂ ਕਰਦੇ। ਸਾਡੀ ਇੱਛਾ ਵੀ ਹੈ ਤੇ ਬੜੀ ਵਾਜਬ ਮੰਗ ਹੈ ਕਿ ਉਹ ਬਾਣਾ ਜੰਮ ਜੰਮ ਪਹਿਨਣ। ਹੋਰਾਂ ਨੂੰ ਪਹਿਨਣ ਲਈ ਵੀ ਪ੍ਰੇਰਨ, ਪਰ ਬੁਨਿਆਦੀ ਗੱਲ ਤਾਂ ਆਪਣੇ ਕਿਰਦਾਰ ਨੂੰ ਬਾਣੀ ਅਨੁਸਾਰ ਢਾਲਣ ਦੀ ਹੈ। ਬਾਣੇ ਵਾਲੇ ਦਾ ਕਿਰਦਾਰ ਜੇ 'ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।' ਵਾਂਗ ਕਹੇਂ ਦੀ ਧਾਤ ਨੂੰ ਘੋਟਣ ਬਾਅਦ ਹੇਠੋਂ ਕਾਲੇ ਕਿਰਦਾਰ ਵਾਲਾ ਨਿਕਲਣਾ ਹੈ ਤਾਂ ਦੂਜਿਆਂ ਨੂੰ ਗੁਰੂ ਵਾਲੇ ਨਾ ਹੋਣ ਜਾਂ ਨਾ ਬਣਨ ਦਾ ਸਵਾਲ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਅੰਦਰ ਜ਼ਰੂਰ ਝਾਤ ਮਾਰਨ ਦੀ ਲੋੜ ਹੈ।

ਪਰ ਨਿਰੋਲ ਰਹਿਤ 'ਤੇ ਜ਼ੋਰ ਦੇਣ ਵਾਲਿਆਂ ਨੇ ਸਾਡੇ ਵਿਚੋਂ ਬਹੁਤਿਆਂ ਨੂੰ ਤਾਂ ਸਿੱਖੀ ਵਿਚੋਂ ਹੀ ਛੇਕ ਛੱਡਿਆ ਹੈ।

ਸਾਡੇ ਤੁਹਾਡੇ ਵਿਚੋਂ ਬਹੁਤੇ ਆਪਣੇ ਆਪ

*(ਬਾਕੀ ਅਗਲੇ ਸਫੇ 'ਤੇ)*

**ਦੇਸ਼ ਵੰਡ ਤੋਂ ਪਹਿਲਾਂ ਮੁਸਲਮਾਨ ਕੀਰਤਨੀਏ ਗੁਰੂ ਘਰਾਂ ਵਿਚ ਗੁਰਬਾਣੀ ਦਾ ਕੀਰਤਨ ਕਰਦੇ ਰਹੇ। ਪ੍ਰਸਿੱਧ ਲੋਕ ਗਾਇਕ ਤੁਫੈਲ ਨਿਆਜ਼ੀ ਪਾਕਿਸਤਾਨ ਬਣਨ ਤੋਂ ਪਹਿਲਾਂ ਗੋਇੰਦਵਾਲ ਸਾਹਿਬ ਗੁਰਦੁਆਰੇ ਵਿਚ ਹਜ਼ੂਰੀ ਰਾਗੀ ਵਜੋਂ ਕੀਰਤਨ ਕਰਦਾ ਰਿਹਾ। ਆਸਾ ਦੀ ਵਾਰ ਉਹਨੂੰ ਮਰਨ ਤੱਕ ਪੂਰੀ ਯਾਦ ਸੀ। ਭਾਈ ਮਰਦਾਨੇ ਦੇ ਵਾਰਸ ਹੋਰਨਾਂ ਗੁਰਦੁਆਰਿਆਂ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਵਿਚ ਵੀ ਕੀਰਤਨ ਕਰਦੇ ਰਹੇ, ਪਰ ਕੁਝ ਸਾਲ ਪਹਿਲਾਂ ਉਸੇ ਮਰਦਾਨੇ ਦੇ ਵਾਰਸ ਆਏ ਤਾਂ ਉਨ੍ਹਾਂ ਵੱਲੋਂ ਬੇਨਤੀ ਕਰਨ ਦੇ ਬਾਵਜੂਦ ਦਰਬਾਰ ਸਾਹਿਬ ਵਿਚ ਕੀਰਤਨ ਨਾ ਕਰਨ ਦਿੱਤਾ ਗਿਆ। ਅੰਮ੍ਰਿਤਧਾਰੀ ਹੋਣ ਦੀ ਜੋ ਸ਼ਰਤ ਉਹ ਪੂਰੀ ਨਹੀਂ ਸਨ ਕਰਦੇ, ਉਹ ਸ਼ਰਤ ਤਾਂ ਬਾਬਾ ਨਾਨਕ ਤੇ ਮਰਦਾਨਾ ਵੀ ਸ਼ਾਇਦ ਪੂਰੀ ਨਹੀਂ ਕਰਦੇ। ਜੇ ਅੱਜ ਉਹ ਆ ਜਾਣ ਤਾਂ ਕੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ? ਤੁਹਾਡੇ ਕੋਲ ਮੇਰੇ ਨਾਲੋਂ ਸ਼ਾਇਦ ਬਿਹਤਰ ਜਵਾਬ ਹੋਵੇ।**

ਨੂੰ ਭਾਵੇਂ ਲੱਖ ਸਿੱਖ ਸਮਝਦੇ ਤੇ ਮੰਨਦੇ ਹੋ ਸਕਦੇ ਨੇ, ਪਰ ਹਕੀਕਤ ਇਹ ਹੈ ਕਿ ਸਥਾਪਤ ਅਜੋਕੀ ਮਰਿਆਦਾ ਮੁਤਾਬਕ ਸਾਡੇ ਵਿਚੋਂ 90% ਤੋਂ ਵੱਧ ਲੋਕ ਸਿੱਖ ਨਹੀਂ ਹਨ। ਇਹ ਵੱਖਰੀ ਗੱਲ ਏ ਕਿ ਵੋਟਾਂ ਲੈਣ ਵੇਲੇ, ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਣ ਜਾਂ ਪ੍ਰਬੰਧ ਖੋਹਣ ਵਾਸਤੇ ਵੋਟਰ ਬਣਾ ਕੇ ਬਿਹਾਰੀ ਭਈਏ ਵੀ ਪੀਲੇ ਪਟਕੇ ਬੰਨ੍ਹਵਾ ਕੇ ਸਿੱਖ ਸਜਾ ਲਏ ਜਾਂਦੇ ਨੇ ਤੇ ਉਦੋਂ ਗੁਰੂ ਦੇ ਨਾਂ ਦਾ ਵਾਸਤਾ ਦੇ ਕੇ ਸਾਨੂੰ-ਤੁਹਾਨੂੰ ਵੀ ਸਿੱਖ ਮੰਨ ਕੇ ਸਾਡੀਆਂ ਵੋਟਾਂ ਵੀ ਆਪਣੇ ਹੱਕ ਵਿਚ ਭੁਗਤਾਈਆਂ ਜਾ ਸਕਦੀਆਂ ਨੇ; ਪਰ ਅੱਗੋਂ ਪਿੱਛੋਂ ਦਾੜ੍ਹੀ-ਕੇਸ ਮੁਨਾਉਣ ਵਾਲਿਆਂ ਦੀ ਗੱਲ ਤਾਂ ਹਾਲ ਦੀ ਘੜੀ ਛੱਡੋ, ਦਾੜ੍ਹੀ ਕੇਸ ਵਾਲੇ ਦਸਤਾਰਧਾਰੀਆਂ ਬਾਰੇ-ਇਹ ਦਾੜ੍ਹੀ ਕੱਟਦਾ, ਇਹ ਦਾੜ੍ਹੀ ਬੰਨ੍ਹਦਾ, ਇਹ ਦਾੜ੍ਹੀ ਰੰਗਦਾ ਜਾਂ ਇਹ ਬੀਬੀਆਂ ਬਿਊਟੀ ਪਾਰਲਰ ਜਾਂਦੀਆਂ, ਭਰਵੱਟੇ ਪੁੱਟਦੀਆਂ, ਰੋਮਾਂ ਦੀ ਬੇਅਦਬੀ ਕਰਦੀਆਂ ਆਖ ਕੇ ਸਭ ਨੂੰ ਸਿੱਖੀ 'ਚੋਂ ਬਾਹਰ ਧੱਕ ਦਿੱਤਾ ਗਿਆ ਹੈ। ਸਹਿਜਧਾਰੀਆਂ ਨੂੰ ਮੁੰਨੀਆਂ ਹੋਈਆਂ ਭੇਡਾਂ, ਗੁਰੂ ਦੀ ਬਾਹਰੀ ਦਿੱਖ ਨਾਲ ਨਾ ਮਿਲਦੇ ਹੋਣ ਕਰ ਕੇ 'ਗੁਰੂ ਦੇ ਪੁੱਤ' ਨਹੀਂ ਮੰਨਿਆ ਜਾਂਦਾ ਸਗੋਂ ਅਲੰਕਾਰ ਦੀ ਭਾਸ਼ਾ ਵਿਚ ਇਹ ਆਖ ਕੇ ਕਿ ਜਿਹਦੀ ਸ਼ਕਲ ਪਿਉ ਨਾਲ ਨਾ ਮਿਲਦੀ ਹੋਵੇ, ਉਹਨੂੰ 'ਹਰਾਮ ਦਾ' ਕਹਿ ਕੇ ਜ਼ਲੀਲ ਕੀਤਾ ਜਾਂਦਾ ਹੈ, ਪਰ ਜਿਹੜਾ ਬਾਣਾ ਤਾਂ ਪਹਿਨੇ ਪਰ ਬਾਣੀ ਉਹਦੀ ਆਤਮਾ ਵਿਚ ਵੱਸੀ ਨਾ ਹੋਵੇ, ਕਿਰਦਾਰ ਉਹਦਾ ਗੁਰ-ਬਚਨਾਂ ਦਾ ਵਿਰੋਧੀ ਹੋਵੇ ਤਾਂ ਅਸੀਂ ਉਸ ਨੂੰ, ਉਨ੍ਹਾਂ ਵਾਂਗ ਗਾਲ੍ਹ ਨਹੀਂ ਕੱਢਾਂਗੇ ਸਗੋਂ ਗੁਰੂ ਦੇ ਬੋਲ ਹੀ ਚੇਤੇ ਕਰਵਾ ਸਕਦੇ ਹਾਂ, ਜੋ ਉਨ੍ਹਾਂ ਨੇ 'ਸੱਜਣ ਸੇਈ ਨਾਮ ਮੈਂ ਚਲਦਿਆਂ ਨਾਲ ਚਲੰਨਿ' ਵਾਲਾ ਸ਼ਬਦ ਉਚਾਰਦਿਆਂ ਇਕ ਤਰ੍ਹਾਂ ਸੱਜਣ ਨੂੰ ਆਖੇ ਸਨ, "ਨਾਮ ਤਾਂ ਸੱਜਣ ਰੱਖ ਲਿਆ ਏ, ਪਰ ਉਮਰ ਭਰ ਕਦੀ ਕੋਈ ਸੱਜਣਾਂ ਵਾਲਾ ਕੰਮ ਵੀ ਕੀਤਾ ਈ?"

ਭਾਈਆ ਈਸ਼ਰ ਸਿੰਘ ਨੇ ਕਦੀ ਬੜਾ ਠੀਕ ਲਿਖਿਆ ਸੀ,

ਕਿਸੇ ਇੱਟ ਉਖਾੜੀ ਤਾਂ ਧਰਮ ਨੂੰ ਖਤਰਾ।
ਕਿਸੇ ਬੱਧੀ ਦਾੜ੍ਹੀ ਤੇ ਧਰਮ ਨੂੰ ਖਤਰਾ
ਕਿਸੇ ਲਾਹੀ ਸਾੜ੍ਹੀ ਤਾਂ ਧਰਮ ਨੂੰ ਖਤਰਾ
ਇਹ ਧਰਮ ਨਾ ਹੋਇਆ, ਹੋਈ ਮੋਮਬੱਤੀ
ਪਿਘਲ ਜਾਂਦਾ ਝੱਟ, ਲੱਗੇ ਵਾਅ ਤੱਤੀ।

## ਕਿਰਦਾਰ

ਸਿਆਣੇ ਲੋਕਾਂ ਵੱਲੋਂ ਅਕਸਰ ਕਿਹਾ ਜਾਂਦਾ ਹੈ ਕਿ ਅਸੀਂ ਗੁਰੂਆਂ ਦੇ ਪੁਰਬ ਮਨਾਉਂਦੇ ਹਾਂ, ਗੁਰੂ ਨੂੰ ਮੰਨਦੇ ਵੀ ਹਾਂ, ਪਰ ਗੁਰੂ ਦੀ ਨਹੀਂ ਮੰਨਦੇ। ਅਸੀਂ ਦੰਭੀ, ਪਖੰਡੀ, ਦੋਗਲੇ ਤੇ ਦੋ-ਮੂੰਹੇ ਵੀ ਹਾਂ।

ਸਾਰੀ ਦੁਨੀਆਂ ਤੇ ਸਰਬੱਤ ਦੇ ਗੁਰੂ ਨੂੰ ਉਹਦੇ ਦੁਆਲੇ ਆਪਣੇਪਨ ਦੀਆਂ ਅਜਿਹੀਆਂ ਕੰਧਾਂ ਖੜੀਆਂ ਕਰ ਲਈਆਂ ਤੇ ਗੁਰੂ ਨੂੰ ਅਸੀਂ ਏਨਾ ਆਪਣਾ ਬਣਾ ਲਿਆ ਕਿ ਦੂਜਿਆਂ ਤੋਂ ਖੋਹ ਵੀ ਲਿਆ ਤੇ ਲੁਕੋ ਵੀ ਲਿਆ। ਜਿਹੜੇ ਗੁਰੂ ਦੀ ਆਮਦ ਨਾਲ ਅਗਿਆਨ ਦੀ ਧੁੰਦ ਤੇ ਹਨੇਰਾ ਮਿਟ ਗਿਆ ਸੀ, ਅਸੀਂ ਉਸੇ ਗੁਰੂ ਦੁਆਲੇ ਧੁੰਦ ਲਪੇਟ ਦਿੱਤੀ। ਬ੍ਰਹਿਮੰਡ ਵਿਚ ਫੈਲਣ ਵਾਲੇ ਗੁਰੂ ਨੂੰ ਛੋਟੇ ਜਿਹੇ ਦਾਇਰੇ ਵਿਚ ਵਲ ਲਿਆ। ਨਿਰਮਲੇ, ਨਾਮਧਾਰੀ, ਨਿਰੰਕਾਰੀ, ਰਾਧਾਸੁਆਮੀਏ, ਸੇਵਾ ਪੰਥੀਏ ਤੇ ਹੋਰ ਬਹੁਤ ਸਾਰੀਆਂ ਸੰਪਰਦਾਵਾਂ ਤਾਂ ਪਹਿਲਾਂ ਹੀ ਮੁੱਖ ਧਾਰਾ ਦੀ ਸਿੱਖੀ ਵਿਚੋਂ ਖਾਰਜ ਕੀਤੀਆਂ ਹੋਈਆਂ ਨੇ, ਪਰ ਹੁਣ ਤਾਂ ਆਪਸ ਵਿਚ ਵੀ ਵੰਡੀਆਂ ਪਾਈਆਂ ਹੋਈਆਂ ਨੇ। ਕੋਈ ਜੱਟ ਸਿੱਖ ਹੈ, ਕੋਈ ਰਾਮਗੜ੍ਹੀਆ ਸਿੱਖ ਹੈ, ਕੋਈ ਰਵਿਦਾਸੀਆ ਸਿੱਖ ਹੈ, ਕੋਈ ਭਾਪਾ ਸਿੱਖ ਹੈ, ਕੋਈ ਅਕਾਲੀ ਸਿੱਖ ਹੈ, ਕੋਈ ਕਾਂਗਰਸੀ ਸਿੱਖ ਹੈ, ਕੋਈ ਕਮਿਊਨਿਸਟ ਸਿੱਖ ਹੈ, ਕੋਈ ਟਕਸਾਲੀਆ ਸਿੱਖ ਹੈ, ਕੋਈ ਢਡਰੀਆਂ ਵਾਲਾ ਸਿੱਖ ਹੈ, ਕੋਈ ਬਾਦਲ ਕਿਆਂ ਦਾ ਸਿੱਖ ਹੈ, ਕੋਈ ਮਾਨ ਕਿਆਂ ਦਾ ਸਿੱਖ ਹੈ, ਕੋਈ ਭਾਜਪਾਈ ਜਾਂ ਆਰ. ਐਸ. ਐਸ. ਵਾਲਾ ਸਿੱਖ ਹੈ। ਸਭ ਦੇ ਸਿੱਖ ਹਨ, ਪਰ ਗੁਰੂ ਦਾ ਸਿੱਖ ਕਿੱਥੇ ਹੈ? ਅਸੀਂ ਸਭ ਨੂੰ ਆਖਦੇ ਹਾਂ, ਆਹ ਵੀ ਸਿੱਖ ਨਹੀਂ, ਔਹ ਵੀ ਸਿੱਖ ਨਹੀਂ। ਪਰ ਕਦੀ ਆਪਣੇ ਆਪ ਨੂੰ ਵੀ ਪੁੱਛਿਆ ਹੈ ਕਿ ਮੈਂ ਕਿੰਨਾ ਕੁ ਸਿੱਖ ਹਾਂ!

ਸਿੱਖ ਉਹ ਹੈ, ਜਿਹਨੇ ਆਪਣਾ ਜੀਵਨ ਗੁਰੂ ਦੀ ਸਿੱਖਿਆ ਅਨੁਸਾਰ ਢਾਲ ਲਿਆ ਹੈ। ਜੋ ਨਾ ਕੋ ਬੈਰੀ, ਨਾਹਿ ਬਿਗਾਨਾ ਦੀ ਅਵਸਥਾ ਵਿਚ ਪਹੁੰਚ ਕੇ ਕੁੱਲ ਮਨੁੱਖਤਾ ਨੂੰ ਕਲਾਵੇ ਵਿਚ ਲੈ ਕੇ ਆਖਦਾ ਹੈ, 'ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸਰਬੱਤ ਦਾ ਭਲਾ!' ਪਰ ਇਹ ਆਖਣਾ ਓਸੇ ਸ਼ਖਸ ਦਾ ਹੀ ਬਣਦਾ ਹੈ, ਜਿਸ ਪਿੱਛੇ ਗੁਰੂ ਦੇ ਬਖਸ਼ੇ ਕਿਰਦਾਰ ਦੀ ਸੁੱਚੀ ਤੇ ਸੱਚੀ ਤਾਕਤ ਹੋਵੇਗੀ।

ਗੁਰੂ ਜੀ ਨੇ ਤਾਂ ਇਹ ਆਖ ਕੇ ਨਿਬੇੜਾ ਕਰ ਦਿੱਤਾ ਸੀ, "ਸਚਹੁ ਉਰਹਿ ਸਭ ਕੋ ਊਪਰ ਸੱਚ ਆਚਾਰ॥"

ਇਕੱਲਾ ਸੱਚ ਵੱਡਾ ਤਾਂ ਹੈ, ਪਰ ਸਭ ਤੋਂ ਵੱਡਾ ਉਚਾ ਕਿਰਦਾਰ ਹੈ। ਸਤਯਮੇਵ ਜਯਤੇ ਨਹੀਂ ਹੁੰਦੀ, ਸੱਚੇ ਕਿਰਦਾਰ ਦੀ ਜਿੱਤ ਹੁੰਦੀ ਹੈ। ਕਤਲ ਕਰ ਕੇ, ਜ਼ਨਾਹ ਕਰ ਕੇ, ਪਾਪ ਕਰ ਕੇ ਮੰਨ ਜਾਓ। ਗੁਨਾਹ ਕਬੂਲ ਕਰ ਲਵੋ। ਫਾਹੇ ਲੱਗਣਾ ਵੀ ਪ੍ਰਵਾਨ ਕਰ ਲਵੋ, ਤਦ ਵੀ ਕਿਰਦਾਰ ਦੀ ਸੁਚਮਤਾ ਸਰਵਉਪਰ ਹੈ, ਕਿਉਂਕਿ ਸੱਚੇ ਕਿਰਦਾਰ ਵਾਲਾ ਗੁਨਾਹ ਕਰੇਗਾ ਹੀ ਨਹੀਂ।

ਪੁੱਛਣ ਖੋਲ ਕਿਤਾਬ ਨੋ
ਹਿੰਦੂ ਵੱਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ
ਸੁਭ ਅਮਲਾਂ ਬਾਝੋਂ ਦੋਨੋ ਰੋਈ।

ਇਸ ਜੰਗ ਵਿਚ ਗੁਫਤਾਰ ਦੇ ਗਾਜ਼ੀਆਂ ਦੀ ਨਹੀਂ, ਕਿਰਦਾਰ ਦੇ ਗਾਜ਼ੀਆਂ ਦੀ ਲੋੜ ਸੀ। ਜਪ 'ਪ੍ਰੇਮ ਖੇਲਨ ਕਾ ਚਾਓ' ਮਨ ਵਿਚ ਲੈ ਕੇ ਤੇ ਤਲੀ 'ਤੇ ਸੀਸ ਧਰ ਕੇ 'ਨਿਸਚੈ ਕਰੁ ਅਪੁਨੀ ਜੀਤ ਕਰੋਂ' ਦਾ ਅਜ਼ਮ ਲੈ ਕੇ ਮੈਦਾਨ 'ਚ ਨਿੱਤਰਦੇ ਹਨ।

ਸੋ ਅਜਿਹੇ ਕਿਰਦਾਰ ਦੀ ਬੁਲੰਦੀ ਵਾਲਾ ਜਿਹੜਾ ਸਿੱਖ ਗੁਰੂ ਸਾਹਿਬ ਨੇ ਸਿਰਜਿਆ ਸੀ, ਉਹ ਲੱਭਦਾ ਕਿੱਥੇ ਹੈ?

ਮੱਥਾ ਟੇਕਣਾ ਤਾਂ ਇਕ ਰਸਮ ਬਣ ਗਈ,
ਭੇਟਾ ਸੀਸ ਚੜ੍ਹਾਵਣਾ ਬੜਾ ਔਖਾ।
ਕਿਹੜਾ ਸਿੱਖ ਦਿਆਲੇ ਤੋਂ ਘੱਟ ਬਣਦਾ,
ਦੇਗਾਂ ਵਿਚ ਸੜ ਜਾਵਣਾ ਬੜਾ ਔਖਾ।
ਮਤੀ ਦਾਸ ਵਰਗਾ ਹਰ ਕੋਈ ਚਾਹੇ ਬਣਨਾ,
ਆਰੇ ਨਾਲ ਚਿਰ ਜਾਵਣਾ ਬੜਾ ਔਖਾ।
ਵਲੀ ਦੇਵਤਾ ਸੌਖਾ ਬਣ ਜਾਣਾ ਸੀਤਲ,
ਬਣ ਕੇ ਸਿੱਖ ਨਿਭਾਵਣਾ **ਬੜਾ ਔਖਾ।**

## ਰੱਬ ਨੂੰ ਪਾਉਣ ਲਈ ਅੰਨ੍ਹੀ-ਸ਼ਰਧਾ ਨਹੀਂ, ਅਕਲ ਦੀ ਲੋੜ

ਗੁਰੂ ਜੀ ਨੇ ਕਿਸੇ ਅੰਧ-ਵਿਸ਼ਵਾਸ, ਨਰਕ-ਸੁਰਗ ਦੇ ਡਰ-ਭੈਅ, ਭਰਮ, ਬੇਲੋੜੀ ਸ਼ਰਧਾ ਦੀ ਜਕੜ ਤੋਂ ਮੁਕਤ ਹੋ ਕੇ, ਕਿਸੇ ਨਰਕ-ਸੁਰਗ ਦੇ ਡਰਾਵੇ ਦੇ ਕੇ ਲੋਕ ਨਹੀਂ ਜੋੜੇ। ਦਲੀਲ ਨਾਲ ਜੋੜੇ। ਸਿੱਧਾਂ ਨੂੰ ਕਿਹਾ ਕਿ ਜੇ ਤੁਹਾਡੇ ਜਿਹੇ ਲੋਕ ਜੰਗਲਾਂ ਵਿਚ ਆ ਜਾਣਗੇ। ਪਹਿਲੇ ਦਰਜੇ ਦੀ ਪ੍ਰਤਿਭਾ ਪਲਾਇਨ ਕਰ ਜਾਵੇਗੀ ਤਾਂ ਸੰਸਾਰ ਦਾ ਕਾਰ-ਵਿਹਾਰ ਦੂਜੇ ਜਾਂ ਤੀਜੇ ਦਰਜੇ ਦੀ ਪ੍ਰਤਿਭਾ ਹੀ ਸੰਭਾਲੇਗੀ।

ਗੁਰੂ ਜੀ ਨੇ ਕਿਹਾ ਸੀ, "ਗੱਲੀ ਭਿਸਤੁ ਨਾ ਪਾਈਐ॥" ਜਾਹਰ ਹੈ, ਕਰਮ 'ਤੇ ਬਲ ਦੇ ਰਹੇ ਸਨ। ਉਹ ਚਾਹੁੰਦੇ ਸਨ ਕਿ 'ਰਈਅਤ ਗਿਆਨ ਵਿਹੂਣੀ ਹੋਵੇਗੀ ਤਾਂ ਅੰਨ੍ਹੀ ਰਹੇਗੀ। ਅੰਨ੍ਹਾ ਬੰਦਾ ਸੱਚ ਨਹੀਂ ਵੇਖ ਸਕਦਾ, "ਅੰਧੀ ਰਈਅਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ॥"

ਉਹ ਚਾਹੁੰਦੇ ਸਨ,
ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ॥
ਅਕਲੀ ਪੜ ਕੈ ਬੁਝੀਐ
ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ
ਹੋਰਿ ਗਲਾਂ ਸੈਤਾਨੁ॥

ਜਾਹਰ ਹੈ, ਅਕਲ ਦੇ ਚਾਨਣ ਬਿਨਾ ਕਿਸੇ ਵੀ ਤਰ੍ਹਾਂ ਦੇ ਕੂੜ ਹਨੇਰੇ 'ਚੋਂ ਬਾਹਰ ਨਹੀਂ ਨਿਕਲਿਆ ਜਾ ਸਕਦਾ। ਬਾਬੇ ਨਾਨਕ ਦੀ ਵਿਚਾਰਧਾਰਾ ਤੋਂ ਅਕਲ ਲੈਣ ਦੀ ਲੋੜ ਹੈ। ਲੋਕਾਈ ਨੂੰ ਅਗਿਆਨ ਦੇ ਹਨੇਰੇ ਵਿਚੋਂ ਬਾਹਰ ਕੱਢਣ ਲਈ ਅਕਲ ਤੇ ਗਿਆਨ ਦੇ ਦੀਵੇ ਬਾਲਣ ਦੀ ਲੋੜ ਹੈ। ਇਕ ਧਿਰ ਦੂਜੀ ਦਾ ਸ਼ੋਸ਼ਣ ਹੀ ਇਸੇ ਕਰਕੇ ਕਰਦੀ ਹੈ ਕਿ ਦੂਜੀ ਦਾ ਬੌਧਿਕ ਪੱਧਰ ਨੀਵਾਂ ਹੁੰਦਾ ਹੈ, ਸੋਸ਼ਿਤ ਧਿਰ ਨੂੰ ਗਿਆਨ ਦੇ ਦੀਵੇ ਫੜਾ ਕੇ ਸਮਾਜ ਨੂੰ ਰੌਸ਼ਨ ਕਰਨ ਦਾ ਢੁਕਵਾਂ ਵੇਲਾ ਹੈ।

## ਸ਼ਬਦ ਤੇ ਸੰਗੀਤ ਦੀ ਜੁਗਲਬੰਦੀ

ਅਸੀਂ ਪੰਜਾਬੀ ਸ਼ਬਦ ਤੇ ਸੰਗੀਤ ਦੇ ਪੁੱਤਰ ਸਾਂ। ਗੁਰੂ ਜੀ ਜਿੱਥੇ ਵੀ ਜਾਂਦੇ, ਇਹੋ ਆਖਦੇ, "ਮਰਦਾਨਿਆਂ ਰਬਾਬ ਵਜਾਇ। ਬਾਣੀ ਆਈ ਹੈ।" ਸ਼ਾਇਰੀ ਤੇ ਸੰਗੀਤ ਦੀ ਬਾਰਿਸ਼ ਵਿਚ ਲੋਕਾਂ ਦੇ ਮਨ ਭਿੱਜ ਜਾਂਦੇ। ਮਨਾਂ ਦੀ ਮੈਲ ਧੁਪ ਜਾਂਦੀ। ਅੰਦਰੋਂ ਸੱਚਾ ਤੇ ਸੁੱਚਾ ਇਨਸਾਨ ਲਿਸ਼ਕ ਉਠਦਾ।

ਅੱਜ ਦਾ ਸੰਗੀਤ ਬਾਬੇ ਨਾਨਕ ਦੀ ਰਵਾਇਤ ਤੋਂ ਪਾਸੇ ਜਾ ਚੁਕਾ ਹੈ। ਅੱਜ ਅਸ਼ਲੀਲ ਤੇ ਨੰਗੇ ਨਾਚ, ਲੁੱਚੇ ਬੋਲ, ਬਾਂਦਰ ਟਪੂਸੀਆਂ ਤੇ ਬੇਸੁਰੀਆਂ ਚੀਕਾਂ ਪੰਜਾਬੀ ਸੰਗੀਤ ਤੇ ਸਭਿਆਚਾਰ ਦਾ ਪ੍ਰਤੀਨਿਧ ਨਮੂਨਾ ਬਣ ਗਏ ਹਨ। ਇਸ ਸੰਗੀਤ ਦੇ ਭਿਆਨਕ ਸ਼ੋਰ ਪਿੱਛੇ ਉਨ੍ਹਾਂ ਹਜ਼ਾਰਾਂ ਮਾਂਵਾਂ, ਭੈਣਾਂ ਤੇ ਪਤਨੀਆਂ ਦੇ ਵੈਣ ਦੱਬੇ ਜਾਂਦੇ ਨੇ, ਜਿਨ੍ਹਾਂ ਦੇ ਪੁੱਤ, ਭਰਾ ਤੇ ਪਤੀ ਨਸ਼ੇ ਦੇ ਦੈਂਤ ਨੇ ਖਾ ਲਏ ਨੇ, ਜਿਨ੍ਹਾਂ ਦੇ ਘਰ ਦੇ ਜੀਅ ਗਲ ਵਿਚ ਫਾਹਾ ਲੈ ਕੇ ਜਾਂ ਸਲਫਾਸ ਖਾ ਕੇ ਜਹਾਨੋਂ ਕੂਚ ਕਰ ਗਏ ਨੇ। ਇਸ ਬੇਸੁਰੇ ਸੰਗੀਤ ਦੇ ਸ਼ੋਰ ਵਿਚ ਬਾਬੇ ਨਾਨਕ ਦੇ ਬੋਲ ਕਿਧਰੇ ਬਹੁਤ ਦੂਰ ਤੋਂ ਅਣਸੁਣੇ ਹੋ ਰਹੇ ਨੇ।

ਸ਼ੇਕਸਪੀਅਰ ਨੇ ਕਿਹਾ ਸੀ, "ਜਿਹੜਾ ਬੰਦਾ ਸੰਗੀਤ ਨੂੰ ਪਿਆਰ ਨਹੀਂ ਕਰਦਾ, ਉਹ ਜ਼ਰੂਰ ਕਦੀ ਨਾ ਕਦੀ ਕਿਸੇ ਦਾ ਕਤਲ ਕਰੇਗਾ।"

ਅੱਜ ਪੰਜਾਬੀ ਕੌਮ ਵਿਚਾਰਧਾਰਕ ਤੌਰ 'ਤੇ ਕਤਲ ਹੋ ਰਹੀ ਹੈ ਜਾਂ ਕਤਲ ਕੀਤੀ ਜਾ ਰਹੀ ਹੈ।

## ਸਾਡੇ ਸਾਹਮਣੇ ਕਈ ਸਵਾਲ ਫੰਨ ਚੁੱਕੀ ਖਲੋਤੇ ਹਨ:

ਅਸੀਂ ਗੁਰੂ ਨੂੰ ਆਪਣਾ ਬਣਾ ਲਿਆ, ਦੂਜਿਆਂ ਤੋਂ ਖੋਹ ਲਿਆ। ਗੁਰੂ ਦੁਆਲੇ ਧੁੰਦ ਲਪੇਟ ਦਿੱਤੀ। ਸਾਂਝੀਵਾਲਤਾ ਦੀ ਥਾਂ ਕੇਵਲ ਮੈਂ, ਮੇਰੀ ਭਾਰੂ ਹੋ ਗਈ ਏ। ਬਾਬੇ ਦਾ ਤੂੰ ਤੇਰਾ ਦਾ ਸਬਕ ਕਿਉਂ ਭੁੱਲ ਗਏ ਹਾਂ?

ਹਿੰਦੁਸਤਾਨ ਦੀ ਥਾਂ ਗੁਰੂ ਨਾਨਕ ਦੀ ਕਲਪਨਾ ਵਾਲੇ ਹਿੰਦੁਸਤਾਨ ਵਿਚ ਆਪਣੀ ਸਪੇਸ ਬਣਾਉਣੀ ਤੇ ਸਾਂਝੀਵਾਲਤਾ ਮੁਹੱਬਤੀ ਤੇ ਆਪਸੀ ਰਵਾਦਾਰੀ ਵਾਲਾ ਸਮਾਜ ਕਾਇਮ ਕਰਨ ਦੀ ਲੜਾਈ ਲੜਨੀ ਹੈ ਜਾਂ ਸੀਸ-ਗੰਜ, ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਾਸਤੇ ਪਾਸਪੋਰਟ ਲੈਣ ਦਾ ਪ੍ਰਬੰਧ ਕਰਨ ਦੀ ਲੜਾਈ ਲੜਨੀ ਹੈ। ਕਰਤਾਰਪੁਰ ਦੇ ਲਾਂਘੇ ਨੂੰ ਲੈਣ ਲਈ ਸੱਤਰ ਸਾਲਾਂ ਤੋਂ ਮੰਗ ਤੇ ਤਰਲੇ ਕਰਦੇ ਰਹੇ। ਫਿਰ ਕਿਹੜਾ ਕਿਹੜਾ ਲਾਂਘਾ ਮੰਗਦੇ ਫਿਰਾਂਗੇ?

ਅੱਜ ਤਾਂ ਵੈਰਾਗੇ ਹੋਏ ਹਾਂ ਕਿ ਮੇਰਾ ਨਾਨਕ ਇਕੱਲਾ ਰਹਿ ਗਿਆ ਏ। ਬਹੁਤ ਦਿਨ ਹੋਏ ਸੰਗਤ 'ਚ ਹੁਣ ਕਦੇ ਮਰਦਾਨਾ ਨਹੀਂ ਆਇਆ।

ਫਿਰ ਕਿਤੇ ਇਹ ਨਾ ਕਹਿਣਾ ਪਵੇ,

ਮੇਰਾ ਗੋਬਿੰਦ ਬਹੁਤ ਇਕੱਲਾ ਰਹਿ ਗਿਆ ਏ, ਬਹੁਤ ਦਿਨ ਹੋਏ ਸੰਗਤ 'ਚ ਹੁਣ ਕਦੀ ਭਾਈ ਨੰਦ ਲਾਲ ਨਹੀਂ ਆਇਆ।

ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਤਾਂ ਬੜੇ ਯਤਨ ਹੋਏ ਨੇ, ਪਰ ਗੁਰੂ ਲਈ ਆਪਣੇ ਦਿਲਾਂ ਦੇ ਬੰਦ ਪਏ ਦਰਵਾਜੇ ਕਦੋਂ ਖੋਲ੍ਹਾਂਗੇ?

ਮੂਰਤੀ ਪੂਜਾ ਨਹੀਂ ਕਰਨੀ, ਅਸੀਂ ਨਿਸ਼ਾਨ ਸਾਹਿਬ ਦੇ ਥੜ੍ਹਿਆਂ ਦੀਆਂ ਮੁੱਠੀਆਂ ਭਰਦੇ ਹਾਂ।

ਔਰਤ ਨੂੰ ਇਨਸਾਨੀ ਗੌਰਵ ਬਖਸ਼ਿਆ ਤੇ ਮਰਦ ਤੋਂ ਉਚਾ ਦਰਸਾਇਆ, ਓਹੋ ਔਰਤ ਦਰਬਾਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੀ, ਸੇਵਾ ਨਹੀਂ ਕਰ ਸਕਦੀ।

ਜਿਹੜਾ ਭਾਈ ਮਰਦਾਨਾ ਸਾਰੀ ਉਮਰ ਗੁਰੂ ਨੂੰ ਗਾਉਂਦਾ ਰਿਹਾ ਤੇ ਜਿਹਦੀਆਂ ਸਭ ਪੀੜ੍ਹੀਆਂ ਗੁਰਬਾਣੀ ਨਾਲ ਜੁੜੀਆਂ ਰਹੀਆਂ, ਉਨ੍ਹਾਂ ਲਈ ਕੀਰਤਨ ਲਈ ਵਰਜਣਾ ਹੋ ਗਈ। ਗੁਰੂ ਨਾਨਕ ਤੇ ਭਾਈ ਮਰਦਾਨਾ ਵੀ ਕੀਰਤਨ ਨਾ ਕਰ ਸਕਣ।

ਸੰਵਾਦ ਦੀ ਪਰਿਪਾਟੀ ਤੋਰੀ ਪਰ ਅੱਜ ਗੁਰਦੁਆਰਿਆਂ 'ਤੇ ਕਬਜ਼ੇ ਲਈ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਵੀ ਲੱਥਦੀਆਂ ਪੱਗਾਂ ਤੇ ਲਿਸ਼ਕਦੀਆਂ ਤਲਵਾਰਾਂ ਸੰਵਾਦ ਰਚਾ ਰਹੀਆਂ ਨੇ। ਹਰ ਸਾਲ ਅਕਾਲ ਤਖਤ 'ਤੇ ਇਹ ਭਾਣਾ ਵਰਤਦਾ ਤੁਸੀਂ ਵੇਖਦੇ ਓ।

## ਆਪਣੀ ਭਾਖਾ ਛੱਡ ਕੇ ਮਲੇਸ਼ ਭਾਖਾ ਅਪਨਾ ਲਈ

ਕਰਤਾਰਪੁਰ ਦਾ ਲਾਂਘਾ ਖੋਲਣ ਲਈ ਅਰਦਾਸਾਂ ਕਰਦੇ ਹਾਂ, ਪਰ ਗੁਰੂ ਲਈ ਦਿਲ ਦੇ ਦਰਵਾਜੇ ਬੰਦ ਕੀਤੇ ਹੋਏ ਹਨ।

ਰਾਜੇ ਸ਼ੀਂਹ ਤੇ ਮੁਕਦਮ ਕੁੱਤੇ ਕਹਿਣ ਵਾਲੇ ਗੁਰੂ ਦੇ ਤਥਾਕਥਿਤ ਸਿੱਖਾਂ ਨੇ ਆਪਣੇ ਗੁਰੂ ਦੀਆਂ ਸੰਸਥਾਵਾਂ ਨਵੇਂ ਰਾਜਿਆਂ ਨੂੰ ਸੌਂਪ ਦਿੱਤੀਆਂ ਨੇ। ਉਨ੍ਹਾਂ ਦੀ ਜੇਬ ਵਿਚਲੇ ਲਿਫਾਫੇ ਵਿਚ ਹਨ।

ਪੰਜਾਬ ਦੀ ਧਰਤੀ ਜੋ ਮਾਂ ਸੀ, ਦੇ ਪਾਣੀ ਜੋ ਪਿਤਾ ਸਨ, ਜਿਨ੍ਹਾਂ ਵਿਚ ਅੰਮ੍ਰਿਤ ਵਹਿੰਦਾ ਸੀ, ਹੁਣ ਜ਼ਹਿਰ ਵਗਦਾ ਹੈ।

ਜਨੇਊ ਵਿਚ ਦਇਆ, ਸੰਤੋਖ, ਜਤ ਸਤ ਲੋੜੀਂਦੇ ਨੇ ਤਾਂ ਕਿਰਪਾਨ 'ਚ ਕਿਰਪਾ ਕਿਉਂ ਨਹੀਂ?

ਜੇ ਇਨ੍ਹਾਂ ਸਵਾਲਾਂ ਦੇ ਸੰਤੋਖਜਨਕ ਜਵਾਬ ਲੱਭ ਲਵਾਂਗੇ ਤਾਂ ਵੇਖਾਂਗੇ ਕਿ ਸਾਡਾ ਬਾਬਾ ਵੀ ਕਿਤੇ ਨਹੀਂ ਗਿਆ। ਉਹ ਸਾਡੀਆਂ ਅੱਖਾਂ ਵਿਚ ਰੌਸ਼ਨੀ ਬਣ ਕੇ ਟਿਕ ਗਿਆ ਹੈ, ਪਰ ਸ਼ਰਤ ਇਹ ਹੈ ਕਿ ਅੱਖਾਂ ਵਾਲੇ ਹੀ ਉਹਨੂੰ ਵੇਖ ਸਕਣਗੇ। ਉਹਦਾ ਵਾਸਾ ਚੂਨੇ-ਗਾਰੇ ਤੇ ਇੱਟਾਂ ਦੀ ਬਣੀ ਕਿਸੇ ਇਮਾਰਤ ਵਿਚ ਨਹੀਂ, ਸਾਡੇ ਦਿਲਾਂ ਵਿਚ ਹੋਵੇਗਾ ਬਾਸ਼ਰਤੇ ਸਾਡੇ ਦਿਲ ਸਾਫ ਹੋਣ!

(ਸਮਾਪਤ)

## ਨੂਰ ਦਾ ਨਗਮਾ ਹੈ

# 'ਸਾਖੀਓਂ ਨੂਰ ਝਰੈ'

ਨਾਨਕ-ਬੋਧ ਨੂੰ ਚਿੰਤਨ ਭਰੀ ਅਕੀਦਤ ਹੈ, ਸਮਰੱਥ ਸ਼ਾਇਰ ਸੁਰਿੰਦਰ ਸੋਹਲ ਦਾ ਕਾਵਿ-ਸੰਗ੍ਰਿਹ 'ਸਾਖੀਓਂ ਨੂਰ ਝਰੈ'। ਇਹ ਤਾਂ ਗੁਰੂ ਨਾਨਕ ਪ੍ਰਕਾਸ਼ ਪੁਰਬ ਨੂੰ ਜਾਂਦੀਆਂ ਪੌੜੀਆਂ ਨੇ, ਜਿਨ੍ਹਾਂ ਰਾਹੀਂ ਮਿਲਦਾ ਹੈ ਗਿਆਨ-ਮੰਡਲ ਦਾ ਸਿਰਨਾਵਾਂ।

ਨਾਨਕ ਸ਼ਾਇਰ ਨੂੰ ਕਿਸੇ ਸ਼ਾਇਰ ਵਲੋਂ ਇੰਜ ਵੀ ਅਕੀਦਤ ਭੇਟ ਕੀਤੀ ਜਾ ਸਕਦੀ ਏ, ਇਹ ਸਿਰਫ ਸੁਰਿੰਦਰ ਸੋਹਲ ਦੇ ਹਿੱਸੇ ਆਇਆ ਹੈ। ਇਕ ਕ੍ਰਿਸ਼ਮਾ-ਰੂਪੀ ਹਰਫ-ਬੰਦਨਾ, ਜਿਸ ਵਿਚੋਂ ਫੁੱਟਦੀ ਏ ਕਿਰਨ-ਆਬਸ਼ਾਰ।

ਸਾਖੀਆਂ ਦੇ ਸਤਹੀ ਰੂਪ ਵਿਚ ਉਲਝਾਏ ਜਾ ਰਹੇ ਮਨੁੱਖ ਲਈ ਸਿੱਖ-ਸੋਚ, ਸਿੱਖ-ਵਿਚਾਰਧਾਰਾ ਅਤੇ ਸਿੱਖੀ ਜੀਵਨ-ਜਾਚ ਦੀ ਨਿਸ਼ਾਨਦੇਹੀ ਕਰਦੀਆਂ ਨੇ ਇਹ ਕਲਮ-ਛੋਹਾਂ, ਜਿਨ੍ਹਾਂ ਲਈ ਤਰਸੀ ਪਈ ਏ ਚਾਨਣ-ਵਿਹੂਣੀ ਅਜੋਕੀ ਲੋਕਾਈ। ਤੁਲਸਾਂ, ਲਾਲੋਂ ਅਤੇ ਮਰਦਾਨੇ ਨੂੰ ਚੇਤਿਆਂ ਵਿਚੋਂ ਵਿਸਾਰ ਕੇ, ਮਲਕ ਭਾਗੋਆਂ ਦੀ ਸ਼ਰਨ ਵਿਚ ਸਿਸਕ ਰਹੇ ਸਿੱਖੀ-ਸਿਧਾਂਤ ਦੀ ਹੂਕ ਨੇ ਇਹ ਕਵਿਤਾਵਾਂ। ਸੋਹਲ, ਸਾਖੀਆਂ ਦੀਆਂ ਪਰਤਾਂ ਫਰੋਲਦਾ, ਇਨ੍ਹਾਂ ਦੀਆਂ ਡੂੰਘੀਆਂ ਰਮਜ਼ਾਂ ਨੂੰ ਕਵਿਤਾਵਾਂ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਹੈ।

ਡਾ. ਗੁਰਬਖਸ਼ ਸਿੰਘ ਭੰਡਾਲ
ਈ-ਮੇਲ: gb.bhandal@gmail.com

ਇਹ ਕਲਮ-ਕੀਰਤੀ, ਗਿਆਨ-ਵੇਦਨਾ ਨੂੰ ਵਕਤ-ਤਖਤੀ 'ਤੇ ਉਕਰ ਕੇ, ਹਨੇਰਿਆਂ ਨੂੰ ਵੰਗਾਰਦੀ ਏ ਕਿਉਂਕਿ ਸੋਹਲ ਜਾਣਦਾ ਹੈ ਕਿ ਸੂਰਜ ਦੇ ਗਾਡੀ-ਰਾਹ ਲਈ ਕਿਰਨ-ਕਾਫਲਿਆਂ ਦੀ ਲੋੜ ਏ ਅਤੇ ਉਹ ਇਨ੍ਹਾਂ ਨੂੰ ਪੂਰਨ ਜਲੌਅ 'ਚ ਪ੍ਰਗਟਾਉਂਦਾ ਏ।

ਇਹ ਕਵਿਤਾਵਾਂ ਮਨ ਦੀ ਕਾਲਖੀ ਪਰਤ ਵਿਚ ਚਾਨਣ ਦੀ ਕਲਾ-ਨਿਕਾਸ਼ੀ। ਵਿਲੱਖਣ ਅਤੇ ਵਿਕੋਲਿਤਰੀ ਕਾਵਿ-ਸ਼ੈਲੀ। ਨਵੀਂ ਪੈੜ ਦੀਆਂ ਸੂਚਕ।

ਚੇਤਨ ਮਨ 'ਚੋਂ ਸ਼ੁਭ-ਚਿੰਤਨ ਦੀ ਅਕੀਦਤ ਨੇ ਇਹ ਕਵਿਤਾਵਾਂ। ਚਾਨਣ ਦੀਆਂ ਤਸ਼ਬੀਹਾਂ, ਤਰਜ਼ੀਹਾਂ ਅਤੇ ਤਮੰਨਾਵਾਂ ਨੂੰ ਤਾਸੀਰ ਬਣਾਉਂਦੀ ਹਰਫ-ਬੰਦਨਾ। ਕੂੜ-ਕਪਟ ਦੇ ਦੌਰ ਵਿਚ ਰੂਹ-ਰਮਤਾ, ਫੱਕਰ-ਫਕੀਰੀ ਅਤੇ ਮਨ-ਪਾਕੀਜ਼ਗੀ ਦੀ ਪਰਿਕਰਮਾ ਕਰਦੀ ਕਾਵਿ-ਕਿਰਤ।

ਨਿੱਕੇ ਨਿੱਕੇ ਸ਼ਬਦਾਂ 'ਚੋਂ ਤਾਰਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਇਹ ਹਰਫ-ਜੋਤ। ਬਾਬੇ ਨਾਨਕ ਦੇ ਇਤਿਹਾਸ-ਮਿਥਿਹਾਸ 'ਚ ਭਿੱਜੀਆਂ ਸਾਖੀਆਂ 'ਚੋਂ ਨੂਰ ਦੀ ਰਿਮ-ਝਿਮ ਅਤੇ ਬਚਨ-ਬੰਦਗੀ। ਮਨ-ਧਰਾਤਲ 'ਤੇ ਤਖਤੀ, ਪੂਰਨੇ ਅਤੇ ਪੱਟੀ ਬਣ ਕੇ ਬ੍ਰਾਹਮਣੀ ਪਖੰਡ ਤੋਂ ਬ੍ਰਹਮੀ-ਬੋਧ ਦੇ ਸਫਰ ਨੂੰ ਬਿਆਨ ਕਰਦੀਆਂ ਨੇ ਇਹ ਕਵਿਤਾਵਾਂ।

ਇਹ ਕਵਿਤਾਵਾਂ ਤਾਂ ਉਹ ਮਨ-ਸੁਜਰਾ ਵੀ ਬਿਆਨਦੀਆਂ ਨੇ, ਜਿਸ 'ਚ ਰਾਇ ਭੋਇੰ ਦੀ ਤਲਵੰਡੀ ਨਨਕਾਣਾ ਸਾਹਿਬ, ਹਸਨ ਅਬਦਾਲ ਪੰਜਾ ਸਾਹਿਬ ਅਤੇ ਗੋਰਖ ਮੱਤਾ ਨਾਨਕ ਮੱਤਾ ਬਣ ਕੇ ਹੁਣ ਤੀਕ ਚਾਨਣੀ ਤਰੌਂਕ ਰਹੇ ਨੇ।


ਬਾਲ ਨਾਨਕ ਵਿਚੋਂ ਨਾਨਕ ਦੀ ਪੈਗੰਬਰੀ-ਸੋਚ ਦੀ ਨਿਸ਼ਾਨਦੇਹੀ ਕਰਨ ਵਾਲੀ ਦਾਈ ਦੌਲਤਾਂ, ਭੈਣ ਨਾਨਕੀ, ਰਾਇ ਬੁਲਾਰ ਜਾਂ ਭਾਈ ਮਰਦਾਨਾ ਰਾਹੀਂ ਪਰੋਈ ਗਈ ਇਨਾਇਤ ਨੂੰ ਆਪਣੀ ਹੋਂਦ ਰਾਹੀਂ ਖੁਸ਼ਬੂ ਦਾ ਅਹਿਸਾਸ ਵੀ ਹੁੰਦਾ ਹੈ।

ਚੁੱਭੀ ਜਦ ਕਾਲੀ ਵੇਈਂ ਤੋਂ ਮਾਨਵਤਾ ਦੀ ਵੇਈਂ ਅਤੇ ਅਖੀਰ ਵਿਚ ਅਕਾਲ ਵੇਈਂ ਤੀਕ ਦਾ ਪੈਂਡਾ ਕਰਦੀ ਤਾਂ ਸੁਰਤਿ ਧੁਨ ਚੇਲਾ ਦਾ ਅਨਹਦੀ ਨਾਦ, ਮਨ-ਅੰਬਰੀ ਗੂੰਜਦਾ ਅਤੇ ਸਮੁੱਚੀ ਕਾਇਨਾਤ ਮਾਰ ਲੈਂਦੀ ਹੈ, ਚਾਨਣ ਦੀ ਬੁੱਕਲ।

'ਤੇਰਾਂ' ਤੋਂ 'ਤੇਰਾ' ਤੀਕ ਦਾ ਪੈਂਡਾ ਕਰਨ ਵਾਲਾ ਨਾਨਕ ਸ਼ਾਹ ਫਕੀਰ, ਮੋਦੀਖਾਨੇ ਨੂੰ ਵੀ ਰੱਜ, ਸਬਰ ਅਤੇ ਸੰਤੋਖ ਦਾ ਸਬਕ ਪੜ੍ਹਾਉਂਦਾ ਜਾਪਦਾ ਏ, ਇਸ ਸ਼ਬਦ-ਸਾਧਨਾ ਵਿਚ।

ਇਨ੍ਹਾਂ ਕਵਿਤਾਵਾਂ ਵਿਚ ਬੁੱਤ, ਭੁੱਖ ਅਤੇ ਸਾਧੂਆਂ ਦੀਆਂ ਵੰਨਗੀਆਂ ਰਾਹੀਂ ਮਨੁੱਖੀ ਅਸਤਿੱਤਵ ਦਾ ਝਲਕਾਰਾ ਅਤੇ ਚਾਨਣ-ਵਿਗੁੱਤੀਆਂ ਰੂਹਾਂ ਵਿਚ ਪਸਰਦਾ ਸੂਰਜੀ-ਪਸਾਰਾ। ਸਰਘੀ, ਦੁਪਹਿਰ, ਸ਼ਾਮ, ਰਾਤ, ਅੰਮ੍ਰਿਤ ਵੇਲੇ ਨੂੰ ਮੁਖਾਤਬ ਹੁੰਦੀਆਂ ਇਨ੍ਹਾਂ ਕਵਿਤਾਵਾਂ ਵਿਚ ਰੂਹ-ਰਾਗਣੀ ਦੀ ਅਲਮਸਤੀ ਅਤੇ ਅੰਤਰੀਵੀ ਅੰਦਾਜ਼, ਥਾਂ-ਪੁਰ-ਥਾਂ ਪ੍ਰਕਾਸ਼-ਮਾਨ।

ਦਰਅਸਲ ਸੁਰਿੰਦਰ ਸੋਹਲ ਦੀਆਂ ਇਹ ਕਵਿਤਾਵਾਂ ਕਰਾਮਾਤੀ ਕਹਾਣੀਆਂ ਤੋਂ ਕਰਤਾਰੀ ਆਭਾ ਦਾ ਸਫਰਨਾਮਾ ਨੇ। ਇਲਹਾਮ ਅਤੇ ਅੰਤਰਯਾਮਤਾ ਤੋਂ ਅੰਤਰੀਵ ਨੂੰ ਜਾਂਦੀਆਂ ਰਾਹਾਂ 'ਤੇ ਚਾਨਣ ਵੰਡਦੇ ਸ਼ਿਲਾਲੇਖ। ਇਨ੍ਹਾਂ ਦੀ ਪਛਾਣ ਵਿਚੋਂ ਹੀ ਸੰਪੂਰਨ ਮਨੁੱਖ ਦੀ ਸਿਰਜਣਾ ਹੋ ਸਕਦੀ।






ਸੁਰਿੰਦਰ ਸੋਹਲ

ਇਹ ਕਵਿਤਾਵਾਂ ਪਾਪ-ਕੜਾਹੇ ਦਾ ਸ਼ਬਦ-ਕੜਾਹਾ ਬਣ ਕੇ, ਅੰਮ੍ਰਿਤ-ਰਸ ਵਰਤਾਉਣ ਅਤੇ ਲਬਰੇਜ਼ਤਾ ਨੂੰ ਮਾਣਨ ਦਾ ਪੈਗਾਮ ਹਨ। ਤਨ ਦੀ ਗੰਧਲੀ ਹਵੇਲੀ ਨੂੰ ਹੰਗਾਲ ਕੇ ਧਰਮਸਾਲ ਬਣਾਉਣ ਵਾਲੀ ਰਬਾਬੀ ਰੰਗਤਾ ਅਤੇ ਗਿਆਨ-ਗੰਗਾ ਦਾ ਨਿਰੰਤਰ ਵਹਾ ਨੇ ਇਹ ਕਵਿਤਾਵਾਂ।

ਸੁਰਿੰਦਰ ਸੋਹਲ ਨੇ ਸ਼ਬਦ-ਰੂਹ ਨੂੰ ਉਦੈ-ਮਾਨ ਕੀਤਾ ਹੈ। ਸ਼ਬਦ, ਜੋ ਜੋਗੀਆਂ ਦੀ ਰੱਕੜ-ਰੂਹ ਵਿਚ ਸੁਆਤੀ ਬੂੰਦ ਬਣ ਕੇ ਬਰਸਿਆ। ਕਦੇ ਸ਼ਬਦ 'ਚੋਂ ਪੰਜਾ, ਤੇ ਕਦੇ ਮੱਕੇ ਦਾ ਦਿਸ਼ਾ-ਬਿੰਦੂ ਬਣਿਆ। ਕਦੇ ਸ਼ਬਦ ਸੱਜਣ ਨੂੰ "ਸੱਜਣ" ਬਣਾਵੇ। ਕਦੇ ਸ਼ਬਦ, ਰੀਠੇ ਦੀ ਮਿਠਾਸ। ਸ਼ਬਦ-ਛੋਹ ਨਾਲ ਹੀ ਬੇਰ, ਰੀਠਾ ਤੇ ਟਾਹਲੀ 'ਸਾਹਿਬ' ਬਣ ਕੇ ਨਾਨਕ-ਸੋਚ ਨੂੰ ਪ੍ਰਚੰਡ ਕਰਨ ਵਿਚ ਰੁੱਝੇ ਨੇ। ਸ਼ਬਦ-ਸਾਰ ਤੋਂ ਸ਼ਬਦ-ਸੂਹ ਨੂੰ ਸਿਆਣਨ ਦਾ ਕਰਮ ਕਰ ਗਿਆ ਹੈ, ਸੁਰਿੰਦਰ ਸੋਹਲ।

ਸੁਰਿੰਦਰ ਸੋਹਲ ਦਾ ਇਹ ਕਾਵਿ-ਸੰਗ੍ਰਿਹ ਇਕ ਅਲੋਕਾਰੀ ਉਦਮ। ਇਕ ਆਵੇਸ਼। ਸ਼ਬਦ 'ਚੋਂ ਉਗਮਦਾ ਸੂਰਜ। ਨਾਨਕ-ਪੈਂਡਿਆਂ 'ਚੋਂ ਜੀਵਨ-ਰਾਹਾਂ 'ਤੇ ਚਾਨਣ ਦਾ ਛਿੜਕਾ। ਨਾਨਕ-ਬੋਲਾਂ 'ਚੋਂ ਜੀਵਨ-ਜੁਗਤ ਦਾ ਰਾਗ ਅਤੇ ਬਾਹਰੀ ਵਰਤਾਰਿਆਂ ਵਿਚੋਂ ਪ੍ਰਗਟਦੀ ਅਦਿੱਖ ਲੋਅ, ਜੋ ਸੋਚ-ਧਰਾਤਲ ਨੂੰ ਧੁੱਪ ਨਾਲ ਧੋਂਦੀ ਹੈ।

ਨਾਨਕ ਸਾਇਰ ਸੱਚ ਕਹਿਤ ਹੈ, ਕਿਉਂਕਿ ਨਾਨਕ ਤੇ ਕਾਇਨਾਤ ਦੀ ਇਕਮਿਕਤਾ ਵਿਚੋਂ ਹੀ ਇਸ ਕਾਵਿ-ਬੋਧ ਨੇ ਜਨਮ ਲਿਆ। ਇਸ ਵਿਚ ਹਾਜ਼ਰ-ਨਾਜ਼ਰ ਹੈ ਨਾਨਕ-ਬੋਧ ਦੀ ਮਿਠਤ, ਸ਼ਿੱਦਤ ਅਤੇ ਸੁਰੱਖਿਅਤ ਸੰਵੇਦਨਾ।

ਅਜਿਹੇ ਕਾਵਿ-ਸੰਗ੍ਰਿਹ ਦਾ ਹਾਰਦਿਕ ਸੁਆਗਤ। ਸ਼ਾਲਾ! ਸੁਰਿੰਦਰ ਸੋਹਲ ਅਜਿਹੀਆਂ ਪੈੜਾਂ ਦਾ ਸਿਰਜਕ ਬਣਿਆ ਰਹੇ।

# ਸੱਚ ਖੰਡਿ ਵਸੈ ਨਿਰੰਕਾਰੁ

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ॥
ਤਾ ਕੇ ਰੂਪ ਨ ਕਥਨੇ ਜਾਹਿ॥
ਨਾ ਓਹਿ ਮਰਹਿ ਨ ਠਾਗੇ ਜਾਹਿ॥
ਜਿਨ ਕੈ ਰਾਮੁ ਵਸੈ ਮਨ ਮਾਹਿ॥
ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥
ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥

**ਸੇਵਕ ਸਿੰਘ ਕੋਟਕਪੂਰਾ**
ਫੋਨ: 661-444-3657

ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥
ਨਾਨਕ ਕਥਨਾ ਕਰੜਾ ਸਾਰੁ॥37॥

ਇਸ ਪਉੜੀ ਵਿਚ ਹੀ ਦੋ ਵਾਰ ਰਾਮ ਨਾਮ ਅਤੇ ਨਿਰੰਕਾਰ ਆਇਆ ਹੈ। ਬਾਕੀ ਜਪੁਜੀ ਸਾਹਿਬ ਵਿਚ ਵੀ ਪਰਮਾਤਮਾ ਦੇ ਕਈ ਨਾਮ ਆਏ ਹਨ, ਜਿਵੇਂ ਵੇਪਰਵਾਹੁ, ਦਾਤਾਰ, ਨਿਰੰਜਨੁ, ਦਾਤਾ, ਸਾਹਿਬੁ, ਜਗਦੀਸ, ਪਾਤਿਸਾਹੁ ਅਤੇ ਸਿਰਜਨਹਾਰੁ। ਰਾਮ ਨਾਮ ਦਾ ਜ਼ਿਕਰ ਪਹਿਲਾਂ ਹੋ ਚੁਕਾ ਹੈ, ਹੋਰ ਵੀ ਕਈ ਨਾਮ ਹੋ ਸਕਦੇ ਹਨ, ਜੋ ਗੁਣ ਵਾਚਕ ਅਤੇ ਕਰਮ ਵਾਚਕ ਹਨ। ਸਾਰਾ ਜਪੁਜੀ ਸਾਹਿਬ ਹੀ ਪਰਮਾਤਮਾ ਨੂੰ ਸੰਬੋਧਿਤ ਹੈ ਅਤੇ ਉਸ ਦੀ ਹੀ ਉਸਤਤਿ ਕੀਤੀ ਗਈ ਹੈ।

ਨਾਮ ਕੀ ਹੈ?

ਸੰਸਾਰ ਦੀ ਰਚਨਾ ਪਦਾਰਥ ਤੋਂ ਹੋਈ ਹੈ। ਪਦਾਰਥ ਦੇ ਤਿੰਨ ਰੂਪ ਹਨ-ਠੋਸ, ਤਰਲ ਅਤੇ ਗੈਸ। ਇਨ੍ਹਾਂ ਤਿੰਨਾਂ ਰੂਪਾਂ ਤੋਂ ਹੀ ਸਾਰੇ ਜੜ੍ਹ ਅਤੇ ਚੇਤੰਨ ਸੰਸਾਰ ਦੀ ਰਚਨਾ ਹੋਈ ਹੈ। ਸਾਰੇ ਪਦਾਰਥ ਇਕ ਦੂਜੇ ਤੋਂ ਵਿਸ਼ੇਸ਼ ਅਤੇ ਵੱਖਰੇ ਹਨ। ਉਸ ਦੀ ਵਿਸ਼ੇਸ਼ਤਾ ਅਤੇ ਵੱਖ-ਵੱਖ ਭਾਸ਼ਾਵਾਂ ਅਨੁਸਾਰ ਹੀ ਉਸ ਦਾ ਨਾਮਕਰਨ ਲੋਕ ਕਰਦੇ ਹਨ। ਪਦਾਰਥ ਆਪਣਾ ਨਾਮ ਖੁਦ ਨਹੀਂ ਤੈਅ ਕਰਦੇ, ਸਗੋਂ ਵਿਅਕਤੀ ਕਰਦੇ ਹਨ। ਉਹ ਵੀ ਉਸ ਦੀ ਕਿਸੇ ਵਿਸ਼ੇਸ਼ਤਾ ਕਰਕੇ ਉਸ ਅਨੁਸਾਰ ਤੈਅ ਕਰਦੇ ਹਨ। ਨਾਮ ਕਰਕੇ ਹੀ ਪਦਾਰਥ ਇਕ ਦੂਜੇ ਤੋਂ ਨਿਖੇੜੇ ਜਾਂਦੇ ਹਨ। ਵੈਸ਼ੇਸ਼ਿਕ ਦਰਸ਼ਨ ਦਾ ਨਾਮ ਉਸ ਦੇ ਪਦਾਰਥਾਂ ਦੀ ਵਿਸ਼ੇਸ਼ਤਾ ਦੀ ਚਰਚਾ ਕਰਨ ਕਰਕੇ ਰੱਖਿਆ ਗਿਆ ਹੈ। ਉਸ ਦੇ ਪਰਿਵਰਤਕ ਦਾ ਨਾਮ ਕਸ਼ਿਅਪ ਜਾਂ ਔਲਿਕ ਸੀ, ਪਰ ਕਣਾਂ ਦੀ ਵਿਆਖਿਆ ਕਰਨ ਕਰਕੇ ਉਸ ਦਾ ਨਾਮ ਕਣਾਦਿ ਰਿਸ਼ੀ ਪ੍ਰਚਲਿਤ ਹੋ ਗਿਆ। ਉਸ ਨੇ ਪਦਾਰਥ ਨੂੰ ਬਾਰੀਕ ਤੋਂ ਬਾਰੀਕ ਤੋੜ ਕੇ, ਜਿਸ ਤੋਂ ਅੱਗੇ ਹੋਰ ਵੰਡ ਨਹੀਂ ਕੀਤੀ ਜਾ ਸਕਦੀ ਸੀ, ਉਸ ਨੂੰ ਕਣ ਕਿਹਾ। ਉਸ ਅਨੁਸਾਰ ਪਦਾਰਥ ਦਾ ਕਾਰਨ ਕਣ ਹਨ। ਪਦਾਰਥ ਦੀ ਉਤਪਤੀ ਕਣਾਂ ਤੋਂ ਹੁੰਦੀ ਹੈ ਅਤੇ ਪਦਾਰਥ ਹੀ ਸੰਸਾਰ ਦਾ ਮੂਲ ਕਾਰਨ ਹੈ। ਸਾਰਾ ਸੰਸਾਰ ਪਦਾਰਥ ਤੋਂ ਹੀ ਨਿਰਮਿਤ ਹੋਇਆ ਹੈ ਅਤੇ ਪਦਾਰਥ ਕਣਾਂ ਤੋਂ। ਕਣਾਂ ਨੂੰ ਅਜੋਕੀ ਭਾਸ਼ਾ ਵਿਚ ਪਰਮਾਣੂ ਕਿਹਾ ਜਾ ਸਕਦਾ ਹੈ।

ਜਦੋਂ ਵੀ ਕਿਸੇ ਪਦਾਰਥ ਦੀ ਖੋਜ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਦਾ ਨਾਮਕਰਨ ਕੀਤਾ ਜਾਂਦਾ ਹੈ, ਫਿਰ ਹੀ ਅੱਗੇ ਹੋਰ ਖੋਜ ਸ਼ੁਰੂ ਕੀਤੀ ਜਾਂਦੀ ਹੈ। ਸੋ ਨਾਮ ਪਦਾਰਥ ਤੋਂ ਵੀ ਵੱਧ ਅਹਿਮ ਹੈ। ਨਾਮ ਤੋਂ ਹੀ ਪਦਾਰਥਾਂ ਦੀ ਪਛਾਣ ਅਤੇ ਵਿਸ਼ੇਸ਼ਤਾ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਇਕ ਦੂਜੇ ਤੋਂ ਅਲੱਗ ਪਛਾਣ ਕੀਤੀ ਜਾਂਦੀ ਹੈ। ਨਾਮ ਕਾਰਨ ਹੀ ਉਹ ਇਕ ਦੂਜੇ ਤੋਂ ਵੱਖ ਵੱਖ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਵਿਅਕਤੀ ਵੀ ਆਪਣੇ ਨਾਂਵਾਂ ਕਾਰਨ ਇਕ ਦੂਜੇ ਤੋਂ ਅਲੱਗ ਪਛਾਣ ਕੀਤੇ ਜਾਂਦੇ ਹਨ। ਜਾਨਵਰਾਂ ਦੀ ਪਛਾਣ ਵੀ ਉਨ੍ਹਾਂ ਦੇ ਨਾਂਵਾਂ ਨਾਲ ਕੀਤੀ ਜਾਂਦੀ ਹੈ।

ਸੋ ਸੰਸਾਰ ਵਿਚ ਪਦਾਰਥ ਤੋਂ ਵੀ ਵੱਧ ਅਹਿਮ ਹੈ, ਨਾਮ। ਕੋਈ ਵੀ ਪਦਾਰਥ ਨਾਮ ਰਹਿਤ ਨਹੀਂ ਹੈ। ਪਦਾਰਥ ਹੈ ਤਾਂ ਉਸ ਦਾ ਨਾਮ ਵੀ ਜ਼ਰੂਰ ਹੋਵੇਗਾ।

ਹੁਣ ਪਰਮਾਤਮਾ ਦੇ ਨਾਮ ਦੀ ਚਰਚਾ ਕੀਤੀ ਜਾਵੇ ਤਾਂ ਜਾਪੁ ਸਾਹਿਬ ਦੀ ਬਾਣੀ ਵਿਚ 199 ਛੰਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਕਿਰਤਮ ਨਾਮਾਂ ਦਾ ਹੀ ਵਰਣਨ ਕੀਤਾ ਹੈ। ਉਹ ਕਿੰਨੇ ਹਨ ਅਤੇ ਕਿਵੇਂ ਰੱਖੇ ਗਏ ਹਨ? ਇਹ ਵਿਦਵਾਨਾਂ ਦੀ ਖੋਜ ਦਾ ਵਿਸ਼ਾ ਹੈ। ਪਰਮਾਤਮਾ ਨੇ ਆਪਣਾ ਕੋਈ ਨਾਂ ਨਹੀਂ ਰੱਖਿਆ। ਸਾਰੇ ਹੀ ਨਾਮ ਉਸ ਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਅਨੁਸਾਰ ਮਨੁੱਖਾਂ ਨੇ ਰੱਖੇ ਹਨ। ਉਨ੍ਹਾਂ ਨਾਂਵਾਂ ਨਾਲ ਹੀ ਮਨੁੱਖ ਉਸ ਨੂੰ ਸੰਬੋਧਿਤ ਹੁੰਦੇ ਹਨ। ਇਹ ਮਨੁੱਖ ਦੀ ਲੋੜ ਹੈ, ਉਸ ਦੀ ਲੋੜ ਨਹੀਂ। ਉਸ ਨੇ ਨਾਂਵਾਂ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਨਾਮ ਨੂੰ ਉਸ ਦੀ ਹੋਂਦ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ।

'ਪੰਜਾਬ ਟਾਈਮਜ਼' ਦੇ 16 ਨਵੰਬਰ ਦੇ ਅੰਕ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਆਪਣੇ ਲੇਖ ਵਿਚ ਬੜੇ ਦਾਅਵੇ ਨਾਲ ਲਿਖਦੇ ਹਨ ਕਿ "ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਰੱਬ, ਪਰਮੇਸ਼ਵਰ, ਪ੍ਰਭ, ਵਾਹਿਗੁਰੂ ਜਾਂ ਪਰਮਾਤਮਾ ਜਿਹਾ ਦੈਵੀ ਭਾਵ ਦਾ ਕੋਈ ਸ਼ਬਦ ਦਰਜ ਨਹੀਂ ਹੈ। ਗੁਰੂ ਸਾਹਿਬ ਨੇ ਇਸ ਗੱਲ ਬਾਰੇ ਇੰਨੀ ਪਰਿਪੱਕਤਾ ਦਿਖਾਈ ਹੈ ਕਿ ਜਿਨ੍ਹਾਂ ਦੋ ਪਉੜੀਆਂ ਵਿਚ ਉਹ ਰੱਬ ਜਾਂ ਇਸ ਜਿਹੀ ਕੋਈ ਹੋਰ ਸੰਗਿਆ, ਜੇ ਉਹ ਚਾਹੁੰਦੇ ਤਾਂ ਆਦਾਨ-ਪ੍ਰਦਾਨ ਨਾਲ ਵਰਤ ਸਕਦੇ ਸਨ, ਪਰ ਉਨ੍ਹਾਂ ਉਥੇ ਵੀ ਅਜਿਹਾ ਨਹੀਂ ਕੀਤਾ।"

ਡਾ. ਸਮਰਾਓ ਨੇ ਬੜੀ ਬਾਰੀਕੀ ਨਾਲ ਸ਼ਬਦ-ਦਰ-ਸ਼ਬਦ ਪੜਚੋਲ ਕਰਕੇ ਜਪੁਜੀ ਸਾਹਿਬ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ ਅਤੇ ਵਿਆਖਿਆ ਕੀਤੀ ਹੈ। ਇਸ ਤੋਂ ਇਲਾਵਾ ਵੀ ਉਨ੍ਹਾਂ ਨੇ ਲੜੀਵਾਰ ਦੋ ਹੋਰ ਲੇਖ ਲਿਖੇ ਹਨ। ਉਨ੍ਹਾਂ ਵਿਚ ਵੀ ਇਸੇ ਸਿਧਾਂਤ ਦੀ ਪ੍ਰੋੜਤਾ ਕੀਤੀ ਹੈ ਅਤੇ ਪਰਮਾਤਮਾ ਦੇ ਨਾਂਵਾਂ ਦਾ ਵਿਰੋਧ ਕੀਤਾ ਹੈ। ਜਿਵੇਂ ਉਨ੍ਹਾਂ ਨੂੰ ਨਾਂਵਾਂ ਨਾਲ ਕੋਈ ਅਲਰਜੀ ਹੋਵੇ ਜਾਂ ਉਹ ਨਾਂਵਾਂ ਨੂੰ ਬੇਕਾਰ ਹੀ ਸਮਝਦੇ ਹੋਣ। ਉਨ੍ਹਾਂ ਦੀ ਇਕ ਸਮੱਸਿਆ ਇਹ ਵੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 8 ਅੰਗਾਂ ਨੂੰ ਬਾਕੀ 1422 ਅੰਗਾਂ ਨਾਲੋਂ ਵੱਖ ਕਰ ਕੇ ਦੇਖਦੇ ਹਨ। ਉਹ ਗੁਰੂ ਨਾਨਕ ਸਾਹਿਬ ਦੀ ਹੋਰ ਬਾਣੀ ਅਤੇ ਹੋਰ ਬਾਣੀਕਾਰਾਂ ਦੀ ਬਾਣੀ ਨਾਲੋਂ ਨਿਖੇੜ ਕੇ ਵੇਖਦੇ ਹਨ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹਰ ਇਕ ਅੰਗ ਤੇ ਪਰਮਾਤਮਾ ਦੇ ਵੱਖੋ ਵੱਖ ਕਰਮ, ਨਾਮ ਅਤੇ ਸਿਫਤੀ ਨਾਮ ਵਰਤੇ ਗਏ ਹਨ, ਜਪੁਜੀ ਸਾਹਿਬ ਵਿਚ ੴ ਤੋਂ ਅਗਲੇ ਸਭ ਸ਼ਬਦ ਪਰਮਾਤਮਾ ਦੇ ਸਿਫਤੀ ਅਤੇ ਕਰਮ ਨਾਮ ਹੀ ਹਨ। ਗੁਰੂ ਨਾਨਕ ਸਾਹਿਬ ਦੀਆਂ ਜਪੁਜੀ ਸਾਹਿਬ ਤੋਂ ਬਿਨਾ ਵੀ ਹੋਰ ਬਾਣੀਆਂ ਅਤੇ ਸ਼ਬਦ ਹਨ। ਕੀ ਉਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੇ ਨਾਮ ਨਹੀਂ ਵਰਤੇ? ਜਾਂ ਫਿਰ ਉਹ ਪਰਮਾਤਮਾ ਦੀ ਹੋਂਦ ਅਤੇ ਹਸਤੀ ਨੂੰ ਨਹੀਂ ਮੰਨਦੇ?

ਇਸ ਤੋਂ ਬਿਨਾ ਹੋਰ ਪੰਜ ਗੁਰੂ ਸਾਹਿਬਾਨ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕੀ ਉਹ ਉਨ੍ਹਾਂ ਨੂੰ ਵੱਖ-ਵੱਖ ਸਮਝਦੇ ਹਨ? ਕੀ ਉਹ ਉਨ੍ਹਾਂ ਨੂੰ ਇਕ ਜੋਤ ਨਹੀਂ ਮੰਨਦੇ? ਬਾਕੀ ਭਗਤਾਂ, ਸਿੱਖਾਂ ਅਤੇ ਭੱਟਾਂ ਨੂੰ ਉਨ੍ਹਾਂ ਤੋਂ ਵਖਰਾ ਸਮਝਦੇ ਹਨ? ਕੀ ਹਰ ਇਕ ਦਾ ਆਪੋ ਆਪਣਾ ਵੱਖੋ ਵੱਖ ਸਿਧਾਂਤ ਹੈ?

ਜੇ ਅਜਿਹਾ ਨਹੀਂ ਹੈ ਤਾਂ ਸਾਰੇ ਗੁਰੂ ਗ੍ਰੰਥ ਸਾਹਿਬ ਨੂੰ ਇਕ ਇਕਾਈ ਹੀ ਮੰਨਿਆ ਅਤੇ ਜਾਣਿਆ ਜਾਂਦਾ ਹੈ। ਸਾਰੇ ਗੁਰੂ ਗ੍ਰੰਥ ਸਹਿਬ ਦੇ ਸਿਧਾਂਤ ਨੂੰ ਵੀ ਇਕ ਹੀ ਮੰਨਿਆ ਜਾਵੇਗਾ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਅਤੇ ਉਸ ਦੇ ਨਾਮ ਦੀ ਮਹਿਮਾ ਕੀਤੀ ਗਈ ਹੈ। ਜੇ ਸੁਖਮਨੀ ਸਾਹਿਬ ਦਾ ਹੀ ਜ਼ਿਕਰ ਕੀਤਾ ਜਾਵੇ ਤਾਂ ਉਸ ਵਿਚ ਨਾਮ ਦੀ ਕਿੰਨੀ ਮਹਿਮਾ ਕੀਤੀ ਗਈ ਹੈ, ਇਹ ਇਸ ਦਾ ਪਾਠ ਕਰਕੇ ਜਾਣਿਆ ਜਾ ਸਕਦਾ ਹੈ। ਰਹਾਉ ਵਾਲਾ ਸਲੋਕ ਹੀ ਇਸ ਦਾ ਪ੍ਰਮਾਣ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮ॥

ਸਾਰੇ ਸੁਖਮਨੀ ਸਾਹਿਬ ਵਿਚ ਕਿੰਨੇ ਨਾਮ ਅਤੇ ਕਿੰਨੀ ਵਾਰ ਵਰਤੇ ਗਏ ਹਨ। ਇਹ ਵੀ ਵਿਦਵਾਨਾਂ ਦੀ ਖੋਜ ਦਾ ਵਿਸ਼ਾ ਹੈ। ਸੁਖਮਨੀ ਸਾਹਿਬ ਵਿਚ ਬੜੇ ਵਿਸਥਾਰ ਸਹਿਤ ਆਤਮਾ, ਪਰਮਾਤਮਾ, ਨਾਮ, ਸ਼ਬਦ, ਜਪ, ਸਿਮਰਨ, ਸਾਧ, ਬ੍ਰਹਮਗਿਆਨੀ ਅਤੇ ਹੋਰ ਬਹੁਤ ਸਾਰੇ ਵਿਸ਼ਿਆਂ ਦੀ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ। ਜਿਸ ਬਾਰੇ ਪਾਠ ਕਰਨ ਉਪਰੰਤ ਜਾਣਿਆ ਜਾ ਸਕਦਾ ਹੈ। ਬਾਕੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਤਮਾ, ਪਰਮਾਤਮਾ, ਨਾਮ, ਜਾਪ ਅਤੇ ਸਿਮਰਨ ਦਾ ਜ਼ਿਕਰ ਤੇ ਚਰਚਾ ਵਾਰ ਵਾਰ ਕੀਤੀ ਗਈ ਹੈ। ਇਸੇ ਨੂੰ ਹੀ ਜੀਵਨ ਦਾ ਅਸਲ ਮਨੋਰਥ ਮੰਨਿਆ ਗਿਆ ਹੈ।

ਨਾਮ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਤਿੰਨਾਂ ਹੀ ਲੇਖਾਂ ਵਿਚ ੴ ਦਾ ਜ਼ਿਕਰ ਕੀਤਾ ਹੈ, ਪਰ ਇਸ ਦਾ ਕੀ ਭਾਵ ਜਾਂ ਅਰਥ ਹੈ? ਇਹ ਕਿਤੇ ਵੀ ਸਪੱਸ਼ਟ ਨਹੀਂ ਕੀਤਾ, ਜਦੋਂ ਕਿ ਉਹ ਇਸ ਨੂੰ ਜਪੁਜੀ ਸਾਹਿਬ ਦਾ ਮੂਲ ਮੰਨਦੇ ਹਨ। ਉਹ ਇਸ ਦੀ ਵਿਆਖਿਆ ਗਣਿਤ ਅਨੁਸਾਰ ਕਰਨਾ ਚਾਹੁੰਦੇ ਹਨ, ਪਰ ਇਹ ਕਿਤੇ ਵੀ ਸਪੱਸ਼ਟ ਨਹੀਂ ਕੀਤਾ ਕਿ ਇਸ ਦੇ ਕੀ ਅਰਥ ਜਾਂ ਭਾਵ ਹਨ। ਗਣਿਤ ਗਿਆਨ ਦੀ ਇਕ ਸ਼ਾਖਾ ਹੈ, ਪਰ ਸਮੁੱਚਾ ਗਿਆਨ ਨਹੀਂ ਹੈ। ਤਰਕ ਗਿਆਨ ਦੀ ਇਕ ਸ਼ਾਖਾ ਹੈ, ਪਰ ਸਮੁੱਚਾ ਗਿਆਨ ਨਹੀਂ ਹੈ। ਇਸੇ ਤਰ੍ਹਾਂ ਵਿਗਿਆਨ ਵੀ ਗਿਆਨ ਦੀ ਇਕ ਸ਼ਾਖਾ ਹੀ ਹੈ, ਸਮੁੱਚਾ ਗਿਆਨ ਨਹੀਂ ਹੈ।

ਬਹੁਤ ਸਾਰੇ ਵਿਸ਼ੇ ਮਿਲ ਕੇ ਹੀ ਗਿਆਨ ਬਣਦੇ ਹਨ। ਹਰ ਵਿਸ਼ਾ ਇਕ ਸੁਤੰਤਰ ਵਿਸ਼ਾ ਹੈ, ਕੋਈ ਇਕ ਵਿਸ਼ਾ ਦੂਜੇ ਨੂੰ ਸਿੱਧ ਕਰਨ ਲਈ ਜਾਂ ਵਿਆਖਿਆ ਲਈ ਨਹੀਂ ਵਰਤਿਆ ਜਾ ਸਕਦਾ। ਉਹ ਇਕ ਦੂਜੇ ਦੇ ਸਹਾਇਕ ਤਾਂ ਹੋ ਸਕਦੇ ਹਨ, ਪਰ ਕਿਸੇ ਦੂਜੇ ਦੇ ਪੂਰਕ ਨਹੀਂ ਹੋ ਸਕਦੇ। ਹਰ-ਇਕ ਦੀ ਵੱਖਰੀ ਹੋਂਦ ਅਤੇ ਹਸਤੀ ਹੈ।

ਧਰਮ ਅਨੁਸਾਰ ਆਤਮ-ਤੱਤਵ ਦਾ ਗਿਆਨ ਹੀ ਗਿਆਨ ਹੈ। ਬਾਕੀ ਸਭ ਵਿਗਿਆਨ ਹੈ। ਸੋ ਧਰਮ ਵੀ ਇਕ ਅਲੱਗ ਵਿਸ਼ਾ ਹੈ, ਉਸ ਦੇ ਆਪਣੇ ਸਿਧਾਂਤ ਅਤੇ ਵਿਆਖਿਆਵਾਂ ਹਨ, ਜੋ ਕਿਸੇ ਹੋਰ ਵਿਸ਼ੇ ਦੀਆਂ ਮੁਥਾਜ ਨਹੀਂ ਹਨ। ਜੇ ਜ਼ਬਰਦਸਤੀ ਕੀਤੀ ਜਾਵੇ ਤਾਂ ਅਰਥ ਦੇ ਅਨਰਥ ਹੋ ਜਾਣਗੇ। ਧਰਮ ਆਤਮਾ ਦਾ ਵਿਗਿਆਨ ਹੈ ਅਤੇ ਚੇਤਨਾ ਦਾ ਸ਼ਾਸਤਰ ਹੈ। ਇਸ ਦਾ ਆਪਣਾ ਇਕ ਵੱਖਰਾ ਖੇਤਰ ਅਤੇ ਮਾਨਤਾਵਾਂ ਹਨ। ਇਸ ਦਾ ਆਪਣਾ ਇਕ ਵੱਖਰਾ ਵਿਧੀ ਵਿਧਾਨ ਹੈ। ਉਸ ਅਨੁਸਾਰ ਹੀ ਇਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਉਸ ਨੂੰ ਸਮਝੇ ਅਤੇ ਜਾਣੇ ਬਿਨਾ ਇਸ ਦੀ ਵਿਆਖਿਆ ਨਹੀਂ ਹੋ ਸਕਦੀ। ਜੇ ਧਰਮ ਵਿਚੋਂ ਆਤਮਾ ਅਤੇ ਪਰਮਾਤਮਾ ਦਾ ਸੰਕਲਪ ਕੱਢ ਦਿੱਤਾ ਜਾਵੇ ਤਾਂ ਧਰਮ ਇਕ ਲਾਸ਼ ਬਣ ਕੇ ਰਹਿ ਜਾਵੇਗਾ।

ਧਰਮ ਸੱਤ, ਤੱਤ ਅਤੇ ਨੀਤੀ ਦੀ ਖੋਜ ਅਤੇ ਵਿਆਖਿਆ ਕਰਦਾ ਹੈ। ਇਨ੍ਹਾਂ ਅਨੁਸਾਰ ਹੀ ਜੀਵਨ ਬਤੀਤ ਕਰਨ ਦਾ ਮਾਰਗ ਹੈ। ਧਰਮ ਇਕ ਜੀਵਨ-ਜਾਚ ਜਾਂ ਸੁਚੱਜੀ ਜ਼ਿੰਦਗੀ ਜਿਉਣ ਦਾ ਢੰਗ ਹੈ, ਜਦੋਂ ਕਿ ਫੋਕੇ ਕਰਮਕਾਂਡ ਉਲਝਣ ਅਤੇ ਬੰਧਨ ਦਾ ਕਾਰਨ ਹਨ, ਜਿਸ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਂਵਾਂ 'ਤੇ ਕੀਤੀ ਗਈ ਹੈ। ਕਰਮ ਕਾਂਡ ਨੂੰ ਅਪ੍ਰਵਾਨ ਕਰਦਿਆਂ ਬੰਧਨ ਦਾ ਕਾਰਨ ਮੰਨਿਆ ਗਿਆ ਹੈ। ਉਹ ਇਕ ਵੱਖਰਾ ਵਿਸ਼ਾ ਹੈ। ਆਪਣੇ ਨਿਜੀ ਸਰੂਪ ਨੂੰ ਜਾਣ ਲੈਣਾ ਅਤੇ ਉਸ ਨੂੰ ਪਰਮਾਤਮਾ ਵਿਚ ਲੀਨ ਕਰ ਦੇਣਾ ਹੀ ਧਰਮ ਦਾ ਅਸਲ ਉਦੇਸ਼ ਹੈ। ਇਹੋ ਹੀ ਕੈਵਲਿਆ, ਨਿਰਵਾਣ, ਮੁਕਤੀ ਅਤੇ ਮੋਕਸ਼ ਹੈ। ਇਹ ਹੀ ਮਨੁੱਖਾ ਜਨਮ ਦੀ ਸਾਰਥਕਤਾ ਅਤੇ ਮਨੋਰਥ ਹੈ। ਆਸਾ ਕੀ ਵਾਰ ਦੀ ਪਹਿਲੀ ਪਾਉੜੀ ਦਾ ਫੁਰਮਾਨ ਹੈ,

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ
ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ
ਲੈਸਹਿ ਜਿੰਦੁ ਕਵਾਉ॥
ਕਰ ਆਸਣੁ ਡਿਠੋ ਚਾਉ॥੧॥

ਅਖੀਰ ਵਿਚ ਬੇਨਤੀ ਹੈ ਕਿ ਧਰਮ ਦੀ ਵਿਆਖਿਆ ਧਰਮ ਦੇ ਨਿਯਮਾਂ ਅਨੁਸਾਰ ਹੀ ਕੀਤੀ ਜਾਵੇ। ਅਰਥ ਦੇ ਅਨਰਥ ਨਾ ਕੀਤੇ ਜਾਣ। ਕਿਸੇ ਹੋਰ ਵਿਸ਼ੇ ਦੀਆਂ ਧਾਰਨਾਵਾਂ ਅਤੇ ਮਾਨਤਾਵਾਂ ਨਾਲ ਧਰਮ ਦੀ ਸਹੀ ਅਤੇ ਸਟੀਕ ਵਿਆਖਿਆ ਨਹੀਂ ਹੋ ਸਕਦੀ। ਉਮੀਦ ਹੈ, ਬੇਨਤੀ ਪ੍ਰਵਾਨ ਹੋਵੇਗੀ।

# ਸਾਖੀ ਦੌਲਤਮੰਦ ਦੀ

ਦੌਲਤਮੰਦ ਮਾਇਨੇ ਅਮੀਰ, ਤੇ ਅਮੀਰ ਮਾਇਨੇ? ਅਮੀਰ ਮਾਇਨੇ ਪ੍ਰਭੁਤਾ ਵਾਲਾ, ਬਾਦਸ਼ਾਹ, ਸਰਦਾਰ, ਧਨੀ। ਅਮਰ ਮਾਇਨੇ ਹੁਕਮ; ਸੋ ਅਮੀਰ ਉਹ, ਜਿਸ ਦਾ ਹੁਕਮ ਮੰਨਿਆ ਜਾਏ। ਅਮੀਰੀ ਮਾਇਨੇ ਸਰਦਾਰੀ ਅਤੇ ਉਦਾਰਤਾ-ਦੋਵੇਂ ਵੀ ਹਨ। ਉਦਾਰ ਨਹੀਂ ਤਾਂ ਅਮੀਰੀ ਕਿਸ ਅਰਥ? ਲਫਜ਼ ਦੌਲਤ ਮਾਇਨੇ ਹਕੂਮਤ, ਰਾਜ ਅਤੇ ਧਨ।

ਸਿੱਖ ਅਰਦਾਸ ਵਿਚ ਇਕ ਵਾਕ ਹੈ, 'ਖਾਲਸਾ ਜੀ ਦੇ ਬੋਲ ਬਾਲੇ।' ਵਾਹਿਗੁਰੂ ਤੋਂ ਇਸ ਵਾਕ ਰਾਹੀਂ ਵਰਦਾਨ ਮੰਗਿਆ ਹੈ, ਸਿੱਖਾਂ ਦੇ ਵਾਕ ਏਨੇ ਮਜ਼ਬੂਤ ਹੋਣ ਕਿ ਮੰਨੇ ਜਾਣ। ਬਾਲਾ ਮਾਇਨੇ ਬਲਵਾਨ। ਫਾਰਸੀ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਦਸਤ ਮਾਇਨੇ ਹੱਥ, ਇਸ ਤੋਂ ਬਣਿਆ ਦਸਤਕਾਰੀ। ਬਾਲਾਦਸਤੀ ਮਾਇਨੇ ਹੱਥਾਂ ਨਾਲ ਜ਼ੋਰ ਜਬਰ, ਕੁੱਟਮਾਰ।

ਇਰਾਨ ਵਿਚ ਮੈਥੋਂ ਅਕਸਰ ਪੁੱਛਿਆ ਜਾਂਦਾ, ਤੁਹਾਡੀ ਦਾਨਿਸ਼ਗਾਹ (ਯੂਨੀਵਰਸਿਟੀ) ਦਾ ਸਰਦਾਰ ਕੌਣ ਹੈ? ਇਸ ਵਕਤ ਪੰਜਾਬ ਦਾ ਸਰਦਾਰ ਕੌਣ ਹੈ? ਮੈਂ ਉਲਝਣ ਵਿਚ ਪੈ ਜਾਣਾ, ਕੀ ਜਵਾਬ ਦਿਆਂ? ਫਿਰ ਇਰਾਨੀਆਂ ਨੇ ਦੱਸਿਆ ਕਿ ਸਰਦਾਰ ਮਾਇਨੇ ਚੀਫ। ਇਹ ਪੁੱਛ ਰਹੇ ਨੇ ਵਾਈਸ ਚਾਂਸਲਰ ਕੌਣ ਹੈ? ਮੁੱਖ ਮੰਤਰੀ ਕੌਣ ਹੈ? ਅਸੀਂ ਹਾਂ ਦੁਨੀਆਂ ਦੇ ਉਹ ਵਿਚਿੱਤਰ ਸਰਦਾਰ, ਜਿਨ੍ਹਾਂ ਨੂੰ ਆਪਣੇ ਰੁਤਬੇ ਦਾ ਪਤਾ ਨਹੀਂ।

ਇਸ ਲਿਖਤ ਵਿਚ ਅਸੀਂ ਉਸ ਅਮੀਰ ਦੀ ਸਾਖੀ ਸੁਣਾਉਣੀ ਹੈ, ਜਿਸ ਦੀ 550ਵੀਂ ਜਨਮ ਸ਼ਤਾਬਦੀ ਦੁਨੀਆਂ ਵਿਚ ਮਨਾਈ ਜਾ ਰਹੀ ਹੈ। ਖਰੇ ਸੌਦੇ ਦੁਆਲੇ ਘੁੰਮਦੀ, ਪਰਿਕਰਮਾ ਕਰਦੀ ਇਹ ਸਾਖੀ ਦੂਰ ਚਲੀ ਜਾਏਗੀ। ਖਰੇ ਸੌਦੇ ਦੀ ਸਾਖੀ ਨੂੰ ਅੱਜ ਕੱਲ੍ਹ ਸੱਚੇ ਸੌਦੇ ਦੀ ਸਾਖੀ ਨਾਲ ਜਾਣਿਆਂ ਜਾਂਦਾ ਹੈ। ਸਾਖੀ ਨਹੀਂ ਸੁਣਾਉਣੀ, ਸਾਖੀ ਬਚਪਨ ਤੋਂ ਸੁਣਦੇ ਸੁਣਾਉਂਦੇ ਆਏ ਹਾਂ। ਸਾਖੀ ਦੇ ਆਲੇ-ਦੁਆਲੇ ਪਰਿਕਰਮਾ ਕਰਦੇ ਕੁਝ ਮਹਿਕਦੇ ਵਾਕ ਮਾਹੌਲ ਨੂੰ ਮੰਗਲਮਈ ਬਣਾ ਰਹੇ ਹਨ। ਉਨ੍ਹਾਂ ਵਾਕਾਂ ਨੂੰ ਦੇਖੀਏ। ਸਨਾਤਨੀ ਵੈਦਿਕ ਵਿਦਵਾਨ ਇਹ ਨਹੀਂ ਕਹਿੰਦੇ ਸਨ ਕਿ ਰਿਸ਼ੀਆਂ ਨੇ ਵੇਦ ਵਾਕ ਲਿਖੇ ਜਾਂ ਕਹੇ, ਜਾਂ ਰਚੇ; ਕਿਹਾ ਕਰਦੇ ਸਨ ਕਿ ਰਿਸ਼ੀਆਂ ਨੇ ਵਾਕ ਦੇਖੇ, ਰਿਸ਼ੀ ਮੰਤਰ-ਦ੍ਰਸ਼ਟਾ ਹਨ। ਰਚੈਤਾ ਬ੍ਰਹਮ ਆਪ ਹੈ।

ਪਿਤਾ ਮਹਿਤਾ ਕਲਿਆਣ ਰਾਇ ਨੂੰ ਖਬਰ ਮਿਲੀ ਕਿ ਦਿੱਤੇ ਪੈਸਿਆਂ ਨਾਲ ਦੁਕਾਨ ਲਈ ਸੌਦਾ ਨਹੀਂ ਲਿਆਂਦਾ, ਰਕਮ ਦਾ ਕੁਝ ਹੋਰ ਕਰ ਦਿੱਤਾ ਹੈ। ਘਰ ਆਏ। ਪੁੱਛਿਆ, ਨਾਨਕ ਹੈ ਕਿੱਥੇ ਇਸ ਵਕਤ? ਉੱਤਰ ਮਿਲਿਆ, ਪਿੰਡ ਬਾਹਰ ਛੱਪੜ ਕਿਨਾਰੇ ਕਰਤਾਰ ਦਾ ਨਾਮ ਲੈ ਰਿਹਾ ਹੈ। ਤੇਜ਼ ਕਦਮੀ ਪਿਤਾ ਘਰੋਂ ਬਾਹਰ ਨਿਕਲਿਆ। ਗੁਸੈਲੇ ਪਿਤਾ ਪਿੱਛੇ ਨਾਨਕੀ ਵੀ ਤੇਜ਼ ਕਦਮੀਂ ਤੁਰੀ।

ਪਿਤਾ ਨੂੰ ਆਉਂਦਿਆਂ ਦੇਖ, ਬੈਠਾ ਨਾਨਕ ਅਦਬ ਨਾਲ ਉਠਿਆ, ਖਲੋ ਗਿਆ। ਸਾਹਮਣੇ ਖਲੋਤੇ ਪਿਤਾ ਨੇ ਪੁੱਛਿਆ, ਕੀ ਕੀਤੋਂਈ ਬੀਸ ਰੁਪਈਆਂ ਦਾ? ਨਾਨਕ ਨੇ ਕਿਹਾ, ਖਰਾ ਸੌਦਾ ਕਰਨ ਲਈ ਕਹਿਆ ਸੀ ਨਾ ਪਿਤਾ ਜੀ, ਖਰਾ ਸੌਦਾ ਕਰ ਆਇਆ ਹਾਂ। ਭੁੱਖੇ ਸਾਧੂਆਂ ਨੇ ਖਾਣਾ ਮੰਗਿਆ, ਸੋ ਭੋਜਨ ਕਰਾ ਦਿੱਤਾ।

ਸੱਜੇ ਹੱਥ ਨਾਲ ਖੱਬੀ ਗੱਲ੍ਹ ਉਤੇ, ਖੱਬੇ ਹੱਥ ਨਾਲ ਸੱਜੀ ਗੱਲ੍ਹ ਉਤੇ ਦੋ ਥੱਪੜ ਰਸੀਦ ਕੀਤੇ। ਹੰਝੂਆਂ ਦੀਆਂ ਕੁਝ ਬੂੰਦਾਂ ਤਲਵੰਡੀ ਪਿੰਡ ਦੇ ਛੱਪੜ ਕਿਨਾਰੇ ਡਿੱਗੀਆਂ। ਨਾਨਕੀ ਨੇ ਪਿਤਾ ਦਾ ਹੱਥ ਫੜ ਕੇ ਕਿਹਾ, ਪਿਤਾ ਜੀ ਘਰ ਚੱਲੀਏ। ਬੇਬੇ ਨਾਨਕੀ ਦਾ ਇਹ ਵਾਕ ਪੜ੍ਹ ਕੇ ਮੈਂ ਰੁਕਿਆ, ਯਾਦ ਆਇਆ ਦੁਨੀਆਂ ਦੇ ਸਾਰੇ ਧਰਮ-ਗ੍ਰੰਥਾਂ ਵਿਚ ਲਿਖਿਆ ਹੈ, ਇਹ ਦੁਨੀਆਂ ਸਾਡਾ ਘਰ ਨਹੀਂ, ਸਰਾਂ ਹੈ। ਘਰ ਕਿਤੇ ਹੋਰ ਹੈ। ਕੋਈ ਕੋਈ ਕਰਮਾਂ ਵਾਲਾ ਨਿੱਜ ਘਰ ਪੁਜਦਾ ਹੈ। ਪਿਤਾ ਜੀ ਨਹੀਂ ਪੁੱਜ ਸਕੇ। ਸਾਖੀਕਾਰ ਨੇ ਬੇਬੇ ਨਾਨਕੀ ਦਾ ਮਹਾਂਵਾਕ ਰਿਕਾਰਡ ਕਰਕੇ ਉਪਕਾਰ ਕੀਤਾ ਹੈ।

ਕੁਝ ਪ੍ਰਚਾਰਕ ਆਖਦੇ ਹਨ, ਲੰਗਰ ਦੀ ਪ੍ਰਥਾ ਸਾਧੂਆਂ ਨੂੰ ਭੋਜਨ ਛਕਾਉਣ ਤੋਂ ਚੱਲੀ। ਬਿਲਕੁਲ ਨਹੀਂ। ਬਿਗਾਨੀ ਰਕਮ ਨਾਲ ਲੰਗਰ ਨਹੀਂ ਚਲਾਇਆ। ਰਕਮ ਦੇ ਮਾਲਕ ਨੂੰ ਨਾਰਾਜ਼ ਕਰਕੇ ਇਹ ਅਮਰ ਪ੍ਰਥਾ ਨਹੀਂ ਚੱਲੀ। ਕਰਤਾਰਪੁਰ ਖੇਤੀ ਕੀਤੀ, ਉਸ ਵਿਚੋਂ ਦਸਵੰਧ ਕੱਢ ਕੇ ਨਹੀਂ, ਸਾਰੀ ਉਪਜ ਵਿਚੋਂ ਲੰਗਰ ਚਲਾਇਆ। ਕਰਤਾਰਪੁਰ ਵਿਚ ਦੋ ਦੋ ਚੁੱਲ੍ਹੇ ਨਹੀਂ ਸਨ ਕਿ ਆਪਣੇ ਲਈ ਖਾਣਾ ਹੋਰ, ਸੰਗਤ ਲਈ ਹੋਰ। ਕੁੱਲ ਦੁਨੀਆਂ ਉਨ੍ਹਾਂ ਦਾ ਪਰਿਵਾਰ ਸੀ।

ਰਾਇ ਬੁਲਾਰ ਖਾਨ ਵੱਡੇ ਰਈਸ ਸਨ, ਦਰਜਨ ਪਿੰਡਾਂ ਦੇ ਮਾਲਕ। ਪਿਤਾ ਜੀ ਮੁਰੱਬਿਆਂ ਦਾ ਬੰਦੋਬਸਤ ਕਰਨ ਹਿਤ ਪਟਵਾਰੀ ਵਜੋਂ ਉਨ੍ਹਾਂ ਦੇ ਮੁਲਾਜ਼ਮ ਸਨ। ਰਾਇ ਮਾਇਨੇ ਰਾਜਾ। ਰਾਇ ਬੁਲਾਰ ਨੂੰ ਇਸ ਘਟਨਾ ਦਾ ਪਤਾ ਲੱਗਾ, ਉਦਾਸ ਹੋਏ। ਨੌਕਰ ਭੇਜਿਆ, ਮਹਿਤਾ ਜੀ ਨੂੰ ਹਵੇਲੀ ਬੁਲਾਓ। ਨੌਕਰ ਗਿਆ, ਖਾਲੀ ਵਾਪਸ ਆਉਂਦਿਆਂ ਕਿਹਾ, ਜੀ ਘਰ ਨਹੀਂ ਹਨ। ਰਾਇ ਨੇ ਕਿਹਾ, ਕਿੱਡਾ ਕੁ ਹੈ ਤਲਵੰਡੀ ਪਿੰਡ? ਦੋ ਨੌਕਰ ਭੇਜਦਿਆਂ ਕਿਹਾ, ਜਿੱਥੇ ਵੀ ਹੋਣ, ਬੁਲਾ ਕੇ ਲਿਆਓ। ਨਾਨਕ ਜੀ ਨੂੰ ਵੀ ਲਿਆਵਣਾ।

ਪਿਤਾ-ਪੁੱਤਰ ਹਵੇਲੀ ਪੁੱਜੇ। ਰਾਇ ਬੁਲਾਰ ਨੇ ਬਾਬੇ ਨੂੰ ਹਿੱਕ ਨਾਲ ਲਾਇਆ। ਪਿਤਾ ਵਲ ਰੁਖ ਕਰਕੇ ਬੋਲੇ, ਮਹਿਤਾ ਜੀ ਤੁਸਾਂ ਨੂੰ ਸਖਤ ਤਾਕੀਦ ਕੀਤੀ ਸੀ ਕਿ ਇਸ ਬੱਚੇ ਨਾਲ ਗੱਲ ਕਰਨ ਵੇਲੇ ਉੱਚੀ ਸੁਰ ਵਿਚ ਨਹੀਂ ਬੋਲਣਾ। ਅੱਜ ਤੁਸੀਂ ਵਧੀਕੀ ਕੀਤੀ ਹੈ। ਪਿਤਾ ਨੇ ਕਿਹਾ, ਜੀ ਪੜ੍ਹਨ ਭੇਜਿਆ, ਪੜ੍ਹਿਆ ਨਹੀਂ; ਪਸ਼ੂ ਚਾਰਨ ਲਾਇਆ, ਪਸ਼ੂਆਂ ਵਿਚ ਧਿਆਨ ਨਹੀਂ। ਸੋਚਿਆ ਕਿਸੇ ਕੰਮ ਦਾ ਨਹੀਂ, ਸੋ ਹੱਟੀ ਖੁਲ੍ਹਵਾ ਦਿੰਦਾ ਹਾਂ। ਸੌਦਾ ਖਰੀਦਣ ਭੇਜਿਆ, ਵੀਹ ਰੁਪਏ ਉਜਾੜ ਆਇਆ।

ਰਾਇ ਸਾਹਿਬ ਨੇ ਨੌਕਰ ਨੂੰ ਕਿਹਾ, ਹਵੇਲੀ ਅੰਦਰ ਜਾਓ, ਬੇਗਮ ਸਾਹਿਬਾ ਪਾਸੋਂ ਬੀਸ ਰੁਪਏ ਲੈ ਕੇ ਆਓ। ਨੌਕਰ ਵੀਹ ਰੁਪਏ ਲੈ ਕੇ ਆ ਗਿਆ। ਰਕਮ ਪਿਤਾ ਨੂੰ ਫੜਾਉਂਦਿਆਂ ਬੋਲੇ, ਲਓ ਮਹਿਤਾ ਜੀ, ਅਸੀਂ ਤੁਸਾਂ ਦਾ ਘਾਟਾ ਪੂਰਾ ਕਰਦੇ ਹਾਂ। ਪਿਤਾ ਨੇ ਪੈਸੇ ਲੈਣ ਤੋਂ ਨਾਂਹ ਕਰਦਿਆਂ ਕਿਹਾ, ਰਾਇ ਜੀ, ਪੈਸੇ ਤੁਸਾਂ ਦੇ ਹੋਏ ਕਿ ਅਸਾਂ ਦੇ, ਇਸ ਵਿਚ ਕੋਈ ਫਰਕ ਨਹੀਂ ਕਿਉਂਕਿ ਤੁਸੀਂ ਅਸਾਂ ਦੇ ਹੋ, ਅਸੀਂ ਤੁਸਾਂ ਦੇ। ਪੈਸਿਆਂ ਦੀ ਕੀ ਗੱਲ?

ਰਾਇ ਬੁਲਾਰ ਨੇ ਕਿਹਾ, ਜੇ ਪੈਸਿਆਂ ਦੀ ਕੋਈ ਗੱਲ ਨਹੀਂ ਤਾਂ ਜ਼ੁਲਮ ਕਾਸ ਲਈ ਕੀਤਾ ਸਾਈ ਅੱਜ ਫਰਿਸ਼ਤੇ ਉਪਰ? ਪਿਤਾ ਨੇ ਕਿਹਾ, ਜੀ ਅੱਜ ਵੀਹ ਰੁਪਿਆਂ ਦਾ ਨੁਕਸਾਨ ਕੀਤਾ, ਕੱਲ੍ਹ ਨੂੰ ਵੱਡਾ ਨੁਕਸਾਨ ਕਰੇਗਾ। ਪਿਤਾ ਹੋਣ ਦੇ ਨਾਤੇ ਆਪਣੀ ਔਲਾਦ ਨੂੰ ਜਿੰਮੇਵਾਰੀ ਸਿੱਖਾਉਣ ਦਾ ਵੀ ਅਸਾਂ ਨੂੰ ਕੋਈ ਹੱਕ ਨਹੀਂ? ਰਾਇ ਬੁਲਾਰ ਨੇ ਕਿਹਾ, ਜੋ ਤੁਸਾਂ ਨੂੰ ਦਿਸਦਾ ਨਹੀਂ, ਅਸਾਂ ਨੂੰ ਸਾਫ ਨਜ਼ਰ ਆਵੰਦਾ ਹੈ, ਕੁੱਲ ਦੁਨੀਆਂ ਦੀ ਦੌਲਤ ਦਾ ਦਰਿਆ ਏਸ ਬੱਚੇ ਦੇ ਹੱਥਾਂ ਥਾਣੀ ਵਗਦਾ ਆਵੰਦਾ ਸਾਫ ਦਿਖਾਈ ਦਿੰਦਾ।

ਦੂਜਾ ਵਾਕ: ਤੁਸੀਂ ਹਿੰਦੂ ਹੋ ਮਹਿਤਾ ਜੀ, ਅਰ ਮੈਂ ਮੁਸਲਮਾਨ, ਇਸ ਕਰਕੇ ਚੁੱਪ ਹਾਂ ਕਿ ਤੁਸਾਂ ਦਾ ਭਾਈਚਾਰਾ ਚਰਚਾ ਕਰੇਗਾ, ਨਹੀਂ ਤਾਂ ਕਈ ਵਾਰ ਦਿਲ ਵਿਚ ਆਇਆ, ਇਸ ਬੱਚੇ ਨੂੰ ਤੁਸਾਂ ਦੇ ਘਰੋਂ ਆਪਣੀ ਹਵੇਲੀ ਲੈ ਆਵਾਂ।

ਤੀਜਾ ਵਾਕ: ਤੁਸੀਂ ਇਸ ਨੂੰ ਪੁੱਤਰ ਕਰਕੇ ਜਾਣਦੇ ਹੋ, ਅਸੀਂ ਜਾਣਦੇ ਹਾਂ ਜੁ ਖੁਦਾਇ ਇਸ ਰਾਹੀਂ ਅਸਾਂ ਨਾਲ ਗੱਲਾਂ ਕਰਨ ਧਰਤੀ ਉਪਰ ਉਤਰਿਆ ਹੈ।

ਚੌਥਾ ਵਾਕ: ਬਾਬਾ ਨਾਨਕ ਸਦਕਾ ਮੇਰੀ ਤਲਵੰਡੀ ਵਸਦੀ ਹੈ, ਮਹਿਤਾ ਜੀ। ਹੋਸ਼ ਕਰੋ।

ਗੁਰੂ ਜੀ ਸੁਲਤਾਨਪੁਰ ਮੋਦੀਖਾਨੇ ਮੈਨੇਜਰ ਵਜੋਂ ਨੌਕਰੀ ਕਰਨ ਲੱਗੇ। ਕਈ ਮਹੀਨੇ ਬੀਤੇ, ਮਾਪੇ ਤਲਵੰਡੀ ਤੋਂ ਮਿਲਣ ਗਏ। ਨਾਨਕੀ ਖੁਸ਼ ਹੋ ਮਾਪਿਆਂ ਨੂੰ ਮਿਲੀ। ਗੱਲਾਂ ਕਰਦਿਆਂ ਪਿਤਾ ਨੇ ਧੀ ਨੂੰ ਪੁੱਛਿਆ, ਨਾਨਕ ਹੁਣ ਕੁਝ ਜੋੜਦਾ ਵੀ ਹੈ ਕਿ ਸਾਰਾ ਉਜਾੜ ਦਿੰਦਾ ਹੈ? ਬੇਬੇ ਨਾਨਕੀ ਕਿਹਾ, ਕਮਾਂਵਦਾ ਹੈ ਤਾਂ ਉਜਾੜਦਾ ਹੈ। ਤੁਸਾਂ ਦਾ ਕੁਝ ਨਹੀਂ ਉਜਾੜਦਾ। ਤੁਸਾਂ ਦੀਆਂ ਇਹ ਗੱਲਾਂ ਅਸਾਂ ਨੂੰ ਭਲੀਆਂ ਨਹੀਂ ਲਗਦੀਆਂ ਪਿਤਾ ਜੀ।

ਵਿਜ਼ਿਟਿੰਗ ਪ੍ਰੋਫੈਸਰ ਹੋਣ ਕਰਕੇ ਇਰਾਨ ਜਾਂਦਾ-ਆਉਂਦਾ ਰਹਿੰਦਾ ਹਾਂ। ਰਾਜਧਾਨੀ ਤਹਿਰਾਨ ਵਿਖੇ ਇਤਿਹਾਸਕ ਗੁਰਦੁਆਰਾ ਹੈ, ਜਿੱਥੇ ਮਹਾਰਾਜ ਭਾਈ ਮਰਦਾਨਾ ਸਮੇਤ ਇਕ ਰਾਤ ਠਹਿਰੇ ਸਨ। ਗੁਰੂਘਰ ਸੋਹਣਾ ਹੋਣਾ ਈ ਸੀ। ਅੱਧੇ ਕਿਲੋਮੀਟਰ ਦੂਰ ਮੈਟਰੋ ਸਟੇਸ਼ਨ ਤੋਂ ਸੜਕ ਆ ਰਹੀ ਹੈ। ਸਟੇਸ਼ਨ ਵਾਲੇ ਪਾਸੇ ਏਨਾ ਸ਼ਾਨਦਾਰ ਗੇਟ ਕਿ ਮੈਂ ਦੰਗ ਹੀ ਰਹਿ ਗਿਆ। ਸੰਗਤ ਨੇ ਦੱਸਿਆ, ਅਸੀਂ ਗੁਰੂਘਰ ਉਸਾਰ ਲਿਆ ਤਾਂ

*(ਬਾਕੀ ਅਗਲੇ ਸਫੇ 'ਤੇ)*

# ਗੁਰੂ ਨਾਨਕ ਸਾਹਿਬ ਦੀ ਸ਼ਖਸੀਅਤ

## ਭਾਈ ਗੁਰਦਾਸ ਦੀਆਂ ਵਾਰਾਂ ਦੇ ਸੰਦਰਭ ਵਿਚ

ਕਿਸ਼ਤ ਦੂਜੀ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਨੋਟ:** ਗੁਰੂ ਜੀ ਵਲੋਂ ਕੀਤੀ ਕਰਾਮਾਤ ਦਾ ਜ਼ਿਕਰ ਗੁਰੂ ਜੀ ਦੀ ਆਪਣੀ ਸੋਚ ਅਨੁਸਾਰ ਠੀਕ ਨਹੀਂ ਹੈ।

ਗੜ੍ਹ ਬਗਦਾਦ ਨਿਵਾਇਕੈ
ਮਕਾ ਮਦੀਨਾ ਸਭ ਨਿਵਾਯਾ॥
ਸਿਧ ਚੌਰਾਸੀਹ ਮੰਡਲੀ
ਖਟ ਦਰਸ਼ਨ ਪਾਖੰਡ ਜਣਾਯਾ॥
ਪਾਤਾਲਾਂ ਆਕਾਸ਼ ਲਖ ਜਿੱਤੀ
ਧਰਤੀ ਜਗਤ ਸਬਾਯਾ॥
ਜਿਤੀ ਨਵਖੰਡ ਮੇਦਨੀ
ਸਤਿਨਾਮ ਦਾ ਚਕ੍ਰ ਫਿਰਾਯਾ॥
ਦੇਵਦਾਨੋ ਰਾਕਸ ਦੈਂਤ ਸਭ
ਚਿਤ੍ਰ ਗੁਪਤ ਸਭ ਚਰਨੀ ਲਾਯਾ॥
ਇੰਦ੍ਰਾਸਣ ਅਪੱਛਰਾਂ
ਰਾਗ ਰਾਗਨੀ ਮੰਗਲ ਗਾਯਾ॥

ਕਸ਼ਮੀਰਾ ਸਿੰਘ (ਪ੍ਰੋ.)
ਫੋਨ: 801-414-0171

ਹਿੰਦੂ ਮੁਸਲਮਾਨ ਨਿਵਾਇਆ॥37॥

**ਬਾਬਾ ਜੀ ਦੀ ਕਰਤਾਰਪੁਰ (ਪਾਕਿਸਤਾਨ) ਵਾਪਸੀ:** ਚੌਥੀ ਪ੍ਰਚਾਰ ਫੇਰੀ ਮੁਕਾ ਕੇ ਗੁਰੂ ਜੀ ਸੰਨ 1521 ਵਿਚ ਕਰਤਾਰਪੁਰ ਵਾਪਸ ਆ ਗਏ ਅਤੇ ਅਗਲੇ 18 ਸਾਲ ਉਨ੍ਹਾਂ ਇੱਥੇ ਕਿਰਤ ਕਰਦਿਆਂ ਮਨੁਖਤਾ ਦੀ ਸੱਚੀ ਅਗਵਾਈ ਵਿਚ ਬਿਤਾਏ। ਅਥਰਬਣ ਵੇਦ ਦੇ ਕਰਮ ਕਾਂਡਾਂ ਦਾ ਭਾਰ ਲਾਹ ਕੇ ਸਿੱਖਾਂ ਦੇ ਗੁਰਬਾਣੀ-ਪ੍ਰੇਮੀ ਹੋ ਜਾਣ ਬਾਰੇ ਦੱਸਿਆ ਗਿਆ ਹੈ। ਉਦਾਸੀ ਬਾਣਾ ਲਾਹ ਕੇ ਗੁਰੂ ਜੀ ਨੇ ਸੰਸਾਰੀ ਲਿਬਾਸ ਪਾ ਲਿਆ। ਗੁਰਬਾਣੀ ਦਾ ਪਰਵਾਹ ਚੱਲਣ ਲੱਗਾ। ਭਾਈ ਲਹਿਣਾ ਨੂੰ ਗੁਰੂ ਅੰਗਦ ਸਾਹਿਬ ਦੀ ਪਦਵੀ ਇੱਥੇ ਮਿਲੀ।

ਗੁਰੂ ਜੀ ਦੇ ਪੁੱਤਰਾਂ ਵਲੋਂ ਉਨ੍ਹਾਂ ਦਾ ਹੁਕਮ ਨਾ ਮੰਨਣ ਦੀ ਗੱਲ ਵੀ ਭਾਈ ਗੁਰਦਾਸ ਨੇ ਕੀਤੀ ਹੈ। ਭਾਈ ਗੁਰਦਾਸ ਨੇ ਉਸ ਸਮੇਂ ਪ੍ਰਚਲਿਤ ਨਿੱਤਨੇਮ ਦੀ ਗੱਲ ਕਰਦਿਆਂ ਕਿਹਾ ਹੈ ਕਿ ਅੰਮ੍ਰਿਤ ਵੇਲੇ 'ਜਪੁ' ਜੀ ਅਤੇ ਸ਼ਾਮ ਵੇਲੇ 'ਸੋ ਦਰੁ' ਦਾ ਪਾਠ ਹੋਣ ਲੱਗ ਪਿਆ ਸੀ, ਜਿੱਥੋਂ ਗੁਰੂ ਗ੍ਰੰਥ ਸਾਹਿਬ ਦੇ ਛਾਪੇ ਵਾਲੇ ਸਰੂਪ ਦੇ ਪਹਿਲੇ 13 ਪੰਨਿਆਂ ਦੇ ਨਿੱਤਨੇਮ ਦਾ ਮੁੱਢ ਬੱਝਾ। {ਸੋਹਿਲੇ ਦੀ ਬਾਣੀ ਦੇ ਪਾਠ ਦਾ ਜ਼ਿਕਰ ਛੇਵੀਂ ਵਾਰ ਦੀ ਤੀਜੀ ਪਉੜੀ ਵਿਚ ਕੀਤਾ ਗਿਆ ਹੈ ਜਿਵੇਂ

ਸੰਝੈ ਸੋਦਰ ਗਾਵਣਾ
ਮਨ ਮੇਲੀ ਕਰ ਮੇਲ ਮਿਲੰਦੇ॥
ਰਾਤੀ ਕੀਰਤਨ ਸੋਹਿਲਾ
ਕਰ ਆਰਤੀ ਪਰਸਾਦ ਵੰਡੰਦੇ॥
ਗੁਰਮੁਖ ਸੁਖਫਲ ਪਿਰਮ ਚਖੰਦੇ॥3॥

ਉਸ ਸਮੇਂ ਨਿੱਤਨੇਮ ਵਿਚ ਕੇਵਲ ਗੁਰੂ ਨਾਨਕ ਸਾਹਿਬ ਦੀ ਬਾਣੀ ਹੀ ਸੀ।}

ਦੇਖੋ 38ਵੀਂ ਪਉੜੀ,

ਫਿਰ ਬਾਬਾ ਆਇਆ ਕਰਤਾਰਪੁਰ
ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ
ਮੰਜੀ ਬੈਠ ਕੀਆ ਅਵਤਾਰਾ॥
ਉਲਟੀ ਗੰਗ ਵਹਾਇਓਨਿ
ਗੁਰ ਅੰਗਦ ਸਿਰ ਉਪਰ ਧਾਰਾ॥
ਪੁਤੀਂ ਕੌਲ ਨ ਪਾਲਿਆ
ਮਨ ਖੋਟੇ ਆਕੀ ਨਸਿਆਰਾ॥
ਬਾਣੀ ਮੁਖਹੁ ਉਚਾਰੀਐ
ਹੋਇ ਰੁਸ਼ਨਾਈ ਮਿਟੈ ਅੰਧਾਰਾ॥
ਗਿਆਨ ਗੋਸ਼ਟ ਚਰਚਾ ਸਦਾ
ਅਨਹਦ ਸ਼ਬਦ ਉਠੇ ਧੁਨਕਾਰਾ॥
ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪ ਉਚਾਰਾ॥
ਗੁਰਮੁਖ ਭਾਰ ਅਥਰਬਣ ਧਾਰਾ॥38॥

**ਗੁਰੂ ਜੀ ਦੀ ਅਚੱਲ ਬਟਾਲਾ ਮੇਲੇ ਦੀ ਫੇਰੀ:** ਕਰਤਾਰਪੁਰ ਤੋਂ ਗੁਰੂ ਜੀ ਸੰਸਾਰੀ ਪਹਿਰਾਵੇ ਵਿਚ ਅਚੱਲ ਬਟਾਲੇ ਸ਼ਿਵਰਾਤ੍ਰੀ ਦੇ ਮੇਲੇ 'ਤੇ ਗਏ। ਇਸ ਦਾ ਜ਼ਿਕਰ 39ਵੀਂ ਤੋਂ 43ਵੀਂ ਪਉੜੀ ਵਿਚ ਕੀਤਾ ਗਿਆ ਹੈ।

**(ੳ) ਜੋਗੀਆਂ ਨੂੰ ਗੁੱਸਾ ਚੜ੍ਹਨਾ:** ਮੇਲੇ 'ਤੇ ਗੁਰੂ ਜੀ ਨੇ ਜੋਗੀਆਂ ਵਲੋਂ ਲੁਕਾਇਆ ਰਾਸਧਾਰੀਆਂ ਦਾ ਲੋਟਾ ਲੱਭ ਕੇ ਰਾਸਧਾਰੀਆਂ ਨੂੰ ਦਿੱਤਾ ਤਾਂ ਜੋਗੀ ਗੁੱਸੇ ਵਿਚ ਆ ਗਏ। ਦੂਜਾ ਕਾਰਨ ਇਹ ਵੀ ਹੈ ਕਿ ਗੁਰੂ ਨਾਨਕ ਸਾਹਿਬ ਵਲ ਆ ਕੇ ਲੋਕਾਂ ਵਲੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਲਿਆਂ ਦੀ ਗਿਣਤੀ ਬਹੁਤ ਸੀ, ਜਿਸ ਨਾਲ ਸਿੱਧਾਂ ਨੂੰ ਆਪਣੀ ਹੇਠੀ ਹੁੰਦੀ ਜਾਪੀ। ਦੇਖੋ 39ਵੀਂ ਪਉੜੀ,

ਮੇਲਾ ਸੁਣ ਸ਼ਿਵਰਾਤ ਦਾ
ਬਾਬਾ ਅਚਲ ਵਟਾਲੇ ਆਈ॥
ਦਰਸ਼ਨ ਵੇਖਣ ਕਾਰਨੇ
ਸਗਲੀ ਉਲਟ ਪਈ ਲੋਕਾਈ॥
ਲਗੀ ਬਰਸਨ ਲਛਮੀ
ਰਿਧਿ ਸਿਧਿ ਨਉ ਨਿਧਿ ਸਵਾਈ॥
ਜੋਗੀ ਵੇਖ ਚਲਿਤ੍ਰ ਨੋਂ
ਮਨ ਵਿਚ ਰਿਸਕ ਘਨੇਰੀ ਖਾਈ॥
ਭਗਤੀਆਂ ਪਾਈ ਭਗਤਿ ਆਨ
ਲੋਟਾ ਜੋਗੀ ਲਇਆ ਛਪਾਈ॥
ਭਗਤੀਆਂ ਗਈ ਭਗਤਿ ਭੁਲ
ਲੋਟੇ ਅੰਦਰ ਸੁਰਤ ਭੁਲਾਈ॥
ਬਾਬਾ ਜਾਣੀ ਜਾਣ ਪੁਰਖ
ਕਢਿਆ ਲੋਟਾ ਜਹਾਂ ਲੁਕਾਈ॥
ਵੇਖ ਚਲਿਤ੍ਰ ਜੋਗੀ ਖੁਣਸਾਈ॥39॥

(ਅ) ਗੁੱਸੇ ਵਿਚ ਆਏ ਜੋਗੀ ਗੁਰੂ ਜੀ ਨਾਲ ਗੋਸ਼ਟਿ ਕਰਨ ਲਈ ਵਧੇ। ਸਿੱਧਾਂ ਨੇ ਗੁਰੂ ਜੀ ਵਲੋਂ ਉਦਾਸੀ ਬਾਣਾ ਬਦਲ ਕੇ ਗ੍ਰਹਿਸਥੀ ਬਾਣਾ ਪਾਉਣ 'ਤੇ ਕਿਹਾ ਕਿ ਉਨ੍ਹਾਂ ਦੁੱਧ ਵਿਚ ਕਾਂਜੀ ਪਾ ਦਿੱਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਗ੍ਰਹਿਸਥ ਮਾਰਗ ਛੱਡ ਕੇ ਗ੍ਰਹਿਸਥੀਆਂ ਦੇ ਘਰੋਂ ਮੰਗਣਾ ਠੀਕ ਨਹੀਂ ਹੈ। ਗ੍ਰਹਿਸਥੀ ਬਣ ਕੇ ਕਿਰਤ ਕਰਨੀ ਬਣਦੀ ਹੈ। 40ਵੀਂ ਪਉੜੀ ਵਿਚ ਇਹ ਸਵਾਲ-ਜਵਾਬ ਦੇਖੋ,

ਖਾਧੀ ਖੁਣਸ ਜੋਗੀਸ਼ਰਾਂ
ਗੋਸਟਿ ਕਰਨ ਸਭੇ ਉਠ ਆਈ॥
ਪੁਛੇ ਜੋਗੀ ਭੰਗ੍ਰ ਨਾਥ
ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿਆ ਚਾਟਾ ਦੁਧ ਦਾ ਰਿੜਕਿਆਂ
ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ
ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ
ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ
ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ
ਫਿਰ ਉਨਹੂੰ ਕੇ ਘਰ ਮੰਗਨ ਜਾਈ॥
ਬਿਨ ਦਿਤੇ ਕਿਛੁ ਹਥ ਨ ਆਈ॥40॥

**(ੲ) ਸਿੱਧਾਂ ਨੇ ਕਰਾਮਾਤਾਂ ਦਿਖਾਈਆਂ:** ਆਪਣੀ ਧਾਂਕ ਜਮਾਉਣ ਲਈ ਸਿੱਧਾਂ ਨੇ ਕਈ ਕਰਾਮਾਤਾਂ ਦਿਖਾਈਆਂ, ਜਿਨ੍ਹਾਂ ਦਾ ਗੁਰੂ ਨਾਨਕ ਸਾਹਿਬ 'ਤੇ ਅਸਰ ਨਾ ਹੋਇਆ। ਸਿੱਧਾਂ ਨੇ ਆਪਣੇ ਰੂਪ ਵਟਾ ਕੇ ਸ਼ੇਰਾਂ, ਬਾਘਾਂ, ਨਾਗਾਂ ਆਦਿ ਵਾਲੇ ਬਣਾ ਲਏ, ਪਰ ਗੁਰੂ ਜੀ ਅਡੋਲ ਰਹੇ। ਇਸ ਦਾ ਵਿਸਥਾਰ 41ਵੀਂ ਪਉੜੀ ਵਿਚ ਦਿੱਤਾ ਗਿਆ ਹੈ,

ਏਹ ਸੁਣ ਬਚਨ ਜੁਗੀਸਰਾਂ
ਮਾਰ ਕਿਲਕ ਬਹੁ ਰੂਪ ਉਠਾਈ॥
ਖਟ ਦਰਸ਼ਨ ਕਉ ਖੇਦਿਆ
ਕਲਿਜੁਗ ਬੇਦੀ ਨਾਨਕ ਆਈ॥
ਸਿਧ ਬੋਲਨ ਸਭ ਅਉਖਧੀਆਂ
ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥
ਰੂਪ ਵਟਾਇਆ ਜੋਗੀਆਂ
ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ
ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇ ਪਵਨ ਛੋਡ
ਇਕਨਾ ਵਰਖਾ ਅਗਨ ਵਸਾਈ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ
ਮਿਰਗਾਨੀ ਜਲ ਤਰ ਜਾਈ॥
ਸਿਧਾਂ ਅਗਨੀ ਨ ਬੁਝੇ ਬੁਝਾਈ॥41॥

**(ਸ) ਸਿੱਧਾਂ ਦੀ ਗੁਰੂ ਜੀ ਪਾਸੋਂ ਕਰਾਮਾਤ ਦੀ ਮੰਗ:** ਸਿੱਧਾਂ ਨੇ ਜਦੋਂ ਗੁਰੂ ਜੀ ਨੂੰ ਕੋਈ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਗੁਰੂ ਜੀ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ ਕੋਲ ਰੱਬੀ ਬਾਣੀ ਦਾ ਖਜਾਨਾ ਹੀ ਕਰਾਮਾਤ ਹੈ, ਜਿਸ ਤੋਂ ਬਿਨਾ ਹੋਰ ਕਿਸੇ ਕਰਾਮਾਤ ਦਾ ਸਹਾਰਾ ਲੈਣ ਦੀ ਲੋੜ ਨਹੀਂ।

ਭਾਈ ਗੁਰਦਾਸ ਨੇ ਕਰਤਾ ਪੁਰਖ ਨੂੰ ਸ਼ਿਵ ਰੂਪੀ ਕਿਹਾ ਹੈ, ਜੋ ਗੁਰਬਾਣੀ ਦੇ ਸੰਦੇਸ਼ ਅਨੁਸਾਰ ਠੀਕ ਨਹੀਂ ਹੈ। ਸ਼ਿਵ ਤਾਂ ਬਾਕੀ ਦੇਵਤਿਆਂ ਸਮੇਤ ਤ੍ਰੈ ਗੁਣ ਰੋਗੀ ਹੈ। ਜੋ ਰੋਗੀ ਹੈ, ਉਹ ਕਰਤਾ ਪੁਰਖੁ ਨਹੀਂ ਹੋ ਸਕਦਾ। ਫੁਰਮਾਨ ਹੈ,

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ॥2॥
(ਗੁਰੂ ਗ੍ਰੰਥ ਸਾਹਿਬ, ਪੰਨਾ 735)

**(ਹ) ਪ੍ਰਭੂ ਦਾ ਸੱਚਾ ਨਾਮ ਹੀ ਕਰਾਮਾਤ ਹੈ:** ਸਿੱਧਾਂ ਨੂੰ ਸੱਚੇ ਨਾਮ ਦੀ ਮਹਿਮਾ ਦੱਸਦਿਆਂ ਗੁਰੂ ਜੀ ਨੇ ਕਿਹਾ ਕਿ ਦੁਨੀਆਂ ਦੀਆਂ ਸਭ ਸ਼ਕਤੀਆਂ ਬੱਦਲਾਂ ਦੀ ਛਾਂ ਵਾਂਗ ਹਨ ਅਤੇ ਸਤਿਨਾਮੁ ਸਭ ਤੋਂ ਉਚਾ ਹੈ। 43ਵੀਂ ਪਉੜੀ ਵਿਚ ਇਸ ਦਾ ਬਿਆਨ ਕੀਤਾ ਗਿਆ ਹੈ,

ਬਾਬਾ ਬੋਲੇ ਨਾਥ ਜੀ ਸ਼ਬਦ ਸੁਨਹੁ
ਸਚ ਮੁਖਹੁ ਅਲਾਈ॥
ਬਾਝਹੁ ਸਚੇ ਨਾਮ ਦੇ
ਹੋਰ ਕਰਾਮਾਤ ਅਸਾਥੇ ਨਾਹੀ॥
ਬਸਤਰ ਪਹਿਰੋਂ ਅਗਨਿ ਕੇ
ਬਰਫ ਹਿਮਾਲੇ ਮੰਦਰ ਛਾਈ॥
ਕਰੋ ਰਸੋਈ ਸਾਰ ਦੀ
ਸਗਲੀ ਧਰਤੀ ਨੱਥ ਚਲਾਈ॥
ਏਵਡ ਕਰੀ ਵਿਥਾਰ ਕਉ
ਸਗਲੀ ਧਰਤੀ ਹੱਕੀ ਜਾਈ॥
ਤੋਲੀਂ ਧਰਤਿ ਆਕਾਸ਼ ਦੁਇ
ਪਿਛੇ ਛਾਬੇ ਟੰਕ ਚੜ੍ਹਾਈ॥
ਏਹ ਬਲ ਰਖਾਂ ਆਪ ਵਿਚ
ਜਿਸ ਆਖਾਂ ਤਿਸ ਪਾਰ ਕਰਾਈ॥
ਸਤਿਨਾਮੁ ਬਿਨ ਬਾਦਰ ਛਾਈ॥43॥

**ਮੁਲਤਾਨ ਦੀ ਫੇਰੀ:** ਸ਼ਿਵਰਾਤ੍ਰੀ ਦੇ ਮੇਲੇ 'ਤੇ ਸਿੱਧਾਂ ਨਾਲ ਸੰਵਾਦ ਪਿਛੋਂ ਬਾਬਾ ਨਾਨਕ ਜੀ ਮੁਲਤਾਨ ਨੂੰ ਚਲੇ ਗਏ। ਸਿੱਧਾਂ ਨੇ ਗੁਰੂ ਜੀ ਦੀ ਸਿਫਤਿ ਕੀਤੀ ਅਤੇ ਉਨ੍ਹਾਂ ਦੀ ਨਾਮ ਦੀ ਕਮਾਈ ਨੂੰ ਧੰਨੁ ਧੰਨੁ ਕਿਹਾ। ਮੁਲਤਾਨ ਵਿਚ ਕਬਰਾਂ ਦੀ ਪੂਜਾ ਕਰਨ ਵਾਲਿਆਂ ਨਾਲ ਸੰਵਾਦ ਰਚਾਉਣ ਲਈ ਗੁਰੂ ਜੀ ਉਥੇ ਪਹੁੰਚ ਗਏ। ਮੁਲਤਾਨ ਦੇ ਪੀਰਾਂ ਨੇ ਭਰਿਆ ਹੋਇਆ ਦੁੱਧ ਦਾ ਕਟੋਰਾ ਗੁਰੂ ਜੀ ਅੱਗੇ ਕੀਤਾ, ਜਿਸ ਤੋਂ ਭਾਵ ਸੀ ਕਿ ਮੁਲਤਾਨ ਵਿਚ ਹੋਰ ਕਿਸੇ ਪੀਰ ਦੀ ਲੋੜ ਨਹੀਂ ਹੈ। ਗੁਰੂ ਜੀ ਨੇ ਕੋਲ ਦੀ ਬਗੀਚੀ ਵਿਚੋਂ ਚੰਬੇਲੀ ਦਾ ਇੱਕ ਫੁੱਲ ਤੋੜ ਕੇ ਕਟੋਰੇ ਵਿਚ ਦੁੱਧ ਉਤੇ ਤਾਰ ਦਿੱਤਾ ਅਤੇ ਦੱਸਿਆ ਕਿ ਉਨ੍ਹਾਂ ਦੇ ਆ ਜਾਣ ਨਾਲ ਕਿਸੇ ਨੂੰ ਕੋਈ ਤਕਲੀਫ ਨਹੀਂ ਹੋਵੇਗੀ ਸਗੋਂ ਉਹ ਤਾਂ ਸਤਿਨਾਮੁ ਦੀ ਮਹਿਕ ਵੰਡਣ ਹੀ ਆਏ ਹਨ। ਸੰਵਾਦ ਦਾ ਵਿਸਥਾਰ ਪਉੜੀ ਵਿਚ ਨਹੀਂ ਦਿੱਤਾ ਗਿਆ। 44ਵੀਂ ਪਉੜੀ ਇਉਂ ਹੈ,

ਬਾਬੇ ਕੀਤੀ ਸਿਧ ਗੋਸ਼ਟਿ
ਸ਼ਬਦ ਸ਼ਾਂਤਿ ਸਿਧਾਂ ਵਿਚ ਆਈ॥
ਜਿਣ ਮੇਲਾ ਸ਼ਿਵਰਾਤ ਦਾ
ਖਟ ਦਰਸ਼ਨ ਆਦੇਸ਼ ਕਰਾਈ॥
ਸਿਧ ਬੋਲਨ ਸ਼ੁਭ ਬਚਨ
ਧੰਨੁ ਨਾਨਕ ਤੇਰੀ ਵਡੀ ਕਮਾਈ॥
ਵਡਾ ਪੁਰਖ ਪ੍ਰਗਟਿਆ
ਕਲਿਜੁਗ ਅੰਦਰ ਜੋਤ ਜਗਾਈ॥
ਮੇਲਿਓਂ ਬਾਬਾ ਉਠਿਆ
ਮੁਲਤਾਨੇ ਦੀ ਜਿਆਰਤ ਜਾਈ॥
ਅਗੋਂ ਪੀਰ ਮੁਲਤਾਨ ਦੇ
ਦੁਧ ਕਟੋਰਾ ਭਰ ਲੈ ਆਈ॥
ਬਾਬੇ ਕਢ ਕਰ ਬਗਲ
ਤੇ ਚੰਬੇਲੀ ਦੁੱਧ ਵਿਚ ਮਿਲਾਈ॥
ਜਿਉਂ ਸਾਗਰ ਵਿਚ ਗੰਗ ਸਮਾਈ॥44॥

**ਨੋਟ:** ਬਗਲ ਤੇ-ਨੇੜੇ ਲੱਗੀ ਬਗੀਚੀ ਵਿਚੋਂ, ਜਿੱਥੇ ਪਹਿਲਾਂ ਹੀ ਪੀਰ ਬੈਠੇ ਸਨ। ਕਈਆਂ ਨੇ ਇਸ ਦੇ ਅਰਥ 'ਕੱਛ ਵਿਚ ਲਪੇਟਿਆ ਚੰਬੇਲੀ ਦਾ ਫੁੱਲ' ਕੀਤੇ ਹਨ, ਜੋ ਪ੍ਰਸੰਗਕ ਨਹੀਂ ਅਤੇ ਉਹ ਕਹਾਣੀ ਨੂੰ ਕਰਾਮਾਤੀ ਰੂਪ ਦਿੰਦੇ ਹਨ, ਜੋ ਅਯੋਗ ਹੈ।

**ਗੁਰੂ ਜੀ ਮੁੜ ਕਰਤਾਰਪੁਰ ਪਹੁੰਚੇ:** ਮੁਲਤਾਨ ਫੇਰੀ ਤੋਂ ਪਿੱਛੋਂ ਗੁਰੂ ਜੀ ਵਾਪਸ ਕਰਤਾਰਪੁਰ ਚਲੇ ਗਏ। ਗੁਰੂ ਜੀ ਨੇ ਸਤਿਨਾਮੁ ਦੀ ਐਸੀ ਲਹਿਰ ਚਲਾਈ (ਸਿੱਕਾ ਮਾਰਿਆ) ਕਿ ਸਿੱਖ ਧਰਮ ਰੂਪ ਨਵਾਂ ਮਾਰਗ ਚਲਾ ਦਿੱਤਾ। ਭਾਈ ਲਹਿਣਾ ਜੀ ਨੂੰ ਜਿਉਂਦੇ ਜੀਅ ਗੁਰਗੱਦੀ ਬਖਸ਼ ਦਿੱਤੀ ਜਿਵੇਂ ਕਾਇਆ ਹੀ ਪਲਟੀ ਹੋਵੇ। ਇਹ ਵਿਸਥਾਰ 45ਵੀਂ ਪਉੜੀ ਵਿਚ ਦਿੱਤਾ ਗਿਆ ਹੈ,

ਜ਼ਿਆਰਤ ਕਰ ਮੁਲਤਾਨ ਦੀ
ਫਿਰ ਕਰਤਾਰਪੁਰੇ ਨੂੰ ਆਯਾ॥
ਚੜ੍ਹੇ ਸਵਾਈ ਦਹਦਿਹੀ
ਕਲਿਜੁਗ ਨਾਨਕ ਨਾਮ ਧਿਆਯਾ॥
ਵਿਣ ਨਾਵੈ ਹੋਰ ਮੰਗਣਾ
ਸਿਰ ਦੁਖਾਂ ਦੇ ਦੁਖ ਸਬਾਯਾ॥
ਮਾਰਿਆ ਸਿੱਕਾ ਜਗਤ ਵਿਚ
ਨਾਨਕ ਨਿਰਮਲ ਪੰਥ ਚਲਾਯਾ॥
ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰ ਛਤ੍ਰ ਫਿਰਾਯਾ॥
ਜੋਤੀ ਜੋਤ ਮਿਲਾਇਕੈ
ਸਤਿਗੁਰ ਨਾਨਕ ਰੂਪ ਵਟਾਯਾ॥
ਲਖ ਨ ਕੋਈ ਸਕਈ
ਆਚਰਜੇ ਆਚਰਜ ਦਿਖਾਯਾ॥
ਕਾਯਾ ਪਲਟ ਸਰੂਪ ਬਣਾਯਾ॥45॥

**ਕਰਤਾਰਪੁਰ ਸਚਖੰਡ ਵਸਾਉਣਾ:** ਭਾਈ ਗੁਰਦਾਸ ਨੇ 24ਵੀਂ ਵਾਰ ਦੀਆਂ ਪਹਿਲੀਆਂ 4 ਪਉੜੀਆਂ ਵਿਚ ਗੁਰੂ ਨਾਨਕ ਸਾਹਿਬ ਦਾ ਜ਼ਿਕਰ ਕੀਤਾ ਹੈ।

(ੳ) ਪਹਿਲੀ ਪਉੜੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਧਰਮਸ਼ਾਲਾ ਬਣਾ ਕੇ ਸਚਖੰਡ ਬਣਾ ਦਿੱਤਾ। ਦੇਖੋ ਇਹ ਪੰਕਤੀਆਂ,

ਸਤਿ ਰੂਪੁ ਸਤਿ ਨਾਮੁ ਕਰਿ
ਸਤਿਗੁਰ ਨਾਨਕ ਦੇਉ ਜਪਾਇਆ॥
ਧਰਮਸਾਲ ਕਰਤਾਰਪੁਰੁ ਸਾਧਸੰਗਤਿ
ਸਚ ਖੰਡੁ ਵਸਾਇਆ॥

ਵਿਚਾਰ: ਕਰਤਾਰਪੁਰ ਦੀ ਧਰਮਸ਼ਾਲਾ ਨੂੰ ਸਚਖੰਡ ਦਾ ਨਾਂ ਦੇਣਾ 'ਜਪੁ' ਜੀ ਦੇ ਸੰਦੇਸ਼ ਅਨੁਸਾਰ ਠੀਕ ਨਹੀਂ ਹੈ। ਸਚਖੰਡ ਕਿਸੇ ਇਮਾਰਤ ਦਾ ਨਾਂ ਨਹੀਂ ਹੋ ਸਕਦਾ। ਸਚਖੰਡ ਤਾਂ ਖੁਦ ਗੁਰੂ ਨਾਨਕ ਸਾਹਿਬ ਨੇ ਮਨ ਦੀ ਉਚੀ ਅਵਸਥਾ ਨੂੰ ਦੱਸਿਆ ਹੈ। ਇਹ ਪੰਜਵਾਂ ਖੰਡ ਹੈ। ਜਿਵੇਂ ਬਾਕੀ ਚਾਰ ਖੰਡ ਮਨ ਦੀਆਂ ਅਵਸਥਾਵਾਂ ਹਨ, ਇਵੇਂ ਹੀ ਸਚਖੰਡ ਵੀ ਮਨ ਦੀ ਹੀ ਅਵਸਥਾ ਹੈ। ਦੇਉ ਸ਼ਬਦ ਦਾ ਅਰਥ ਹੈ, ਪ੍ਰਕਾਸ਼ ਰੂਪ ਅਤੇ ਇਹ ਗੁਰੂ ਜੀ ਦੇ ਨਾਂ ਦਾ ਹਿੱਸਾ ਨਹੀਂ ਹੈ।

(ਅ) ਵਾਰ ਦੀ ਦੂਜੀ ਅਤੇ ਤੀਜੀ ਪਉੜੀ ਵਿਚ ਗੁਰੂ ਜੀ ਨੂੰ ਜਗਤ ਗੁਰੂ ਅਤੇ ਜ਼ਾਹਰ ਪੀਰ ਜਗਤ ਗੁਰ ਬਾਬਾ ਲਿਖ ਕੇ ਉਨ੍ਹਾਂ ਦੀ ਵਡਿਆਈ ਕੀਤੀ ਗਈ ਹੈ। ਦੇਖੋ ਇਹ ਪਉੜੀਆਂ,

ਨਿਹਚਲ ਨੀਉ ਧਰਾਈਓਨੁ
ਸਾਧਸੰਗਤਿ ਸਚ ਖੰਡ ਸਮੇਉ॥
ਗੁਰਮੁਖਿ ਪੰਥੁ ਚਲਾਇਓਨੁ
ਸੁਖ ਸਾਗਰੁ ਬੇਅੰਤੁ ਅਮੇਉ॥
ਸਚਿ ਸਬਦਿ ਆਰਾਧੀਐ
ਅਗਮ ਅਗੋਚਰੁ ਅਲਖ ਅਭੇਉ॥
ਚਹੁ ਵਰਨਾਂ ਉਪਦੇਸਦਾ
ਛਿਅ ਦਰਸਨ ਸਭਿ ਸੇਵਕ ਸੇਉ॥
ਮਿਠਾ ਬੋਲਣੁ ਨਿਵ ਚਲਣੁ
ਗੁਰਮੁਖਿ ਭਾਉ ਭਗਤਿ ਅਰਥੇਉ॥
ਆਦਿ ਪੁਰਖੁ ਆਦੇਸੁ ਹੈ
ਅਬਿਨਾਸੀ ਅਤਿ ਅਛਲ ਅਛੇਉ॥
ਜਗਤੁ ਗੁਰੂ ਗੁਰ ਨਾਨਕ ਦੇਉ॥2॥

ਗੁਰ ਨਾਨਕ ਦੇਉ-ਪ੍ਰਕਾਸ਼ ਰੂਪ ਗੁਰੂ ਨਾਨਕ ਸਾਹਿਬ।

ਸਤਿਗੁਰ ਸਚਾ ਪਾਤਿਸਾਹੁ
ਬੇਪਰਵਾਹੁ ਅਥਾਹੁ ਸਹਾਬਾ॥
ਨਾਉ ਗਰੀਬ ਨਿਵਾਜੁ ਹੈ
ਬੇਮੁਹਤਾਜ ਨ ਮੋਹੁ ਮੁਹਾਬਾ॥
ਬੇਸੁਮਾਰੁ ਨਿਰੰਕਾਰੁ ਹੈ
ਅਲਖ ਅਪਾਰੁ ਸਲਾਹ ਸਿਵਾਬਾ॥
ਕਾਇਮੁ ਦਾਇਮੁ ਸਾਹਿਬੀ
ਹਾਜਰੁ ਨਾਜਰੁ ਵੇਦ ਕਿਤਾਬਾ॥
ਅਗਮੁ ਅਡੋਲੁ ਅਤੋਲੁ ਹੈ
ਤੋਲਣਹਾਰੁ ਨ ਡੰਡੀ ਛਾਬਾ॥
ਇਕੁ ਛਤਿ ਰਾਜੁ ਕਮਾਂਵਦਾ
ਦੁਸਮਣੁ ਦੂਤੁ ਨ ਸੋਰ ਸਰਾਬਾ॥
ਆਦਲੁ ਅਦਲੁ ਚਲਾਇਦਾ
ਜਾਲਮੁ ਜੁਲਮੁ ਨ ਜੋਰ ਜਰਾਬਾ॥
ਜਾਹਰ ਪੀਰ ਜਗਤੁ ਗੁਰ ਬਾਬਾ॥3॥
ਗੰਗ ਬਨਾਰਸ ਹਿੰਦੂਆਂ
ਮੁਸਲਮਾਣਾਂ ਮਕਾ ਕਾਬਾ॥
ਘਰਿ ਘਰਿ ਬਾਬਾ ਗਾਵੀਐ
ਵਜਨਿ ਤਾਲ ਮ੍ਰਿਦੰਗੁ ਰਬਾਬਾ॥
ਭਗਤਿ ਵਛਲੁ ਹੋਇ ਆਇਆ
ਪਤਿਤ ਉਧਾਰਣੁ ਅਜਬੁ ਅਜਾਬਾ॥
ਚਾਰਿ ਵਰਨ ਇਕ ਵਰਨ ਹੋਇ
ਸਾਧਸੰਗਤਿ ਮਿਲਿ ਹੋਇ ਤਰਾਬਾ॥
ਚੰਦਨੁ ਵਾਸੁ ਵਣਾਸਪਤਿ
ਅਵਲਿ ਦੋਮ ਨ ਸੇਮ ਖਰਾਬਾ॥
ਹੁਕਮੈ ਅੰਦਰਿ ਸਭ ਕੋ
ਕੁਦਰਤਿ ਕਿਸ ਦੀ ਕਰੈ ਜਵਾਬਾ॥
ਜਾਹਰ ਪੀਰੁ ਜਗਤੁ ਗੁਰ ਬਾਬਾ॥4॥

ਭਾਈ ਗੁਰਦਾਸ ਨੇ 26ਵੀਂ ਵਾਰ ਦੀ ਪਉੜੀ 21 ਵਿਚ ਗੁਰੂ ਨਾਨਕ ਸਾਹਿਬ ਦੀ ਵਡਿਆਈ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਨੇ ਸਿੱਧਾਂ, ਨਾਥਾਂ ਨਾਲ ਗੋਸ਼ਟੀ ਕਰ ਕੇ ਉਨ੍ਹਾਂ ਨਾਥਾਂ ਨੂੰ ਕੰਨ ਫੜਾਏ (ਜਿੱਤਿਆ), ਬਾਬਰ ਕਿਆਂ ਨੇ ਬਾਬੇ ਅੱਗੇ ਆਪਣਾ ਸੀਸ ਝੁਕਾਇਆ। ਦੇਖੋ ਪਉੜੀ ਦੀਆਂ ਹੇਠ ਲਿਖੀਆਂ ਪੰਕਤੀਆਂ,

ਸਿਧ ਨਾਥ ਅਵਤਾਰ ਸਭ
ਗੋਸਟਿ ਕਰਿ ਕਰਿ ਕੰਨ ਫੜਾਇਆ॥
ਬਾਬਰ ਕੇ ਬਾਬੇ ਮਿਲੇ
ਨਿਵਿ ਨਿਵਿ ਸਭ ਨਬਾਬੁ ਨਿਵਾਇਆ॥

## ਜੱਟ ਰਾਏ ਬੁਲਾਰ ਨੂੰ

ਤ੍ਰਿਪਤਾ ਦਾ ਜਾਇਆ
ਪਿਤਾ ਕਾਲੂ ਦਾ ਦੁਲਾਰਾ ਏ,
ਓਹਦੀਆਂ ਮੱਝਾਂ ਨੇ
ਖੇਤ ਚੁੱਗ ਲਿਆ ਸਾਰਾ ਏ।

ਹਰਾ ਭਰਾ ਖੇਤ ਮੇਰਾ ਪਸ਼ੂਆਂ ਨੇ ਖਾ ਲਿਆ,
ਮਿਹਨਤਾਂ ਦੇ ਨਾਲ ਸੀ ਮੈਂ ਫਸਲਾਂ ਨੂੰ ਪਾਲਿਆ।
ਕੀਤਾ ਨੁਕਸਾਨ ਉਸ ਅੱਜ ਭਾਰਾ ਏ,
ਓਹਦੀਆਂ ਮੱਝਾਂ ਨੇ
ਖੇਤ ਚੁਗ ਲਿਆ ਸਾਰਾ ਏ।

ਖੇਤ ਮੇਰਾ ਵੇਖੋ ਤੁਸੀਂ ਚਲੋ ਮੇਰੇ ਨਾਲ ਜੀ,
ਫਸਲ ਉਜਾੜੀ ਕਿੰਜ ਬਣਾਇਆ ਕੀ ਹਾਲ ਜੀ।
ਫਸਲ ਸਹਾਰੇ ਸਾਡਾ ਚਲਦਾ ਗੁਜ਼ਾਰਾ ਏ।
ਓਹਦੀਆਂ ਮੱਝਾਂ ਨੇ
ਖੇਤ ਚੁਗ ਲਿਆ ਸਾਰਾ ਏ।

ਲਾ ਕੇ ਸਮਾਧੀ ਹੇਠ ਰੁੱਖ ਬੈਠਾ ਰਹਿੰਦਾ ਏ।
ਛਾਂ ਗੂੜ੍ਹੀ ਵੇਖ ਸੁੱਤਾ ਰਹਿੰਦਾ ਏ।
ਪਸ਼ੂਆਂ ਦਾ ਪਾਲੀ
ਮੈਂ ਇਹ ਤੱਕਿਆ ਨਿਆਰਾ ਏ।
ਓਹਦੀਆਂ ਮੱਝਾਂ ਨੇ
ਖੇਤ ਚੁਗ ਲਿਆ ਸਾਰਾ ਏ।

ਦੇਵਾਂ ਤਸੱਲੀ 'ਸੁਕਾਰ' ਟੁੱਟੇ ਮਨ ਨੂੰ
ਕਰ ਬਰਬਾਦ ਦਿਤਾ ਲੱਗੋ ਧੰਨ ਨੂੰ
ਵੇਖਣੇ ਨੂੰ ਭੋਲਾ ਭਾਲਾ ਲਗਦਾ ਪਿਆਰਾ ਏ।
ਓਹਦੀਆਂ ਮੱਝਾਂ ਨੇ
ਖੇਤ ਚੁਗ ਲਿਆ ਸਾਰਾ ਏ।

*-ਬਹਾਦੁਰ ਸਿੰਘ ਸੁਕਾਰ, ਨਿਊ ਯਾਰਕ*

## ਸਾਖੀ ਦੌਲਤਮੰਦ ਦੀ

*(ਪਿਛਲੇ ਸਫੇ ਦੀ ਬਾਕੀ)*

ਇਰਾਨੀ ਭਰਾ ਆਏ, ਕਹਿਣ ਲੱਗੇ, ਅਸੀਂ ਆਪਣੇ ਡਿਜ਼ਾਈਨ ਦਾ ਆਪਣੇ ਖਰਚ 'ਤੇ ਗੇਟ ਉਸਾਰ ਕੇ ਤੁਹਾਨੂੰ ਗਿਫਟ ਦੇਣਾ ਚਾਹੁੰਦੇ ਹਾਂ। ਆਗਿਆ ਮਿਲੇਗੀ? ਆਗਿਆ ਮਿਲੀ। ਗੇਟ ਤਾਮੀਰ ਹੋ ਗਿਆ।

ਇਰਾਨੀਆਂ ਨੇ ਕਿਹਾ, ਇਸ ਦਾ ਨਾਂ ਰੱਖਣਾ ਹੈ, ਕੀ ਰੱਖੀਏ? ਕਈ ਨਾਮ ਸੁਝਾਏ, ਪਸੰਦ ਨਾ ਆਏ। ਇਰਾਨੀਆਂ ਨੇ ਕਿਹਾ, ਆਪਣੇ ਪਹਿਲੇ ਨਬੀ ਦੀਆਂ ਸਿਫਤਾਂ/ਸਾਖੀਆਂ ਸੁਣਾਉ, ਉਥੋਂ ਨਾਂ ਲੱਭਾਂਗੇ। ਸਾਖੀਆਂ ਸੁਣਾਉਂਦਿਆਂ ਸਿੱਖਾਂ ਨੇ ਦੱਸਿਆ ਕਿ ਸਾਡੇ ਪਹਿਲੇ ਨਬੀ ਨੇ ਸਾਰੀ ਉਮਰ ਆਪਣੀ ਜੇਬ ਵਿਚ ਪੈਸਾ ਨਹੀਂ ਰੱਖਿਆ।

ਇਰਾਨੀਆਂ ਨੇ ਕਿਹਾ, ਨਾਂ ਮਿਲ ਗਿਆ। ਜਿਸ ਮਹਾਂਪੁਰਖ ਨੇ ਤਾਉਮਰ ਆਪਣੀ ਜੇਬ ਨੇੜੇ ਪੈਸਾ ਨਹੀਂ ਲੱਗਣ ਦਿੱਤਾ, ਉਸ ਜਿਹਾ ਦੌਲਤਮੰਦ ਹੋਰ ਕੋਈ ਨਹੀਂ। ਗੇਟ ਦਾ ਨਾਂ ਰੱਖਿਆ, ਦਰਵਾਜ਼ਾ-ਇ-ਦਉਲਤ। ਗੇਟ ਉਪਰ ਗੁਰਮੁਖੀ ਅਤੇ ਫਾਰਸੀ ਵਿਚ ਇਹੋ ਨਾਮ ਉਕਰਿਆ ਹੋਇਆ ਹੈ।

ਮਹਾਰਾਜ ਕੁਝ ਲੈਣ ਵਾਸਤੇ ਨਹੀਂ, ਦੇਣ ਵਾਸਤੇ ਆਏ ਸਨ, ਉਹ ਦਾਤੇ ਸਨ, ਸੰਸਾਰ ਮੰਗਤਾ। ਬਾਣੀ, ਕੀਰਤਨ, ਲੰਗਰ, ਘਰ ਘਰ ਅੰਦਰ ਧਰਮਸਾਲ, ਦਾਤਾਂ ਹੀ ਦਾਤਾਂ।

# ਵੇਖਿਆ ਮਲੇਰਕੋਟਲਾ, ਚਮਕੌਰ ਤੇ ਫਤਿਹਗੜ੍ਹ ਸਾਹਿਬ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤ ਵਿਚ ਲੋਧੀ ਰਾਜ ਸਮੇਂ ਇਕ ਸ਼ੇਖ ਸਦਰੁਦੀਨ ਸ਼ੇਰਵਾਨੀ ਅਫਗਾਨ ਹੋਇਆ ਹੈ, ਜਿਸ ਦੀ ਸ਼ਾਦੀ ਸੁਲਤਾਨ ਬਹਿਲੋਲ ਲੋਧੀ ਦੀ ਬੇਟੀ ਨਾਲ ਹੋਈ। ਉਸ ਨੂੰ ਬਹੁਤ ਸਾਰੀ ਧਨ ਦੌਲਤ ਤੇ 68 ਪਿੰਡ ਦਾਜ ਵਿਚ ਮਿਲੇ। ਇਨ੍ਹਾਂ ਪਿੰਡਾਂ ਵਿਚ ਕਿਸੇ ਸਮੇਂ ਰਾਜਪੂਤ ਮਹਲੇਰ ਸਿੰਘ ਦਾ ਵਸਾਇਆ ਪਿੰਡ ਮਹਲੇਰ ਵੀ ਸੀ, ਜੋ ਸਮੇਂ ਦੇ ਥਪੇੜਿਆਂ ਨੇ ਬਰਬਾਦ ਕਰ ਛਡਿਆ ਸੀ। ਸ਼ੇਰਵਾਨੀ ਦੇ ਵਡੇਰਿਆਂ ਨੇ ਇਥੇ ਇਕ ਕੋਟਲਾ ਸਥਾਪਤ ਕੀਤਾ, ਜੋ ਸਮਾਂ ਪਾ ਕੇ ਮਲੇਰਕੋਟਲਾ ਦੇ ਨਾਂ ਨਾਲ ਜਾਣਿਆ ਜਾਣ ਲੱਗਾ। 1947 ਦੀ ਦੇਸ਼ ਵੰਡ ਤੱਕ 167 ਵਰਗ ਮੀਲ ਦਾ ਇਹ ਇਲਾਕਾ ਬਰਤਾਨਵੀ ਰਾਜ ਦੀਆਂ ਦਰਜਨ ਭਰ ਰਿਆਸਤਾਂ ਵਿਚੋਂ ਇੱਕ ਸੀ।

ਗੁਰੂ ਗੋਬਿੰਦ ਸਿੰਘ ਕਾਲ ਵਿਚ ਇਸ ਰਿਆਸਤ ਦਾ ਹਾਕਮ ਸ਼ੇਰ ਮੁਹੰਮਦ ਸੀ। ਇਨ੍ਹਾਂ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦੇ-ਅਜੀਤ ਸਿੰਘ ਤੇ ਜੁਝਾਰ ਸਿੰਘ ਤਾਂ ਚਮਕੌਰ ਦੀ ਗੜ੍ਹੀ ਵਿਚ ਬਾਦਸ਼ਾਹੀ ਫੌਜਾਂ ਦਾ ਟਾਕਰਾ ਕਰਦੇ ਸ਼ਹੀਦ ਹੋਏ, ਪਰ ਛੋਟੇ ਸਾਹਿਬਜ਼ਾਦੇ-ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਸੂਬਾ ਸਰਹਿੰਦ (ਵਜ਼ੀਰ ਖਾਨ) ਦੇ ਅੜਿੱਕੇ ਆ ਗਏ। ਉਨ੍ਹਾਂ ਨੂੰ ਸਰਹਿੰਦ ਦੇ ਇੱਕ ਬੁਰਜ ਵਿਚ ਬੰਦ ਕੀਤਾ ਹੋਇਆ ਸੀ, ਜਿਥੋਂ ਸੂਬਾ ਸਰਹਿੰਦ ਨੇ ਪੋਹ ਮਹੀਨੇ ਦੀ ਠੰਢ ਵਿਚ ਮਾਸੂਮ ਬੱਚਿਆਂ ਨੂੰ ਮਾਤਾ ਗੁਜਰੀ ਕੋਲੋਂ ਲਿਆ ਕੇ ਕੰਧਾਂ ਵਿਚ ਚਿਣਨ ਦਾ ਹੁਕਮ ਸੁਣਾ ਦਿੱਤਾ।

ਸੂਬੇ ਦੇ ਇਸ ਹੁਕਮ ਨੇ ਸ਼ੇਰ ਮੁਹੰਮਦ ਨੂੰ ਏਨਾ ਪ੍ਰੇਸ਼ਾਨ ਕੀਤਾ ਕਿ ਉਹ ਆਪਣੇ ਮਨ ਦੀ ਗੱਲ ਕਹਿਣ ਤੋਂ ਨਾ ਰਹਿ ਸਕਿਆ। ਉਸ ਨੇ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ ਇਨ੍ਹਾਂ ਸ਼ੀਰਖੋਰ ਬਾਲਕਾਂ ਦਾ ਕੀ ਕਸੂਰ ਹੈ ਕਿ ਇਨ੍ਹਾਂ ਨੂੰ ਏਨੀ ਵੱਡੀ ਸਜ਼ਾ ਦਿੱਤੀ ਜਾ ਰਹੀ ਹੈ। ਸੂਬੇ ਨੇ ਇੱਕ ਨਾ ਸੁਣੀ ਤੇ ਹੁਕਮ ਵਾਪਸ ਨਾ ਲਿਆ।

ਸਾਹਿਬਜ਼ਾਦਿਆਂ ਦੇ ਸ਼ਹੀਦ ਕੀਤੇ ਜਾਣ ਦੀ ਖਬਰ ਬੁਰਜ ਵਿਚ ਬੰਦ ਮਾਤਾ ਗੁਜਰੀ ਨੇ ਸੁਣੀ ਤਾਂ ਉਨ੍ਹਾਂ ਪ੍ਰਾਣ ਤਿਆਗ ਦਿੱਤੇ। ਸ਼ੇਰਵਾਨੀ ਅਫਗਾਨ ਦੇ ਹਾਅ ਦੇ ਨਾਅਰੇ ਕਾਰਨ ਸਿੱਖ ਪੰਥ ਇਸ ਰਿਆਸਤ ਨੂੰ ਸਨਮਾਨ ਦਿੰਦਾ ਹੈ। ਸੰਨ ਸੰਤਾਲੀ ਦੇ ਮੁਸਲਿਮ ਕਤਲੇਆਮ ਸਮੇਂ ਵੀ ਇੱਕੜ-ਦੁੱਕੜ ਘਟਨਾਵਾਂ ਨੂੰ ਛੱਡ ਕੇ ਮਲੇਰਕੋਟਲਾ ਨੂੰ ਪੰਜਾਬੀਆਂ ਨੇ ਵਾਹ ਲਗਦੀ ਸੁਰੱਖਿਆ ਦਿੱਤੀ। ਸਮਾਂ ਪਾ ਕੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ



ਵਾਲਾ ਕਿਲਾ ਚਮਕੌਰ ਦੀ ਗੜ੍ਹੀ ਵਜੋਂ ਪ੍ਰਸਿੱਧ ਹੋਇਆ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਅਸਥਾਨ ਫਤਿਹਗੜ੍ਹ ਸਾਹਿਬ ਵਜੋਂ।

ਇਹ ਦੋਵੇਂ ਸਥਾਨ ਮੇਰੇ ਨਾਨਕੇ ਪਿੰਡ ਦੇ ਬਹੁਤ ਨੇੜੇ ਹਨ। ਮੇਰਾ ਨਾਨਕਾ ਪਿੰਡ ਬਡਲੇ ਦਾ ਕੋਟਲਾ ਹੈ। ਖੰਨਾ-ਸੰਘੋਲ ਸੜਕ ਤੋਂ ਇੱਕ ਕਿਲੋਮੀਟਰ ਹਟਵਾਂ। ਇਥੋਂ ਚਮਕੌਰ ਸਾਹਿਬ 13-14 ਕਿਲੋਮੀਟਰ ਹੈ ਤੇ ਫਤਿਹਗੜ੍ਹ ਸਾਹਿਬ 9-10 ਕਿਲੋਮੀਟਰ। ਮੇਰੇ ਨਾਨਕਾ ਖੇਤਰ ਦੀ ਸਮੁੱਚੀ ਵੱਸੋਂ ਦੋਹਾਂ ਸ਼ਹੀਦੀ ਅਸਥਾਨਾਂ ਉਤੇ ਹਰ ਸਾਲ ਪੋਹ (ਦਸੰਬਰ) ਦੇ ਮਹੀਨੇ ਲਗਦੀ ਸ਼ਹੀਦੀ ਸਭਾ ਵਿਚ ਸ਼ਿਰਕਤ ਕਰਨ ਜਾਂਦੀ ਹੈ। ਮੈਂ 14 ਵਰ੍ਹੇ ਦੀ ਉਮਰ ਤੱਕ ਇਸ ਖੇਤਰ ਵਿਚ ਪਲਿਆ ਤੇ ਪੜ੍ਹਿਆ ਹਾਂ। ਦੋਹਾਂ ਸਥਾਨਾਂ 'ਤੇ ਬਾਰਮਬਾਰ ਨਤਮਸਤਕ ਹੋ ਕੇ ਸਾਹਿਬਜ਼ਾਦਿਆਂ ਦੀ ਉਸਤਤ ਵਿਚ ਲਿਖੇ ਢਾਡੀਆਂ ਤੇ ਕਵੀਸ਼ਰਾਂ ਦੇ ਬੋਲ ਸੁਣਨਾ ਸਦਾ ਰਾਹਤ ਦਿੰਦਾ ਸੀ।

ਮਿਡਲ ਪਾਸ ਕਰਕੇ ਮੈਂ ਹੁਸ਼ਿਆਰਪੁਰ ਜਿਲੇ ਵਿਚ ਆਪਣੇ ਜੱਦੀ ਪਿੰਡ ਚਲਾ ਗਿਆ ਤੇ ਉਸ ਪਿਛੋਂ ਦਿੱਲੀ। 1984 ਵਿਚ 'ਪੰਜਾਬੀ ਟ੍ਰਿਬਿਊਨ' ਦੀ ਸੰਪਾਦਕੀ ਸੰਭਾਲਣ ਤੱਕ ਉਥੇ ਹੀ ਰਿਹਾ।

ਹੁਣ ਮੈਨੂੰ ਆਪਣੇ 35 ਵਰ੍ਹੇ ਦੇ ਚੰਡੀਗੜ੍ਹ ਵਾਸੇ ਵਿਚ ਕਈ ਵਾਰੀ ਮਲੇਰਕੋਟਲਾ ਜਾਣ ਦਾ ਮੌਕਾ ਮਿਲਿਆ ਹੈ। ਉਥੋਂ ਦੇ ਵਸਨੀਕ ਵੀ ਮੈਨੂੰ ਦੋਹਤਿਆਂ ਵਾਲਾ ਪਿਆਰ ਦਿੰਦੇ ਹਨ। ਈਦ 'ਤੇ ਮਠਿਆਈ ਦੇਣ ਆਉਂਦੇ ਹਨ ਤੇ ਲਗਾਤਾਰ ਜਮਾਤ-ਏ-ਇਸਲਾਮੀ ਵਲੋਂ ਪ੍ਰਕਾਸ਼ਿਤ 'ਪਹੁ ਫੁਟਾਲਾ' ਤੇ 'ਫਰਹਾਨ' ਨਾਂ ਦੇ ਰਸਾਲੇ ਭੇਜ ਰਹੇ ਹਨ।

ਪਿਛਲੇ ਦਿਨੀਂ ਉਧਰੋਂ ਲੰਘਦਿਆਂ ਮਲੇਰਕੋਟਲਾ-ਖੰਨਾ ਰੋਡ 'ਤੇ ਚੜ੍ਹਿਆ ਤਾਂ ਜਮਾਤ-ਏ-ਇਸਲਾਮੀ ਦੇ ਕਰਤਾ ਧਰਤਾ ਅਬਦੁਸ ਸ਼ਕੂਰ ਨੂੰ ਟੈਲੀਫੋਨ ਕੀਤੇ ਬਿਨਾ ਨਾ ਰਹਿ ਸਕਿਆ। ਉਸ ਦੇ ਦਫਤਰ ਜਾਂ ਘਰ ਜਾਣ ਦਾ ਸਮਾਂ ਨਹੀਂ ਸੀ। ਮੇਰੇ ਨਾਲ ਮੇਰੀ ਬੀਵੀ ਹੋਣ ਕਾਰਨ ਸਮੇਂ ਸਿਰ ਚੰਡੀਗੜ੍ਹ ਪਹੁੰਚਣਾ ਸੀ, ਪਰ ਅਬਦੁਸ ਨੂੰ ਮੇਰਾ ਮਿਲੇ ਬਿਨਾ ਮਲੇਰਕੋਟਲੇ ਤੋਂ ਲੰਘ ਜਾਣਾ ਗਵਾਰਾ ਨਹੀਂ ਸੀ। ਉਸ ਨੇ ਮੈਨੂੰ ਹਦਾਇਤ ਕੀਤੀ ਕਿ ਮੈਂ ਨੇੜੇ ਹੀ ਪਿੰਡ ਰਾਣਵਾਂ ਦੇ ਗੁਰਦੁਆਰੇ ਰੁਕਾਂ ਤੇ ਮੈਨੂੰ ਕਰਮਦੀਨ ਮਲਿਕ ਆਪਣੇ ਘਰ ਲੈ ਜਾਵੇਗਾ, ਜਿੱਥੇ ਉਹ ਖੁਦ ਵੀ ਪਹੁੰਚਿਆ ਸਮਝੋ।

ਕਰਮਦੀਨ ਮਲਿਕ ਜਮਾਤ-ਏ-ਇਸਲਾਮੀ ਦੇ ਕੌਮੀ ਮਾਮਲਿਆਂ ਦਾ ਇੰਚਾਰਜ ਹੈ। ਅਬਦੁਸ ਸ਼ਕੂਰ ਅਪਣੇ ਮਿੱਤਰ ਸਾਜਿਦ ਇਸਹਾਕ ਦੀ ਕਾਰ ਵਿਚ ਢੇਰ ਸਾਰੇ ਫਲ ਤੇ ਮਠਿਆਈ ਲੈ ਕੇ ਪਹੁੰਚ ਗਿਆ। ਅਸੀਂ ਚਾਹ ਪੀ ਰਹੇ ਸਾਂ ਤਾਂ ਮੁਹੰਮਦ ਇਰਸ਼ਾਦ ਨਾਂ ਦਾ ਗੱਭਰੂ ਆਪਣੀ ਲਿਖੀ ਹਜ਼ਰਤ ਮੁਹੰਮਦ ਦੀ ਜੀਵਨੀ ਤੇ ਸਿਖਿਆਵਾਂ ਵਾਲੀ ਪੁਸਤਕ ਭੇਟ ਕਰਨ ਪਹੁੰਚ ਗਿਆ। ਪਤਾ ਲੱਗਾ ਕਿ ਅੱਜ ਕੱਲ 'ਪਹੁ ਫੁਟਾਲਾ' ਦੀ ਸੰਪਾਦਕੀ ਇਰਸ਼ਾਦ ਹੀ ਦੇਖ ਰਿਹਾ ਹੈ, ਕਿਉਂਕਿ ਕੱਲ ਤੱਕ ਇਹ ਜਿੰਮੇਵਾਰੀ ਨਿਭਾਉਣ ਵਾਲੇ ਰਮਜ਼ਾਨ ਸਈਅਦ ਦੀ ਤਬੀਅਤ ਨਾਸਾਜ਼ ਚੱਲ ਰਹੀ ਹੈ।



*ਨਵਾਬ ਸ਼ੇਰ ਮੁਹੰਮਦ ਦਾ ਇਕ ਚਿੱਤਰ*

ਮਿਲਣ-ਮਿਲਾਉਣ ਤੇ ਗੁਫਤਗੂ ਦਾ ਸਮਾਂ ਘੱਟ ਹੋਣ ਕਾਰਨ ਮੈਂ ਤੇ ਮੇਰੀ ਬੀਵੀ ਮਲੇਰਕੋਟਲੇ ਦਾ ਨਿੱਘ ਅਤੇ ਤੋਹਫਿਆਂ ਦੇ ਬੰਡਲ ਲੈ ਕੇ ਉਨ੍ਹਾਂ ਵਲੋਂ ਮਿਲੀ ਆਓ ਭਗਤ ਦੀਆਂ ਗੱਲਾਂ ਕਰਦੇ ਕਦੋਂ ਚੰਡੀਗੜ੍ਹ ਪਹੁੰਚ ਗਏ, ਪਤਾ ਹੀ ਨਾ ਲੱਗਾ।

ਰਾਤ ਦੇ ਖਾਣੇ ਤੋਂ ਪਹਿਲਾਂ ਇੱਕ ਨਗਮਾ ਸਿੰਘ ਨਾਂ ਦੀ ਪੱਤਰਕਾਰ ਦਾ ਟੈਲੀਫੋਨ ਆਇਆ ਕਿ ਉਹ ਮੈਨੂੰ ਮਿਲਣਾ ਚਾਹੁੰਦੀ ਹੈ। ਪੁੱਛਣ 'ਤੇ ਪਤਾ ਲੱਗਾ ਕਿ ਉਹ ਮੁਸਲਮਾਨ ਹੈ ਤੇ ਉਸ ਦੇ ਪੁਰਖੇ ਫਤਿਹਗੜ੍ਹ-ਮੋਰਿੰਡਾ ਮਾਰਗ 'ਤੇ ਪੈਂਦੇ ਪਿੰਡ ਡੂਮਛੇੜੀ ਤੋਂ ਹਨ। ਉਨ੍ਹਾਂ ਨੂੰ ਵੀ ਸੰਨ ਸੰਤਾਲੀ ਵਿਚ ਕੋਈ ਆਂਚ ਨਹੀਂ ਸੀ ਆਈ। ਨਗਮਾ ਆਪਣੇ ਮਾਪਿਆਂ ਨਾਲ ਫਤਿਹਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਵੀ ਜਾਂਦੀ ਰਹੀ ਹੈ। ਉਸ ਦਾ ਪਿਤਾ ਗੁਲਜ਼ਾਰ ਸਿੰਘ ਖੱਬੇ ਪੱਖੀ ਵਿਚਾਰਾਂ ਦਾ ਧਾਰਨੀ ਹੈ ਤੇ ਥੋੜ੍ਹੇ ਦਿਨ ਪਹਿਲਾਂ ਜਲੰਧਰ ਵਿਖੇ ਗਦਰੀ ਬਾਬਿਆਂ ਦੇ ਮੇਲੇ ਵਿਚ ਹਿੱਸਾ ਲੈ ਕੇ ਆਇਆ ਹੈ। ਇਹ ਵੀ ਕਿ ਗੁਲਜ਼ਾਰ ਸਿੰਘ ਦੇ ਪਿਤਾ ਦਾ ਨਾਂ ਸ਼ੇਰ ਸਿੰਘ ਸੀ। ਹੈ ਕੋਈ ਜਵਾਬ ਇਨ੍ਹਾਂ ਰੱਬ ਸਬੱਬੀ ਗੱਲਾਂ ਦਾ!

**ਕਿਰਪਾਲ ਕਜ਼ਾਕ, ਐਸ. ਐਸ. ਬੋਪਾਰਾਏ ਤੇ ਵਨੀਤਾ:** ਰਾਸ਼ਟਰੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੇ ਪੰਜਾਬੀ ਬੋਰਡ ਨੇ ਇਸ ਵਰ੍ਹੇ ਦੇ ਪੰਜਾਬੀ ਪੁਰਸਕਾਰ ਲਈ ਲੀਹ ਤੋਂ ਹਟਵੇਂ ਲੇਖਕ ਕਿਰਪਾਲ ਕਜ਼ਾਕ ਨੂੰ ਚੁਣਿਆ ਹੈ। ਸਦੀ ਦੇ ਸ਼ੁਰੂ ਵਿਚ ਉਸ ਦੇ ਵੱਖਰੇਪਣ ਨੂੰ ਪਛਾਣਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਬਹੁਤ ਘੱਟ ਸਕੂਲੀ ਵਿਦਿਆ ਦੇ ਬਾਵਜੂਦ ਉਸ ਨੂੰ ਪ੍ਰੋਫੈਸਰ ਦੀ ਉਪਾਧੀ ਨਾਲ ਨਿਵਾਜਿਆ ਸੀ। ਉਦੋਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਐਸ. ਐਸ. ਬੋਪਾਰਾਏ ਸਨ ਤੇ ਹੁਣ ਬੋਰਡ ਦੀ ਕਨਵੀਨਰ ਪ੍ਰੋ. ਵਨੀਤਾ ਹੈ। ਵਧਾਈਆਂ ਹੀ ਵਧਾਈਆਂ!

**ਅੰਤਿਕਾ: ਨਰੇਸ਼**

ਧਰਮ ਦੇ ਨਾਂ 'ਤੇ
ਲਹੂ ਇਨਸਾਨੀਅਤ ਦਾ ਡੋਲ੍ਹਣ,
ਕਿਹੜੀ ਗੰਗਾ
ਇਸ ਭਿਆਨਕ ਪਾਪ ਨੂੰ ਧੋਊ ਨਰੇਸ਼?

## ਪਰਿਵਾਰ ਵਿਛੋੜਾ

ਰਾਤ ਪੋਹ ਦੀ ਸੀ ਹੱਡਾਂ ਨੂੰ ਠਾਰਦੀ।
ਅਨੰਦਪੁਰੀ ਵਿਛੋੜਾ ਨਾ ਸਹਾਰਦੀ।

ਦਸ਼ਮਣਾਂ ਨੇ ਸੀ ਘੇਰਾ ਪਾ ਲਿਆ।
ਝੂਠੀਆਂ ਸਹੁੰਆਂ ਖਾ ਭਰਮਾ ਲਿਆ।

ਬਚਿੱਤਰ ਸਿੰਘ ਹਾਥੀ ਨੂੰ ਝੰਬਦਾ।
ਕਿਲਾ ਅਨੰਦਗੜ੍ਹ ਵੀ ਸੀ ਕੰਬਦਾ।

ਗੁਰਾਂ ਹੁਕਮ ਖਾਲਸੇ ਤੋਂ ਸੀ ਲਿਆ।
ਫਿਰ ਸਿਰ ਮੱਥੇ 'ਤੇ ਸੀ ਪਾਲਿਆ।

ਉਹ ਚੰਦਰੀ ਕਾਲੀ ਬੋਲੀ ਰਾਤ ਸੀ।
ਉਤੋਂ ਛਮ ਛਮ ਹੁੰਦੀ ਬਰਸਾਤ ਸੀ।

ਆਖ ਕੇ ਅਨੰਦਪੁਰੀ ਨੂੰ ਅਲਵਿਦਾ।
ਦੱਖਣ ਵਲ ਨੂੰ ਸਾਰੇ ਹੋ ਤੁਰੇ ਵਿਦਾ।

ਮਾਤਾ ਗੁਜਰੀ ਦੇ ਸੰਗ ਪਰਿਵਾਰ ਸੀ।
ਸਿੰਘ ਸੂਰੇ ਖੁਦ ਸੱਚੀ ਸਰਕਾਰ ਸੀ।

ਪਹਾੜੀ ਰਾਜੇ, ਮੁਗਲ ਕਸਮਾਂ ਭੁੱਲੇ।
ਗੁਰੂ ਜੀ ਨੂੰ ਮਾਰ ਮੁਕਾਉਣ 'ਤੇ ਤੁਲੇ।

ਮਗਰ ਫੌਜਾਂ ਨੇ ਵਹੀਰਾਂ ਘੱਤੀਆਂ।
ਸਰਸੇ ਨਦੀ ਅੱਗੋਂ ਸ਼ਰਮਾਂ ਲੱਥੀਆਂ।

ਜਿਉਂ ਨਾਲ ਦੁਸ਼ਮਣਾਂ ਰਲ ਗਿਆ।
ਠਾਠਾਂ ਮਾਰ ਕਰਦਾ ਛਲ ਪਿਆ।

ਉਚੀ ਥਾਂ ਦੇਖ ਕੇ ਡੇਰਾ ਲਾ ਲਿਆ।
ਪਿਆਰੇ ਸਿੰਘਾਂ ਨੂੰ ਵੀ ਬੈਠਾ ਲਿਆ।

ਸਾਰੀ ਰਾਤ ਗੁਜ਼ਾਰੀ ਦਰਿਆ ਕੰਢੇ।
ਰਹਿਰਾਸ ਸਾਹਿਬ ਦੇ ਪ੍ਰਸ਼ਾਦ ਵੰਡੇ।

ਦਿਨ ਚੜ੍ਹੇ ਮੁਗਲਾਂ ਹੱਲਾ ਬੋਲਿਆ।
ਫਿਰ ਸਿੰਘਾਂ ਦਾ ਖੂਨ ਵੀ ਖੌਲਿਆ।

ਇੰਜ ਗਹਿਗੱਚ ਜੰਗ ਛਿੜ ਪਈ।
ਲੋਥਾਂ ਦੀ ਗਿਣਤੀ ਨਾ ਹੁੰਦੀ ਪਈ।

ਸਰਸੇ 'ਚ ਸੰਗ ਸਾਰਾ ਠਿਲ੍ਹ ਪਿਆ।
ਪਰਿਵਾਰ ਵਿਛੋੜੇ ਦਾ ਸੱਲ ਪਿਆ।

ਜ਼ੋਰਾਵਰ, ਫਤਿਹ ਸਿੰਘ ਵੱਖ ਹੋਏ।
ਮਾਤਾ ਗੁਜਰੀ ਜੀ ਲੱਖ ਤੋਂ ਕੱਖ ਹੋਏ।

ਅਜੀਤ, ਜੁਝਾਰ ਤੇ ਦਸਮੇਸ਼ ਪਿਤਾ।
ਜਾ ਚਮਕੌਰ ਗੜ੍ਹੀ ਨੂੰ ਸੰਭਾਲ ਲਿੱਤਾ।

ਇੰਜ ਪਰਿਵਾਰ ਵਿਛੋੜਾ ਪੈ ਗਿਆ।
ਖਾਲਸਾ ਅਣਗਾਹੇ ਰਾਹ ਪੈ ਗਿਆ।

*-ਸੇਵਾ ਸਿੰਘ ਨੂਰਪੁਰੀ*

---

## ਬੇ-ਖੌਫ ਯੋਧੇ

*(ਛੋਟੇ ਸਾਹਿਬਜ਼ਾਦੇ)*

ਏਥੇ ਛੱਡਾਂਗੇ ਜੈਕਾਰੇ, ਅਸੀਂ ਗੱਜ ਵੱਜ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਤੇਰੇ ਜ਼ੁਲਮਾਂ ਦੀ ਸਾਨੂੰ ਭੋਰਾ ਪਰਵਾਹ ਨਹੀਂ
ਜਿੰਨਾ ਲੱਗਦਾ ਏ ਜ਼ੋਰ ਆਪਣਾ ਤੂੰ ਲਾ ਲਈਂ।
ਰਹਿ ਜੇ ਕਸਰ ਨਾ ਜ਼ੁਲਮ ਕਮਾ ਲੈ ਰੱਜ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਤੇਰੇ ਡਰ ਤੇ ਡਰਾਵੇ ਸਾਨੂੰ ਰਤਾ ਪੋਂਹਦੇ ਨਹੀਂ
ਝੂਠੇ ਲਾਲਚੀਂ ਸੂਬਿਆ, ਅਸੀਂ ਆਉਂਦੇ ਨਹੀਂ।
ਸਿੰਘ, ਸੂਰਮੇ ਨਹੀਂ ਛੱਡ ਕੇ ਮੈਦਾਨ ਭੱਜਦੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਸੀਤ ਠੰਡੀਆਂ ਹਵਾਵਾਂ ਬੁਰਜ ਰਾਤਾਂ ਕਾਲੀਆਂ
ਰਹਿਮਤਾਂ ਨੇ ਅਕਾਲ ਪੁਰਖ ਦੀਆਂ ਸਾਰੀਆਂ
ਹੋਣੀ ਭੌਂਦੀ ਪਈ ਏ ਸਿਰ ਤੇਰੇ ਚਾਲੇ ਦੱਸਦੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਅਸੀਂ, ਬੇਸ਼ੱਕ ਨਿੱਕੇ ਬਾਲ ਹੌਸਲੇ ਬੁਲੰਦ ਨੇ
ਤੇਰੀ ਕੰਬਣੀ ਕਚਹਿਰੀ ਜਾਂ ਜੈ-ਕਾਰੇ ਛੱਡਣੇ।
ਤੈਨੂੰ ਲੱਭਣੀ ਨਹੀਂ ਥਾਂ ਮੂੰਹ ਬਹਿ'ਜੀਂ ਕੱਜ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਤੇਰੇ ਜ਼ੋਰ ਅੱਗੇ ਸਿੱਖੀ ਨਹੀਂ ਗੁਰੂ ਦੀ ਡੋਲਣੀ
ਪਾਪੀ ਲਾਸ਼ ਤੇਰੀ ਸਿੰਘਾਂ ਗਲੀਆਂ 'ਚ ਰੋਲਣੀ।
ਹੋਣਾ ਖੇਹ ਮਿੱਟੀ ਤੇਰਾ ਠੀਕਰਾ ਇਹ ਭੱਜ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਅਕਾਲ ਪੁਰਖ ਦੀ ਓਟ ਅਸਾਂ ਨੇ ਤਕਾਈ ਏ
ਅੰਗ ਸੰਗ ਸੱਚਾ ਪਾਤਸ਼ਾਹ ਸਾਡਾ ਸਹਾਈ ਏ।
ਸਿਰ ਫੇਹ ਦਿਆਂਗੇ ਤੇਰਾ ਸਾਨੂੰ ਵੇਖ ਛੱਡ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਐਵੇਂ ਫੋਕੀਆਂ ਫੜ੍ਹਾਂ ਨਾ ਬੈਠਾ ਮਾਰ ਸੂਬਿਆ
ਗੋਬਿੰਦ ਸ਼ੇਰ ਨੂੰ ਸਕਦਾ ਨਹੀਂ ਮਾਰ ਸੂਬਿਆ।
ਤੇਰੇ ਜ਼ੁਲਮਾਂ ਵਾਲੀ ਜੜ੍ਹ ਛੱਡਣੀ ਏਂ ਪੱਟ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਪਾਪੀ ਸੁੱਚਾ ਨੰਦ ਸੁਣ ਕੋਲੋਂ ਝੱਟ ਬੋਲਿਆ
ਪੁੱਤ ਸੱਪਾਂ ਦੇ ਨਹੀਂ ਹੁੰਦੇ ਕਦੀ ਮਿੱਤ ਸੂਬਿਆ।
ਦੁਧ ਚੁਲੀਆਂ ਪਿਆਉ ਭਾਵੇਂ ਕੋਲ ਰੱਖ ਕੇ
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

ਹੈਰਾਨ ਕਾਜ਼ੀ, ਬੱਚੇ ਨਹੀਂ ਰਤਾ ਪਏ ਡੋਲਦੇ
ਝੱਟ ਬਹਿ ਗਿਆ ਸ਼ਰਾ ਦੀ ਕਿਤਾਬ ਖੋਲ੍ਹ ਕੇ।
ਜਿਉਂਦੇ ਨੀਂਹਾਂ 'ਚ ਚਿਣੋ ਫਤਵਾ ਲਾਇਆ ਏ
ਸੁਣ ਫਤਵਾ ਜੈਕਾਰਾ ਸ਼ੇਰਾਂ ਲਾਇਆ ਗੱਜ ਕੇ।
ਸੀਸ ਸਿੱਖੀ ਉਤੋਂ ਵਾਰਨੇ ਨੇ ਹੱਸ ਹੱਸ ਕੇ।

*-ਚੰਨ, ਫੋਨ: 908-788-8427*

## 'ਸਾਖੀਓਂ ਨੂਰ ਝਰੈ' ਵਿਚੋਂ ਕੁਝ ਕਵਿਤਾਵਾਂ

### ਪੱਟੀ

ਤਨ-ਪਾਠਸ਼ਾਲਾ 'ਚ
ਮਨ-ਪਾਂਧਾ
ਦਿਲ-ਤਖਤੀ
ਸੋਚ-ਗਾਚਣੀ ਸੰਗ ਪੋਚ ਕੇ
ਤ੍ਰਿਪਤਾ ਦੇ ਘਰ ਵੱਲੋਂ ਆਉਂਦੇ
ਰਾਹ 'ਤੇ ਨਿਗਾਹ ਵਿਛਾਈ ਬੈਠਾ।

ਕਦ ਇਸ ਰਾਹੇ
ਬਾਲ ਇੰਞਾਣਾ ਨਿਕਲੇ
ਦਿਲ-ਤਖਤੀ 'ਤੇ
ਪਾਏ ਪੂਰਨੇ ਨੂਰੀ
ਲਿਖੇ ਇਲਾਹੀ ਪੱਟੀ।

ਪੱਟੀ ਦਾ ਹਰ ਅੱਖਰ
ਬਣੇ ਕਹਿਕਸ਼ਾਂ
ਮਸਤਕ ਅੰਦਰ
ਠੰਢਾ-ਠੰਢਾ ਚਾਨਣ ਬਿਖਰੇ
ਰੂਹ ਦਾ ਜਗਤ-ਜਲੰਦਾ ਠਾਰੇ।

---

### ਰਬਾਬ

ਸਾਜਣਹਾਰ ਨੇ
ਘੜੀ ਰਬਾਬ ਇਹ ਕੈਸੀ
ਹੱਡ-ਲੱਕੜ 'ਤੇ
ਚਮੜਾ ਮੜ੍ਹਿਆ
ਨਾੜਾਂ ਦੇ ਤੰਦ-ਤਾਰ।

ਸਾਹ-ਪੋਟੇ ਜਦ ਛੇੜਨ ਤਾਰਾਂ
ਲਿਸ਼ਕ ਸੁਰਾਂ ਦੀ ਉੱਠਦੀ
ਪੌਣ ਸੁਰੀਲੀ ਵਗਦੀ।

ਅੱਖਾਂ ਮੀਟ ਉਚਾਰੇ
ਜਦ-ਜਦ
ਬੋਲ ਇਲਾਹੀ
ਜਗਤ-ਫਿਰੰਦਾ
ਫਿਜ਼ਾ 'ਚ ਘੁਲਦਾ
ਰੰਗ ਕੀਰਤੀ
ਮਸਤ ਫਿਰੇ ਰੂਹ ਦਾ ਮਰਦਾਨਾ।

ਜਿਸ ਵੀ ਨਿੰਮ-ਸੁਰਤੀ ਨੂੰ ਛੂਹੇ
ਸੁਰਾਂ 'ਚ ਨ੍ਹਾਤੇ
ਕੂਜਾ-ਮਿਸ਼ਰੀ ਬੋਲ
ਮਿੱਠ-ਨਿਮੋਲੀ ਸੁਰਤੀ ਹੋਈ।

ਸਾਜਣਹਾਰ ਰਬਾਬ ਹੈ ਆਪੇ
ਆਪ ਰਬਾਬ ਹੈ ਸਾਜਣਹਾਰ।

---

### ਮੱਕਾ

ਸੰਗੀਤ-ਸਿਲਾਈ
ਸ਼ਬਦ-ਸੁਰਮੇ ਰੱਤੀ
ਸੁਰਤ-ਨੇਤਰ 'ਚ ਫਿਰੀ
ਦਹਿ ਦਿਸ਼ਾਵੀਂ
ਮੱਕਾ ਦਿਸਿਆ।

---

### ਪੰਜਾ

ਹਉਂ ਦਾ ਪਰਬਤ
ਜ਼ਿੱਦ ਵਲੀ ਕੰਧਾਰੀ
ਰੂਹ ਪੱਥਰ ਹੋਈ
ਸ਼ਬਦ ਦਾ ਪੰਜਾ
ਰੂਹ ਨੂੰ ਛੂਹਿਆ
ਅੱਖਾਂ ਥਾਣੀਂ
ਅੰਮ੍ਰਿਤ ਜਲ ਦਾ
ਚਸ਼ਮਾ ਫੁੱਟਿਆ।

*-ਸੁਰਿੰਦਰ ਸੋਹਲ*

# ਹਿੰਦੂ ਤੁਰਕ ਕਾ ਸਾਹਿਬੁ ਏਕ



ਡਾ. ਗੁਰਨਾਮ ਕੌਰ, ਕੈਨੇਡਾ

***ਕਸ਼ਮੀਰ ਦੇ ਮੌਜੂਦਾ ਹਾਲਾਤ ਦੀ ਇੱਕੋ ਇੱਕ ਵਜ੍ਹਾ ਕਸ਼ਮੀਰੀ ਲੋਕਾਂ ਨੂੰ ਭਾਜਪਾ ਹਕੂਮਤ ਵੱਲੋਂ ਇਹ ਅਹਿਸਾਸ ਕਰਵਾਉਣਾ ਹੈ ਕਿ ਸਰਕਾਰ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ; ਕਿਉਂਕਿ ਕਸ਼ਮੀਰ ਦੀ ਬਹੁਤੀ ਵੱਸੋਂ ਮੁਸਲਿਮ ਬਹੁਗਿਣਤੀ ਵਾਲੀ ਹੈ। ਨਾਗਰਿਕਤਾ ਸੋਧ ਬਿਲ ਅਤੇ ਕੌਮੀ ਨਾਗਰਿਕਤਾ ਰਜਿਸਟਰੇਸ਼ਨ ਕਾਨੂੰਨ ਲਿਆਉਣ ਦਾ ਮਕਸਦ ਵੀ ਮੁਸਲਿਮ ਭਾਈਚਾਰੇ ਨੂੰ ਮੁਲਕੋਂ ਬਾਹਰ ਧੱਕਣਾ ਜਾਂ ਕੈਂਪਾਂ ਵਿਚ ਡੱਕਣਾ ਹੈ। ਜਿਨ੍ਹਾਂ ਪਾਰਟੀਆਂ ਨਾਲ ਭਾਜਪਾ ਦੀ ਭਾਈਵਾਲੀ ਹੈ, ਉਨ੍ਹਾਂ ਦੇ ਨੇਤਾਵਾਂ ਨੇ ਵੀ ਇਸ ਨਵੇਂ ਨਾਗਰਿਕਤਾ ਸੋਧ ਬਿਲ, ਨੈਸ਼ਨਲ ਰਜਿਸਟਰੇਸ਼ਨ ਸਿਟੀਜ਼ਨਸ਼ਿਪ ਨੂੰ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੇ. ਡੀ. ਯੂ. ਦੇ ਸੀਨੀਅਰ ਨੇਤਾ ਪਵਨ ਕੁਮਾਰ ਵਰਮਾ ਸੋਸ਼ਲ ਮੀਡੀਆ 'ਤੇ ਇੱਕ ਇੰਟਰਵਿਊ ਵਿਚ ਕਹਿ ਰਹੇ ਸਨ ਕਿ ਭਾਜਪਾ ਜਿਸ ਕਿਸਮ ਦੇ ਮੁੱਦੇ ਲਿਆ ਰਹੀ ਹੈ, ਉਹ ਲੋਕਾਂ ਵਿਚ ਡਰ ਪੈਦਾ ਕਰਨ ਵਾਲੇ ਹਨ, ਇਹ ਬਿਲਕੁਲ ਤਾਨਾਸ਼ਾਹੀ ਹੈ।***

ਭਗਤ ਕਬੀਰ ਗੁਰੂ ਕਾਲ ਤੋਂ ਪਹਿਲਾਂ ਦੇ ਭਗਤੀ ਕਾਲ ਦੇ ਅਜਿਹੇ ਸਮੇਂ ਵਿਚ ਪੈਦਾ ਹੋਏ, ਜਦੋਂ ਪੁਰਾਣੀ ਪਰੰਪਰਾ ਖੇਰੂੰ ਖੇਰੂੰ ਹੋ ਰਹੀ ਸੀ ਅਤੇ ਇੱਕ ਨਵੀਂ ਮਾਨਵਵਾਦੀ ਧਾਰਮਿਕ ਪੁਨਰ-ਜਾਗ੍ਰਿਤੀ ਦਾ ਅਰੰਭ ਹੋ ਰਿਹਾ ਸੀ। ਇਸ ਪੁਨਰ-ਜਾਗ੍ਰਿਤੀ ਦਾ ਕਾਰਨ ਪੁਰਾਣੀ ਪਰੰਪਰਾ ਦੀ ਯੋਗਤਾ ਅਤੇ ਸੇਵਾ ਕਰਨ ਦੀ ਸਮਰੱਥਾ ਵਿਚੋਂ ਉਨ੍ਹਾਂ ਮਨੁੱਖਾਂ ਦੀ ਧਰਵਾਸ ਤੇ ਅਗਵਾਈ ਦੇਣ ਦੀ ਆਸ ਦਾ ਗੁਆਚਣਾ ਸੀ, ਜੋ ਇਨ੍ਹਾਂ ਪੁਰਾਣੇ ਵਿਚਾਰਾਂ ਦੇ ਬੰਜਰ ਅਤੇ ਦਕੀਆਨੂਸੀ ਕਰਮ ਕਾਂਡ ਦੇ ਅਸਹਿ ਬੋਝ ਦੇ ਸਵੈ-ਪ੍ਰਤੀਕ੍ਰਿਆ ਵਿਧੀ ਦੀ ਹੱਦ ਤੱਕ ਆਦੀ ਹੋ ਗਏ ਸਨ।

ਅੱਜ ਵੀ ਕੁਝ ਅਜਿਹਾ ਹੀ ਸਮਾਂ ਹੈ, ਪਰ ਇਸ ਦਾ ਵੱਖਰੇਵਾਂ ਇਸ ਤੱਥ ਵਿਚ ਹੈ ਕਿ ਹੁਣ ਦੇ ਹਾਕਮ ਇਸ ਵਿਗਿਆਨਕ ਯੁੱਗ ਵਿਚ ਵੀ ਲੋਕਾਂ ਦਾ ਧਿਆਨ ਉਨ੍ਹਾਂ ਦੀਆਂ ਅਸਲ ਸਮੱਸਿਆਵਾਂ ਵੱਲੋਂ ਹਟਾ ਕੇ, ਉਨ੍ਹਾਂ ਨੂੰ ਮੁੜ ਬੋਸੀਦਾ ਹੋ ਚੁਕੀਆਂ ਧਾਰਮਿਕ ਪਰੰਪਰਾਵਾਂ ਵਿਚ ਉਲਝਾ ਕੇ ਧਰਮ ਦੇ ਨਾਂ 'ਤੇ ਅਗਿਆਨ ਦੀ ਹਨੇਰੀ ਗੁਫਾ ਵੱਲ ਧੱਕਣ ਦੀ ਕੋਸ਼ਿਸ਼ ਕਰ ਰਹੇ ਹਨ। ਧਰਮ ਦੇ ਨਾਂ 'ਤੇ ਸਿਰਫ ਰਾਜਨੀਤੀ ਹੀ ਨਹੀਂ ਕਰ ਰਹੇ, ਸਗੋਂ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਧਰਮ ਦੀ ਆੜ ਵਿਚ ਖਾਸ ਕਿਸਮ ਦਾ ਵਪਾਰ ਕਰ ਰਹੇ ਹਨ ਤਾਂ ਕਿ ਲੋਕਾਂ ਦਾ ਧਿਆਨ ਲੋਕ ਮੁੱਦਿਆਂ ਜਾਂ ਰੋਜ਼ਾਨਾ ਸਮੱਸਿਆਵਾਂ ਵੱਲ ਨਾ ਜਾ ਕੇ ਅਖੌਤੀ ਧਾਰਮਿਕ ਮੁੱਦਿਆਂ ਵਿਚ ਉਲਝਿਆ ਰਹੇ। ਇਸ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਕਿਸਮ ਦੀ ਵੰਡੀਆਂ ਪਾਉਣ ਵਾਲੀ ਧਾਰਮਿਕ ਨਫਰਤ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਨਕਾਰਿਆ ਗਿਆ ਹੈ, ਹੁਣ ਦੀ ਭਾਰਤੀ ਹਾਕਮ ਜਮਾਤ ਉਸ ਤੋਂ ਵੀ ਘਟੀਆ ਕਿਸਮ ਦੀ ਧਾਰਮਿਕ ਨਫਰਤ ਨੂੰ ਨਵੇਂ ਨਵੇਂ ਕਾਨੂੰਨ ਬਣਾ ਕੇ ਉਤਸ਼ਾਹਤ ਕਰਦੀ ਲੋਕਾਂ ਵਿਚ ਵੰਡੀਆਂ ਪਾ ਰਹੀ ਹੈ।

ਮੌਜੂਦਾ ਸਰਕਾਰ ਡਾ. ਭੀਮ ਰਾਉ ਅੰਬੇਦਕਰ ਦੇ ਤਿਆਰ ਕੀਤੇ ਧਰਮ ਨਿਰਪੱਖ ਸੰਵਿਧਾਨ ਨੂੰ ਬਦਲ ਕੇ ਭਾਰਤੀ ਘੱਟ ਗਿਣਤੀਆਂ ਲਈ ਖਾਸ ਕਿਸਮ ਦਾ ਨਫਰਤ ਭਰਿਆ ਅਤੇ ਭੈ-ਭੀਤ ਕਰਨ ਵਾਲਾ ਮਾਹੌਲ ਸਿਰਜ ਰਹੀ ਹੈ। ਇਸ ਮੁਹਿੰਮ ਦੀ ਪਹਿਲੀ ਕੜੀ ਵਜੋਂ ਲੋਕਾਂ ਦਾ ਧਿਆਨ ਬਾਬਰੀ ਮਸਜਿਦ-ਰਾਮ ਮੰਦਿਰ ਮੁੱਦੇ ਵਿਚ ਉਲਝਾਉਣਾ ਹੈ। ਇਸੇ ਲੜੀ ਵਿਚ ਦੂਜੀ ਵਾਰ ਸੱਤਾ ਵਿਚ ਆਉਣ ਦੇ ਕੁਝ ਮਹੀਨਿਆਂ ਦੇ ਅਰਸੇ ਵਿਚ ਹੀ ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਖਤਮ ਕਰਨ ਲਈ ਧਾਰਾ 370 ਨੂੰ ਹਟਾ ਕੇ ਉਸ ਦਾ ਰਾਜ ਹੋਣ ਦਾ ਦਰਜਾ ਖਤਮ ਕਰਕੇ ਉਸ ਨੂੰ ਟੋਟਿਆਂ ਵਿਚ ਵੰਡ ਕੇ ਕੇਂਦਰ ਸ਼ਾਸਤ ਇਲਾਕੇ ਬਣਾਉਣਾ; ਏਨਾ ਹੀ ਨਹੀਂ ਸਗੋਂ 5 ਅਗਸਤ ਤੋਂ ਕਸ਼ਮੀਰ ਵਿਚ ਕਰਫਿਊ ਜਿਹਾ ਮਾਹੌਲ ਸਿਰਜ ਕੇ ਕਸ਼ਮੀਰੀਆਂ ਦਾ ਨਾਤਾ ਬਾਕੀ ਹਿੰਦੁਸਤਾਨ ਅਤੇ ਪੂਰੀ ਦੁਨੀਆਂ ਨਾਲੋਂ ਤੋੜ ਦਿੱਤਾ ਗਿਆ; ਟੈਲੀਫੋਨ ਤੇ ਇੰਟਰਨੈੱਟ ਜਿਹੀਆਂ ਸਹੂਲਤਾਂ ਬੰਦ ਕੀਤੀਆਂ ਹੋਈਆਂ ਹਨ; ਕਿਸੇ ਪੱਤਰਕਾਰ, ਬੁੱਧੀਜੀਵੀ ਜਾਂ ਸਮਾਜ ਸੇਵੀ ਸੰਗਠਨ ਨੂੰ ਕਸ਼ਮੀਰ ਜਾਣ ਦੀ ਆਗਿਆ ਨਹੀਂ ਦਿੱਤੀ ਜਾਂਦੀ।

ਕਸ਼ਮੀਰੀਆਂ ਨੂੰ ਲਗਾਤਾਰ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਕਸ਼ਮੀਰ ਦੀ ਧਰਤੀ ਤਾਂ ਭਾਰਤ ਦਾ ਹਿੱਸਾ ਹੈ, ਪਰ ਕਸ਼ਮੀਰੀ ਲੋਕ ਨਹੀਂ। ਟੋਟਿਆਂ ਵਿਚ ਵੰਡਣ ਦਾ ਮਕਸਦ ਵੀ ਇਹੀ ਜਾਪਦਾ ਹੈ ਕਿ ਚੋਣਾਂ ਹੋਣ 'ਤੇ ਜੰਮੂ ਅਤੇ ਲੱਦਾਖ 'ਚ ਮੌਜੂਦਾ ਹਾਕਮ ਪਾਰਟੀ ਨੂੰ ਬਹੁਮੱਤ ਪ੍ਰਾਪਤ ਕਰਨ ਦੀ ਸੰਭਾਵਨਾ ਵੱਧ ਹੈ, ਜਦ ਕਿ ਕਸ਼ਮੀਰ ਵਾਦੀ ਵਿਚ ਇਹ ਸੰਭਾਵਨਾ ਘਟ ਜਾਂਦੀ ਹੈ।

ਇਸ ਕੜੀ ਦਾ ਅਗਲਾ ਕਦਮ ਤਿੰਨ ਤਲਾਕ ਕਾਨੂੰਨ ਨੂੰ ਅਧੂਰੇ ਰੂਪ ਵਿਚ ਪਾਸ ਕਰਨਾ ਸੀ। ਸਭ ਤੋਂ ਭਿਆਨਕ ਤੇ ਮੌਜੂਦਾ ਕਦਮ ਨਾਗਰਿਕਤਾ ਸੋਧ ਬਿਲ ਨੂੰ ਬਿਨਾ ਕੋਈ ਬਹਿਸ ਕੀਤਿਆਂ ਹੁਕਮ ਵਾਂਗ ਇੱਕੋ ਦਿਨ ਵਿਚ ਪਾਸ ਕਰਕੇ ਭਾਰਤ ਦੇ ਧਰਮ ਨਿਰਪੱਖ ਸੰਵਿਧਾਨ ਨੂੰ ਫਿਰਕੂ ਰੰਗਤ ਦੇਣਾ ਹੈ, ਜਿਸ ਅਨੁਸਾਰ 3 ਇਸਲਾਮਿਕ ਦੇਸ਼ਾਂ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਤੋਂ ਆਉਣ ਵਾਲੇ ਹਿੰਦੂ, ਬੋਧੀ, ਸਿੱਖ, ਇਸਾਈ, ਪਾਰਸੀ ਸ਼ਰਨਾਰਥੀਆਂ ਨੂੰ ਤਾਂ ਭਾਰਤੀ ਨਾਗਰਿਕਤਾ ਦਿੱਤੀ ਜਾਵੇਗੀ, ਪਰ ਮੁਸਲਮਾਨ ਇਸ ਤੋਂ ਬਾਹਰ ਰਹਿਣਗੇ। ਨਾਲ ਹੀ ਇਹ ਐਲਾਨ ਕਰ ਦੇਣਾ ਕਿ ਐਨ. ਆਰ. ਸੀ. ਕਾਨੂੰਨ ਸਾਰੇ ਭਾਰਤ 'ਚ ਲਾਗੂ ਕੀਤਾ ਜਾਵੇਗਾ, ਜਿਸ ਤਹਿਤ ਹਰ ਸ਼ਹਿਰੀ ਨੂੰ ਆਪਣੇ ਆਪ ਨੂੰ ਰਜਿਸਟਰ ਕਰਾਉਣਾ ਪਵੇਗਾ ਤੇ ਰਜਿਸਟਰ ਹੋਣ ਲਈ ਉਸ ਨੂੰ ਸਬੂਤ ਦੇਣੇ ਪੈਣਗੇ ਕਿ ਉਹ ਭਾਰਤੀ ਹੀ ਹੈ।

ਅਜਿਹੇ ਨਾਗਰਿਕਤਾ ਸੋਧ ਬਿੱਲ ਅਤੇ ਐਨ. ਆਰ. ਸੀ. ਪਾਸ ਹੋਣ ਤੇ ਲਾਗੂ ਹੋਣ ਨਾਲ ਨਾ ਸਿਰਫ ਭਾਰਤ ਦੀ ਇੱਕ ਧਰਮ-ਨਿਰਪੱਖ ਲੋਕਤੰਤਰ ਗਣਰਾਜ ਹੋਣ ਦੀ ਛਵੀ ਨੂੰ ਢਾਹ ਲੱਗੀ ਹੈ, ਸਗੋਂ ਇਸ ਵੰਡ-ਪਾਊ ਫਿਰਕੂ ਰੰਗਤ ਵਾਲੇ ਕਾਨੂੰਨ ਨੇ ਭਾਰਤ ਦੇ ਸਭ ਤੋਂ ਵੱਡੇ ਘੱਟ-ਗਿਣਤੀ ਮੁਸਲਿਮ ਭਾਈਚਾਰੇ ਨੂੰ ਖੌਫਜ਼ਦਾ ਕਰ ਦਿੱਤਾ ਹੈ। ਹੁਕਮਰਾਨ ਭਾਜਪਾ ਦਾ ਇੱਕੋ ਇੱਕ ਮਕਸਦ ਲੋਕਾਂ ਵਿਚ ਮਜ਼ਬੀ ਵੰਡੀਆਂ ਪਾ ਕੇ ਉਨ੍ਹਾਂ ਦਾ ਧਿਆਨ ਅਸਲੀ ਸਮੱਸਿਆਵਾਂ ਵੱਲੋਂ ਹਟਾਈ ਰੱਖਣਾ ਅਤੇ ਧਰਮ ਦੇ ਨਾਂ 'ਤੇ ਵੋਟਾਂ ਹਾਸਿਲ ਕਰ ਕੇ ਤਾਕਤ ਵਿਚ ਬਣੇ ਰਹਿਣਾ ਹੈ।

ਹੁਣੇ ਹੁਣੇ ਅਸੀਂ ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਦੇਸ਼-ਵਿਦੇਸ਼ ਵਿਚ ਮਨਾਇਆ ਹੈ। ਨਵੰਬਰ ਦਾ ਮਹੀਨਾ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਵੀ ਜੁੜਿਆ ਹੋਇਆ ਹੈ। ਗੁਰੂ ਤੇਗ ਬਹਾਦਰ ਆਪ ਤਾਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੀ ਨੌਵੀਂ ਜੋਤਿ ਵਜੋਂ ਬਿਰਾਜਮਾਨ ਸਨ, ਪਰ ਉਨ੍ਹਾਂ ਨੇ ਦਿੱਲੀ ਜਾ ਕੇ ਕਸ਼ਮੀਰੀ ਪੰਡਿਤਾਂ ਦੀ ਪੁਕਾਰ 'ਤੇ ਸ਼ਹਾਦਤ ਇਸ ਲਈ ਦਿੱਤੀ ਕਿ ਹਰ ਮਨੁੱਖ ਨੂੰ ਆਪਣੇ ਇਸ਼ਟ ਨੂੰ ਮੰਨਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ, ਕਿਉਂਕਿ ਇਹ ਮਨੁੱਖ ਦਾ ਮੂਲ ਹੱਕ ਹੈ।

ਦਸੰਬਰ ਦਾ ਮਹੀਨਾ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਇਹ ਉਹ ਮਹੀਨਾ ਹੈ, ਜਿਸ ਵਿਚ ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਵਿਚ ਖਾਲਸੇ ਨੂੰ ਆਪਣਾ ਜਨਮ ਸਥਾਨ ਅਨੰਦਪੁਰ ਸਾਹਿਬ ਛੱਡਣਾ ਪਿਆ; ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲ ਫੌਜਾਂ ਨਾਲ ਅਸਾਵੀਂ ਜੰਗ ਲੜਦਿਆਂ ਜਿਥੇ ਗੁਰੂ ਦੇ ਖਾਲਸੇ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਥੇ ਨਾਲ ਹੀ ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਵੀ ਸ਼ਹੀਦ ਹੋਏ। ਇਹ ਯੁੱਧ ਅਤੇ ਸ਼ਹੀਦੀਆਂ ਕਿਸੇ ਰਾਜ ਪ੍ਰਾਪਤੀ ਜਾਂ ਰਾਜ ਸਥਾਪਤੀ ਲਈ ਨਹੀਂ ਸਨ, ਸਗੋਂ ਦੱਬੀ-ਕੁਚਲੀ ਮਨੁੱਖਤਾ ਦੇ ਮਾਨਵੀ ਹੱਕਾਂ ਦੀ ਬਹਾਲੀ ਲਈ ਸਨ। ਹਿੰਦੂ ਪਹਾੜੀ ਰਾਜਿਆਂ ਨੂੰ ਇਹ ਤੱਥ ਹਜ਼ਮ ਹੀ ਨਹੀਂ ਸੀ ਹੋ ਰਿਹਾ ਕਿ ਜਿਨ੍ਹਾਂ ਨੂੰ ਉਹ ਪੈਰਾਂ ਹੇਠਾਂ ਲਤਾੜਦੇ ਆਏ ਹਨ, ਉਹ ਬਰਾਬਰ ਬੈਠ ਕੇ ਲੰਗਰ ਛਕ ਸਕਦੇ ਹਨ।

ਸਿੱਖ ਜਗਤ ਲਈ ਰਵਾਇਤੀ ਤੌਰ 'ਤੇ ਗੁਰਪੁਰਬਾਂ, ਇਤਿਹਾਸਕ ਦਿਹਾੜਿਆਂ ਨੂੰ ਮਨਾ ਲੈਣਾ ਹੀ ਕਾਫੀ ਨਹੀਂ, ਗੁਰੂ ਦੀ ਬਖਸ਼ੀ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਣਾ ਵੀ ਫਰਜ਼ ਬਣਦਾ ਹੈ। ਗੁਰੂ ਨੇ ਤਾਂ ਸਿੱਖ ਕੋਲੋਂ ਹਮੇਸ਼ਾ ਸੱਚੇ ਤੇ ਸੁੱਚੇ ਅਮਲ ਦੀ ਤਵੱਕੋ ਕੀਤੀ ਹੈ। ਗੁਰੂ ਨੇ ਸਾਨੂੰ ਕਿਸੇ ਵੀ ਕਿਸਮ ਦੀਆਂ ਵੰਡੀਆਂ ਪਾਉਣ ਵਾਲੀ, ਮਾਨਵੀ ਕਦਰਾਂ ਕੀਮਤਾਂ ਨੂੰ ਢਾਹ ਲਾਉਣ ਵਾਲੀ ਨੀਤੀ ਤੇ ਵਿਚਾਰਧਾਰਾ ਖਿਲਾਫ ਡਟ ਕੇ ਖਲੋ ਜਾਣ ਦਾ ਆਦੇਸ਼ ਕੀਤਾ ਹੈ। ਜਬਰ ਦੇ ਖਿਲਾਫ ਡਟਣਾ ਤੇ ਦੱਬੇ-ਕੁਚਲੇ ਮਜ਼ਲੂਮਾਂ ਦੇ ਨਾਲ ਖੜ੍ਹੇ ਹੋਣਾ ਹੀ ਸਿੱਖ ਹੋਣ ਦੀ ਪ੍ਰਮਾਣਿਕਤਾ ਹੈ ਅਤੇ ਅਜਿਹਾ ਬਿਨਾ ਕਿਸੇ ਧਰਮ, ਜਾਤ ਜਾਂ ਜਮਾਤ ਆਧਾਰਤ ਵਿਤਕਰੇ ਦੇ ਕਰਨਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਸਾਰੇ ਮਨੁੱਖਾਂ ਵਿਚ ਉਸ ਇੱਕ ਅਕਾਲ ਪੁਰਖੁ ਦੀ ਜੋਤਿ ਬਿਰਾਜਮਾਨ ਹੈ ਅਤੇ ਇੱਕ ਰੱਬੀ ਜੋਤਿ ਤੋਂ ਪ੍ਰਕਾਸ਼ਿਤ ਹੋਣ ਦੇ ਨਾਤੇ ਸਾਰੇ ਮਨੁੱਖ ਬਰਾਬਰ ਹਨ।

ਭਾਰਤ ਦੇ ਮੌਜੂਦਾ ਹਾਲਾਤ ਦੀ ਚਰਚਾ ਕਰਦਿਆਂ ਕੋਈ ਕਹਿ ਰਿਹਾ ਸੀ ਕਿ ਕੀ ਅਜੋਕੇ ਸਮੇਂ 'ਚ ਵੀ ਦੇਸ਼ ਨੂੰ ਭਗਤੀ ਲਹਿਰ ਜਿਹੀ ਕਿਸੇ ਲਹਿਰ ਦੀ ਲੋੜ ਹੈ? ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸ਼ਬਦ ਗੁਰੂ ਜਾਗਤ ਜੋਤਿ ਵਜੋਂ ਸਰਬ ਸਮਿਆਂ ਵਾਸਤੇ ਸਾਡੀ ਅਗਵਾਈ ਕਰਨ ਲਈ ਮੌਜੂਦ ਹਨ। ਇਹ ਸਾਡੀ ਸਮਰੱਥਾ 'ਤੇ ਨਿਰਭਰ ਹੈ ਕਿ ਅਸੀਂ ਕਿੰਨੀ ਕੁ ਤੇ ਕਿਥੋਂ ਤੱਕ ਅਗਵਾਈ ਲੈਂਦੇ ਹਾਂ। ਮੌਜੂਦਾ ਸੰਦਰਭ 'ਚ ਭਗਤ ਕਬੀਰ ਦੀ ਕੁਝ ਬਾਣੀ ਦੀ ਬਹੁਤ ਹੀ ਸੰਖੇਪ ਜਿਹੀ ਚਰਚਾ ਪੇਸ਼ ਹੈ।

ਭਗਤ ਕਬੀਰ ਦੀ ਬਾਣੀ ਮੌਜੂਦਾ ਹਾਲਾਤ ਦੀ ਤਰਜ਼ਮਾਨੀ ਕਰਦੀ ਜਾਪਦੀ ਹੈ। ਇੱਥੇ ਭਗਤ ਕਬੀਰ ਦੀ ਬਾਣੀ ਦਾ ਮੂਲ ਮੁੱਦਾ ਅਖੌਤੀ ਧਾਰਮਿਕ ਕਟੜਪੰਥੀਆਂ ਨੂੰ ਇਹ ਸਮਝਾਉਣ ਦਾ ਹੈ ਕਿ ਪਰਮਾਤਮਾ ਇੱਕ ਤੇ ਸਿਰਫ ਇੱਕ ਹੈ, ਜੋ ਸਭ ਦਾ ਸਾਂਝਾ ਹੈ। ਭਗਤ ਕਬੀਰ ਉਸ ਵੇਲੇ ਦੀ ਨਫਰਤ ਭਰੀ ਧਾਰਮਿਕ ਕੱਟੜਤਾ 'ਤੇ ਸਵਾਲ ਉਠਾਉਂਦਿਆਂ ਦੱਸਦੇ ਹਨ ਕਿ ਇੱਕ ਪਰਮਾਤਮਾ ਹੀ ਹੈ, ਜੋ ਨਿਰੰਜਨ ਅਤੇ ਨਿਰਮਲ ਹੈ, ਜਿਸ ਦੀ ਨਿਰਮਲਤਾ ਦਾ ਅੰਤ ਨਹੀਂ ਪਾਇਆ ਜਾ ਸਕਦਾ; ਬਾਕੀ ਸਾਰਾ ਸੰਸਾਰ ਮਲੀਨ ਹੈ।

ਹਿੰਦੂ ਧਰਮ ਵਿਚ ਵੱਖ ਵੱਖ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਇਸੇ ਸੰਦਰਭ ਵਿਚ ਭਗਤ ਕਬੀਰ ਬ੍ਰਹਮਾ ਦੀ ਗੱਲ ਕਰਦੇ ਹਨ, ਜਿਸ ਨੂੰ ਹਿੰਦੂ ਸ਼ਾਸਤਰਾਂ ਅਨੁਸਾਰ ਉਤਪਤੀ ਦਾ ਦੇਵਤਾ ਮੰਨਿਆ ਗਿਆ ਹੈ। ਇੰਦਰ, ਜਿਸ ਨੂੰ ਸਭ ਤੋਂ ਪ੍ਰਮੁੱਖ ਦੇਵਤਾ ਮੰਨਿਆ ਗਿਆ ਹੈ, ਇਨ੍ਹਾਂ ਸਭ ਵਿਚ ਕੋਈ ਨਾ ਕੋਈ ਖੋਟ ਹੈ, ਇਹ ਸਭ ਮਲੀਨ ਹਨ। ਦੁਨੀਆਂ ਨੂੰ ਰੌਸ਼ਨ ਕਰਨ ਵਾਲੇ ਸੂਰਜ ਅਤੇ ਚੰਦ ਵੀ ਮੈਲੇ ਹਨ। ਬ੍ਰਹਿਮੰਡਾਂ ਦੇ ਰਾਜੇ, ਦਿਨ ਤੇ ਰਾਤ; ਹੀਰੇ-ਮੋਤੀ, ਜਿਨ੍ਹਾਂ ਨੂੰ ਏਨੇ ਕੀਮਤੀ ਸਮਝਿਆ ਜਾਂਦਾ ਹੈ, ਸਭ ਮੈਲੇ ਹਨ। ਜੋਗੀ, ਜੰਗਮ, ਜਟਾਧਾਰੀ ਸਾਧ ਸਭ ਹੀ ਅਪਵਿੱਤਰ ਹਨ। ਇਹ ਮਨੁੱਖੀ ਸਰੀਰ ਵੀ ਮੈਲਾ ਹੈ ਤੇ ਇਸ ਵਿਚ ਰਹਿੰਦਿਆਂ ਜੀਵ-ਆਤਮਾ ਵੀ ਮੈਲੀ ਹੋ ਗਈ ਹੈ।

ਫਿਰ ਪਵਿੱਤਰ ਕੌਣ ਹੈ? ਇਸ ਦਾ ਉਤਰ ਭਗਤ ਕਬੀਰ ਦਿੰਦੇ ਹਨ ਕਿ ਸਿਰਫ ਉਹ ਵਿਅਕਤੀ ਪਵਿੱਤਰ ਹੈ, ਜਿਸ ਨੇ ਉਸ ਨਿਰਮਲ, ਪਵਿੱਤਰ ਪਰਮਾਤਮਾ ਨਾਲ ਆਪਣੀ ਸਾਂਝ ਬਣਾ ਲਈ ਹੈ, ਭਾਵ ਮਹਿਜ ਦੇਵਤਿਆਂ ਦੀ ਪੂਜਾ ਕਰਨ ਨਾਲ, ਵੱਖ ਵੱਖ ਧਾਰਮਿਕ ਭੇਖ ਧਾਰਨ ਨਾਲ ਕੋਈ ਮਨੁੱਖ ਨਿਰਮਲ ਜਾਂ ਪਵਿੱਤਰ ਨਹੀਂ ਹੋ ਜਾਂਦਾ, ਉਸ ਪਵਿੱਤਰ ਪਰਮਾਤਮਾ ਨਾਲ ਸਾਂਝ ਪਾਉਣ ਨਾਲ ਹੀ ਮਨੁੱਖ ਪਵਿੱਤਰ ਹੁੰਦਾ ਹੈ ਤੇ ਜੋ ਉਸ ਨਾਲ ਸਾਂਝ ਪਾ ਲੈਂਦਾ ਹੈ, ਉਸ ਦੀ ਸਾਂਝ ਸਾਰੀ ਮਾਨਵਤਾ ਨਾਲ ਬਣ ਜਾਂਦੀ ਹੈ। ਉਸ ਲਈ ਸਾਰੀ ਮਨੁੱਖਤਾ ਬਰਾਬਰ ਹੁੰਦੀ ਹੈ; ਧਰਮ ਦੇ ਨਾਂ 'ਤੇ ਕੋਈ ਭੇਦ-ਭਾਵ ਨਹੀਂ ਰਹਿੰਦਾ ਅਤੇ ਅਜਿਹੀ ਰੱਬੀ ਸਾਂਝ ਵਾਲਾ ਮਨੁੱਖ ਰੱਬ ਦੇ ਹੁਕਮ ਦੀ ਉਲੰਘਣਾ ਕਰਨ ਵਾਲਾ ਕੋਈ ਕੰਮ ਨਹੀਂ ਕਰਦਾ।

ਇਸ ਤੋਂ ਅਗਲੇ ਸ਼ਬਦ ਵਿਚ ਭਗਤ ਕਬੀਰ ਮੁੱਲਾਂ ਨੂੰ ਸਮਝਾਉਂਦੇ ਹਨ ਕਿ ਇਹ ਦਸ ਦਰਵਾਜਿਆਂ ਵਾਲਾ ਜੋ ਤੇਰਾ ਮਨੁੱਖੀ ਸਰੀਰ ਹੈ, ਇਹ ਤੇਰੀ ਮਸੀਤ ਹੈ, ਇਸ ਵਿਚ ਟਿਕ ਕੇ ਬਾਂਗ ਦੇਹ ਅਤੇ ਨਮਾਜ਼ ਅਦਾ ਕਰ। ਆਪਣੇ ਮਨ ਨੂੰ ਮੱਕਾ ਬਣਾ ਅਤੇ ਪਰਮਾਤਮਾ ਨੂੰ ਕਿਬਲਾ ਬਣਾ। ਇਸ ਅੰਦਰ ਬਿਰਾਜਮਾਨ ਬੋਲਣਹਾਰ ਜੀਵ-ਆਤਮਾ ਹੀ ਬਾਂਗ ਦੇਣ ਵਾਲਾ ਅਤੇ ਸੁਆਮੀ ਬਣ ਕੇ ਨਮਾਜ਼ ਪੜ੍ਹਨ ਵਾਲਾ ਪਰਮ ਗੁਰੂ ਹੈ। ਆਪਣੇ ਕ੍ਰੋਧੀ ਸੁਭਾਅ, ਭਟਕਣ, ਭਰਮ ਅਤੇ ਕਦੂਰਤ ਨੂੰ ਦੂਰ ਕਰਕੇ ਪੰਜੇ ਵਿਸ਼ੇ-ਵਿਕਾਰਾਂ ਨੂੰ ਆਪਣੇ ਅੰਦਰੋਂ ਖਤਮ ਕਰ ਦੇਵੇਂਗਾ ਤਾਂ ਤੇਰੇ ਅੰਦਰ ਸਹਿਜ ਆ ਜਾਵੇਗਾ, ਮਨ ਸ਼ਾਂਤ ਹੋ ਜਾਵੇਗਾ-ਭਾਵੇਂ ਕੋਈ ਮੁੱਲਾਂ ਹੋਵੇ ਤੇ ਭਾਵੇਂ ਸ਼ੇਖ। ਕੋਈ ਹਿੰਦੂ ਹੈ ਜਾਂ ਮੁਸਲਮਾਨ ਹੈ, ਪਰਮਾਤਮਾ ਸਭ ਦਾ ਇੱਕੋ ਹੈ। ਭਗਤ ਕਬੀਰ ਕਹਿੰਦੇ ਹਨ ਕਿ ਮੈਂ ਦੀਵਾਨਾ ਹੋ ਗਿਆ ਹਾਂ ਅਤੇ ਲੋਕਾਂ ਨੂੰ ਮੇਰੀਆਂ ਗੱਲਾਂ ਦੀਵਾਨਾਪਣ ਲੱਗ ਸਕਦੀਆਂ ਹਨ, ਪਰ ਆਪਣੀ ਅੰਤਰਆਤਮਾ ਨਾਲ ਇਕਸੁਰ ਹੋਣ ਕਰਕੇ ਮੈਂ ਹੌਲੀ ਹੌਲੀ ਸਹਿਜ ਵਿਚ ਆ ਗਿਆ ਹਾਂ, ਮਨ ਦਾ ਟਿਕਾਉ ਪ੍ਰਾਪਤ ਕਰ ਲਿਆ ਹੈ।

ਭਗਤ ਕਬੀਰ ਹੋਰ ਕਹਿੰਦੇ ਹਨ ਕਿ ਲੋਕ ਮੱਥੇ 'ਤੇ ਤਿਲਕ ਲਾ ਕੇ ਹੱਥ ਵਿਚ ਮਾਲਾ ਫੜ ਲੈਂਦੇ ਹਨ ਅਤੇ ਧਾਰਮਿਕ ਵੇਸ ਬਣਾ ਕੇ ਸਮਝਦੇ ਹਨ ਕਿ ਉਹ ਰੱਬ ਦੇ ਭਗਤ ਬਣ ਗਏ ਹਨ (ਇਹੀ ਸਭ ਕੁਝ ਅੱਜ ਕੱਲ ਹੋ ਰਿਹਾ ਹੈ)। ਰੱਬ ਨੂੰ ਖਿਡਾਉਣਾ ਸਮਝ ਕੇ ਉਸ ਨੂੰ ਪਰਚਾਇਆ ਜਾ ਸਕਦਾ ਹੈ। ਭਗਤ ਕਬੀਰ ਕਹਿੰਦੇ ਕਿ ਨਾ ਹੀ ਮੈਂ ਕਿਸੇ ਦੇਵਤੇ ਦੀ ਪੂਜਾ ਕਰਨ ਲਈ ਫੁੱਲ-ਪੱਤੇ ਤੋੜਦਾ ਹਾਂ ਤੇ ਨਾ ਹੀ ਕਿਸੇ ਦੇਵਤੇ ਦੀ ਪੂਜਾ ਕਰਦਾ ਹਾਂ, ਕਿਉਂਕਿ ਮੈਨੂੰ ਅਹਿਸਾਸ ਹੈ ਕਿ ਉਸ ਪਰਮਾਤਮਾ ਦੀ ਬੰਦਗੀ ਤੋਂ ਬਿਨਾ ਕਿਸੇ ਦੇਵੀ-ਦੇਵਤੇ ਦੀ ਪੂਜਾ ਕਰਨਾ ਬੇਕਾਰ ਹੈ। ਭਗਤ ਕਬੀਰ ਸਿਰਫ ਇੱਕ ਪਰਮਾਤਮਾ ਦੀ ਬੰਦਗੀ ਕਰਦੇ ਅਤੇ ਉਸ ਅੱਗੇ ਨਤਮਸਤਕ ਹੁੰਦੇ ਹਨ, ਆਪਣੇ ਅਮਲਾਂ ਰਾਹੀਂ ਉਸੇ ਇੱਕ ਦੀ ਸੇਵਾ ਕਰਦੇ ਤੇ ਉਸ ਨੂੰ ਖੁਸ਼ ਰੱਖਦੇ ਹਨ। ਇਸ ਸੇਵਾ ਦੀ ਬਰਕਤ ਨਾਲ ਪ੍ਰਭੂ ਨਾਲ ਸੁਰਤਿ ਜੁੜਦੀ ਹੈ ਅਤੇ ਉਸ ਦੀ ਹਜ਼ੂਰੀ ਦਾ ਸੁੱਖ ਪ੍ਰਾਪਤ ਹੁੰਦਾ ਹੈ।

ਕਸ਼ਮੀਰ ਦੇ ਮੌਜੂਦਾ ਹਾਲਾਤ ਦੀ ਇੱਕੋ ਇੱਕ ਵਜ੍ਹਾ ਕਸ਼ਮੀਰੀ ਲੋਕਾਂ ਨੂੰ ਭਾਜਪਾ ਹਕੂਮਤ ਵੱਲੋਂ ਇਹ ਅਹਿਸਾਸ ਕਰਵਾਉਣਾ ਹੈ ਕਿ ਸਰਕਾਰ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ; ਕਿਉਂਕਿ ਕਸ਼ਮੀਰ ਦੀ ਬਹੁਤੀ ਵੱਸੋਂ ਮੁਸਲਿਮ ਬਹੁਗਿਣਤੀ ਵਾਲੀ ਹੈ। ਨਾਗਰਿਕਤਾ ਸੋਧ ਬਿਲ ਅਤੇ ਕੌਮੀ ਨਾਗਰਿਕਤਾ ਰਜਿਸਟਰੇਸ਼ਨ ਕਾਨੂੰਨ ਲਿਆਉਣ ਦਾ ਮਕਸਦ ਵੀ ਮੁਸਲਿਮ ਭਾਈਚਾਰੇ ਨੂੰ ਮੁਲਕੋਂ ਬਾਹਰ ਧੱਕਣਾ ਜਾਂ ਕੈਂਪਾਂ ਵਿਚ ਡੱਕਣਾ ਹੈ। ਜਿਨ੍ਹਾਂ ਪਾਰਟੀਆਂ ਨਾਲ ਭਾਜਪਾ ਦੀ ਭਾਈਵਾਲੀ ਹੈ, ਉਨ੍ਹਾਂ ਦੇ ਨੇਤਾਵਾਂ ਨੇ ਵੀ ਇਸ ਨਵੇਂ ਨਾਗਰਿਕਤਾ ਸੋਧ ਬਿਲ, ਨੈਸ਼ਨਲ ਰਜਿਸਟਰੇਸ਼ਨ ਸਿਟੀਜ਼ਨਸ਼ਿਪ ਨੂੰ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਹੈ। ਜੇ. ਡੀ. ਯੂ. ਦੇ ਸੀਨੀਅਰ ਨੇਤਾ ਪਵਨ ਕੁਮਾਰ ਵਰਮਾ ਸੋਸ਼ਲ ਮੀਡੀਆ 'ਤੇ ਇੱਕ ਇੰਟਰਵਿਊ ਵਿਚ ਕਹਿ ਰਹੇ ਸਨ ਕਿ ਭਾਜਪਾ ਜਿਸ ਕਿਸਮ ਦੇ ਮੁੱਦੇ ਲਿਆ ਰਹੀ ਹੈ, ਉਹ ਲੋਕਾਂ ਵਿਚ ਡਰ ਪੈਦਾ ਕਰਨ ਵਾਲੇ ਹਨ, ਇਹ ਬਿਲਕੁਲ ਤਾਨਾਸ਼ਾਹੀ ਹੈ। ਜੇ ਕੋਈ ਵਿਰੋਧ ਕਰਦਾ ਹੈ ਤਾਂ ਉਸ ਨੂੰ ਦੇਸ਼-ਧਰੋਹੀ ਕਹਿ ਦਿੱਤਾ ਜਾਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਪਾਕਿਸਤਾਨ ਚਲਾ ਜਾਹ। ਇਹ ਬਿਲਕੁਲ ਗੈਰਜਮੂਹਰੀ ਪਾਰਟੀ ਹੈ, ਜੋ ਨੀਤੀਆਂ ਦਾ ਕੇਂਦਰੀਕਰਣ ਕਰ ਰਹੀ ਹੈ। ਇਸ 'ਚ ਹੰਕਾਰ ਹੈ ਤੇ ਸੱਚਾਈ 'ਤੇ ਆਪਣਾ ਏਕਾਅਧਿਕਾਰ ਸਮਝਣਾ ਹੈ, ਬਿਲਕੁਲ ਸਹਿਣਯੋਗ ਨਹੀਂ ਹੈ। ਆਪਣੀ ਤਾਨਾਸ਼ਾਹੀ ਨਾਲ ਲੋਕਾਂ 'ਚ ਵੰਡੀਆਂ ਪਾ ਰਹੀ ਹੈ। ਇਹ ਰਵੱਈਆ ਲੋਕਤੰਤਰ ਲਈ ਵੱਡਾ ਖਤਰਾ ਹੈ।

ਹੁਣ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲ ਆਈਏ, ਜਿਸ ਦੀ ਭਾਜਪਾ ਨਾਲ ਸਾਂਝ-ਭਿਆਲੀ ਹੈ। ਇਸ ਦੇ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰਾਂ ਨੇ ਹਰ ਪੱਧਰ 'ਤੇ ਭਾਜਪਾ ਦੀ ਫਿਰਕੂ ਰਾਜਨੀਤੀ ਦੀ ਹਰ ਤਰ੍ਹਾਂ ਨਾਲ ਹਮਾਇਤ ਕੀਤੀ ਹੈ। ਨਾਗਰਿਕਤਾ ਸੋਧ ਬਿਲ ਦੇ ਹੱਕ ਵਿਚ ਵੋਟਾਂ ਪਾਈਆਂ ਹਨ। ਇੱਕ ਪਾਸੇ ਅਕਾਲੀ ਦਲ (ਬਾਦਲ) ਆਪਣੇ ਆਪ ਨੂੰ ਹਰ ਪੱਖੋਂ ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਕਰਦਾ ਹੈ ਅਤੇ ਦੂਜੇ ਪਾਸੇ ਇਹ ਭੁੱਲ ਜਾਂਦਾ ਹੈ ਕਿ ਭਾਜਪਾ ਦੀ ਹਕੂਮਤ ਤੋਂ ਪਹਿਲਾਂ ਸਕੂਲਾਂ ਦੀਆਂ ਕਿਤਾਬਾਂ ਦੇ ਕੋਰਸਾਂ ਵਿਚ ਸਿੱਖ ਇਤਿਹਾਸ ਨਾਲ ਕਦੇ ਛੇੜ-ਛਾੜ ਨਹੀਂ ਸੀ ਹੋਈ, ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿਚ ਬੱਚਿਆਂ ਨੂੰ ਹਿੰਦੀ ਬੋਲਣ ਲਈ ਮਜ਼ਬੂਰ ਨਹੀਂ ਸੀ ਕੀਤਾ ਜਾਂਦਾ ਅਤੇ ਨਾ ਹੀ ਕਿਸੇ ਬੱਚੇ ਨੂੰ ਮਜ਼ਬੂਰ ਕੀਤਾ ਜਾਂਦਾ ਸੀ ਕਿ ਉਹ ਕੱਕਾਰ ਪਾ ਕੇ ਸਕੂਲ ਨਹੀਂ ਆ ਸਕਦਾ। ਜੇ ਭਾਰਤ ਦੇ ਸਭ ਤੋਂ ਵੱਡੀ ਘੱਟ-ਗਿਣਤੀ ਭਾਈਚਾਰੇ ਮੁਸਲਮਾਨਾਂ 'ਤੇ ਫਿਰਕੂ ਹਮਲਾ ਕੀਤਾ ਜਾ ਸਕਦਾ ਹੈ ਤਾਂ ਕੱਲ੍ਹ ਨੂੰ ਸਿੱਖ ਭਾਈਚਾਰੇ ਪ੍ਰਤੀ ਕੀ ਗਾਰੰਟੀ ਹੈ?

ਸਿੱਖ ਧਰਮ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਵਖਰੇਵਿਆਂ ਤੋਂ ਉਤੇ ਉਠ ਕੇ ਦੁਖੀਆਂ ਅਤੇ ਦੱਬੇ-ਕੁਚਲੇ ਲੋਕਾਂ ਨਾਲ ਖੜ੍ਹਦਾ ਆਇਆ ਹੈ, "ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਪੰਨਾ 15)" ਗੁਰੂ ਅਰਜਨ ਦੇਵ ਨੇ ਸਪੱਸ਼ਟ ਕਿਹਾ ਹੈ ਕਿ ਨਾ ਉਹ ਹਿੰਦੂ ਹਨ ਤੇ ਨਾ ਮੁਸਲਮਾਨ। ਨਾ ਵਰਤ ਰੱਖਦੇ ਹਨ ਤੇ ਨਾ ਰੋਜ਼ੇ; ਨਾ ਹੱਜ 'ਤੇ ਜਾਂਦੇ ਹਨ ਅਤੇ ਨਾ ਹੀ ਤੀਰਥ ਸਥਾਨਾਂ 'ਤੇ; ਨਾ ਨਮਾਜ਼ ਪੜ੍ਹਦੇ ਹਨ ਤੇ ਨਾ ਪੂਜਾ ਕਰਦੇ ਹਨ; ਉਨ੍ਹਾਂ ਤਾਂ ਇੱਕ ਨਿਰੰਕਾਰ ਨੂੰ ਹਿਰਦੇ 'ਚ ਵਸਾਇਆ ਹੈ, ਜੋ ਸਭ ਦਾ ਸਿਰਜਣਹਾਰ ਹੈ। ਸਾਡਾ ਇਹ ਸਰੀਰ, ਇਹ ਜਿੰਦ ਜਾਨ, ਉਸ ਇੱਕ ਹਸਤੀ ਦੀ ਬਖਸ਼ਿਸ਼ ਹੈ, ਜਿਸ ਨੂੰ ਹਿੰਦੂ 'ਰਾਮ' ਤੇ ਮੁਸਲਮਾਨ 'ਅੱਲਾ' ਕਹਿੰਦੇ ਹਨ।

ਇਸ ਵਿਰੋਧ ਦਾ ਸਭ ਤੋਂ ਵੱਡਾ ਹਾਸਿਲ ਇਹ ਹੈ ਕਿ ਵਿਦਿਆਰਥੀ ਅਤੇ ਲੋਕ ਜਾਗ ਪਏ ਹਨ ਤੇ ਹਿੰਦੂ-ਮੁਸਲਮਾਨ ਜਾਂ ਕਿਸੇ ਵੀ ਭਾਈਚਾਰਕ ਵਖਰੇਵੇਂ ਤੋਂ ਉਪਰ ਉਠ ਕੇ ਇਕਮੁੱਠ ਹੋ ਕੇ ਵਿਰੋਧ ਕਰ ਰਹੇ ਹਨ। ਕਿੰਨੀ ਸ਼ਰਮ ਦੀ ਗੱਲ ਹੈ, ਜਦੋਂ ਮੁਲਕ ਦਾ ਪ੍ਰਧਾਨ ਮੰਤਰੀ ਲੋਕਾਂ ਦੇ ਕੱਪੜਿਆਂ ਤੋਂ ਧਰਨਾਕਾਰੀਆਂ ਦੀ ਪਛਾਣ ਕਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਇਹ ਭਾਈਚਾਰਾ ਇਸ ਮੁਲਕ ਦੇ ਮੂਲ ਵਾਸੀਆਂ ਵਿਚੋਂ ਹੈ ਤੇ ਕਿਸੇ ਅਰਬੀ ਮੁਲਕ ਤੋਂ ਨਹੀਂ ਆਇਆ ਅਤੇ ਇਨ੍ਹਾਂ ਤੇ ਇਨ੍ਹਾਂ ਦੇ ਪੁਰਖਿਆਂ ਨੇ ਪਾਕਿਸਤਾਨ ਦੀ ਥਾਂ ਹਿੰਦੁਸਤਾਨ ਵਿਚ ਰਹਿਣ ਨੂੰ ਤਰਜੀਹ ਦਿੱਤੀ; ਜੋ ਹਿੰਦੂ ਜਾਂ ਸਿੱਖ ਪਾਕਿਸਤਾਨ, ਅਫਗਾਨਿਸਤਾਨ ਜਾਂ ਬੰਗਲਾ ਦੇਸ਼ ਤੋਂ ਆਏ ਹਨ ਜਾਂ ਆਉਣਗੇ, ਉਨ੍ਹਾਂ ਨੇ ਜਾਂ ਉਨ੍ਹਾਂ ਦੇ ਪੁਰਖਿਆਂ ਨੇ ਉਨ੍ਹਾਂ ਮੁਲਕਾਂ ਦੀ ਚੋਣ ਕੀਤੀ ਸੀ। ਇੱਕ ਧਰਮ ਨਿਰਪੱਖ ਮੁਲਕ ਹੋਣ ਦੇ ਨਾਤੇ ਇਥੇ ਸ਼ਰਨ ਲੈਣ ਵਾਲੇ ਲੋਕਾਂ ਦੀ ਚੋਣ ਧਰਮ ਦੇ ਆਧਾਰ 'ਤੇ ਕਰਨੀ ਗੈਰ-ਸੰਵਿਧਾਨਕ ਹੈ। ਇਸ ਤੋਂ ਇਲਾਵਾ ਜੋ ਮੁਲਕ ਸ਼ਰਨਾਰਥੀਆਂ ਨੂੰ ਸ਼ਰਨ ਦਿੰਦੇ ਹਨ, ਉਹ ਯੋਜਨਾ ਬਣਾਉਂਦੇ ਹਨ ਕਿ ਉਨ੍ਹਾਂ ਨੇ ਕਿੰਨੇ ਲੋਕਾਂ ਨੂੰ ਸ਼ਰਨ ਦੇਣੀ ਹੈ ਅਤੇ ਉਨ੍ਹਾਂ ਦਾ ਵਸੇਬਾ ਕਿੱਥੇ ਕਰਨਾ ਹੈ। ਰੋਹੰਗਿਆ ਮੁਸਲਮਾਨਾਂ ਨੂੰ ਮਿਆਂਮਾਰ ਦੀ ਬੋਧੀ ਸਰਕਾਰ ਨੇ ਕੱਢਿਆ ਤੇ ਉਨ੍ਹਾਂ ਦੀ ਬਾਂਹ ਫਿਰ ਕਿਉਂ ਨਹੀਂ ਫੜੀ ਜਾ ਸਕਦੀ? ਤਾਮਿਲ ਹਿੰਦੂਆਂ ਦਾ ਜੋ ਹਾਲ ਸ੍ਰੀ ਲੰਕਾ ਵਿਚ ਹੋਇਆ, ਉਸ ਬਾਰੇ ਕੀ ਖਿਆਲ ਹੈ? ਸ਼ਰਨ ਦੁਖੀਆਂ ਦਾ ਆਸਰਾ ਬਣਨ ਲਈ ਦਿੱਤੀ ਜਾਂਦੀ ਹੈ, ਨਾ ਕਿ ਧਰਮ ਦੇ ਆਧਾਰ 'ਤੇ?

ਲੋੜ ਇਸ ਵੇਲੇ ਲੋਕਾਂ ਲਈ ਵਿੱਦਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਪੈਦਾ ਕਰਨ ਦੀ ਹੈ; ਔਰਤਾਂ ਅਤੇ ਘੱਟ ਗਿਣਤੀਆਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਨ ਦੀ ਹੈ; ਕਿਸਾਨਾਂ ਦੀ ਹਾਲਤ ਸੁਧਾਰਨ ਦੀ ਹੈ ਤਾਂਕਿ ਉਸ ਨੂੰ ਖੁਦਕੁਸ਼ੀਆਂ ਤੋਂ ਰੋਕਿਆ ਜਾ ਸਕੇ, ਨਾ ਕਿ ਧਰਮ ਅਤੇ ਜਾਤ ਦੇ ਆਧਾਰ 'ਤੇ ਵੰਡੀਆਂ ਪਾ ਕੇ ਦਲਿਤਾਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਖੌਫਜ਼ਦਾ ਕਰਨ ਤੇ ਆਪਸੀ ਨਫਰਤ ਫੈਲਾਉਣ ਦੀ।

ਭਗਤੀ ਲਹਿਰ ਦੀ ਗੱਲ ਕਰਦਿਆਂ ਇਥੇ ਭਗਤ ਧੰਨਾ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਜੋ ਮਨੁੱਖ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਰੱਬ ਅੱਗੇ ਅਰਦਾਸ ਕਰਦੇ ਹਨ ਕਿ ਹੇ ਦੁਨੀਆਂ ਦੇ ਮਾਲਕ! ਜੋ ਤੇਰੀ ਸੇਵਾ ਅਤੇ ਸਿਮਰਨ ਕਰਦੇ ਹਨ, ਤੂੰ ਉਨ੍ਹਾਂ ਦੇ ਕਾਰਜ ਸਵਾਰਦਾ ਹੈਂ। ਮੈਂ ਤਾਂ ਤੇਰੇ ਕੋਲੋਂ ਜੀਵਨ ਦੀਆਂ ਆਮ ਲੋੜਾਂ ਦੀ ਪੂਰਤੀ ਲਈ ਦਾਲ, ਰੋਟੀ, ਅਨਾਜ, ਘਿਉ ਅਰਥਾਤ ਰਸੋਈ ਵਿਚ ਕੰਮ ਆਉਣ ਵਾਲੀਆਂ ਚੀਜ਼ਾਂ ਦੀ ਮੰਗ ਕਰਦਾ ਹਾਂ। ਜੁੱਤੀ, ਕੱਪੜੇ ਚੰਗੇ ਹੋਣ ਅਤੇ ਗਊ-ਮੱਝ ਦੁੱਧ ਦੇਣ ਵਾਲੀ ਲਵੇਰੀ ਹੋਵੇ ਅਤੇ ਸਵਾਰੀ ਕਰਨ ਲਈ ਅਰਬੀ ਘੋੜੀ ਹੋਵੇ। ਘਰ ਦੀ ਔਰਤ ਚੰਗੀ ਹੋਵੇ ਅਤੇ ਧੰਨਾ ਏਨੀ ਕੁ ਪ੍ਰਾਪਤੀ ਨਾਲ ਘਰ ਵਿਚ, ਆਪਣੇ ਪਰਿਵਾਰ ਵਿਚ ਖੁਸ਼ ਰਹੇ।

ਇਹ ਮਨੁੱਖ ਦੀਆਂ ਆਮ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਲਈ ਰੁਜ਼ਗਾਰ ਮੁਹੱਈਆ ਕਰਨਾ, ਸਿਹਤ ਤੇ ਵਿੱਦਿਆ ਦੀਆਂ ਸਹੂਲਤਾਂ ਦੇਣੀਆਂ, ਸੁਰੱਖਿਆ ਦੇਣੀ ਅਤੇ ਮੌਲਿਕ ਹੱਕਾਂ ਦੀ ਸੁਰੱਖਿਆ ਕਰਨੀ ਸਰਕਾਰਾਂ ਦਾ ਫਰਜ਼ ਹੁੰਦਾ ਹੈ; ਜੇ ਉਹ ਇਹ ਨਹੀਂ ਕਰ ਸਕਦੀਆਂ ਤਾਂ ਉਨ੍ਹਾਂ ਨੂੰ ਤਾਕਤ ਵਿਚ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੁੰਦਾ। ਜਦੋਂ ਲੋਕ ਸਰਕਾਰਾਂ ਦੀਆਂ ਖਾਮੀਆਂ ਉਜਾਗਰ ਕਰਦੇ ਹਨ ਤਾਂ ਇਸ ਦਾ ਭਾਵ ਸਰਕਾਰ ਦੀ ਨੁਕਤਚੀਨੀ ਹੁੰਦਾ ਹੈ; ਸਰਕਾਰ ਦਾ ਵਿਰੋਧ ਦੇਸ਼ ਦਾ ਵਿਰੋਧ ਜਾਂ ਦੇਸ਼-ਧ੍ਰੋਹ ਨਹੀਂ ਹੁੰਦਾ। ਗੋਦੀ ਮੀਡੀਆ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਲੋਕ ਜਾਗ ਰਹੇ ਹਨ ਅਤੇ ਦੁਨੀਆਂ ਭਰ ਦੀ ਇਸ ਉਤੇ ਅੱਖ ਹੈ। ਆਮੀਨ!

# ਸਾਥੀ ਲੁਧਿਆਣਵੀ

## ਸ਼ਰਧਾਂਜਲੀ

ਡਾ. ਮੋਹਨ ਸਿੰਘ ਸਾਥੀ, ਜਿਨ੍ਹਾਂ ਨੂੰ ਸਾਰੇ ਸਾਥੀ ਲੁਧਿਆਣਵੀ ਕਰ ਕੇ ਜਾਣਦੇ ਹਨ, ਆਪਣੀ ਕਰੀਬ 78 ਸਾਲ ਦੀ ਉਮਰ ਭੋਗ ਕੇ 17 ਜਨਵਰੀ 2019 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਲੁਧਿਆਣੇ ਦੇ ਇਕ ਛੋਟੇ ਜਿਹੇ ਪਿੰਡ ਝਿੱਕਾ ਲਧਾਣਾ ਵਿਚ ਜਨਮੇ ਸਾਥੀ ਬਾਰੇ ਤਦ ਕਿਸੇ ਨੇ ਇਹ ਨਹੀਂ ਸੋਚਿਆ ਹੋਣਾ ਕਿ ਕਿਸੇ ਦਿਨ ਉਹ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਆਪਣੀ ਅਮਿੱਟ ਛਾਪ ਛੱਡ ਜਾਣਗੇ। ਹਾਈ ਸਕੂਲ ਦੇ ਦਿਨਾਂ ਵਿਚ ਉਹ ਆਪਣੇ ਪਰਿਵਾਰ ਸਮੇਤ ਲੁਧਿਆਣੇ ਆ ਗਏ, ਜਿਥੇ ਉਨ੍ਹਾਂ ਨੇ ਗਿਆਨੀ ਪਾਸ ਕਰਨ ਪਿਛੋਂ ਬੀ. ਏ. ਕੀਤੀ। ਸੰਨ 1962 ਵਿਚ ਉਹ ਬਰਤਾਨੀਆ ਆ ਗਏ ਤੇ ਅਕਾਊਂਟੈਂਸੀ ਵਿਚ ਡਿਪਲੋਮਾ ਕੀਤਾ।

ਸਾਥੀ ਲੁਧਿਆਣਵੀ ਹੱਦ ਦਰਜੇ ਦੇ ਮਿਹਨਤੀ ਤੇ ਸਿਰੜੀ ਇਨਸਾਨ ਸਨ। ਰੋਜ਼ੀ-ਰੋਟੀ ਲਈ ਉਨ੍ਹਾਂ ਵੱਖ ਵੱਖ ਕਿੱਤੇ ਅਪਨਾਏ। ਉਹ ਕੁਝ ਸਮਾਂ ਅਧਿਆਪਕ ਵੀ ਰਹੇ। ਉਪਰੰਤ



ਜੇ. ਬੀ. ਸਿੰਘ ਕੈਂਟ, ਵਾਸ਼ਿੰਗਟਨ
ਫੋਨ: 235-508-9805

ਬ੍ਰਿਟਿਸ਼ ਏਅਰ ਲਾਈਨ ਵਿਚ ਨੌਕਰੀ ਕੀਤੀ। ਕੁਝ ਸਾਲ ਪੋਸਟਲ ਐਂਡ ਟੈਲੀਗਰਾਮ ਵਿਭਾਗ ਵਿਚ ਅਫਸਰ ਵੀ ਰਹੇ। ਉਹ ਇਕ ਸਫਲ ਬਿਜਨਸਮੈਨ ਵੀ ਸਨ। ਨੌਕਰੀ ਤੋਂ ਇਲਾਵਾ ਉਨ੍ਹਾਂ ਸਟੇਸ਼ਨਰੀ ਤੇ ਕਿਤਾਬਾਂ ਵੇਚਣ ਅਤੇ ਸਪੋਰਟਸ ਦਾ ਸਮਾਨ ਵੇਚਣ ਦਾ ਕੰਮ ਵੱਡੀ ਪੱਧਰ 'ਤੇ ਕੀਤਾ।

ਸਾਥੀ ਜੀ ਇਕ ਬਹੁਪੱਖੀ ਸ਼ਖਸੀਅਤ ਸਨ। ਉਨ੍ਹਾਂ ਦਾ ਰਹਿਣ ਸਹਿਣ ਬਾਦਸ਼ਾਹਾਂ ਜਿਹਾ ਸੀ। ਵਧੀਆ ਪਰ ਸਲੀਕੇ ਦੇ ਕੱਪੜੇ ਪਹਿਨਣਾ, ਨਵੇਂ ਨਵੇਂ ਕੋਟ-ਪੈਂਟ ਤੇ ਨਾਲ ਮੈਚ ਕਰਦੀ ਟਾਈ ਅਤੇ ਚਮਕਦੀ ਵਧੀਆ ਜੁੱਤੀ ਪਾ ਕੇ ਬਣ ਠਣ ਕੇ ਮਹਿਫਿਲਾਂ, ਮੀਟਿੰਗਾਂ ਤੇ ਪਾਰਟੀਆਂ ਵਿਚ ਜਾਣਾ ਸੀ। ਉਨ੍ਹਾਂ ਨੇ ਜ਼ਿੰਦਗੀ ਵਿਚ ਦੋ ਹੀ ਜੀਵਨ ਸਾਥੀ ਚੁਣੇ, ਇਕ ਆਪਣੀ ਧਰਮ ਪਤਨੀ ਯਸ਼, ਜਿਨ੍ਹਾਂ ਨਾਲ ਉਨ੍ਹਾਂ ਦੀ 1965 ਵਿਚ ਸ਼ਾਦੀ ਹੋਈ ਸੀ ਤੇ ਦੂਜਾ, ਕਿਤਾਬਾਂ, ਮੈਗਜ਼ੀਨ ਤੇ ਅਖਬਾਰਾਂ, ਜਿਨ੍ਹਾਂ ਨਾਲ ਉਹ ਘੰਟਿਆਂ ਬੱਧੀ ਜੁੜੇ ਰਹਿੰਦੇ। ਜੀਵਨ ਵਿਚ ਗੰਭੀਰਤਾ ਤੇ ਸੰਜੀਦਗੀ ਦੇ ਹੁੰਦਿਆਂ ਵੀ ਉਹ ਹੱਸਮੁਖ ਤੇ ਜ਼ਿੰਦਾ ਦਿਲ ਇਨਸਾਨ ਸਨ। ਉਨ੍ਹਾਂ ਦੇ ਮਿੱਤਰ ਉਨ੍ਹਾਂ ਦੀ ਦਰਿਆ ਦਿਲੀ 'ਤੇ ਫਖਰ ਕਰਦੇ ਸਨ। ਕਿਸੇ ਨੂੰ ਪਲ ਵਿਚ ਆਪਣਾ ਬਣਾ ਲੈਣ ਦੀ ਉਨ੍ਹਾਂ ਵਿਚ ਵਿਸ਼ੇਸ਼ ਕਲਾ ਸੀ। ਉਹ ਸਾਰੇ ਸਾਹਿਤਕਾਰਾਂ ਨੂੰ ਆਪਣਾ ਇਕ ਵੱਡਾ ਪਰਿਵਾਰ ਮੰਨਦੇ ਸਨ ਤੇ ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਵਿਚ ਕੋਈ ਕਸਰ ਨਹੀਂ ਸਨ ਛੱਡਦੇ।



*ਸਾਥੀ ਲੁਧਿਆਣਵੀ*

ਅਜਿਹੇ ਘਰ ਦੀ ਸਦੀਵੀ ਹੋਂਦ ਨੂੰ ਕਾਇਮ ਰੱਖਣ ਲਈ ਉਹ ਹਮੇਸ਼ਾ ਰੱਬ ਤੋਂ ਦੁਆ ਮੰਗਦੇ ਸਨ,

ਇਹ ਵਸਦਾ ਹੋਇਆ ਘਰ ਸਲਾਮਤ ਰਹੇ।
ਇਸ ਦੀ ਛੱਤ ਤੇ ਸੱਜਰ ਸਲਾਮਤ ਰਹੇ।
ਘਰ ਤਾਂ ਇਮਾਰਤ ਹੈ, ਹਮਸਾਇਆਂ ਬਿਨਾ
ਇਸ ਘਰ ਦਾ, ਹਰ ਬਸ਼ਰ ਸਲਾਮਤ ਰਹੇ।

ਉਨ੍ਹਾਂ ਦੇ ਸਾਹਿਤਕ ਸਫਰ ਦੀ ਸ਼ੁਰੂਆਤ 'ਪ੍ਰੀਤ ਲੜੀ' ਵਿਚ ਛਪੇ ਲੇਖਾਂ ਨਾਲ ਹੋਈ। ਪਿਛੋਂ ਇਹੀ ਲੇਖ 'ਸਮੁੰਦਰੋਂ ਪਾਰ' ਸਿਰਲੇਖ ਹੇਠ 23-24 ਸਾਲ ਤੱਕ ਛਪਦੇ ਰਹੇ। ਫਿਰ ਇਹ ਕਾਲਮ 'ਪੰਜਾਬੀ ਟ੍ਰਿਬਿਊਨ' ਵਿਚ 6 ਸਾਲ ਛਪਦਾ ਰਿਹਾ।

ਸਾਥੀ ਜੀ ਬਹੁ-ਭਾਸ਼ਾਈ ਸ਼ਖਸੀਅਤ ਸਨ। ਪੰਜਾਬੀ ਤੋਂ ਬਿਨਾ ਹੋਰ ਭਾਸ਼ਾਵਾਂ ਬਾਰੇ ਡੂੰਘੀ ਜਾਣਕਾਰੀ ਰੱਖਣ ਦੀ ਉਨ੍ਹਾਂ ਨੂੰ ਡਾਢੀ ਭੁੱਖ ਸੀ। ਇੰਗਲੈਂਡ ਦੇ ਸਿਆਸੀ ਮਾਹੌਲ ਬਾਰੇ ਉਹ 'ਇਨ ਸਟੈਪਸ ਵਿੱਦ ਟਾਈਮ' ਦੇ ਸਿਰਲੇਖ ਹੇਠ ਲਗਾਤਾਰ ਅੰਗਰੇਜ਼ੀ ਕਾਲਮ ਲਿਖਦੇ ਰਹੇ, ਜਿਸ ਵਿਚ ਉਹ ਪੰਜਾਬੀਆਂ ਦੇ ਮਸਲੇ ਬਾਖੂਬੀ ਉਭਾਰਦੇ। ਉਹ ਟੀ. ਵੀ. ਦੇ ਹਰ ਚੈਨਲ 'ਤੇ ਆ ਰਹੇ ਵਿਸ਼ਿਆਂ ਨੂੰ ਗੌਰ ਨਾਲ ਵਿਚਾਰਦੇ ਅਤੇ ਆਪਣੇ ਪਾਠਕਾਂ ਤੇ ਸਰੋਤਿਆਂ ਤਾਈਂ ਪਹੁੰਚਾਉਂਦੇ।

ਬ੍ਰਿਟੇਨ ਅਤੇ ਯੂਰਪ ਦੇ ਇਤਿਹਾਸ ਵਿਚ ਸਾਥੀ ਜੀ ਪਹਿਲੇ ਇਨਸਾਨ ਸਨ, ਜਿਨ੍ਹਾਂ ਰੇਡੀਓ ਉਤੇ ਪੰਜਾਬੀ ਵਿਚ ਖਬਰਾਂ ਲਿਖਣੀਆਂ ਤੇ ਪੜ੍ਹਨੀਆਂ ਸ਼ੁਰੂ ਕੀਤੀਆਂ। ਭਾਰਤੀ ਅਤੇ ਪਾਕਿਸਤਾਨੀ ਸਰੋਤਿਆਂ ਵਿਚ ਉਨ੍ਹਾਂ ਨੇ ਵਿਚਾਰ-ਵਟਾਂਦਰੇ ਦਾ ਇੱਕ ਪ੍ਰੋਗਰਾਮ ਵੀ ਸ਼ੁਰੂ ਕੀਤਾ ਤੇ ਸਰੋਤਿਆਂ ਨਾਲ ਉਸਾਰੂ ਬਹਿਸ ਕਰ ਕੇ ਆਪਣੇ ਨਾਲ ਜੋੜਿਆ।

ਉਨ੍ਹਾਂ ਨੇ 'ਸਨਰਾਈਜ਼ ਰੇਡੀਓ' ਲਈ ਵੀ ਕਈ ਸਾਲ ਲਗਾਤਾਰ ਕੰਮ ਕੀਤਾ। ਇਸੇ ਰੇਡੀਓ 'ਤੇ ਸਾਥੀ ਨੇ ਪੰਜਾਬੀ ਦੇ ਨਾਮੀ ਲੇਖਕਾਂ, ਕਵੀਆਂ, ਬੁੱਧੀਜੀਵੀਆਂ ਤੇ ਹੋਰ ਅਨੇਕਾਂ ਸ਼ਖਸੀਅਤਾਂ ਦੇ ਇੰਟਰਵਿਊ ਕੀਤੇ। ਉਨ੍ਹਾਂ ਦੇ 'ਫੇਸਬੁਕ ਪ੍ਰੋਫਾਈਲ' ਵਿਚ ਸ਼ਿਵ ਕੁਮਾਰ ਬਟਾਲਵੀ, ਦੀਦਾਰ ਸਿੰਘ ਪ੍ਰਦੇਸੀ, ਚਿੱਤਰਕਾਰ ਸੋਭਾ ਸਿੰਘ ਤੇ ਹੋਰ ਕਈ ਬਹੁਤ ਮਹਾਨ ਸ਼ਖਸੀਅਤਾਂ ਸ਼ਾਮਲ ਹਨ।

ਨਿਬੰਧ, ਕਵਿਤਾ ਤੇ ਵਾਰਤਕ, ਲਿਖਣ ਵਿਚ ਉਨ੍ਹਾਂ ਨੂੰ ਮੁਹਾਰਤ ਸੀ। ਉਨ੍ਹਾਂ ਦੀ ਵਿਸ਼ੇਸ਼ ਖੂਬੀ ਇਹ ਵੀ ਸੀ ਕਿ ਉਹ ਸਿੱਧ ਪੱਧਰੀ ਜ਼ਬਾਨ ਵਿਚ ਵੱਡੀ ਤੋਂ ਵੱਡੀ ਗੱਲ ਕਹਿ ਜਾਂਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ 18 ਪੁਸਤਕਾਂ ਲਿਖੀਆਂ। ਉਨ੍ਹਾਂ ਦੀਆਂ ਕਿਤਾਬਾਂ 'ਚੋਂ 'ਸਮੁੰਦਰੋਂ ਪਾਰ', 'ਅੱਗ ਖਾਣ ਪਿੱਛੋਂ', 'ਸਮੇਂ ਦੇ ਪੈਰ ਚਿੰਨ੍ਹ' ਤੇ 'ਇਤਿਹਾਸ ਟੁਰਦਾ ਹੈ' ਲੇਖ ਸੰਗ੍ਰਿਹ ਹਨ। 'ਸਮੁੰਦਰੋਂ ਪਾਰ' ਬਰਤਾਨੀਆ ਦੇ ਏ-ਲੈਵਲ ਦੇ ਵਿਦਿਆਰਥੀਆਂ ਦੇ ਸਿਲੇਬਸ 'ਚ 1994 ਤੋਂ 1996 ਤੱਕ ਲੱਗਾ ਰਿਹਾ।

'ਉਡਦੀਆਂ ਤਿਤਲੀਆਂ ਮਗਰ' ਤੇ 'ਮੌਸਮ ਖਰਾਬ ਹੈ' ਸਾਥੀ ਜੀ ਦੇ ਪ੍ਰਸਿੱਧ ਕਹਾਣੀ ਸੰਗ੍ਰਿਹ ਹਨ। 'ਪ੍ਰੇਮ ਖੇਲਨ ਕਾ ਚਾਉ', 'ਤਿੜਕਿਆ ਸ਼ਹਿਰ', 'ਸ਼ੇਅਰ ਅਰਜ਼ ਹੈ', 'ਪੱਥਰ' ਅਤੇ 'ਕਦੇ ਸਾਹਿਲ, ਕਦੇ ਸਮੁੰਦਰ' ਉਨ੍ਹਾਂ ਦੇ ਪ੍ਰਸਿੱਧ ਕਾਵਿ ਸੰਗ੍ਰਿਹ ਹਨ, ਜਿਨ੍ਹਾਂ ਵਿਚੋਂ 'ਕਦੇ ਸਾਹਿਲ, ਕਦੇ ਸਮੁੰਦਰ' ਪੁਸਤਕ ਉਨ੍ਹਾਂ ਆਪਣੇ ਮਰਹੂਮ ਬੇਟੇ ਨੂੰ ਸਮਰਪਿਤ ਕੀਤੀ, ਜੋ ਜਵਾਨੀ ਵੇਲੇ ਹੀ ਸਦੀਵੀ ਵਿਛੋੜਾ ਦੇ ਗਿਆ।

ਸਾਥੀ ਜੀ ਨੇ 'ਸੱਜਰੇ ਫੁੱਲ' ਪੁਸਤਕ ਦੀ ਸੰਪਾਦਨਾ ਕੀਤੀ। 'ਗੋਰੀ ਧਰਤੀ' ਅਤੇ 'ਰੇਨਬੋ' ਕਿਤਾਬਾਂ ਦੇ ਸਹਿ ਸੰਪਾਦਕ ਰਹੇ। 'ਸਾਹਿਲ' ਉਨ੍ਹਾਂ ਦਾ ਆਖਰੀ ਨਾਵਲ ਸੀ, ਜੋ ਉਨ੍ਹਾਂ ਨੇ ਬਿਮਾਰੀ ਦੌਰਾਨ ਹੀ ਲਿਖਿਆ ਤੇ ਛਪਵਾਇਆ।

ਸਾਥੀ ਲੁਧਿਆਣਵੀ ਦੀ ਸੱਚੀ ਸੁੱਚੀ ਸੋਚ, ਉਨ੍ਹਾਂ ਦੀਆਂ ਸਮਾਜ ਸੁਧਾਰ ਤੇ ਜਾਦੂਮਈ ਲਿਖਤਾਂ, ਉਨ੍ਹਾਂ ਦੀ ਲੋਕਾਂ ਨਾਲ ਸਾਂਝ, ਪ੍ਰੇਮ ਤੇ ਖੁਲ੍ਹਦਿਲੀ ਕਾਰਨ, ਤਦ ਦੇ ਹਰ ਅਦਾਰੇ ਨੇ ਉਨ੍ਹਾਂ ਨੂੰ ਸਨਮਾਨਤ ਕੀਤਾ ਤੇ ਕਈ ਸੰਸਥਾਵਾਂ ਨੇ ਉਨ੍ਹਾਂ ਨੂੰ ਆਪਣੀ ਲੀਡਰਸ਼ਿਪ ਲਈ ਚੁਣਿਆ।

ਉਹ ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਾਲ ਦੇ ਪ੍ਰਧਾਨ, ਯੂ. ਕੇ. ਕੇਂਦਰੀ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਰਹੇ ਤੇ ਗਲੋਬਲ ਪੰਜਾਬੀ ਸਰਕਲ ਯੂ. ਕੇ. ਦੇ ਵਿਸ਼ੇਸ਼ ਸਲਾਹਕਾਰ ਬਣੇ। ਉਹ 'ਵਰਲਡ ਪੰਜਾਬੀ ਆਰਗੇਨਾਈਜੇਸ਼ਨ ਲੰਡਨ' ਦੇ ਕਨਵੀਨਰ ਤੇ ਪੰਜਾਬੀ ਸਾਹਿਤ ਸੰਗਮ ਦੇ ਸਹਾਇਕ ਜਨਰਲ ਸਕੱਤਰ ਵੀ ਚੁਣੇ ਗਏ। ਉਨ੍ਹਾਂ ਨੂੰ ਜੋ ਵੀ ਰੁਤਬਾ ਮਿਲਿਆ, ਉਸ ਸੰਸਥਾ ਲਈ ਸ਼ਾਨ ਹੋ ਨਿਬੜਿਆ।

ਉਨ੍ਹਾਂ ਦੀਆਂ ਸਿਰੜ ਘਾਲਨਾਵਾਂ ਕਰ ਕੇ



*ਸਾਥੀ ਲੁਧਿਆਣਵੀ ਆਪਣੀ ਪਤਨੀ ਨਾਲ*

1985 ਵਿਚ ਭਾਸ਼ਾ ਵਿਭਾਗ, ਪੰਜਾਬ ਨੇ ਉਨ੍ਹਾਂ ਨੂੰ ਸਾਹਿਤ ਸ਼੍ਰੋਮਣੀ ਐਵਾਰਡ ਦਿੱਤਾ। ਉਨ੍ਹਾਂ ਨੂੰ 2001 ਵਿਚ ਲੰਡਨ ਦੇ ਮੇਅਰ ਨੇ ਰੇਡੀਓ ਅਤੇ ਟੀ. ਵੀ. 'ਤੇ ਪ੍ਰਾਪਤੀਆਂ ਲਈ ਸਨਮਾਨ ਕੀਤਾ। ਪੰਜਾਬੀ ਅਕਾਦਮੀ ਲੈਸਟਰ ਨੇ 2006 ਵਿਚ ਲਾਈਫ ਟਾਈਮ ਲਿਟਰੇਰੀ ਅਚੀਵਮੈਂਟ ਅਵਾਰਡ ਦਿੱਤਾ। 2007 ਵਿਚ ਹਾਊਸ ਆਫ ਕਾਮਨਜ਼ ਵਿਚ ਉਨ੍ਹਾਂ ਨੂੰ ਬ੍ਰਿਟੇਨ ਦਾ 'ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਕਲਚਰਲ ਐਵਾਰਡ' ਮਿਲਿਆ। ਖਾਸ ਗੱਲ, 29 ਅਕਤੂਬਰ 2009 ਨੂੰ ਯੂਨੀਵਰਸਿਟੀ ਆਫ ਈਸਟ ਲੰਡਨ ਨੇ ਸਾਥੀ ਜੀ ਨੂੰ ਆਨਰੇਰੀ ਡਾਕਟਰੇਟ ਦੀ ਉਪਾਧੀ ਦਿੱਤੀ।

ਸਾਥੀ ਜੀ ਸਿਰਫ ਆਪ ਹੀ ਵਧੀਆ ਲੇਖਕ ਨਹੀਂ ਸਨ, ਸਗੋਂ ਆਪਣੇ ਨਾਲ ਲੱਗੇ ਹਰ ਸ਼ਖਸ ਨੂੰ ਚੰਗਾ ਲੇਖਕ ਬਣਨ ਲਈ ਪ੍ਰੇਰਦੇ ਸਨ। ਉਨ੍ਹਾਂ ਦੀ ਹਮੇਸ਼ਾ ਇਹੋ ਕੋਸ਼ਿਸ਼ ਰਹਿੰਦੀ ਕਿ ਨਵੇਂ ਲਿਖਾਰੀਆਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ। ਉਹ ਨਿਡਰ ਲਿਖਾਰੀ ਸਨ ਤੇ ਬਾਕੀ ਲੇਖਕਾਂ ਤੋਂ ਵੀ ਇਹੀ ਆਸ ਰੱਖਦੇ ਸਨ। ਉਨ੍ਹਾਂ ਦੀ ਪ੍ਰੇਰਨਾ ਸੀ,

ਕੋਈ ਸੁੰਦਰ ਬਾਤ ਲਿਖੋ।
ਸ਼ਾਮ ਲਿਖੋ ਪ੍ਰਭਾਤ ਲਿਖੋ।
ਸੱਚ ਲਿਖਣ ਤੋਂ ਡਰੋ ਨਹੀਂ,
ਦਿਨ ਨੂੰ ਦਿਨ ਤੇ ਰਾਤ ਲਿਖੋ।

ਅੱਜ ਅਸੀਂ ਭਾਰਤ ਤੇ ਪਾਕਿਸਤਾਨ ਦੇ ਗੁਰਧਾਮਾਂ ਪੱਖੋਂ ਦੋਸਤੀ ਦਾ ਜੋ ਹੱਥ ਵਧਿਆ ਦੇਖ ਰਹੇ ਹਾਂ, ਇਹ ਸਾਥੀ ਜੀ ਦੀ ਭਵਿੱਖਵਾਣੀ ਵੀ ਸੀ। ਉਨ੍ਹਾਂ ਦੀ ਕਵਿਤਾ 'ਭਾਰਤ ਤੇ ਪਾਕਿਸਤਾਨ' ਵਿਚ ਲਿਖਿਆ ਹੈ,

ਇਕ ਦਿਨ ਦੋਸਤ ਬਣ ਜਾਣੇ ਨੇ,
ਭਾਰਤ ਤੇ ਪਾਕਿਸਤਾਨ।
ਇਹ ਹੈ ਸਭ ਦੀ ਇੱਛਾ,
ਇਹ ਹੈ ਕਵੀਆਂ ਦਾ ਫੁਰਮਾਨ।

ਸਾਥੀ ਲੁਧਿਆਣਵੀ ਨੇ ਸਿਆਟਲ ਵਿਚ ਵੀ ਆਪਣਾ ਇੱਕ ਰੇਡੀਓ ਸਟੇਸ਼ਨ ਸਥਾਪਤ ਕਰਨ ਬਾਰੇ ਸੋਚਿਆ ਸੀ ਤੇ ਹੋਰ ਵੀ ਕਈ ਸਪਨੇ ਲਏ ਸਨ। ਉਹ ਅਕਸਰ ਆਪਣੀ ਤੁਲਨਾ 'ਚਾਨਣ ਵੰਡਦੇ' ਤਾਰਿਆਂ ਨਾਲ ਕਰਦੇ ਹੁੰਦੇ ਸਨ; ਉਨ੍ਹਾਂ ਦੇ ਹੀ ਸ਼ਬਦਾਂ ਵਿਚ,

ਹੱਸਦੇ ਹੱਸਦੇ ਇਕ ਦਿਨ
ਡੰਡੀਓਂ ਟੁੱਟ ਜਾਵਾਂਗੇ
ਜਿਸ ਮਿੱਟੀ 'ਚੋਂ ਜਨਮੇ,
ਉਸੇ 'ਚ ਮੁੱਕ ਜਾਵਾਂਗੇ।
ਅਸੀਂ ਤਾਂ ਚਾਨਣ ਵੰਡਦੇ ਫਿਰਦੇ ਤਾਰੇ ਹਾਂ
ਚਾਨਣ ਵੰਡਦੇ ਵੰਡਦੇ ਗਗਨੋਂ ਟੁਟ ਜਾਵਾਂਗੇ।

ਅੰਤ ਹੋਇਆ ਵੀ ਇਉਂ, ਉਨ੍ਹਾਂ ਦੀ ਸਿਹਤ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਉਨ੍ਹਾਂ ਨੂੰ ਨਾ-ਮੁਰਾਦ ਬਿਮਾਰੀ ਕੈਂਸਰ ਨੇ ਆ ਘੇਰਿਆ। ਕੈਂਸਰ ਗੁਰਦਿਆਂ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲ ਗਿਆ। ਉਹ ਪੱਛਮੀ ਲੰਡਨ ਦੇ ਹਿਲਿੰਗਡਨ ਹਸਪਤਾਲ ਵਿਚ ਇਲਾਜ ਲਈ ਦਾਖਲ ਹੋ ਗਏ, ਜਿਥੇ ਉਨ੍ਹਾਂ ਦੀ ਰੇਡੀਓ ਥੈਰੇਪੀ ਵੀ ਚਲਦੀ ਰਹੀ; ਪਰ ਉਨ੍ਹਾਂ ਦਾ ਵਜ਼ਨ ਦਿਨੋਂ ਦਿਨ ਘਟਦਾ ਜਾ ਰਿਹਾ ਸੀ। ਸਰੀਰ ਜਵਾਬ ਦੇ ਚੁਕਾ ਸੀ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ,

ਟੁਰ ਨਹੀਂ ਹੁੰਦਾ,
ਹੁਣ ਸ਼ੂਹਦੇ ਦਰਿਆਵਾਂ ਨਾਲ
ਗਿਣਤੀ ਮਿਣਤੀ ਕਰ ਬੈਠੇ ਹਾਂ
ਸਾਹਵਾਂ ਨਾਲ।
ਜ਼ਿੰਦਗੀ ਦਾ ਪੈਂਡਾ ਮੁੱਕਦਾ ਜਾਂਦਾ ਹੈ
ਸਾਹਾਂ ਦਾ ਦਰਿਆ ਹੁਣ ਸੁੱਕਦਾ ਜਾਂਦਾ ਹੈ।

ਇਹ ਜਾਣਦਿਆਂ, ਸਭ ਕੁਝ ਸਹਾਰਦਿਆਂ ਵੀ ਉਹ ਚੜ੍ਹਦੀ ਕਲਾ ਵਿਚ ਰਹੇ ਤੇ ਆਪਣੇ ਕੰਮਾਂ ਵਿਚ ਲਗਾਤਾਰ ਰੁਝੇ ਰਹੇ। ਅੰਤ 17 ਜਨਵਰੀ 2019, ਵੀਰਵਾਰ ਨੂੰ ਸਾਨੂੰ ਢੇਰ ਸਾਰਾ ਸਾਹਿਤਕ ਖਜ਼ਾਨਾ ਤੇ ਯਾਦਾਂ ਦੇ ਕੇ ਸਰੀਰਕ ਤੌਰ 'ਤੇ ਹਮੇਸ਼ਾ ਲਈ ਛੱਡ ਗਏ। ਸਮਾਂ, ਉਨ੍ਹਾਂ ਦੇ ਨਾਮ ਜਾਂ ਕਦਮਾਂ ਦੇ ਨਿਸ਼ਾਨ ਸੰਭਾਲ ਕੇ ਰੱਖਣ ਵਿਚ ਕਦੇ ਵੀ ਅਣਗਹਿਲੀ ਨਹੀਂ ਕਰ ਸਕਦਾ।

## ਸਾਥੀ ਲੁਧਿਆਣਵੀ ਦੀਆਂ ਕੁਝ ਰਚਨਾਵਾਂ

### ਗੁਰੂ ਨਾਨਕ ਦੇਵ ਜੀ

ਜਿਸ ਨੇ ਕੁੱਲ ਲੋਕਾਈ ਤਾਰੀ ਨਾਨਕ ਸੀ।
ਲੋਕਾਂ ਦਾ ਵੱਡਾ ਹਿੱਤਕਾਰੀ ਨਾਨਕ ਸੀ।

ਹੱਕ ਵਾਸਤੇ ਲੜੋ ਤੇ ਹੱਕ ਨਾ ਮਰਨ ਦਿਓ,
ਮਾਰਕਸ ਤੋਂ ਵੀ ਵੱਡ-ਆਕਾਰੀ ਨਾਨਕ ਸੀ।

ਕਿਰਤੀ ਲੋਕਾਂ ਨਾਲ ਹਮੇਸ਼ਾ ਖੜ੍ਹਦਾ ਸੀ,
ਲਾਲੋ ਨਾਲ ਸੀ ਜਿਸ ਦੀ ਯਾਰੀ ਨਾਨਕ ਸੀ।

ਇਕ ਹੱਥ ਮਾਲਾ, ਦੂਜੇ ਹੱਥ ਕਮੰਡਲ ਸੀ,
ਸ਼ਖਸੀਅਤ ਪਰਵਰਦੀਗਾਰੀ ਨਾਨਕ ਸੀ।

ਪਾਤਾਲਾਂ, ਆਕਾਸ਼ਾਂ ਦਾ ਜੋ ਜਾਣੂ ਸੀ,
ਜਿਸ ਨੂੰ ਰਹਿੰਦੀ ਨਾਮ ਖੁਮਾਰੀ ਨਾਨਕ ਸੀ।

ਬਹੁ ਰੰਗਾਂ ਬਹੁ ਪਰਤਾਂ ਵਾਲਾ ਨਾਨਕ ਸੀ,
ਬਹੁ ਰੰਗੀ ਸੀ ਜੋ ਫੁੱਲਕਾਰੀ ਨਾਨਕ ਸੀ।

ਚਾਰੇ ਕੂੰਟਾਂ ਜਿਸ ਨੇ ਪੈਦਲ ਗਾਹ ਲਈਆਂ,
ਐਡਾ ਵੱਡਾ ਪਰਉਪਕਾਰੀ ਨਾਨਕ ਸੀ।

ਰਾਜੇ ਸ਼ੀਂਹ ਮੁਕੱਦਮ ਕੁੱਤੇ ਕਿਹਾ ਸੀ ਜਿਸ,
ਮੁਗਲ ਹਕੂਮਤ ਜਿਸ ਲਲਕਾਰੀ ਨਾਨਕ ਸੀ।

ਵਲੀ ਕੰਧਾਰੀ ਵਰਗੇ ਜਿਸ ਨੂੰ ਕਹਿੰਦੇ ਸਨ,
ਆ ਗਏ ਹਾਂ ਹੁਣ ਸ਼ਰਨ ਤੁਮ੍ਹਾਰੀ ਨਾਨਕ ਸੀ।

ਜਿਸ ਨੇ ਸ਼ਬਦਾਂ ਨਾਲ ਹੀ ਦੁਸ਼ਮਣ ਜਿੱਤ ਲਏ,
ਜਿਸ ਦੇ ਹੱਥ ਸੀ ਕਲਮ-ਕਟਾਰੀ ਨਾਨਕ ਸੀ।

ਪੀਰ, ਫਕੀਰ ਤੇ ਸੂਫੀ ਸ਼ਾਇਰ ਨਾਨਕ ਸੀ,
ਰਾਮ, ਰਹੀਮ ਤੇ ਕ੍ਰਿਸ਼ਨ ਮੁਰਾਰੀ ਨਾਨਕ ਸੀ।

ਸੂਝਵਾਨ, ਗਿਆਨਵਾਨ ਤੇ ਮਹਾਂਕਵੀ,
ਸ਼ਰਬ ਸ੍ਰੇਸ਼ਟ ਗੁਣ-ਅਧਿਕਾਰੀ ਨਾਨਕ ਸੀ।

ਮਹਾਂ ਪੁਰਖ ਤੇ ਤਕੜੇ ਜੁੱਸੇ ਵਾਲਾ ਸੀ,
ਬਹੁਤ ਬੜਾ ਇੱਕ ਕ੍ਰਾਂਤੀਕਾਰੀ ਨਾਨਕ ਸੀ।

ਸਿੱਖ ਧਰਮ ਦੀ ਪੱਕੀ ਹੈ ਬੁਨਿਆਦ ਤਦੇ,
ਜਿਸ ਨੇ ਇਸ ਦੀ ਨੀਂਹ ਉਸਾਰੀ ਨਾਨਕ ਸੀ।

ਨਾਨਕ 'ਸਾਥੀ' ਪੀਰ ਤੇ ਮੁਰਸ਼ਦ ਸਭ ਕੁੱਝ ਸੀ,
ਸ਼ਖਸੀਅਤ ਜੋ ਅੱਤ ਸਤਿਕਾਰੀ ਨਾਨਕ ਸੀ।

---

### ਧੀਆਂ ਭਾਰਤ ਦੇਸ ਦੀਆਂ

ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।
ਇਸ ਦੀ ਪਾਟੀ ਚੁੰਨੀ, ਤੋਪਾ ਕੌਣ ਭਰੇ।

ਧੀ ਦਾ ਬਾਬਲ ਕੰਧਾਂ ਓਹਲੇ ਰੋਂਦਾ ਹੈ।
ਲਹੂ 'ਚ ਰੱਤਾ ਧੀ ਦਾ ਸਾਲੂ ਧੋਂਦਾ ਹੈ।
ਟੀ. ਵੀ. ਉਤੇ ਧੀ ਦੇ ਯੌਨ ਦੀ ਚਰਚਾ ਵੇਖ,
ਅੰਦਰੋ ਅੰਦਰੀ ਰਫਤਾ ਰਫਤਾ ਬਾਪ ਮਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।

ਹਾੜਾ ਅੱਜ ਇਕ ਹਿੰਦ ਦੀ ਕੰਜਕ ਮੋਈ ਹੈ।
ਅੰਬਰ ਕੰਬਿਆ ਧਰਤੀ ਮਾਤਾ ਰੋਈ ਹੈ।
ਬਾਬਲ ਦੇ ਬਾਗਾਂ ਦੀ ਚਿੜੀਆ ਉਡ ਗਈ ਹੈ,
ਫੁੱਲ ਮੁਰਝਾ ਗਏ, ਪੀਲੇ ਪੈ ਗਏ ਪੱਤ ਹਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।

ਵਾਰਸ ਸ਼ਾਹ ਦੀ ਹੀਰ ਦੀ ਕੋਈ ਅਜ਼ਮਤ ਨਹੀਂ।
ਕਿਸੇ ਕੋਲ ਵੀ ਐਸੀ ਗੱਲ ਲਈ ਫੁਰਸਤ ਨਹੀਂ।
'ਸੋ ਕਿਉਂ ਮੰਦਾ' ਆਖਣ ਵਾਲੇ ਨਾਨਕ ਦੀ,
ਗੱਲ ਦੇ ਉਤੇ ਕਿਹੜਾ ਅੱਜ ਕੱਲ ਅਮਲ ਕਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।

ਕੁਝ ਧੀਆਂ ਦਾ ਜੀਵਨ ਕੁੱਖ ਤੱਕ ਸੀਮਤ ਹੈ।
ਕੁਝ ਧੀਆਂ ਦੀ ਵੀਰਾਂ ਤੋਂ ਘੱਟ ਕੀਮਤ ਹੈ।
ਕੁਝ ਧੀਆਂ ਤਾਂ ਦਾਜ ਦੀ ਭੱਠੀ ਸੜ ਜਾਵਣ,
ਕੁਝ ਧੀਆਂ ਦੀ ਅਜ਼ਮਤ ਹਉਕੇ ਨਾਲ ਮਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।

ਮੰਦਿਰ ਦੇ ਵਿਚ ਦੇਵੀ ਪੂਜੀ ਜਾਂਦੀ ਹੈ।
ਸੁੰਦਰ ਚੁੰਨੀਆਂ ਵਿਚ ਦੇਵੀ ਮੁਸਕਾਂਦੀ ਹੈ।
ਦੁਰਗਾ, ਲਕਸ਼ਮੀ, ਸੀਤਾ ਕੇਵਲ ਮੰਦਿਰ ਵਿਚ,
ਬਾਹਰ ਆਦਮ ਕੋਲੋਂ ਦੇਵੀ ਬਹੁਤ ਡਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।

ਜੇਕਰ ਅਣਖੀ ਯੋਧੇ ਤੁਸੀਂ ਕਹਾਉਂਦੇ ਹੋ।
ਫਿਰ ਕਿਉਂ ਧੀਆਂ ਦਾ ਸ਼ੋਸ਼ਣ ਕਰਵਾਉਂਦੇ ਹੋ।
ਯੋਧਾ ਕਾਹਦਾ ਜਿਹੜਾ ਜ਼ੁਲਮ ਦਾ ਦਮ ਭਰੇ।
ਯੋਧਾ ਕਾਹਦਾ 'ਸਾਥੀ' ਜਿਸ ਦੀ ਅਣਖ ਮਰੇ।
ਧੀਆਂ ਦੀ ਰਖਵਾਲੀ ਹਿੰਦ ਵਿਚ ਕੌਣ ਕਰੇ।
ਇਸ ਦੀ ਪਾਟੀ ਚੁੰਨੀ, ਤੋਪਾ ਕੌਣ ਭਰੇ।

### ਗ਼ਜ਼ਲ

ਆਦਮੀ ਤੋਂ ਆਦਮੀ ਕਿੰਨਾ ਡਰੇ।
ਹੌਲੀ ਹੌਲੀ ਸਹਿਮ ਕੇ ਅੰਦਰੇ ਮਰੇ।

ਕਿੰਨੇ ਬੰਦੇ ਕਿਉਂ ਮਰੇ ਕਿੱਥੇ ਮਰੇ,
ਰੋਜ਼ ਹੁੰਦੇ ਰੇਡੀਓ 'ਤੇ ਤਬਸਰੇ।

ਚੋਰੀਆਂ, ਡਾਕੇ, ਕਤਲ ਤੇ ਖੁਦਕੁਸ਼ੀ,
ਇਨ੍ਹਾਂ ਨਾਲ ਅਖਬਾਰ ਦੇ ਪੰਨੇ ਭਰੇ।

ਜਜ਼ਬਿਆਂ 'ਚੋਂ ਤਪਸ਼ ਹੁਣ ਕਿਧਰ ਗਈ,
ਪਿਆਰ ਭਿੱਜੇ ਬੋਲ ਕਿਉਂ ਅੱਜ ਕੱਲ ਠਰੇ।

ਅੱਜ ਕੱਲ ਹਰ ਗੱਲ ਹੁੰਦੀ ਤੋਲ ਕੇ,
ਹਰ ਕੋਈ ਹੈ ਪਰਖਦਾ ਖੋਟੇ, ਖਰੇ।

ਬਿਨ ਸ਼ਰਤ ਹਮਸਾਇਆ ਵੀ ਹੁਣ ਨਾ ਕਦੇ,
ਪਿਆਰ ਦੀ ਚੁਟਕੀ ਵੀ ਤਲੀਆਂ 'ਤੇ ਧਰੇ।

ਅੱਜ ਕੱਲ ਇੰਗਲੈਂਡ ਨਹੀਂ ਪਹਿਲਾਂ ਜਿਹਾ,
ਪੁਲਾਂ ਹੇਠਾਂ ਪਏ ਲੋਕੀਂ ਬੇਘਰੇ।

ਇਸ ਤਰ੍ਹਾਂ ਤਨਹਾ ਸ਼ਹਿਰ ਦੇ ਲੋਕ ਕੁਝ,
ਪੁਲਿਸ ਨੂੰ ਲੱਭਦੇ ਘਰਾਂ ਦੇ ਵਿਚ ਮਰੇ।
ਗਗਨ ਵਿਚ ਧੂੰਆਂ ਹੈ ਅੱਜ ਕੱਲ ਇਸ ਕਦਰ,
ਪਰ ਹੁੰਦਿਆਂ ਵੀ ਪਰਿੰਦੇ ਬੇਪਰੇ।

ਕੱਟ ਦਿਆਂਗੇ ਅਗਰ ਆਪਾਂ ਬਿਰਖ ਸਭ,
ਛਾਂ ਨਹੀਂ ਹੋਣੀ ਤੇ ਨਾ ਪੱਤੇ ਹਰੇ।

ਦੇਸੋਂ ਆਇਆ ਇਕ ਪਖੰਡੀ ਕਹਿ ਰਿਹਾ,
ਮੇਰੇ ਆਖੇ ਪਾਣੀ 'ਤੇ ਪੱਥਰ ਤਰੇ।

ਜਾਪਦਾ ਚੋਣਾਂ ਦੇ ਦਿਨ ਹਨ ਆ ਗਏ,
ਬੋਲ ਹਨ ਨੇਤਾ ਦੇ ਸ਼ਹਿਦਾਂ ਦੇ ਭਰੇ।

ਇਸ ਨਗਰ ਵਿਚ ਦੋਸਤ 'ਸਾਥੀ' ਬਹੁਤ ਹਨ,
ਅਸਾਂ ਨਾ ਰਹਿਣਾ ਇਨ੍ਹਾਂ ਤੋਂ ਹੁਣ ਪਰੇ।

# ਬੰਦੇ ਦੀ ਬੰਦੇ 'ਚੋਂ ਤਲਾਸ਼

ਮੈਂ ਇੱਕ ਦਿਨ ਗੀਤ ਸੁਣ ਰਿਹਾ ਸਾਂ, 'ਬੰਦਾ ਬਣ'ਜਾ ਦਿਲਾਂ ਦਿਆ ਜਾਨੀਆ, ਮੈਂ ਤੇਰੇ ਨਾਲ ਵਿਆਹੀ ਹੋਈ ਆਂ।' ਮੈਨੂੰ ਮੇਰੀ ਕਈ ਸਾਲ ਪਹਿਲਾਂ ਲਿਖੀ ਇੱਕ ਨਜ਼ਮ ਚੇਤੇ ਆ ਗਈ, 'ਬੰਦਿਆਂ ਦੀ ਇਸ ਬਸਤੀ ਅੰਦਰ, ਬੜਾ ਔਖਾ ਹੈ ਬੰਦੇ 'ਚੋਂ ਬੰਦਾ ਭਾਲਣਾ' ਉਹ ਕਿਹੜਾ ਬੰਦਾ, ਜਿਸ ਦੀ ਸਾਨੂੰ ਤਲਾਸ਼ ਹੈ!

ਇਹ ਆਮ ਹੀ ਸੁਣਦੇ ਹਾਂ, ਤੂੰ ਬੰਦਾ ਬਣ ਜਾਹ ਜਾਂ ਉਹ ਕੋਈ ਬੰਦਾ, ਉਹਦੇ 'ਚ ਕਿਹੜੀ ਬੰਦਿਆਂ ਵਾਲੀ ਗੱਲ ਐ! ਇਹ ਸਭ ਕੁਝ ਬੰਦਾ, ਬੰਦੇ ਨੂੰ ਕਹੀ ਜਾ ਰਿਹਾ। ਫਿਰ ਉਹ ਬੰਦਾ ਕਿਥੇ ਹੈ, ਜਿਸ ਦੀ ਸਾਨੂੰ ਸਭ ਨੂੰ ਭਾਲ ਹੈ? ਉਹ ਕਿਥੇ ਗਵਾਚ ਗਿਆ ਹੈ? ਕਿਵੇਂ ਗਵਾਚਿਆ ਹੈ? ਮੇਰੇ ਮਨ ਵਿਚ ਬੜੇ ਸਵਾਲ ਉਭਰਦੇ ਹਨ।



**ਸੰਤੋਖ ਮਿਨਹਾਸ**
ਫੋਨ: 559-283-6376

ਸੰਸਾਰ ਵਿਚ ਮਨੁੱਖ ਜਾਤੀ ਨੂੰ ਸਭ ਤੋਂ ਉੱਤਮ ਜਾਤੀ ਮੰਨਿਆ ਗਿਆ ਹੈ। ਉਸ ਦੀ ਸੂਝ-ਬੂਝ ਤੇ ਕਾਰ ਵਿਹਾਰ ਦੀ ਵਿਲੱਖਣ ਦਾਤ ਨੂੰ ਦੂਜੀਆਂ ਨਸਲਾਂ ਨਾਲੋਂ ਨਿਆਰੀ ਦੱਸਿਆ ਗਿਆ ਹੈ। ਉਸ ਦੀ ਇਸ ਦਿੱਬ ਦ੍ਰਿਸ਼ਟੀ ਨੇ ਅਲੋਕਾਰੀ ਕ੍ਰਿਸ਼ਮੇ ਸੰਸਾਰ ਨੂੰ ਦਿੱਤੇ ਹਨ, ਜਿਨ੍ਹਾਂ ਨਾਲ ਉਸ ਨੇ ਸਾਰੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕੁਦਰਤੀ ਵਰਤਾਰਿਆਂ ਨੂੰ ਆਪਣੀ ਮਨਮਰਜੀ ਨਾਲ ਉਸ ਨੇ ਪ੍ਰਕਿਰਤੀ ਅਸੂਲ ਭੰਗ ਕਰਕੇ ਆਪਣੇ ਹਿੱਤ ਲਈ ਵਰਤਿਆ ਹੈ। ਉਹ ਸੰਸਾਰੀ ਜੀਵ-ਸ਼ਕਤੀ ਨੂੰ ਆਪਣੀ ਮੁੱਠੀ ਵਿਚ ਬੰਦ ਕਰਨ ਦੇ ਆਹਰ ਵਿਚ ਹੈ। ਉਹ ਆਮ ਮਨੁੱਖ ਦਿਸਦਾ ਹੋਇਆ ਵੀ ਖਾਸ ਕੰਮਾਂ ਵਿਚ ਰੁੱਝਾ ਹੋਇਆ ਹੈ। ਇੰਨਾ ਕੁਝ ਕਰਨ ਦੇ ਬਾਵਜੂਦ ਬੰਦਾ, ਬੰਦਾ ਕਿਉਂ ਨਹੀਂ ਲੱਗਦਾ? ਉਸ ਦੇ ਕੀਤੇ ਕੰਮ ਸਾਨੂੰ ਰਾਸ ਕਿਉਂ ਨਹੀਂ ਆ ਰਹੇ? ਉਸ ਦੀ ਇਸ ਕਾਰਗੁਜ਼ਾਰੀ ਤੋਂ ਅਸੀਂ ਨਿਰਾਸ਼ ਕਿਉਂ ਹਾਂ?

ਇਹ ਗੱਲ ਆਮ ਹੀ ਪੜ੍ਹਨ-ਸੁਣਨ ਨੂੰ ਮਿਲਦੀ ਹੈ ਕਿ ਅੱਜ ਦੇ ਮੰਡੀ ਯੁੱਗ ਨੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੱਤਾ। ਬੰਦੇ ਨੇ ਆਪਣੇ ਆਪ ਨੂੰ ਵੀ ਵਸਤੂ ਵਾਂਗ ਵਿਕਣ ਲਾ ਦਿੱਤਾ ਹੈ, ਤੇ ਉਹ ਹਰ ਗੱਲ 'ਤੇ ਆਪਣਾ ਮੁੱਲ ਭਾਲਦਾ ਹੈ। ਇਸ ਕੀਮਤ ਨੇ ਬੰਦੇ ਵਿਚੋਂ ਬਹੁਤ ਕੁਝ ਮਨਫੀ ਕਰ ਦਿੱਤਾ ਹੈ। ਇਸ ਲਈ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਤਜਾਰਤ ਨੇ ਹੀ ਬੰਦੇ ਵਿਚ ਪਾਸਕੂ ਲੈ ਆਂਦਾ ਹੈ। ਉਹ ਸਾਰਾ ਦੋਸ਼ ਇਸ ਬਾਜ਼ਾਰੂ ਢਾਂਚੇ ਦੇ ਸਿਰ ਮੜ੍ਹਦੇ ਹਨ ਕਿ ਉਸ ਨੇ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੱਤਾ; ਪਰ ਜੇ ਦੇਖੀਏ, ਇਹ ਸ਼ਬਦ ਤਾਂ ਪਿਓ-ਦਾਦੇ ਤੋਂ ਪਹਿਲਾਂ ਵੀ ਪੜ੍ਹਨ-ਸੁਣਨ ਨੂੰ ਮਿਲਦੇ ਸਨ। ਲੋਕ ਬੋਲੀਆਂ ਤੇ ਲੋਕ ਮੁਹਾਵਰਿਆਂ ਵਿਚ ਵੀ ਬੰਦੇ ਨੂੰ ਬੰਦਾ ਬਣਨ ਬਾਰੇ ਬੜਾ ਕੁਝ ਮਿਲਦਾ ਹੈ। ਫਿਰ ਇਹ ਬੰਦਾ ਕਦੋਂ ਦਾ ਗਵਾਚਿਆ ਹੋਇਆ ਹੈ?

ਜੇ ਅਸੀਂ ਅੱਜ ਦੀ ਹੀ ਗੱਲ ਕਰੀਏ, ਇਹ ਆਮ ਹੀ ਦੇਖਦੇ ਹਾਂ ਕਿ ਬੜੇ ਬੜੇ ਸਾਧ ਸੰਤ, ਬਾਬੇ ਜਾਂ ਹੋਰ ਕਥਾਵਾਚਕ ਹਜ਼ਾਰਾਂ ਲੱਖਾਂ ਦੇ ਇੱਕਠਾਂ ਨੂੰ ਸੰਬੋਧਨ ਕਰਦੇ ਹਨ। ਟੀ. ਵੀ. ਚੈਨਲਾਂ 'ਤੇ ਤਾਂ ਇਨ੍ਹਾਂ ਦੀ ਅੱਜ ਕੱਲ ਬਹੁਤ ਭਰਮਾਰ ਹੈ, ਜੋ ਬੰਦਿਆਂ ਦੀ ਭੀੜ ਨੂੰ ਬੰਦਾ ਬਣਨ ਦੇ ਗੁਰ ਦੱਸ ਰਹੇ ਜਾਂ ਸਮਝਾ ਰਹੇ ਹੁੰਦੇ ਹਨ। ਮਿੱਠਾ ਮਿੱਠਾ ਲਾਲਚ ਵੀ ਦੇ ਰਹੇ ਹੁੰਦੇ ਹਨ ਕਿ ਭਾਈ ਜੇ ਤੁਸੀਂ ਆਹ ਗੁਣ ਗ੍ਰਹਿਣ ਕਰ ਲਏ ਤਾਂ ਇੱਕ ਵਧੀਆ ਮਨੁੱਖ ਬਣ ਜਾਵੋਗੇ, ਸਵਰਗ ਵਿਚ ਵੀ ਢੋਈ ਮਿਲੇਗੀ। ਅੱਗਾ ਸੰਵਾਰਨ ਜਾਂ ਬੰਦਾ ਬਣਨ ਦੇ ਇਹ ਸ਼ਬਦੀ ਤੋਹਫੇ ਬੰਦੇ ਨੂੰ ਚੰਗੇ ਤਾਂ ਲਗਦੇ ਹਨ, ਪਰ ਅਸਲ ਜੀਵਨ ਵਿਚ ਬੰਦੇ ਨੂੰ ਆਪਣੇ ਆਪ ਨੂੰ ਨਸੀਹਤਾਂ ਦੀ ਚੁਗਾਠ ਵਿਚ ਫਿੱਟ ਕਰਨਾ ਬੜਾ ਔਖਾ ਲਗਦਾ ਹੈ।

ਦਿਖਾਵੇ ਦੇ ਤੌਰ 'ਤੇ ਬੰਦਾ ਚੰਗਾ ਬਣਨ ਦੇ ਢਕਵੰਜ ਤਾਂ ਰਚਦਾ ਹੈ, ਪਰ ਅੰਦਰੋਂ ਉਹੀ ਰਹਿੰਦਾ ਹੈ, ਜੋ ਇਨ੍ਹਾਂ ਸਾਧਾਂ-ਸੰਤਾਂ ਦੇ ਵਿਖਿਆਨ ਸੁਣਨ ਤੋਂ ਪਹਿਲਾਂ ਸੀ। ਸਗੋਂ ਅੰਦਰੋਂ ਹੋਰ ਬਹੁਤ ਕੁਝ ਗੁਆ ਕੇ ਭਟਕਣ ਦੇ ਕੁੰਭੀ-ਨਰਕ ਨੂੰ ਭੋਗਣ ਲਈ ਜ਼ਿੰਦਗੀ ਭਰ ਕੁਰਾਹੇ ਪਿਆ ਰਹਿੰਦਾ ਹੈ, ਪਰ ਦੁੱਖ ਉਦੋਂ ਹੁੰਦਾ, ਜਦੋਂ ਇਹ ਸਾਧ-ਸੰਤ ਪ੍ਰਚਾਰਕ ਕਰਤੂਤੋਂ ਆਪ ਨੰਗੇ ਹੁੰਦੇ ਹਨ-ਕਰਮ ਪੱਖੋਂ ਵੀ, ਧਰਮ ਪੱਖੋਂ ਵੀ। ਆਪਣੇ ਆਪ ਨੂੰ ਦੇਵਤਿਆਂ ਦਾ ਪਰਛਾਵਾਂ ਸਮਝਦੇ ਬਾਬੇ ਕਿਵੇਂ ਬੰਦੇ ਦੀ ਜ਼ਾਤ ਨੂੰ ਵੀ ਕਲੰਕਿਤ ਕਰਦੇ ਹਨ! ਬੰਦੇ ਨੂੰ ਜੀਵਨ-ਜਾਚ ਦੀ ਦੁਹਾਈ ਪਾਉਣ ਵਾਲੇ ਇਹ ਕਿਰਤ ਚੋਰ ਸਾਧ ਅੰਦਰੋਂ ਕਿੰਨੇ ਊਣੇ, ਕਿੰਨੇ ਬਦਜ਼ਾਤ ਕਿਸਮ ਦੇ ਹਨ-ਇਸ ਦੀ ਮਿਸਾਲ ਸਾਡੇ ਸਾਹਮਣੇ ਹੈ, ਲੱਖਾਂ-ਕਰੋੜਾਂ ਲੋਕਾਂ ਦੇ ਗੁਰੂ ਕਹਾਉਣ ਵਾਲੇ ਇਹ ਸਾਧ ਮਨੋਂ-ਤਨੋਂ ਨੰਗੇ ਹੋ ਕੇ ਅੱਜ ਜੇਲ੍ਹਾਂ ਵਿਚ ਬੰਦ ਹਨ। ਜੇ ਇਹ ਅਜੇ ਤੱਕ ਆਪ ਹੀ ਬੰਦੇ ਦੀ ਜ਼ਾਤ ਤੋਂ ਊਣੇ ਹਨ, ਫਿਰ ਆਮ ਲੋਕਾਂ ਤੋਂ ਅਸੀਂ ਕੀ ਆਸ ਰੱਖਾਂਗੇ! ਕਦੇ ਕਦੇ ਲਗਦੈ, ਜਿਵੇਂ ਸਾਰਾ ਆਵਾ ਈ ਊਤਿਆ ਪਿਆ ਹੈ।

ਇੱਕ ਵਾਰ ਮੇਰੇ ਦੋਸਤ ਦੀ ਘਰਵਾਲੀ ਉਸ ਨੂੰ ਕਹਿੰਦੀ ਸੁਣੀ, "ਮੈਂ ਸਾਰੀ ਉਮਰ ਇਸ ਬੰਦੇ ਨਾਲ ਕੱਟ ਲਈ, ਪਰ ਇਹ ਬੰਦਾ, ਬੰਦਾ ਨਹੀਂ ਬਣਿਆ; ਬਰਾਬਰ ਦੇ ਜਵਾਕ ਹੋ'ਗੇ ਐ, ਪਰ ਇਹ ਅਕਲ ਨੂੰ ਹੱਥ ਨਹੀਂ ਮਾਰਦਾ।" ਇੱਥੇ ਅਕਲ ਸ਼ਬਦ ਸਮਝ ਤਾਂ ਆਉਂਦਾ ਹੈ, ਪਰ ਸਵਾਲ ਹੈ ਕਿ ਉਹ ਕਿਹੜੀ ਅਕਲ ਹੈ, ਜੋ ਬੰਦੇ ਕੋਲ ਨਹੀਂ ਹੈ? ਮੈਂ ਵੇਖਿਆ, ਬਹੁਤ ਸਾਰੇ ਲੋਕਾਂ ਕੋਲ ਅਕਲ ਦਾ ਤਾਜ ਵੀ ਹੁੰਦਾ, ਕੰਮ ਫਿਰ ਵੀ ਹੈਵਾਨਾਂ ਵਾਲੇ ਕਰਦੇ ਹਨ। ਫਿਰ ਇਹ ਅਕਲ ਦਾ ਕਿਹੜਾ ਤਰਾਜੂ ਹੈ, ਜੋ ਆਮ ਬੰਦੇ ਦੇ ਮੇਚ ਨਹੀਂ ਆਉਂਦਾ।

ਆਪਾਂ ਸਭ ਜਾਣਦੇ ਹਾਂ ਕਿ ਮਾਸਾਹਾਰੀ ਜਾਨਵਰ ਵੀ ਆਪਣੀ ਨਸਲ ਦੇ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਦਾ, ਆਪਣੇ ਲੋਭ ਲਾਲਚ ਜਾਂ ਭੁੱਖ ਲਈ ਨਹੀਂ ਮਾਰਦਾ; ਸ਼ਿਕਾਰ ਜਾਂ ਕਬਜ਼ੇ ਦੀ ਭਾਵਨਾ ਲਈ ਲੜਦਾ ਜਾਂ ਡਰਾਉਂਦਾ ਤਾਂ ਵੇਖਿਆ ਜਾ ਸਕਦਾ, ਪਰ ਆਪਣੀ ਜਾਤੀ ਦੀ ਜਾਨ ਦਾ ਦੁਸ਼ਮਣ ਨਹੀਂ ਬਣਦਾ ਵੇਖਿਆ। ਇੱਕ ਬੰਦਾ ਹੀ ਹੈ, ਜੋ ਬਿਨਾ ਕਿਸੇ ਵੈਰ-ਵਿਰੋਧ ਜਾਂ ਬਿਨਾ ਕਿਸੇ ਕਸੂਰ ਦੇ ਇੱਕ-ਦੂਜੇ ਨੂੰ ਮਾਰ ਸੁੱਟਦਾ ਹੈ। ਸਦੀਆਂ ਤੋਂ ਲੱਖਾਂ ਲੋਕ ਬਿਨਾ ਕਿਸੇ ਕਸੂਰ ਦੇ ਮੌਤ ਦੇ ਘਾਟ ਉਤਾਰੇ ਜਾ ਰਹੇ ਹਨ। ਇਹ ਦਸਤੂਰ ਅੱਜ ਵੀ ਜਾਰੀ ਹੈ। ਬੰਦਾ ਹੁੱਬ ਕੇ ਕਹਿ ਰਿਹਾ ਹੈ, ਜੋ ਲੋਕ ਮਾਰੇ ਜਾ ਰਹੇ ਹਨ, ਉਹ ਬੰਦੇ ਨਹੀਂ ਸਨ ਕਿਉਂਕਿ ਉਨ੍ਹਾਂ ਦਾ ਧਰਮ ਹੋਰ ਸੀ। ਧਰਮ ਦੇ ਨਾਂ 'ਤੇ ਬੰਦਾ, ਬੰਦਾ ਨਹੀਂ ਹੈ।

ਜੇ ਜਰਮਨੀ ਲੱਖਾਂ ਯਹੂਦੀਆਂ ਨੂੰ ਇਸ ਲਈ ਗੈਸ ਚੈਂਬਰਾਂ ਜਾਂ ਹੋਰ ਤਸੀਹਾ ਕੇਂਦਰਾਂ ਵਿਚ ਮਾਰ ਮੁਕਾਉਂਦਾ ਹੈ ਕਿ ਜਰਮਨ ਕੌਮ ਉੱਤਮ ਹੈ ਤਾਂ ਦੂਜੀ ਸੰਸਾਰ ਜੰਗ ਵੇਲੇ ਜਦੋਂ ਜਰਮਨੀ ਹਾਰ ਰਿਹਾ ਸੀ ਤਾਂ ਬਰਤਾਨੀਆ ਤੇ ਅਮਰੀਕਾ ਦੀਆਂ ਫੌਜਾਂ ਦੇ ਕੋਈ ਇੱਕ ਹਜ਼ਾਰ ਜਹਾਜਾਂ ਨੇ ਜਰਮਨੀ ਦੇ ਸ਼ਹਿਰ ਡ੍ਰੈਸਡਨ 'ਤੇ ਕੋਈ ਸੌ ਸੌ ਕਿੱਲੋ ਦੇ ਕਰੀਬ ਤੀਹ ਹਜ਼ਾਰ ਬੰਬ ਸੁੱਟੇ, ਜਿਸ ਨਾਲ ਸਾਰਾ ਸ਼ਹਿਰ ਸੜ ਕੇ ਸੁਆਹ ਹੋ ਗਿਆ ਤੇ ਲੋਥਾਂ ਦੇ ਢੇਰ ਲੱਗ ਗਏ। ਇਹ ਤਬਾਹੀ ਜਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਸੁੱਟੇ ਬੰਬਾਂ ਦੀ ਤਬਾਹੀ ਤੋਂ ਵੱਧ ਸੀ। ਇਹ ਇੱਕੋ ਧਰਮ ਨੂੰ ਮੰਨਣ ਵਾਲੇ ਬੰਦਿਆਂ ਦੀ ਬੰਦੇ ਵਲੋਂ ਤਬਾਹੀ ਸੀ।

ਜੇਮਜ਼ ਏ. ਫਰੂਡ ਇੱਕ ਥਾਂ ਕਹਿੰਦਾ ਹੈ ਕਿ ਜੰਗਲੀ ਜਾਨਵਰ ਕਦੇ ਕਿਸੇ ਨੂੰ ਸ਼ੁਗਲ ਲਈ ਨਹੀਂ ਮਾਰਦੇ, ਇਹ ਸਿਰਫ ਬੰਦਾ ਹੀ ਹੈ, ਜੋ ਆਪਣੇ ਹਮ ਨਸਲਾਂ ਨੂੰ ਤਸੀਹੇ ਦੇਣ ਤੇ ਮਾਰਨ ਵਿਚ ਖੁਸ਼ੀ ਮਹਿਸੂਸ ਕਰਦਾ ਹੈ।

ਇਸ ਤਰ੍ਹਾਂ ਜੇ ਅਸੀਂ ਸੰਸਾਰ ਪੱਧਰ 'ਤੇ ਨਜ਼ਰ ਮਾਰੀਏ ਤਾਂ ਬੰਦੇ ਦੀਆਂ ਕਰਤੂਤਾਂ ਦੀ ਬਹੁਤ ਭਿਆਨਕ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ, ਜਦੋਂ ਬੰਦੇ ਨੇ ਬੰਦੇ ਦੀ ਨਸਲਕੁਸ਼ੀ ਕਰਨ ਵਿਚ ਆਪਣੀ ਸ਼ਾਨ ਮਹਿਸੂਸ ਕੀਤੀ ਹੈ। ਇਸ ਦੀਆਂ ਸੈਂਕੜੇ ਮਿਸਾਲਾਂ ਸਾਡੇ ਸਾਹਮਣੇ ਹਨ, ਜਿਸ ਦਾ ਸੰਤਾਪ ਬੰਦਾ ਅੱਜ ਵੀ ਭੋਗ ਰਿਹਾ ਹੈ। ਪੰਜਾਬ ਦੀ 1947 ਦੀ ਵੰਡ ਹੀ ਲੈ ਲਵੋ, ਜਦੋਂ ਮਨੁੱਖ ਨੇ ਮਨੁੱਖ ਦਾ ਰੱਜ ਕੇ ਘਾਣ ਕੀਤਾ। 1984 'ਚ ਸਿੱਖਾਂ ਦਾ ਕਤਲੇਆਮ ਕਿਸ ਨੂੰ ਭੁੱਲਿਆ ਹੈ!

ਵਿਲੀਅਮ ਜੇਮਜ਼ 'ਮੈਮਰੀਜ਼ ਐਂਡ ਸਟਡੀਜ਼' ਵਿਚ ਲਿਖਦਾ ਹੈ, "ਮਨੁੱਖ ਸਾਰੇ ਸ਼ਿਕਾਰੀ ਜਾਨਵਰਾਂ ਵਿਚੋਂ ਸਭ ਤੋਂ ਖਤਰਨਾਕ ਹੈ ਅਤੇ ਅਸਲ ਵਿਚ ਇਹ ਇੱਕਲਾ ਹੀ ਅਜਿਹਾ ਜਾਨਵਰ ਹੈ, ਜੋ ਆਪਣੀ ਹੀ ਜਾਤੀ ਦਾ ਯੋਜਨਾਬੱਧ ਢੰਗ ਨਾਲ ਸ਼ਿਕਾਰ ਕਰਦਾ ਹੈ।"

ਗੁਰੂ ਅਰਜਨ ਦੇਵ ਜੀ ਲਿਖਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥ ਬਾਹਰਿ ਭੇਖ ਅੰਤਰ ਮਲੁ ਮਾਇਆ॥ ਛਪਸਿ ਨਾਹਿ ਕਛੁ ਕਰੈ ਛਪਾਇਆ॥"

ਇੱਕ ਹੋਰ ਵਿਦਵਾਨ ਜੈ ਸ਼ੰਕਰ ਪ੍ਰਸਾਦ ਕਹਿੰਦਾ ਹੈ ਕਿ ਬੰਦਾ ਬਹੁਤ ਢੌਂਗੀ ਜੀਵ ਹੈ। ਉਹ ਦੂਜਿਆਂ ਨੂੰ ਉਹੀ ਸਿਖਾਉਣ ਦਾ ਯਤਨ ਕਰਦਾ ਹੈ, ਜੋ ਖੁਦ ਕਦੇ ਨਹੀਂ ਕਰਦਾ। ਇੱਕ ਪਾਸੇ ਬੰਦਾ ਸੰਸਾਰ ਪੱਧਰ 'ਤੇ ਫੈਲੇ ਅਤਿਵਾਦ ਦੀ ਨਿਖੇਧੀ ਕਰਦਾ ਹੈ, ਦੂਜੇ ਪਾਸੇ ਉਨ੍ਹਾਂ ਨੂੰ ਹਥਿਆਰ ਸਪਲਾਈ ਕਰਦਾ ਹੈ। ਇਸ ਸਭ ਤੋਂ ਇਹੀ ਲਗਦਾ ਹੈ ਕਿ ਬੰਦੇ ਦਾ ਥਹੁ ਪਾਉਣਾ ਗੁੰਝਲਦਾਰ ਬੁਝਾਰਤ ਹੈ। ਇਨ੍ਹਾਂ ਘਟਨਾਵਾਂ ਤੇ ਵਿਦਵਾਨਾਂ ਦੇ ਕਥਨਾਂ ਤੋਂ ਇਹੀ ਜਾਪਦਾ ਹੈ ਕਿ ਮਨੁੱਖ ਸਦਾ ਹੀ ਬੰਦੇ ਦੀ ਭਾਲ ਵਿਚ ਰਿਹਾ ਹੈ।

ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਅਸਲ ਵਿਚ ਹਰ ਬੰਦਾ ਅਧੂਰਾ ਹੈ। ਇਸ ਲਈ ਹਰ ਬੰਦਾ ਦੂਜੇ ਬੰਦੇ 'ਚੋਂ ਉਹ ਕੁਝ ਭਾਲ ਰਿਹਾ ਹੈ, ਜੋ ਉਸ ਕੋਲ ਨਹੀਂ ਹੈ। ਉਹ ਆਪਣੀ ਅੰਦਰਲੀ ਗਵਾਚੀ ਭੁੱਖ ਦਾ ਥਹੁ ਦੂਜਿਆਂ ਦੀ ਨੇੜਤਾ ਦੇ ਰੂਪ ਵਿਚ ਭਾਲਦਾ ਹੈ, ਪਰ ਹਰ ਬੰਦਾ ਦੂਜੇ ਦੀ ਭਾਲ ਦੇ ਮੇਚ ਨਹੀਂ ਆਉਂਦਾ। ਇਹੀ ਕੁਝ ਪਾਉਣ ਦੀ ਚੀਸ ਉਸ ਨੂੰ ਹਰ ਸਮੇਂ ਕੁਰੇਦਦੀ ਰਹਿੰਦੀ ਹੈ। ਇਸ ਪੀੜ ਦਾ ਭੰਨਿਆ ਬੰਦਾ ਆਪਣੇ ਕੀਤੇ ਫੈਸਲਿਆਂ 'ਤੇ ਵੀ ਇਤਬਾਰ ਨਹੀਂ ਕਰਦਾ ਤੇ ਫੈਸਲੇ ਵਾਰ ਵਾਰ ਬਦਲਦਾ ਰਹਿੰਦਾ ਹੈ। ਇਹ ਟਿਕ ਕੇ ਨਾ ਖੜ੍ਹਨ ਦੀ ਦੁਚਿੱਤੀ ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ।

ਬੰਦਿਆਂ ਦੀ ਭੀੜ ਦੇ ਦਰਿਆ ਵਗ ਰਹੇ ਹਨ। ਇਸ ਵਿਚ ਉਹ ਬੰਦਾ ਗਾਇਬ ਹੈ, ਜਿਸ ਦੀ ਸਾਨੂੰ ਭਾਲ ਹੈ। ਇਹ ਤਾਂ ਸਭ ਬੰਦੇ ਦੀ ਸ਼ਕਲ ਦੇ ਡਰਨੇ ਹਨ, ਜਿਨ੍ਹਾਂ ਦਾ ਆਪਣਾ ਕੋਈ ਵਿਚਾਰਧਾਰਕ ਵਜੂਦ ਨਹੀਂ ਹੈ। ਆਪਣੀ ਹੋਂਦ ਦਾ ਨਵਾਂ ਸਿਰਨਾਂਵਾਂ ਲਿਖਣਾ ਅਜੋਕੇ ਬੰਦੇ ਦੇ ਵੱਸ ਨਹੀਂ ਰਿਹਾ। ਫਿਰ ਉਹ ਬੰਦਾ ਅਸੀਂ ਕਿੱਥੋਂ ਲੱਭਾਂਗੇ, ਜਿਸ ਦੀ ਸਾਨੂੰ ਭਾਲ ਹੈ? ਕਦੇ ਕਦੇ ਇੰਜ ਲੱਗਦਾ, ਜਿਵੇਂ ਬੰਦਾ ਬੰਦੇ ਦੀ ਭਾਲ ਵਿਚ ਭਟਕ ਗਿਆ ਹੈ। ਸੱਚ ਮੁੱਚ ਨਵੇਂ ਬੰਦੇ ਦੀ ਸਿਰਜਣਾ ਇੱਕ ਕਲਪਨਾ ਮਾਤਰ ਬਣ ਕੇ ਰਹਿ ਗਈ ਹੈ। ਜਦ ਤੱਕ ਧਰਤੀ 'ਤੇ ਬੰਦਾ ਜਿਉਂਦਾ ਹੈ, ਬੰਦੇ ਦੀ ਤਲਾਸ਼ ਜਾਰੀ ਰਹੇਗੀ।

# ਭੀੜ

ਭੀੜ ਕਿਸੇ ਖਾਸ ਹਾਲਤ ਵਿਚ ਲੋਕਾਂ ਦਾ ਅਜਿਹਾ ਇਕੱਠ ਹੈ, ਜਿਸ ਵਿਚ ਵਿਅਕਤੀ ਦਾ ਨਿੱਜ ਖਾਰਜ ਹੋ ਜਾਂਦਾ ਹੈ ਅਤੇ ਇੱਕ ਸਮੂਹਕ ਸੋਚ ਦਾ ਨਿਰਮਾਣ ਹੁੰਦਾ ਹੈ, ਜੋ ਇੱਕ ਅਦਿਖ ਦਿਸ਼ਾ ਵੱਲ ਵੱਧਦੀ ਹੈ। ਭੀੜ ਆਵੇਗ ਦਾ ਹੜ੍ਹ ਹੁੰਦੀ ਹੈ। ਭੀੜ ਦੀ ਸਮੂਹਕ ਚੇਤਨਾ ਆਪਣੇ ਸਿਖਰ 'ਤੇ ਹੁੰਦੀ ਹੈ। ਹਰ ਥਾਂ ਭੀੜ ਲੋੜੋਂ ਵੱਧ ਗਈ ਅਬਾਦੀ ਦਾ ਪ੍ਰਤੀਕ ਹੈ। ਇਹ ਭਵਿੱਖ 'ਚ ਕਿਸੇ ਵੱਡੇ ਹਾਦਸੇ ਦੇ ਵਾਪਰ ਜਾਣ ਦੀ ਖਾਮੋਸ਼ ਚਿਤਾਵਨੀ ਵੀ ਹੈ, ਪਰ ਜਦੋਂ ਭੀੜ ਬਾਰੇ ਹੀ ਸੋਚਣਾ ਤੇ ਗੱਲਾਂ ਕਰਨੀਆਂ ਹੋਣ ਤਾਂ ਗੱਲਾਂ 'ਚੋਂ ਗਿਆਨ ਟਪਕਣ ਲੱਗਦਾ ਹੈ।



**ਮਲਵਿੰਦਰ**
ਫੋਨ: 1-437-248-3037
ਵਟਸਐਪ: +91-97795-91344

ਮੈਨੂੰ ਲੱਗਦਾ ਹੈ ਕਿ ਭੀੜ ਵਿਚ ਇਕੱਲੇ ਰਹਿ ਜਾਣ ਦਾ ਆਪਣਾ ਹੀ ਅਨੰਦ ਹੈ। ਅਜਿਹਾ ਛਿਣ ਕਵਿਤਾ ਦੀ ਆਮਦ ਦਾ ਛਿਣ ਹੁੰਦਾ ਹੈ। ਕਵੀ ਲਈ ਇਹ ਸਿਰਜਣਾਤਮਕ ਛਿਣ ਹੁੰਦਾ ਹੈ। ਇਹ ਉਹ ਸਥਿਤੀ ਹੁੰਦੀ ਹੈ, ਜਦੋਂ ਆਦਮੀ ਭੀੜ ਦੇ ਰੌਲੇ ਨੂੰ ਸੁਣ ਨਹੀਂ ਰਿਹਾ ਹੁੰਦਾ, ਨਕਾਰ ਰਿਹਾ ਹੁੰਦਾ ਹੈ। ਇਸ ਸਥਿਤੀ 'ਚ ਆਦਮੀ ਸ਼ਾਂਤੀ ਨਾਲ ਭਰ ਜਾਂਦਾ ਹੈ, ਪਰ ਆਮ ਆਦਮੀ ਦੇ ਭੀੜ 'ਚ ਇਕੱਲੇ ਰਹਿਣ ਦੇ ਵੱਖਰੇ ਅਰਥ ਹੁੰਦੇ ਹਨ। ਗਰੀਬ ਆਦਮੀ ਹਰ ਭੀੜ 'ਚ ਇਕੱਲਾ ਹੁੰਦਾ ਹੈ। ਜਦ ਉਹ ਇਕੱਲਾ ਹੁੰਦਾ ਹੈ ਤਾਂ ਉਸ ਦੁਆਲੇ ਲੋੜਾਂ, ਥੁੜਾਂ ਦੀ ਭੀੜ ਹੁੰਦੀ ਹੈ। ਬੇਰੁਜ਼ਗਾਰ ਲੋਕਾਂ ਦੁਆਲੇ ਕੰਮਾਂ ਦੀ ਭੀੜ ਅਤੇ ਆਸ਼ਕਾਂ ਦੁਆਲੇ ਸੁਪਨਿਆਂ ਦੀ ਭੀੜ ਹੁੰਦੀ ਹੈ। ਨੇਤਾਵਾਂ ਦੁਆਲੇ ਚਮਚਿਆਂ ਦੀ ਭੀੜ ਅਕਸਰ ਵੇਖੀ ਜਾ ਸਕਦੀ ਹੈ।

ਭੀੜ ਵਿਚ ਗੁਆਚ ਜਾਣ ਦਾ ਆਪਣਾ ਮਜ਼ਾ ਹੈ। ਇਹ ਅਹਿਸਾਸ ਕਿ ਕੋਈ ਤੁਹਾਨੂੰ ਲੱਭ ਰਿਹਾ ਹੋਵੇਗਾ, ਗੁਆਚ ਜਾਣ ਨੂੰ ਰੁਮਾਂਚਕ ਬਣਾ ਦਿੰਦਾ ਹੈ। ਛੋਟਾ ਨਿਆਣਾ ਗੁਆਚ ਜਾਣ 'ਤੇ ਰੋਂਦਾ ਹੈ, ਵੱਡਾ ਬੌਂਦਲਿਆ ਜਿਹਾ ਭੀੜ ਦਾ ਹਿੱਸਾ ਬਣਿਆ ਰਹਿੰਦਾ ਹੈ। ਕਈ ਮੁੰਡੇ-ਕੁੜੀਆਂ ਮੇਲੇ ਵਿਚ ਜਾਣਬੁੱਝ ਕੇ ਵੀ ਗੁਆਚਦੇ ਹਨ। ਉਨ੍ਹਾਂ ਲਈ ਭੀੜ ਇੱਕ ਜੰਗਲ ਹੁੰਦੀ ਹੈ, ਜਿਸ ਵਿਚ ਉਹ ਤਿਲਕ ਕੇ ਅਲੋਪ ਹੋ ਜਾਂਦੇ ਹਨ। ਉਨ੍ਹਾਂ ਦੇ ਗੁਆਚਣ ਪਿੱਛੇ ਪ੍ਰੇਮ ਮਿਲਣੀ ਦਾ ਸੁਆਰਥ ਛੁਪਿਆ ਹੁੰਦਾ ਹੈ।

ਭੀੜ ਵਿਚ ਜੇ ਕੋਈ ਆਪਣਾ ਮਿਲ ਪਵੇ ਤਾਂ ਅਣਚਾਹੀ ਖੁਸ਼ੀ ਹੁੰਦੀ ਹੈ। ਜੇ ਮਿਲਣ ਵਾਲਾ ਬਚਪਨ ਦੀਆਂ ਦੋਸਤੀਆਂ ਦਾ ਹਾਸਲ ਹੋਵੇ ਤਾਂ ਮਿਲਣਾ ਸੁਪਨੇ ਦੇ ਸੱਚ ਹੋਣ ਜਿਹਾ ਹੋ ਜਾਂਦਾ ਹੈ। ਕਈ ਵਾਰ ਤਾਂ ਭੀੜ ਵਿਚ ਕਿਸੇ ਭੁੱਲੇ ਵਿਸਰੇ ਪ੍ਰੇਮ ਪੱਤਰ ਦੇ ਲੱਭ ਪੈਣ ਜਿਹਾ ਖੂਬਸੂਰਤ ਹਾਦਸਾ ਵੀ ਵਾਪਰ ਜਾਂਦਾ ਹੈ।

ਭੀੜ ਜਿਸਮਾਂ ਦੇ ਨਾਲ ਨਾਲ ਮਨਾਂ ਦੀ ਦੂਰੀ ਵੀ ਘਟਾਉਂਦੀ ਹੈ। ਕਈ ਭੀੜ ਦੇ ਓਹਲੇ 'ਚ ਹੀ ਆਪਣੇ ਮਨ ਦੀ ਗੱਲ ਕਰ ਜਾਂਦੇ ਹਨ। ਉਹ ਭੀੜ ਵਿਚੋਂ ਇੱਕੋ ਹੀ ਚਿਹਰਾ ਲੱਭਦੇ ਹਨ ਅਤੇ ਹੋਰ ਕੁਝ ਉਨ੍ਹਾਂ ਨੂੰ ਨਜ਼ਰ ਵੀ ਨਹੀਂ ਆਉਂਦਾ।

ਹਰ ਭੀੜ ਦੇ ਵੱਖਰੇ ਵੱਖਰੇ ਨਕਸ਼ ਹੁੰਦੇ ਹਨ। ਮੇਲੇ ਦੀ ਭੀੜ ਹਸਪਤਾਲ ਦੀ ਭੀੜ ਨਾਲੋਂ ਅਲੱਗ ਹੁੰਦੀ ਹੈ। ਮੇਲੇ ਦੀ ਭੀੜ ਦੇ ਚਿਹਰੇ 'ਤੇ ਰੌਣਕ ਹੁੰਦੀ ਹੈ। ਵਿਹਾਰ 'ਚ ਲਾੜਾ ਬਣੇ ਮੁੰਡੇ ਦਾ ਚਾਅ ਹੁੰਦਾ ਹੈ। ਗੱਲਾਂ ਫੁਰਦੀਆਂ ਹਨ, ਅੱਖਾਂ ਨੱਚਦੀਆਂ ਹਨ ਅਤੇ ਅੰਗ ਫਰਕਦੇ ਹਨ। ਮੂੰਹ 'ਚ ਜਲੇਬੀਆਂ, ਪਕੌੜਿਆਂ ਦਾ ਸਵਾਦ ਹੁੰਦਾ ਹੈ। ਲਾਊਡ ਸਪੀਕਰ 'ਚੋਂ ਆਉਂਦੀ ਆਵਾਜ਼ ਸੰਗੀਤਕ ਤਰੰਗਾਂ ਬਣ ਜਿਸਮ 'ਚ ਲਹਿੰਦੀ ਜਾਂਦੀ ਹੈ। ਸਾਰੇ ਫਿਕਰ, ਸੰਸੇ, ਝੋਰੇ ਵਿਸਰ ਜਾਂਦੇ ਹਨ। ਹਰ ਉਮਰ ਜਵਾਨੀ ਹੰਢਾਉਂਦੀ ਪ੍ਰਤੀਤ ਹੁੰਦੀ ਹੈ।

ਹਸਪਤਾਲ ਦੀ ਭੀੜ ਪੀੜਤ ਮੁਹਾਂਦਰੇ ਵਾਲੀ ਹੁੰਦੀ ਹੈ। ਇਸ ਭੀੜ 'ਚ ਹਰ ਕਿਸੇ ਨੂੰ ਆਪਣਾ ਦੁੱਖ ਦੂਜੇ ਨਾਲੋਂ ਵੱਡਾ ਲੱਗਦਾ ਹੈ। ਅੱਖਾਂ 'ਚ ਇੱਕ ਆਸ ਹੁੰਦੀ ਹੈ ਅਤੇ ਵਿਹਾਰ 'ਚ ਨਿਮਰਤਾ। ਡਾਕਟਰ ਨੂੰ ਮਿਲਣ ਲਈ ਵਾਰੀ ਦੀ ਉਡੀਕ 'ਚ ਬੈਠੀ ਇਹ ਭੀੜ ਬੇਸਬਰੀ ਹੁੰਦੀ ਹੈ।

ਸਿਨੇਮਾ ਦੀ ਭੀੜ ਵਿਚ ਧੱਕਾ ਮੁੱਕੀ ਕਰਨ ਵਾਲਿਆਂ ਦੀ ਦਹਿਸ਼ਤ ਹੁੰਦੀ ਹੈ। ਇਸ ਭੀੜ ਵਿਚ ਧੱਕਾ ਮੁੱਕੀ ਦੀ ਆੜ 'ਚ ਜੇਬ ਕਤਰੇ ਵੀ ਮੌਜੂਦ ਹੁੰਦੇ ਹਨ। ਸ਼ਰੀਫ ਬੰਦਾ ਕਦੇ ਵੀ ਅਜਿਹੀ ਭੀੜ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ। ਬਾਜ਼ਾਰ ਦੀ ਭੀੜ ਵਿਚ ਖਰੀਦੋ ਫਰੋਖਤ ਕਰਨ ਵਾਲਿਆਂ ਦੇ ਰਲੇ ਮਿਲੇ ਭਾਵ ਹੁੰਦੇ ਹਨ। ਸਮਾਨ ਖਰੀਦਣ ਗਏ ਬਹੁਤੇ ਲੋਕ ਆਪ ਵਿਕ ਕੇ ਘਰ ਪਰਤਦੇ ਹਨ, ਪਰ ਮੰਡੀ ਉਨ੍ਹਾਂ ਨੂੰ ਇਹ ਅਹਿਸਾਸ ਵੀ ਨਹੀਂ ਹੋਣ ਦਿੰਦੀ ਕਿ ਉਹ ਵਿਕ ਗਏ ਹਨ। ਵਪਾਰਕ ਮੇਲਿਆਂ ਵਿਚ ਮੱਧਵਰਗੀ ਚਿਹਰਿਆਂ ਦੀ ਭੀੜ ਖਰੀਦਦਾਰੀ ਕਰਨਾ ਆਪਣਾ ਸਟੇਟਸ ਸਮਝਦੀ ਹੈ। ਇਹ ਗੱਲ ਵੱਖਰੀ ਹੈ ਕਿ ਖਰੀਦੀ ਚੀਜ਼ ਕਿਸੇ ਅਲਮਾਰੀ ਦੇ ਕੋਨੇ 'ਚ ਪਈ ਅਗਲੇ ਕਈ ਵਰ੍ਹੇ ਚੇਤਿਆਂ 'ਚੋਂ ਵਿਸਰੀ ਰਹਿੰਦੀ ਹੈ।



ਭੀੜ ਦਾ ਵਿਹਾਰ 'ਕੱਲੇ ਵਿਅਕਤੀ ਦੇ ਵਿਹਾਰ ਨਾਲੋਂ ਅਲੱਗ ਹੁੰਦਾ ਹੈ। ਲੋਕਾਂ ਦਾ ਜਿਹੜਾ ਹਜੂਮ ਸੋਚਣਾ ਬੰਦ ਕਰ ਦੇਵੇ, ਉਹ ਭੀੜ ਬਣ ਜਾਂਦਾ ਹੈ। ਭੀੜ ਵਿਚ ਭਗਦੜ ਮੱਚਣ ਦਾ ਡਰ ਅਤੇ ਹਿੰਸਕ ਹੋਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਭਵਿੱਖ ਵਿਚ ਅਨੇਕਾਂ ਵਾਰ ਭੀੜ ਵਿਚ ਭਗਦੜ ਮੱਚਣ ਨਾਲ ਮਨੁੱਖੀ ਜਾਨਾਂ ਦਾ ਨੁਕਸਾਨ ਹੋਇਆ ਹੈ। ਛੋਟੇ ਬੱਚਿਆਂ, ਕਮਜ਼ੋਰ ਵਿਅਕਤੀਆਂ, ਬਜੁਰਗਾਂ ਅਤੇ ਔਰਤਾਂ ਦਾ ਭਗਦੜ ਵਿਚ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ।

ਭੀੜ ਦਾ ਕੋਈ ਆਗੂ ਨਹੀਂ ਹੁੰਦਾ। ਭੀੜ ਵਿਚ ਹਰ ਕੋਈ ਆਪਣੇ ਆਪ ਨੂੰ ਆਗੂ ਸਮਝਦਾ ਹੈ। ਭੀੜ ਨੂੰ ਗਿਣਮਿੱਥ ਕੇ ਵੀ ਹਿੰਸਕ ਕੀਤਾ ਜਾਂਦਾ ਹੈ। ਰਾਜ ਨੇਤਾਵਾਂ ਦੇ ਹੱਥ 'ਚ ਇਹ ਇੱਕ ਹੋਛਾ ਹਥਿਆਰ ਹੈ। ਉਹ ਭੀੜ ਦੀ ਹਿੰਸਾ ਵਿਚੋਂ ਵੋਟਾਂ ਦੀ ਗਿਣਤੀ ਕਰਦੇ ਹਨ। ਹਿੰਸਕ ਭੀੜ ਦੀ ਆਪਣੀ ਕੋਈ ਸੋਚ ਨਹੀਂ ਹੁੰਦੀ ਤੇ ਨਾ ਹੀ ਆਪਣਾ ਕੋਈ ਦਿਮਾਗ ਹੁੰਦਾ ਹੈ। ਕਈ ਵਾਰ ਤਾਂ ਭੀੜ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕੀ ਅਤੇ ਕਿਉਂ ਕਰ ਰਹੇ ਹਨ।

ਅਫਵਾਹ ਸਭ ਤੋਂ ਤੇਜ਼ੀ ਨਾਲ ਭੀੜ ਵਿਚ ਹੀ ਫੈਲਦੀ ਹੈ। ਕੁਝ ਅਪਰਾਧੀ ਕਿਸਮ ਦੇ ਲੋਕ ਜਾਣਬੁੱਝ ਕੇ ਅਫਵਾਹ ਫੈਲਾਉਂਦੇ ਹਨ। ਭੀੜ ਕੁਝ ਲੋਕਾਂ ਨੂੰ ਅਨੰਦ ਦਿੰਦੀ ਹੈ। ਉਹ ਭੀੜ ਦਾ ਹਿੱਸਾ ਬਣਨਾ ਚਾਹੁੰਦੇ ਹਨ। ਉਨ੍ਹਾਂ ਦੀ 'ਕੱਲਿਆਂ ਦੀ ਕੋਈ ਹੋਂਦ ਨਹੀਂ ਹੁੰਦੀ। ਆਪਣੀ ਹੋਂਦ ਦਾ ਪ੍ਰਗਟਾਵਾ ਉਹ ਭੀੜ ਦਾ ਹਿੱਸਾ ਬਣ ਕੇ ਕਰਦੇ ਹਨ। ਭੀੜ ਵਲੋਂ ਮਚਾਈ ਤਬਾਹੀ ਨੂੰ ਉਹ ਆਪਣੇ ਸਿਰ ਲੈ ਕੇ ਮਾਣ ਮਹਿਸੂਸ ਕਰਦੇ ਹਨ। ਅਜਿਹੇ ਲੋਕ ਉਨ੍ਹਾਂ ਥਾਂਵਾਂ 'ਤੇ ਉਚੇਚਾ ਪਹੁੰਚਦੇ ਹਨ, ਜਿੱਥੇ ਭੀੜਾਂ ਜੁੜਦੀਆਂ ਹਨ। ਉਨ੍ਹਾਂ ਲਈ ਹਰ ਭੀੜ ਮੇਲੇ ਜਿਹੀ ਹੁੰਦੀ ਹੈ।

ਜਿਨ੍ਹਾਂ ਥਾਂਵਾਂ 'ਤੇ ਪਹੁੰਚਣ ਲਈ ਖਤਰੇ ਮੁੱਲ ਲੈਣੇ ਪੈਂਦੇ ਹਨ, ਹਿੰਮਤ ਅਤੇ ਸਾਹਸ ਦੀ ਲੋੜ ਹੁੰਦੀ ਹੈ, ਉਥੇ ਭੀੜ ਨਹੀਂ ਹੁੰਦੀ। ਕੁਝ ਲੋਕਾਂ ਨੂੰ ਭੀੜ ਤੋਂ ਡਰ ਲੱਗਦਾ ਹੈ। ਉਹ ਅਜਿਹੀਆਂ ਥਾਂਵਾਂ ਤੋਂ ਦੂਰ ਰਹਿਣਾ ਚਾਹੁੰਦੇ ਹਨ, ਜਿੱਥੇ ਭੀੜ ਹੋਵੇ। ਉਹ ਸ਼ਾਂਤ ਸੁਭਾਅ ਦੇ ਮਾਲਕ ਹੁੰਦੇ ਹਨ। ਜ਼ਿੰਦਗੀ ਵਿਚ ਸਹਿਜ ਤੇ ਚੁੱਪ ਉਨ੍ਹਾਂ ਨੂੰ ਸਕੂਨ ਦਿੰਦੇ ਹਨ। ਅਜਿਹੇ ਲੋਕ ਬਹੁਤੀ ਮਾਰਧਾੜ ਵਾਲੇ ਕੰਮ ਨਹੀਂ ਕਰ ਸਕਦੇ। ਉਹ ਭਾਵੇਂ ਕਲਾਕਾਰ ਨਾ ਵੀ ਹੋਣ, ਕਲਾਤਮਕ ਰੁਚੀਆਂ ਜਿਹਾ ਵਿਅਕਤੀਤਵ ਜਿਉਂਦੇ ਹਨ। ਉਂਜ ਭੀੜ ਦਾ ਵਿਹਾਰ ਅਗਵਾਈ ਕਰ ਰਹੇ ਵਿਅਕਤੀ 'ਤੇ ਵੀ ਨਿਰਭਰ ਕਰਦਾ ਹੈ। ਕਿਸੇ ਸੱਚੀਮੁੱਚੀ ਦੇ ਧਾਰਮਿਕ ਵਿਅਕਤੀ ਦੀ ਅਗਵਾਈ 'ਚ ਜੁੜੀ ਭੀੜ ਕੋਲੋਂ ਕਿਸੇ ਭਲੇ ਕੰਮ ਦੀ ਆਸ ਵੀ ਕੀਤੀ ਜਾ ਸਕਦੀ ਹੈ, ਪਰ ਅਜਿਹਾ ਘੱਟ ਹੁੰਦਾ ਹੈ। ਬੰਦੇ ਅੰਦਰ ਹਿੰਸਕ ਪ੍ਰਵਿਰਤੀ ਦਾ ਤੱਤ ਵਧੇਰੇ ਮਾਤਰਾ ਵਿਚ ਪਿਆ ਹੁੰਦਾ ਹੈ। ਇਹ ਜਾਗਦਾ ਵੀ ਜਲਦੀ ਅਤੇ ਵਧੇਰੇ ਵਿਕਰਾਲ ਰੂਪ ਵਿਚ ਹੈ। ਮਾਨਵੀ ਸਰੋਕਾਰਾਂ ਨਾਲ ਜੁੜੇ ਕੁਝ ਲੋਕਾਂ ਦੀ ਭੀੜ ਮਾਨਵ ਹਿਤੈਸ਼ੀ ਕੰਮ ਵੀ ਕਰਦੀ ਹੈ।

ਸਮਕਾਲੀ ਵਰਤਾਰੇ ਵਿਚ ਵਿਆਹ ਸ਼ਾਦੀ ਜਾਂ ਹੋਰ ਸਮਾਗਮਾਂ ਮੌਕੇ ਵੀ ਭੀੜ ਜਿਹੀ ਰੌਣਕ ਹੁੰਦੀ ਹੈ। ਅਜਿਹਾ ਅਕਸਰ ਧਨ, ਰੁਤਬਾ ਜਾਂ ਸਿਆਸੀ ਪਹੁੰਚ ਦਾ ਵਿਖਾਵਾ ਹੁੰਦਾ ਹੈ। ਖਾਣਾ ਸ਼ੁਰੂ ਹੁੰਦਿਆਂ ਹੀ ਭੀੜ ਟੁੱਟ ਕੇ ਪੈ ਜਾਂਦੀ ਹੈ। ਅੱਧੇ ਘੰਟੇ ਬਾਅਦ ਸਮਾਗਮ ਵਾਲੀ ਥਾਂ ਸਿਰਫ ਮਹਿਮਾਨ ਬਚਦੇ ਹਨ, ਭੀੜ ਜਾ ਚੁਕੀ ਹੁੰਦੀ ਹੈ।

ਕੁਝ ਦੇਸ਼ਾਂ ਵਿਚ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਭੀੜ ਦੇ ਸਾਹਮਣੇ ਦਿੱਤੀ ਜਾਂਦੀ ਹੈ। ਇਹ ਅਮਾਨਵੀ ਵਰਤਾਰਾ ਹੈ, ਲੋਕਤੰਤਰਕ ਤਰੀਕਾ ਨਹੀਂ ਹੈ। ਇਸ ਨਾਲ ਮਨੁੱਖੀ ਮਨ 'ਚ ਦਹਿਸ਼ਤ ਪੈਦਾ ਹੁੰਦੀ ਹੈ, ਡਰ ਪੈਦਾ ਹੁੰਦਾ ਹੈ। ਲੋੜ ਮਨਾਂ 'ਚ ਵਿਸ਼ਵਾਸ ਪੈਦਾ ਕਰਨ ਦੀ ਹੈ।

ਅਜੋਕੇ ਸੁਖ ਸਹੂਲਤਾਂ ਮਾਣ ਰਹੇ ਮਨੁੱਖ ਕੋਲ ਵੀ ਮਨ ਦਾ ਚੈਨ ਨਹੀਂ ਹੈ, ਜੀਵਨ ਵਿਚ ਸ਼ਾਂਤੀ ਅਤੇ ਸਹਿਜ ਨਹੀਂ ਹੈ। ਅੱਜ ਮਨੁੱਖ ਨੂੰ ਆਪਣੇ ਕੋਲ ਪਰਤਣ ਦੀ ਲੋੜ ਹੈ। 'ਕੱਲਿਆਂ ਬੈਠ ਕੇ ਆਪਣੇ ਆਪ ਨਾਲ ਗੱਲਾਂ ਕਰਨ ਦੀ ਲੋੜ ਹੈ। ਉਸ ਨੂੰ ਲੋੜ ਹੈ ਕਿ ਉਹ ਵਿਹਲ ਨੂੰ ਆਪਣੇ ਆਪ ਲਈ, ਆਪਣੇ ਪਰਿਵਾਰ ਲਈ, ਆਪਣੇ ਬੱਚਿਆਂ ਲਈ ਵਰਤੇ। ਭੀੜ ਤੋਂ ਦੂਰ ਰਹਿਣ ਦੀ ਜਾਚ ਸਿਖਣੀ ਪੈਣੀ ਹੈ ਮਨੁੱਖ ਨੂੰ। ਸਾਨੂੰ ਅਜਿਹੇ ਸਬੱਬ ਨਹੀਂ ਬਣਾਉਣੇ ਚਾਹੀਦੇ, ਜਿੱਥੇ ਭੀੜ ਜੁੜੇ ਸਗੋਂ ਅਜਿਹੇ ਮੌਕੇ ਪੈਦਾ ਕਰਨੇ ਚਾਹੀਦੇ ਹਨ, ਜਿੱਥੇ ਮਨ ਜੁੜਨ, ਮੋਹ ਭਿੱਜੀਆਂ ਤੰਦਾਂ ਦੀ ਭੀੜ ਹੋਵੇ, ਅਪਣੱਤ ਭਰੇ ਬੋਲਾਂ ਦਾ ਸ਼ੋਰ ਹੋਵੇ। ਸਾਨੂੰ ਸੋਚਣਾ ਪੈਣਾ ਹੈ ਕਿ ਅਸੀਂ ਭੀੜ ਵਿਚ ਗੁਆਚਣਾ ਹੈ ਜਾਂ ਭੀੜ ਵਿਚੋਂ ਆਪਣੇ ਆਪ ਨੂੰ ਲੱਭਣਾ ਹੈ।

# ਰੁਮਾਲ ਦਾ ਕਮਾਲ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਹਮਾਤੜਾਂ ਕੋਲ ਪਹਿਲੀਆਂ 'ਚ ਰੁਮਾਲ ਕਿੱਥੇ ਹੁੰਦਾ ਸੀ! ਜਦ ਕਦੇ ਨਲੀ ਵਗਣੀ, ਝੱਟ ਦੇਣੀ ਝੱਗੇ ਦੀ ਬਾਂਹ ਨਾਲ ਪੂੰਝ ਲੈਣੀ। ਜੇ ਨੱਕ ਸੁਣਕਣਾ ਪਵੇ ਤਾਂ ਨਲੀ ਨਾਲ ਲਿਬੜਿਆ ਹੱਥ ਝੱਗੇ ਦੀ ਝੋਲੀ ਨਾਲ ਮਲ ਲੈਣਾ! ਮਾਂ ਵੱਧ ਤੋਂ ਵੱਧ ਕਿਸੇ ਪੁਰਾਣੀ ਲੀਰ ਨਾਲ ਇਹ ਕੰਮ ਨਿਪਟਾ ਦਿੰਦੀ। ਬਥੇਰੇ ਲੋਕ ਅਜਿਹੀ ਕਸੂਤੀ ਸਥਿਤੀ ਵਿਚ ਅਜਿਹਾ ਹੀ ਕਰਦੇ ਸਨ ਤੇ ਅੱਜ ਵੀ ਕਰਦੇ ਹਨ। ਮੱਧ ਵਰਗੀ ਜਾਂ ਇਸ ਤੋਂ ਉਪਰਲੇ ਵਰਗ ਦੇ ਲੋਕ ਰੁਮਾਲ ਨਾਂ ਦੀ ਵਧੀਆ ਟਾਕੀ ਆਪਣੀ ਜੇਬ ਵਿਚ ਪਾਈ ਰੱਖਦੇ ਹਨ ਤੇ ਨੱਕ, ਹੱਥ, ਪਸੀਨਾ ਪੂੰਝਣ ਜਾਂ ਛਿੱਕ, ਖੰਘ, ਉਬਾਸੀ ਆਉਣ 'ਤੇ ਮੂੰਹ ਢਕਣ ਲਈ ਬੜੀ ਨਜ਼ਾਕਤ ਨਾਲ ਇਸ ਦੀ ਵਰਤੋਂ ਕਰਦੇ ਹਨ। ਸਾਦੇ ਤੋਂ ਸਾਦਾ ਰੁਮਾਲ ਇੱਕ ਛੋਟਾ ਜਿਹਾ ਚੌਰਸ ਕੱਪੜੇ ਦਾ ਟੁਕੜਾ ਹੀ ਤਾਂ ਹੈ, ਜਿਸ ਨੂੰ ਚਾਰੇ ਪਾਸਿਓਂ ਸੂਈ ਜਾਂ ਸਿਲਾਈ ਮਸ਼ੀਨ ਨਾਲ ਲੇੜ੍ਹਿਆ ਹੁੰਦਾ ਹੈ। ਮੁਢਲੇ ਤੌਰ 'ਤੇ ਇਸ ਦੀ ਵਰਤੋਂ ਹੱਥ ਪੂੰਝਣਾ ਹੀ ਰਹੀ ਹੋਵੇਗੀ। ਸਮੇਂ ਨਾਲ ਕੋਈ ਵੀ ਮਨੁੱਖੀ ਉਤਪਾਦ ਬਹੁ-ਉਪਯੋਗੀ ਹੋ ਜਾਂਦਾ ਹੈ ਤੇ ਹੌਲੀ ਹੌਲੀ ਠਾਠ-ਬਾਠ ਦੀ ਨਿਸ਼ਾਨੀ ਤੇ ਕਲਾ ਦਾ ਨਮੂਨਾ ਵੀ ਬਣਨ ਲਗਦਾ ਹੈ। ਹੱਥ ਪੂੰਝਣ ਲਈ ਬਣਿਆ ਰੁਮਾਲ ਲਗਾਤਾਰ ਆਪਣਾ ਭੇਸ ਤੇ ਭੂਮਿਕਾ ਵਧਾਉਂਦਾ ਰਿਹਾ ਹੈ।

ਖਾਣ ਪੀਣ ਦੀਆਂ ਚੀਜ਼ਾਂ, ਖਾਸ ਤੌਰ 'ਤੇ ਪ੍ਰਸ਼ਾਦ ਢਕਣ ਲਈ ਆਮ ਹੀ ਰੁਮਾਲ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਮੇਰੇ ਜਿਹੇ ਮੋਨੇ ਸਿੱਖਾਂ ਨੂੰ ਗੁਰਦੁਆਰੇ ਵੜਨ ਸਮੇਂ ਪੱਗ ਦੀ ਥਾਂ ਰੁਮਾਲ ਨਾਲ ਸਿਰ ਢਕਣ ਦੀ ਇਜਾਜ਼ਤ ਹੈ। ਬਟੂਆ ਜਾਂ ਪਰਸ ਨਾ ਖਰੀਦ ਸਕਣ ਵਾਲੇ ਆਪਣੀ ਨਕਦੀ ਰੁਮਾਲ ਵਿਚ ਵਲੇਟ ਕੇ ਸਾੜ੍ਹੀ ਜਾਂ ਧੋਤੀ ਦੇ ਪੱਲੂ ਨਾਲ ਬੰਨ੍ਹ ਲੈਂਦੇ ਹਨ, ਜਦ ਕਿ ਪਰਦਾ ਕਰਦੀਆਂ ਔਰਤਾਂ ਰੁਮਾਲ ਆਪਣੇ ਬਟੂਏ ਵਿਚ ਪਾ ਕੇ ਰਖਦੀਆਂ ਹਨ। ਪਹਿਲਿਆਂ ਵਿਚ ਕਈ ਮਰਦ ਦੋਵੇਂ ਮੋਢਿਆਂ 'ਚ ਰੁਮਾਲ ਸੁੱਟ ਕੇ ਇਸ ਤੋਂ ਗੁਲੂਬੰਦ ਦਾ ਕੰਮ ਵੀ ਲੈਂਦੇ ਸਨ। ਜਵਾਨੀ ਵਿਚ ਪੈਂਦੇ ਰੁਮਾਂਸ ਦੇ ਦੌਰੇ ਦੌਰਾਨ ਰੁਮਾਲ ਪਿਆਰ ਦੀ ਨਿਸ਼ਾਨੀ ਵਜੋਂ ਵੀ ਵਟਾਏ ਜਾਂਦੇ ਹਨ।

ਸੱਗਾ-ਰੱਤਾ ਸਾਕਾਂ ਅਤੇ ਵੱਡੇ ਲੋਕਾਂ ਨੂੰ ਰੁਮਾਲ ਸਤਿਕਾਰ ਵਜੋਂ ਭੇਟ ਕੀਤੇ ਜਾਂਦੇ ਰਹੇ ਹਨ। ਰੁਮਾਲਾਂ ਤੋਂ ਦੂਰ ਤੱਕ ਸੈਨਤਾਂ ਸੁੱਟਣ ਦਾ ਕੰਮ ਵੀ ਲਿਆ ਜਾਣ ਲੱਗ ਪਿਆ। ਜਾਦੂਗਰ ਰੁਮਾਲ ਵਿਚ ਸਿੱਕਾ ਰੱਖ ਕੇ ਤੇ ਛੂਮੰਤਰ ਕਰਕੇ ਸਿੱਕਾ ਗਾਇਬ ਕਰ ਦਿੰਦੇ ਹਨ। ਠੱਗੀ ਠੋਰੀ ਦੇ ਜ਼ਮਾਨੇ ਵਿਚ ਠੱਗ ਰੁਮਾਲ ਦੇ ਵਿਚਕਾਰ ਸਿੱਕਾ ਲਪੇਟ ਕੇ ਆਪਣੇ ਸ਼ਿਕਾਰ ਨੂੰ ਗਲਾ ਘੁੱਟ ਕੇ ਮਾਰ ਦਿੰਦੇ ਸਨ।

ਕਈ ਸ਼ੌਕੀਨ ਗੱਭਰੂਆਂ ਦੀਆਂ ਜੇਬਾਂ ਵਿਚੋਂ ਰੰਗ ਬਰੰਗੇ ਤੇ ਕੀਮਤੀ ਰੁਮਾਲਾਂ ਦੇ ਤਿਕੋਣੇ ਸਿਰੇ ਬਾਹਰ ਝਾਕਦੇ ਦਿਸ ਪੈਂਦੇ ਹਨ। ਤੂੰਬੀ ਨਾਲ



ਗਾਉਣ ਵਾਲੇ ਤੂੰਬੀ ਨਾਲ ਰੁਮਾਲ ਬੰਨ੍ਹ ਕੇ ਇਸ ਨੂੰ ਸ਼ਿੰਗਾਰ ਕੇ ਇਸ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਹਿੰਦੂ ਘਰਾਂ ਵਿਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਆਸਣ 'ਤੇ ਬਿਠਾਉਣ ਵੇਲੇ ਰੁਮਾਲ ਤੋਂ ਇੱਕ ਪਰਦੇ ਦਾ ਕੰਮ ਵੀ ਲਿਆ ਜਾਂਦਾ ਹੈ। ਇਸ ਨੇ ਰੁਮਾਲਾ (ਸਾਹਿਬ) ਦਾ ਰੂਪ ਧਾਰਨ ਕਰਕੇ ਲਗਭਗ ਇਹੀ ਧਾਰਮਕ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਕਰਨਾ ਸ਼ੁਰੂ ਕਰ ਦਿੱਤਾ।

ਸਿੱਖ ਰਹਿਤ ਮਰਿਆਦਾ ਅਨੁਸਾਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ।' ਕਹਿਣਾ ਹੋਵੇਗਾ ਕਿ ਅਜੋਕੇ ਭੇਡਚਾਲੀ ਯੁੱਗ ਵਿਚ ਰੁਮਾਲੇ ਦੀ ਖੂਬ ਬੇਕਦਰੀ ਵੀ ਹੋਣ ਲੱਗੀ ਹੈ। ਸਾਡੇ ਸ਼ਹਿਰ ਵਾਲੇ ਗੁਰਦੁਆਰੇ ਦੇ ਭਾਈ ਮੂੰਹੋਂ ਮੈਂ ਸੰਗਤਾਂ ਨੂੰ ਬੇਨਤੀਆਂ ਕਰਦਿਆਂ ਸੁਣਿਆ ਕਿ ਕਿਰਪਾ ਕਰਕੇ ਰੁਮਾਲੇ ਨਾ ਭੇਟ ਕਰਿਆ ਕਰੋ, ਸਾਨੂੰ ਇਹ ਗਾਰਬੇਜ ਕਰਨੇ ਪੈਂਦੇ ਹਨ।

ਇਕ ਦੰਦ ਕਥਾ ਅਨੁਸਾਰ ਬੇਬੇ ਨਾਨਕੀ ਨੇ ਬਾਬੇ ਨਾਨਕ ਦੇ ਵਿਆਹ ਸਮੇਂ ਆਪਣੇ ਵੀਰੇ ਨੂੰ ਇਕ ਰੁਮਾਲ ਕੱਢ ਕੇ ਭੇਟ ਕੀਤਾ ਸੀ। ਕਹਿੰਦੇ ਹਨ, ਇਹ ਰੁਮਾਲ ਅਜੇ ਵੀ ਗੁਰਦਾਸਪੁਰ ਦੇ ਇਕ ਗੁਰਦੁਆਰੇ ਵਿਚ ਸੁਸ਼ੋਭਿਤ ਹੈ। ਸਿਰ 'ਤੇ ਪਹਿਨੇ ਜਾਂਦੇ ਰੁਮਾਲ ਨੂੰ ਰੁਮਾਲੀ ਕਿਹਾ ਜਾਂਦਾ ਹੈ। ਮੁਗਦਰ ਨੂੰ ਸਿਰ ਦੁਆਲੇ ਫੇਰਨ ਦੀ ਕਸਰਤ ਨੂੰ ਵੀ ਰੁਮਾਲੀ ਕਿਹਾ ਜਾਂਦਾ ਹੈ। ਅੱਜ ਕਲ੍ਹ ਰੁਮਾਲੀ ਰੋਟੀ ਵੀ ਖੂਬ ਖਾਧੀ ਜਾਣ ਲੱਗੀ ਹੈ। ਇਸ ਦਾ ਅਰੰਭ ਮੁਗ਼ਲ ਕਾਲ ਤੋਂ ਹੋਇਆ ਦੱਸਿਆ ਜਾਂਦਾ ਹੈ। ਇਸ ਦੀ ਦੋ-ਤਿੰਨ ਤਰ੍ਹਾਂ ਵਿਆਖਿਆ ਕੀਤੀ ਜਾਂਦੀ ਹੈ। ਪਹਿਲੀ ਤਾਂ ਇਹੀ ਕਿ ਇਹ ਰੋਟੀ ਪਤਲੀ ਤੇ ਤਹਿਆਂ ਵਾਲੀ ਮੁਚਕੜੀ ਜਿਹੀ ਹੋਣ ਕਰਕੇ ਇਸ ਦੀ ਸ਼ਕਲ ਰੁਮਾਲ ਨਾਲ ਮਿਲਦੀ ਹੈ। ਇਕ ਹੋਰ ਮਨੌਤ ਅਨੁਸਾਰ ਇਹ ਪਹਿਲਾਂ ਪਹਿਲ ਖਾਣ ਲਈ ਨਹੀਂ, ਸਗੋਂ ਥਿੰਦੇ ਹੱਥ ਪੂੰਝਣ ਲਈ ਬਣਾਈ ਜਾਂਦੀ ਸੀ। ਇਕ ਪਕਵਾਨ-ਮਾਹਰ ਅਨੁਸਾਰ ਮੁਗ਼ਲਾਂ ਵੇਲੇ ਮੈਦੇ ਦੀ ਬਣੀ ਰੁਮਾਲੀ ਰੋਟੀ ਤਵਾ ਪੂੰਝਣ ਦੇ ਕੰਮ ਆਉਂਦੀ ਸੀ। ਸ਼ਾਇਦ ਮਾਹਰ ਦੀ ਰਾਇ ਮੰਨਣ ਯੋਗ ਹੈ।

ਸੂਤੀ ਕੱਪੜੇ ਤੋਂ ਸ਼ੁਰੂ ਹੋ ਕੇ ਸਮੇਂ ਨਾਲ ਰੁਮਾਲ ਵੱਡੇ, ਛੋਟੇ ਅਤੇ ਰੇਸ਼ਮ ਜਾਂ ਟਸਰ ਜਿਹੇ ਕੀਮਤੀ ਕੱਪੜੇ ਦੇ ਬਣਨ ਲੱਗੇ। ਘਰਾਂ ਦੀ ਚਾਰਦੀਵਾਰੀ ਵਿਚ ਸਿਮਟੀਆਂ ਮੁਟਿਆਰਾਂ ਨੇ ਫੁਲਕਾਰੀ, ਸੁਭਰ ਆਦਿ ਵਾਂਗ ਇਸ ਉਤੇ ਕਢਾਈ ਦੇ ਜੌਹਰ ਦਿਖਾਉਣੇ ਸ਼ੁਰੂ ਕਰ ਦਿੱਤੇ ਤੇ ਇਸ ਕਲਾ ਨੂੰ ਸਿਰੇ 'ਤੇ ਪਹੁੰਚਾਇਆ। ਮਾਨੋਂ ਉਹ ਅਨੇਕਾਂ ਤਰ੍ਹਾਂ ਦੇ ਫੁੱਲ ਬੂਟੇ ਪਾ ਕੇ ਆਪਣੀਆਂ ਰੀਝਾਂ ਉਮੰਗਾਂ ਦੀ ਬੁਣਾਈ ਕਰਦੀਆਂ ਰਹੀਆਂ ਹਨ।

ਪੁਰਾਣੇ ਪੰਜਾਬ ਵਿਚ 'ਚੰਬਾ ਰੁਮਾਲ' ਵਜੋਂ ਜਾਣੇ ਜਾਂਦੇ ਕਾਂਗੜੇ ਜਿਲੇ ਦੇ ਰੁਮਾਲ ਆਪਣੀ ਕਲਾ-ਕੌਸ਼ਲਤਾ ਕਾਰਨ ਦੂਰ ਦੂਰ ਤੱਕ ਪ੍ਰਸਿੱਧ ਸਨ। ਇਥੋਂ ਦੇ ਪਹਾੜੀ ਰਾਜਿਆਂ ਨੇ ਇਸ ਕਲਾ ਦੀ ਖੂਬ ਸਰਪ੍ਰਸਤੀ ਕੀਤੀ। ਰੁਮਾਲ ਦੇ ਧਾਗਿਆਂ ਦੇ ਰੰਗ ਜਿਉਂਦੇ ਜਾਗਦੇ ਅਤੇ ਭੜਕੀਲੇ ਹੁੰਦੇ ਹਨ। ਇਸ ਵਿਚ ਕਾਂਗੜੇ ਦੀਆਂ ਔਰਤਾਂ ਫੁੱਲ, ਬੂਟਿਆਂ, ਜਨੌਰਾਂ ਤੋਂ ਇਲਾਵਾ ਰਮਾਇਣ, ਮਹਾਂਭਾਰਤ ਤੇ ਪੌਰਾਣਕ ਕਥਾਵਾਂ ਦੇ ਪ੍ਰਸਿਧ ਦ੍ਰਿਸ਼ ਵੀ ਕੱਢ ਦਿੰਦੀਆਂ ਸਨ। ਅਜਿਹਾ ਹੀ ਇਕ ਦਸ ਫੁੱਟਾ ਰੁਮਾਲ ਵਿਕਟੋਰੀਆ ਐਂਡ ਐਲਬਰਟ ਮਿਊਜ਼ੀਅਮ, ਲੰਡਨ ਦੀ ਦੀਵਾਰ 'ਤੇ ਨੁਮਾਇਸ਼ ਵਜੋਂ ਲਟਕਾਇਆ ਗਿਆ ਹੈ। 17ਵੀਂ-18ਵੀਂ ਸਦੀ ਦੌਰਾਨ ਕਈ ਵਪਾਰਕ ਅੰਗਰੇਜ਼ੀ ਲਿਖਤਾਂ ਵਿਚ ਹੈਂਕਰਚੀਫ ਰੁਮਾਲ ਕੌਟਨੀ, ਟਾਵਲ ਰੁਮੇਲ, ਰੁਮਾਲਜ਼ ਕਰਜ, ਰੋਮਾਲਜ਼, ਬੰਗਾਲ ਔਰਡੀਨਰੀ ਜਿਹੀਆਂ ਵਪਾਰਕ ਵਸਤਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ 'ਚ ਰੁਮਾਲ ਸ਼ਬਦ ਤਾਂ ਸਪੱਸ਼ਟ ਝਲਕਦਾ ਹੈ, ਪਰ ਹੋਰ ਮਤਲਬ ਸਮਝ ਨਹੀਂ ਪੈਂਦਾ।

ਪੰਜਾਬ ਤੇ ਹੋਰ ਭਾਰਤੀ ਖਿੱਤਿਆਂ ਵਿਚ ਰੁਮਾਲ ਇਰਾਨ ਦੀ ਧਰਤੀ ਤੋਂ ਆਇਆ ਹੈ। ਅਸਲ ਵਿਚ ਤਾਂ ਇਰਾਨ ਪੰਜਾਬ ਇੱਕ ਵਿਸ਼ਾਲ ਸੰਯੁਕਤ ਖਿੱਤਾ ਹੀ ਹੈ। ਕਈ ਹਾਲਤਾਂ ਵਿਚ ਨਿਰਨਾ ਨਹੀਂ ਕੀਤਾ ਜਾ ਸਕਦਾ ਕਿ ਕੀ ਕਿਥੋਂ ਸ਼ੁਰੂ ਹੋਇਆ? ਕਸੀਦਾਕਾਰੀ ਦਾ ਕੰਮ ਇਸ ਖਿੱਤੇ ਵਿਚ ਖੂਬ ਹੁੰਦਾ ਰਿਹਾ ਹੈ। ਫਾਰਸੀ ਗੁਲਕਾਰੀ ਤੇ ਪੰਜਾਬੀ ਫੁਲਕਾਰੀ ਕੰਮ ਅਤੇ ਸ਼ਬਦ ਵਜੋਂ ਇਕੋ ਪਾਸੇ ਸੰਕੇਤ ਕਰਦੇ ਹਨ। ਬਾਗ ਫਾਰਸੀ ਸ਼ਬਦ ਹੈ ਤੇ ਇਸ ਕਲਾ ਦਾ ਸਬੰਧ ਵੀ ਇਰਾਨ ਤੇ ਪੰਜਾਬ-ਦੋਹਾਂ ਵਿਚ ਖੂਬ ਰਿਹਾ ਹੈ। ਸਮੇਂ ਨਾਲ ਦੂਰ ਦੇਸ਼ਾਂ ਵਿਚ ਵਿਕਸਿਤ ਹੁੰਦੀਆਂ ਸ਼ੈਲੀਆਂ ਵਿਚ ਫਰਕ ਪੈ ਜਾਂਦਾ ਹੈ। ਰੁਮਾਲ ਸ਼ਬਦ ਵੀ ਮੁਢਲੇ ਤੌਰ 'ਤੇ ਫਾਰਸੀ ਦਾ ਹੈ। ਇਹ ਬਣਿਆ ਹੈ, ਰੂ+ਮਾਲ ਤੋਂ। ਫਾਰਸੀ ਵਿਚ ਇਸ ਦਾ ਉਚਾਰਨ ਵੀ ਰੂਮਾਲ ਹੀ ਹੈ। ਫਾਰਸੀ ਸ਼ਬਦ ਰੂ ਦਾ ਮਾਅਨਾ ਚਿਹਰਾ ਤੇ ਮਾਲ ਦਾ ਮਾਅਨਾ ਪੂੰਝਣਾ ਹੁੰਦਾ ਹੈ। ਇਸ ਤਰ੍ਹਾਂ ਇਸ ਸ਼ਬਦ ਵਿਚ ਮੂੰਹ ਪੂੰਝਣ ਦੇ ਭਾਵ ਹੀ ਉਜਾਗਰ ਹੁੰਦੇ ਹਨ। ਮਾਲ ਸ਼ਬਦ ਮਲਣ ਨਾਲ ਸਬੰਧਤ ਹੈ। ਚਿਹਰਾ ਦੇ ਅਰਥ ਵਾਲੇ ਫਾਰਸੀ ਸ਼ਬਦ 'ਰੂ' ਤੋਂ ਬਣੇ ਕੁਝ ਸਮਾਸੀ ਸ਼ਬਦ ਪੰਜਾਬੀ ਵਿਚ ਵੀ ਪ੍ਰਚਲਿਤ ਹਨ, ਜਿਵੇਂ ਰੂਬਰੂ ਦਾ ਸ਼ਾਬਦਿਕ ਅਰਥ ਆਹਮੋ ਸਾਹਮਣੇ ਮੂੰਹ ਹੈ; ਰੂਪੋਸ਼ ਦਾ ਸ਼ਾਬਦਿਕ ਅਰਥ 'ਮੂੰਹ ਛੁਪਾਉਣਾ' ਹੈ।

ਫਾਰਸੀ ਵਿਚ ਰੁਮਾਲ ਲਈ ਦਸਤਮਾਲ ਸ਼ਬਦ ਵੀ ਵਰਤਿਆ ਜਾਂਦਾ ਹੈ, ਜੋ ਇਸ ਦੇ ਮਕਸਦ ਨੂੰ ਹੋਰ ਸੀਮਤ ਕਰਨ ਦਾ ਉਪਰਾਲਾ ਹੈ। ਫਾਰਸੀ ਦਸਤ ਦਾ ਅਰਥ 'ਹੱਥ' ਹੈ, ਜੋ ਇਸ ਦਾ ਸਜਾਤੀ ਵੀ ਹੈ। ਮਰਾਠੀ ਵਿਚ ਵੀ ਹਾਤਰੁਮਾਲ ਸ਼ਬਦ ਮਿਲਦਾ ਹੈ। ਅੰਗਰੇਜ਼ੀ ਵਿਚ ਰੁਮਾਲ ਲਈ ਔਖਾ ਜਿਹਾ ਸ਼ਬਦ handkerchief ਹੈ, ਜਿਸ ਨੂੰ ਮੁੱਖ ਸੁੱਖ ਕਰਕੇ ਕੇ ਹੈਂਕੀ ਬਣਾ ਲਿਆ ਗਿਆ ਹੈ। ਇਸ ਸ਼ਬਦ ਵਿਚ ਬੋਲਦਾ hand ਦਰਸਾਉਂਦਾ ਹੈ ਕਿ ਇਹ ਹੱਥ ਦੇ ਕੰਮ ਆਉਣ ਵਾਲੀ ਚੀਜ਼ ਹੀ ਹੈ; ਅੱਗੇ ਲਗਦਾ kerchief ਸ਼ਬਦ ਵੀ ਰੁਮਾਲ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਰਿਹਾ ਹੈ, ਪਰ ਇਸ ਦਾ ਸ਼ਾਬਦਿਕ ਅਰਥ 'ਸਿਰ ਨੂੰ ਢਕਣ ਵਾਲਾ' ਹੈ। ਇਹ ਫਰਾਂਸੀਸੀ ਸ਼ਬਦ Kovrechief ਤੋਂ ਵਿਗੜ ਕੇ ਬਣਿਆ ਹੈ। Kovre ਤਾਂ ਅੰਗਰੇਜ਼ੀ cover ਵਾਲਾ ਹੀ ਹੈ, ਜਿਸ ਦਾ ਅਰਥ ਢੱਕਣ ਹੈ ਤੇ chief ਦਾ ਅਰਥ ਸਿਰ ਹੁੰਦਾ ਹੈ। ਇਨ੍ਹਾਂ ਸ਼ਬਦਾਂ ਦੀ ਹੋਰ ਵਿਆਖਿਆ ਫਿਰ ਕਦੇ ਕਰਾਂਗੇ, ਪਰ ਹਾਲ ਦੀ ਘੜੀ ਮੈਂ ਇਹ ਦਰਸਾਉਣਾ ਚਾਹੁੰਦਾ ਸਾਂ ਕਿ ਸ਼ਬਦ ਬਦਲਦੇ ਬਦਲਦੇ ਅਜਿਹਾ ਰੂਪ ਧਾਰ ਲੈਂਦੇ ਹਨ ਕਿ ਉਨ੍ਹਾਂ ਦਾ ਜੇ ਸ਼ਾਬਦਿਕ ਅਰਥ ਕਰਨ ਲੱਗੀਏ ਤਾਂ ਬੜੇ ਅਟਪਟੇ ਜਿਹੇ ਅਰਥ ਨਿਕਲਣ ਲੱਗਣਗੇ। ਜ਼ਰਾ ਦੇਖੋ handkerchief ਦਾ ਸ਼ਾਬਦਿਕ ਅਰਥ ਬਣਦਾ ਹੈ, ਹੱਥ ਪੂੰਝਣ ਵਾਲਾ ਸਿਰ ਦਾ ਢੱਕਣ! kerchief ਦੇ ਉਰੇ hand ਲਾਉਣ ਵਾਲੇ ਪਹਿਲੇ ਵਿਅਕਤੀ ਨੂੰ ਕੀ ਪਤਾ ਸੀ ਕਿ ਕਰਚੀਫ ਸ਼ਬਦ ਵਿਚ ਕੀ ਛੁਪਿਆ ਪਿਆ ਹੈ।

ਵਾਰਸ ਸ਼ਾਹ ਦੀ ਹੀਰ ਵਿਚ ਜਿਨ੍ਹਾਂ ਪੰਜਾਂ ਪੀਰਾਂ ਨੇ ਰਾਂਝੇ ਨੂੰ ਬਖਸ਼ਿਸ਼ ਦਿੱਤੀ ਸੀ, ਉਨ੍ਹਾਂ ਵਿਚੋਂ ਇੱਕ ਨੇ ਰੁਮਾਲ ਬਖਸ਼ਿਆ ਸੀ,

ਤੁਰਾ ਖਿਜ਼ਰ ਰੁਮਾਲ ਸ਼ੱਕਰ ਗੰਜ ਦਿੱਤਾ
ਅਤੇ ਮੁੰਦਰੀ ਲਾਲ ਸ਼ਹਿਬਾਜ਼ ਨੂਰੀ।
ਖੰਜਰ ਸਈਅੱਦ ਜਲਾਲ ਬੁਖਾਰੀਏ ਨੇ
ਖੂੰਡੀ ਜ਼ਕਰੀਏ ਪੀਰ ਨੇ ਹਿੱਕ ਬੂਰੀ।

# ਯਾਦਵਿੰਦਰ ਕਰਫਿਊ ਦੀ ਪੁਸਤਕ 'ਕਿਹੜਾ ਪੰਜਾਬ'

'ਕਿਹੜਾ ਪੰਜਾਬ' ਪੁਸਤਕ ਮੈਨੂੰ ਉਸੈਨ ਬੋਲਟ ਦੀ 'ਸਪਰਿੰਟ' ਜਿਹੀ ਲੱਗੀ, ਨਵਾਂ ਰਿਕਾਰਡ ਸਿਰਜਦੀ; ਫਲਾਈਂਗ ਸਿੱਖ ਮਿਲਖਾ ਸਿੰਘ ਦੀ ਦੌੜ ਜਿਹੀ, ਤੇਜ਼-ਤਰਾਰ ਤੇ ਲਿਸ਼ਕਾਰੇ ਜਿਹੀ। ਪੁਸਤਕ ਬਾਰੇ ਪੁਸਤਕ ਦੀ ਸ਼ੈਲੀ 'ਚ ਹੀ ਗੱਲ ਕਰਨੀ ਬਣਦੀ ਹੈ। ਪਾਤਰ ਨੇ ਇਸ ਪੁਸਤਕ ਬਾਰੇ ਕਿਹਾ, "ਪੱਤਰਕਾਰੀ ਜਿਹੀ ਸਾਹਿਤਕਾਰੀ, ਸਾਹਿਤਕਾਰੀ ਜਿਹੀ ਪੱਤਰਕਾਰੀ। ਮੇਰੀ ਸਮਝ ਮੁਤਾਬਿਕ ਪੰਜਾਬੀ ਦੀ ਇਹ ਅਜਿਹੀ ਪੁਸਤਕ

ਪ੍ਰਿੰ. ਸਰਵਣ ਸਿੰਘ


ਹੈ, ਜਿਸ ਨੂੰ ਪੱਤਰਕਾਰੀ ਦਾ ਮਸਾਲੇਦਾਰ ਤੜਕਾ ਲੱਗਾ ਹੋਇਐ; ਤੇ ਤੜਕਾ ਵੀ ਨਿੰਮ ਦੇ ਘੋਟਣੇ ਨਾਲ ਕੂੰਡੇ 'ਚ ਰਗੜੇ ਮਸਾਲੇ ਜਿਹਾ, ਜਿਸ ਨਾਲ ਸਾਰਾ ਅਗਵਾੜ ਮਹਿਕ ਉੱਠੇ। ਕਿਆ ਬਾਤਾਂ ਧਨੌਲੇ ਵਾਲੇ 'ਕਲਫੂ' ਦੀਆਂ!"

ਪੁਸਤਕ ਪੜ੍ਹ ਕੇ ਈ ਪਤਾ ਲੱਗਾ ਪਈ ਯਾਦਵਿੰਦਰ ਨੇ ਆਪਣੇ ਨਾਂ ਨਾਲ 'ਕਰਫਿਊ' ਐਵੇਂ ਨਹੀਂ ਲਾਇਆ। ਉਹ 3 ਜੂਨ 1984 ਨੂੰ ਭੀਖੀ ਲਾਗੇ ਆਪਣੇ ਨਾਨਕੇ ਪਿੰਡ ਗੁੜਥੜੀ 'ਚ ਜੰਮਣ ਲੱਗਾ ਤਾਂ ਸਾਰੇ ਪੰਜਾਬ ਵਿਚ ਕਰਫਿਊ ਲਾ ਦਿੱਤਾ ਗਿਆ। ਪਿੰਡਾਂ 'ਚ ਹੋਕੇ ਦੁਆ ਦਿੱਤੇ ਬਈ ਕੋਈ ਘਰੋਂ ਬਾਹਰ ਨਾ ਨਿਕਲੇ। ਸੱਥ 'ਚ ਨਾ ਜਾਵੇ। ਸਰਕਾਰ ਵੱਲੋਂ ਗੋਲੀ ਦਾ ਹੁਕਮ ਹੈ। ਸ਼ੁਕਰ ਹੈ, ਉਹਦੇ ਜਨਮ ਲੈਣ ਉਤੇ ਕਰਫਿਊ ਨਾ ਲਾਇਆ ਗਿਆ, ਜਿਸ ਕਰਕੇ ਉਸ ਨੂੰ ਜੰਮਣ ਦੇ ਦਿੱਤਾ ਗਿਆ। ਚਾਰ ਚੁਫੇਰੇ ਕਰਫਿਊ-ਕਰਫਿਊ ਹੋਣ ਕਰਕੇ ਨਾਨੇ ਨੇ ਉਹਦਾ ਕੱਚਾ ਨਾਂ ਹੀ 'ਕਰਫਿਊ' ਰੱਖ ਦਿੱਤਾ, ਜੋ ਜੱਦੀ ਪਿੰਡ ਧਨੌਲੇ ਵਾਲਿਆਂ ਨੇ 'ਕਲਫੂ' ਕਰ ਲਿਆ। ਯਾਦਵਿੰਦਰ ਨੇ ਲਿਖਿਆ, "ਬੱਸ ਏਨੀ ਕੁ ਕਹਾਣੀ ਹੈ ਮੇਰੇ 'ਕਰਫਿਊ' ਹੋਣ ਦੀ। ਘਰ 'ਚ ਮੈਨੂੰ ਕੋਈ 'ਕਰਫਿਊ' ਨਹੀਂ ਕਹਿੰਦਾ, ਪਰ ਬਾਹਰ ਬਹੁਤ ਸਾਰੇ ਲੋਕ ਕਹਿੰਦੇ ਹਨ। 'ਪਿੰਡ ਆਲੇ' ਅਜੇ ਵੀ ਦੋ ਪੈਗ ਲਾ ਕੇ 'ਕਲਫੂ ਕਲਫੂ' ਕਹਿ ਕੇ ਹੀ ਬੁਲਾਉਂਦੇ ਹਨ।"

ਜਦੋਂ ਪੁਸਤਕ ਮੇਰੇ ਕੋਲ ਪਹੁੰਚੀ ਤਾਂ ਘਰ ਦੇ ਪੁੱਛਣ ਲੱਗੇ, ਆਹ ਕੰਵਲ ਬਾਰੇ ਕੋਈ ਨਵੀਂ ਪੁਸਤਕ ਛਪੀ ਐ? ਟਾਈਟਲ ਉਤੇ ਲਾਈ ਤਸਵੀਰ ਜਸਵੰਤ ਸਿੰਘ ਕੰਵਲ ਦਾ ਭੁਲੇਖਾ ਪਾ ਰਹੀ ਸੀ। ਉਹੋ ਜਿਹਾ ਪਤਲਾ ਜੁੱਸਾ, ਉਹੋ ਜਿਹੀ ਦਾੜ੍ਹੀ ਤੇ ਉਹੋ ਜਿਹੀ ਪੱਗ। ਤਸਵੀਰ ਬਾਰੇ ਯਾਦਵਿੰਦਰ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ, ਇਹ ਅਨੰਦਪੁਰ ਸਾਹਿਬ ਦੇ ਮੋਚੀ ਮਹਿੰਦਰ ਸਿੰਘ ਦੀ ਹੈ, ਜੋ ਪਹਿਲਾਂ ਜੁੱਤੀਆਂ ਬਣਾਉਂਦਾ ਸੀ। ਜਦੋਂ ਦਾ ਘਰੋਂ ਕੱਢਿਆ, ਉਦੋਂ ਤੋਂ ਉਹ ਰੱਸੀਆਂ ਵੱਟਣ ਲੱਗ ਪਿਆ, ਪਈ ਪਤਾ ਨਹੀਂ ਬੇਵਸੀ 'ਚ ਕਦੋਂ ਫਾਹਾ ਲੈਣਾ ਪੈ ਜਾਵੇ? ਅੱਖਾਂ 'ਚੋਂ ਬੇਵਸੀ ਸਾਫ ਝਲਕਦੀ ਹੈ। ਕਹਿੰਦੇ ਹਨ, ਲੋੜ ਕਾਢ ਦੀ ਮਾਂ ਹੁੰਦੀ ਹੈ। ਪੰਜਾਬੀਆਂ ਨੂੰ ਹੁਣ ਹੰਢਣਸਾਰ ਜੁੱਤੀਆਂ ਦੀ ਨਹੀਂ, ਫਾਹੀਆਂ ਲੈਣ ਲਈ ਰੱਸੀਆਂ ਦੀ ਲੋੜ ਹੈ!

ਪੁਸਤਕ ਦੇ ਕੁਝ ਅੰਸ਼ ਹਨ: 'ਯਤੀਮ' ਹੋਇਆ ਪੰਜਾਬ ਅੱਜ ਸਭ ਵੱਲ ਵੇਖ ਰਿਹਾ ਹੈ। ਸਿਆਸੀ ਜਮਾਤਾਂ ਆਪਣੇ ਮੁਫਾਦ ਤੋਂ ਅੱਗੇ ਨਹੀਂ ਵੇਖ ਰਹੀਆਂ। ਬੁੱਧੀਜੀਵੀਆਂ ਤੋਂ ਗੱਲ ਕਿਸੇ ਸਿਰੇ ਨਹੀਂ ਲੱਗ ਰਹੀ। ਰੂਹਾਨੀਅਤ ਦੀ ਧਾਰਾ 'ਤੇ ਮਸੰਦਾਂ ਦਾ ਕਬਜ਼ਾ ਹੈ। ਪੰਜਾਬ ਵਿਚਾਰਕ ਤੇ ਅਧਿਆਤਮਕ ਤੌਰ 'ਤੇ ਲੀਹੋਂ ਲਹਿ ਚੁਕਾ ਹੈ। ਇਹਨੇ ਨਸ਼ੇ ਤੇ ਪਰਵਾਸ-ਦੋ ਰਾਹ ਚੁਣੇ ਨੇ। ਦੋਹਾਂ ਲਈ 'ਉਡਣ' ਦਾ ਜਨੂੰਨ ਹੈ। ਇਕ ਜਹਾਜ ਭਰ ਕੇ ਉੱਡ ਜਾਂਦੇ ਤੇ ਦੂਜਾ ਨਸ਼ੇ/ਚਿੱਟੇ ਦਾ ਜਹਾਜ ਪੰਜਾਬ ਨੂੰ ਪੰਜਾਬ 'ਚ ਉਡਾਉਣ ਆ ਜਾਂਦੇ। ਲੇਖਕ ਆਖਦੈ: ਮੇਰੀ ਪੁਸਤਕ 'ਕਿਹੜਾ ਪੰਜਾਬ' ਮੇਰੀ ਬਤੌਰ ਪੰਜਾਬੀ, ਪੰਜਾਬ ਤੇ ਪੰਜਾਬੀਆਂ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਹੈ। ਆਓ, ਪੰਜਾਬ ਦੇ ਸਨਮੁੱਖ ਹੋ ਕੇ ਪੰਜਾਬ ਨਾਲ ਗੱਲਾਂ ਕਰੀਏ।

ਇਹ ਛੋਟੇ ਸਾਇਜ਼ ਦੀ ਸਿਰਫ ਸੌ ਕੁ ਸਫਿਆਂ ਦੀ ਪੁਸਤਕ ਹੈ, ਪਰ ਜਿੰਨੀ ਨਿੱਕੀ ਹੈ, ਓਨੀ ਹੀ ਤਿੱਖੀ। ਟਾਈਟਲ 'ਕਿਹੜਾ ਪੰਜਾਬ' ਨਾਲ ਕੋਈ ਪ੍ਰਸ਼ਨ ਚਿੰਨ੍ਹ ਨਹੀਂ ਲਾਇਆ, ਪਰ ਸਾਰੀ ਪੁਸਤਕ ਸਵਾਲ-ਦਰ-ਸਵਾਲ ਉਠਾ ਰਹੀ ਹੈ। ਪੁਸਤਕ ਪੜ੍ਹ ਕੇ ਗੁਰਬਚਨ ਲਿਖਦਾ ਹੈ, "ਪੰਜਾਬ ਹੁਣ ਕਿਸੇ ਦਾ ਨਹੀਂ ਰਿਹਾ। ਇਹਨੂੰ ਸੰਭਾਲਣ ਵਾਲੇ




ਪੱਕੀ ਫਤਿਹ ਬੁਲਾ ਕੇ ਪਰਾਈਆਂ ਧਰਤੀਆਂ ਵੱਲ ਵਗਦੇ ਜਾ ਰਹੇ ਹਨ।" ਸ਼ਮੀਲ ਕਹਿੰਦਾ ਹੈ, "ਯਾਦਵਿੰਦਰ ਦਾ ਸਬੰਧ ਚੁਰਾਸੀ ਵਿਚ ਪੈਦਾ ਹੋਈ ਪੰਜਾਬ ਦੀ ਉਸ ਪੀੜ੍ਹੀ ਨਾਲ ਹੈ, ਜਿਸ 'ਚ ਪੰਜਾਬ ਨੂੰ ਚੁਰਾਸੀ ਦੇ ਗੇੜ 'ਚੋਂ ਕੱਢਣ ਦੇ ਬੀਜ ਵੀ ਹਨ।"

ਅਮਰਜੀਤ ਚੰਦਨ ਆਖਦਾ ਹੈ, "ਇਹ ਉਹ ਪੰਜਾਬ ਹੈ, ਜੋ ਵਿਸ਼ਵ ਕਾਰਪੋਰੇਟ ਪੂੰਜੀਵਾਦ ਦੀ ਜਕੜ ਵਿਚ ਗਰਕ ਰਿਹਾ ਹੈ; ਉਹ ਪੰਜਾਬ, ਜੋ ਭਗਵੇਂ-ਨੀਲੇ-ਚਿੱਟੇ ਗੈਂਗਸਟਰ ਹੁਕਮਰਾਨਾਂ ਦਾ ਨਸ਼ੇੜੀ ਕੀਤਾ ਕਰਜ਼ਿਆਂ ਦੀ ਸੂਲੀ ਟੰਗਿਆ ਲਟਕ ਰਿਹਾ ਹੈ। ਪੱਤਰਕਾਰ ਹੋਣ ਕਰਕੇ ਯਾਦਵਿੰਦਰ ਸ਼ੀਂਹ ਰਾਜਿਆਂ ਦੇ ਅੰਦਰਲੇ ਕੂੜ ਦਾ ਭੇਤੀ ਹੈ। ਇਹ ਭੇਤ ਉਸ ਨੇ ਇਸ ਪੁਸਤਕ ਵਿਚ ਪਾਠਕ ਦੇ ਕੋਲ ਬਹਿ ਕੇ ਦੱਸੇ ਹਨ। ਸੁਰਜੀਤ ਪਾਤਰ ਅਨੁਸਾਰ ਇਸ ਛੋਟੀ ਜਿਹੀ ਪੁਸਤਕ ਵਿਚ ਪੰਜਾਬ ਤੇ ਭਾਰਤ ਦਾ ਹਾਲ ਚਾਲ ਹੈ, ਰੂਹਾਨੀ ਰਾਜ਼ੀ ਖੁਸ਼ੀ ਹੈ-ਰਸਿਕ ਤੇ ਰੋਹੀਲੇ ਨੌਜਵਾਨ ਦੀ ਲਿਖੀ ਹੋਈ। ਇਸ ਵਿਚ ਡਾ. ਅੰਬੇਦਕਰ ਦਾ ਬੁੱਤ ਵੀ ਹੈ, ਸੰਤ ਸੀਚੇਵਾਲ ਵੀ; ਬੋਧੀ ਵਿਹਾਰ ਦਾ ਸਿੱਖ ਭਿਖਸ਼ੂ ਵੀ, ਖੇਤਾਂ ਦੀਆਂ ਖੁਦਕੁਸ਼ੀਆਂ ਵੀ; ਲਹੌਰੀਏ ਵੀ, ਲੰਚ ਬੌਕਸ ਵੀ; ਚਿੱਟਾ ਵੀ, ਲਾਲ ਉਤੇ ਨੀਲਾ ਦਾਗ ਵੀ; ਬੁੱਧ ਦੇ ਇਕੱਲ ਦਾ ਮਹਾਤਮ ਵੀ ਅਤੇ ਇਕੱਲ ਨਾਲ ਖੁਰਦਾ ਮਲਕੀਤ ਵੀ ਤੇ ਅਨਹਦ ਵਾਜਾ ਵੀ।

ਪੁਸਤਕ ਦਾ ਪਹਿਲਾ ਪੈਰਾ ਹੈ: ਪੰਜਾਬ ਬਿਮਾਰ ਹੈ। ਸਾਰ ਲੈਣ ਵਾਲਾ ਕੋਈ ਨਹੀਂ। ਲਹਿੰਦਾ ਤੇ ਚੜ੍ਹਦਾ ਪੰਜਾਬ ਇਕ ਦੂਜੇ ਨੂੰ ਆਪਣੀ ਹੋਣੀ 'ਤੇ ਸਵਾਲ ਕਰ ਰਹੇ ਹਨ। 'ਪਹਿਲੀ ਮੁਲਾਕਾਤ' ਪਿਛੋਂ ਵਿਛੜਿਆ 'ਪਰਵਾਸੀ ਪੰਜਾਬ' ਝੋਰੇ 'ਚ ਹੈ। ਹੁਣ ਸਭ ਦੇ ਆਪਣੇ-ਆਪਣੇ ਨਿੱਕੇ-ਨਿੱਕੇ ਪੰਜਾਬ ਹਨ, ਪਰ 'ਸਾਂਝਾ ਪੰਜਾਬ' ਰੋ ਰਿਹਾ ਹੈ। ਪੰਜਾਬ ਬੁਰੀ ਤਰ੍ਹਾਂ ਸਿਆਸੀ, ਸਮਾਜਕ, ਸੱਭਿਆਚਾਰਕ ਤੇ ਵਾਤਾਵਰਣ ਦੇ ਸੰਕਟ 'ਚ ਫਸਿਆ ਹੋਇਆ ਹੈ।

ਕਿਸੇ ਫਿਲਮ ਨਹੀਂ, ਕਿਸੇ ਸਾਹਿਤਕਾਰ ਨਾਵਲ ਦੇ ਟ੍ਰੇਲਰ ਜਿਹੀ ਇਸ ਪੁਸਤਕ ਦੇ ਪੰਜ ਅਧਿਆਏ ਹਨ-ਕੁਦਰਤ, ਜਵਾਨੀ, ਵਿਛੋੜਾ, ਸਿਆਸਤ ਤੇ ਕਲਾ। ਪੁਸਤਕ ਵਿਚ ਕਿਤੇ ਅਸੀਂ ਬਾਬੇ ਨਾਨਕ ਤੋਂ ਬਾਬੇ ਨਾਨਕ ਤੱਕ; ਕਿਤੇ ਪੰਜ ਪਾਣੀਆਂ ਤੋਂ ਮਾਰੂਥਲ ਹੋਣ ਦੀ ਗਾਥਾ, ਕਿਤੇ ਬਲਿਹਾਰੀ ਕੁਦਰਤ ਵੱਸਿਐ, ਕਿਤੇ ਖਾੜਕੂਆਂ ਜਿਹੇ ਗੈਂਗਸਟਰ ਤੇ ਗੈਂਗਸਟਰਾਂ ਜਿਹੇ ਖਾੜਕੂ; ਕਿਤੇ ਚਿੱਟੇ ਨਾਲ ਚਿੱਟਾ ਹੋਇਆ ਪੰਜਾਬ, ਕਿਤੇ ਸ਼ਿਫਟਾਂ ਵਿਚ ਭਟਕਦਾ ਪਰਵਾਸ, ਖੁਦਕੁਸ਼ੀਆਂ ਦੀ ਫਸਲ, ਰੱਬਾ ਹੁਣ ਕੀ ਕਰੀਏ, ਸਿਹਤ ਤੇ ਵਿਦਿਆ ਵਿਚਾਰੀ ਕਾਰਪੋਰੇਟ ਨੇ ਖਾ ਲਈ, ਕਿਤੇ ਲਾਲ ਸਿਆਸਤ ਤੇ ਨੀਲਾ ਦਾਗ ਅਤੇ ਕਿਤੇ ਕਲਾ ਦੀ ਸਦੀਵੀ ਪ੍ਰਸੰਗਿਕਤਾ ਬਾਰੇ ਪੜ੍ਹਦੇ ਹਾਂ। ਕਿਤੇ ਕਾਵਿ ਸਤਰਾਂ ਹਨ: ਰੁਖ ਬਦਲੇ ਹਵਾਵਾਂ ਦੇ, ਬੂੰਦ ਬੂੰਦ ਨੂੰ ਤਰਸ ਗਏ, ਅਸੀਂ ਪੁੱਤ ਦਰਿਆਵਾਂ ਦੇ...।

ਪੁੱਤਾਂ ਨਾਲ ਹੀ ਮਾਪੇ ਹੁੰਦੇ,
ਯਾਰ ਯਾਰਾਂ ਦੀਆਂ ਬਾਹਵਾਂ।
ਯਾਰਾਂ ਬਿਨ ਕੀ ਜੀਣਾ ਜੱਗ 'ਤੇ,
ਲੁੱਟੀਆਂ ਲੱਗਦੀਆਂ ਥਾਂਵਾਂ।
ਹਰ ਅੱਖ 'ਚੋਂ ਅੱਜ ਵਗਣ ਘਰਾਲਾਂ,
ਜਿਨ੍ਹਾਂ ਦਾ ਤੂੰ ਸੀ ਦਰਦੀ।
ਮੌਤ ਕਿਸੇ ਨਾਲ ਕਿਥੋਂ ਝੱਲਿਆ,
ਕਰਦੀ ਐ ਹਮਦਰਦੀ...।

ਪੁਸਤਕ ਦੋ'ਚ ਚਹੁੰ ਘੰਟਿਆਂ ਵਿਚ ਪੜ੍ਹੀ ਜਾਣ ਵਾਲੀ ਹੈ, ਜਿਸ ਕਰਕੇ ਸਲਾਹ ਹੈ ਖੁਦ ਹੀ ਪੜ੍ਹ/ਪੜ੍ਹਾ ਲਓ। ਇਸ ਵਿਚ ਲੇਖਕ ਦੀ ਪੱਤਰਕਾਰੀ ਦੀਆਂ ਨਿੱਜੀ ਛੋਹਾਂ ਹਨ। ਰੰਗ ਹਨ, ਰਸ ਹਨ, ਵਾਕ ਚੁਸਤ ਹਨ, ਮਲਵਈ ਛੋਹ ਵਾਲੀ ਰਲਵੀਂ ਮਿਲਵੀਂ ਸ਼ਬਦਾਵਲੀ ਤੇ ਦਿਲ ਦਿਮਾਗ ਨੂੰ ਟੁੰਬਣ ਵਾਲੀ ਸ਼ੈਲੀ ਹੈ। ਕਿਤੇ ਕਿਤੇ ਹੰਝੂ ਵਹਾਉਣ ਵਾਲਾ ਕਰੁਣਾਮਈ ਬਿਰਤਾਂਤ ਹੈ। ਬਹੁਤੀਆਂ ਸਿਫਤਾਂ ਕੀ ਕਰਨੀਆਂ, ਕਿਤੇ ਨਜ਼ਰ ਈ ਨਾ ਲੱਗ'ਜੇ!

ਪੁਸਤਕ 8 ਦਸੰਬਰ ਨੂੰ ਰਿਲੀਜ਼ ਹੋਈ ਸੀ ਤੇ 13 ਸੌ ਕਾਪੀਆਂ ਦੀ ਪਹਿਲੀ ਐਡੀਸ਼ਨ 18 ਦਸੰਬਰ ਤਕ ਹੱਥੋ-ਹੱਥ ਚਲੀ ਗਈ। ਹੁਣ ਦੂਜੀ ਪਰ ਵੱਡੀ ਐਡੀਸ਼ਨ ਦੀ ਉਡੀਕ ਹੈ। ਪੰਜਾਬੀ ਪੁਸਤਕਾਂ ਦੇ ਪ੍ਰਸੰਗ ਵਿਚ ਅਨੋਖਾ ਵਰਤਾਰਾ ਹੈ ਇਹ! ਪੰਜਾਬੀ ਦੇ ਬਹੁਤੇ ਅਜੋਕੇ ਲੇਖਕ/ਪ੍ਰਕਾਸ਼ਕ ਝੂਰਦੇ ਹਨ ਕਿ ਉਨ੍ਹਾਂ ਦੀਆਂ ਦੋ ਚਾਰ ਸੌ, ਹੱਦ ਪੰਜ ਸੌ ਕਾਪੀਆਂ ਦੀਆਂ ਐਡੀਸ਼ਨਾਂ ਵੀ ਪੰਜ ਪੰਜ ਸਾਲ ਲਮਕਦੀਆਂ ਰਹਿੰਦੀਆਂ ਹਨ। ਪਾਠਕ ਨਹੀਂ ਮਿਲਦੇ। ਜੇ ਇਹ ਪੁਸਤਕ ਦਿਹਾੜੀ ਦੀ ਸੌ ਕਾਪੀਆਂ ਨਿਕਲ ਰਹੀ ਹੈ ਤਾਂ ਸੰਭਾਵਨਾ ਸਾਲ 'ਚ ਲੱਖ ਕਾਪੀਆਂ ਨਿਕਲਣ ਦੀ ਵੀ ਹੋ ਸਕਦੀ ਹੈ। ਹੁਣ ਦੋ ਸੌ ਦੀ ਹੈ, ਦੂਜੀ ਪੇਪਰ ਬੈਕ ਐਡੀਸ਼ਨ ਸੌ ਦੀ ਹੋ ਸਕਦੀ ਹੈ। ਪੰਜਾਬੀ ਪਾਠਕ ਪੰਜਾਬੀ ਦੇ ਲੱਖਾਂ ਅਖਬਾਰ ਰੋਜ਼ਾਨਾ ਖਰੀਦ ਤੇ ਪੜ੍ਹ ਰਹੇ ਹਨ। ਪੜ੍ਹਨਯੋਗ ਪੁਸਤਕ ਉਹ ਕਿਉਂ ਨਹੀਂ ਖਰੀਦਣਗੇ ਤੇ ਪੜ੍ਹਨਗੇ?

# ਜਬੀਨ ਜਲੀਲ ਦਾ ਜਾਦੂ





ਪੰਜਾਹਵੇਂ ਦਹਾਕੇ 'ਚ ਹਿੰਦੀ ਫਿਲਮ ਜਗਤ ਵਿਚ ਖੂਬਸੂਰਤ ਅਦਾਕਾਰਾ ਜਬੀਨ ਜਲੀਲ ਦੀ ਆਮਦ ਹੋਈ ਜਿਸ ਨੇ ਆਪਣੀ ਦਿਲਕਸ਼ ਅਦਾਕਾਰੀ ਦੇ ਸਿਰ 'ਤੇ ਪਛਾਣ ਕਾਇਮ ਕੀਤੀ। ਜਬੀਨ ਜਲੀਲ ਦੀ ਪੈਦਾਇਸ਼ ਪਹਿਲੀ ਅਪਰੈਲ 1937 ਨੂੰ ਦਿੱਲੀ ਦੇ ਪੰਜਾਬੀ ਮੁਸਲਿਮ ਖਾਨਦਾਨ ਵਿਚ ਹੋਈ। ਉਹ 2 ਵਰ੍ਹਿਆਂ ਦੀ ਹੀ ਸੀ ਜਦੋਂ ਉਸ ਦੇ ਵਾਲਿਦ ਸਈਅਦ ਅਬੂ ਅਹਿਮਦ ਜਲੀਲ ਦਾ ਤਬਾਦਲਾ ਹੋ ਗਿਆ ਅਤੇ ਉਹ ਆਪਣੇ ਵਾਲਿਦ ਤੇ ਅੰਮੀ ਦਿਲਾਰਾ ਜਲੀਲ ਨਾਲ ਜਪਾਨ ਚਲੀ ਗਈ। ਚਾਰ ਸਾਲ ਬਾਅਦ ਪਰਿਵਾਰ ਬੰਬਈ ਆ ਗਿਆ। ਜਬੀਨ ਨੇ ਸ਼ੁਰੂਆਤੀ ਤਾਲੀਮ ਕੁਈਨ ਮੈਰੀ ਸਕੂਲ ਅਤੇ ਉਚ ਵਿਦਿਆ ਐਲਫਿਨਸਟੋਨ ਕਾਲਜ, ਬੰਬਈ ਤੋਂ ਹਾਸਲ ਕੀਤੀ। ਕਾਲਜ ਦੀ ਪੜ੍ਹਾਈ ਦੌਰਾਨ ਹੀ ਉਹ ਸਭਿਆਚਾਰਕ ਗਤੀਵਿਧੀਆਂ ਵਿਚ ਵਧ-ਚੜ੍ਹ ਕੇ ਸ਼ਮੂਲੀਅਤ ਕਰਦੀ ਸੀ। ਇਕ ਵਾਰ ਉਹ ਕਾਲਜ ਦੇ ਨਾਟਕ 'ਨੇਕ ਪਰਵੀਨ' ਵਿਚ ਅਹਿਮ ਭੂਮਿਕਾ ਅਦਾ ਕਰ ਰਹੀ ਸੀ। ਉਸ ਨਾਟਕ ਨੂੰ ਦੇਖਣ ਅਤੇ ਜੱਜ ਦੀ ਭੂਮਿਕਾ ਨਿਭਾਉਣ ਫਿਲਮਸਾਜ਼ ਐਸ.ਐਮ. ਯੂਸਫ ਅਤੇ ਉਨ੍ਹਾਂ ਦੀ ਅਦਾਕਾਰਾ ਬੀਵੀ ਨਿਗਾਰ ਸੁਲਤਾਨਾ ਪਹੁੰਚੇ ਹੋਏ ਸਨ। ਉਨ੍ਹਾਂ ਨੂੰ ਜਬੀਨ ਦੀ ਅਦਾਕਾਰੀ ਬੜੀ ਪਸੰਦ ਆਈ ਤੇ ਉਸ ਨੂੰ ਬਿਹਤਰੀਨ ਅਦਾਕਾਰਾ ਦਾ ਪੁਰਸਕਾਰ ਮਿਲਿਆ। ਯੂਸਫ ਨੇ ਜਬੀਨ ਨੂੰ ਆਪਣੀ ਨਵੀਂ ਫਿਲਮ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਇਸ ਤਰ੍ਹਾਂ ਉਸ ਨੂੰ ਫਿਲਮਾਂ 'ਚ ਕੰਮ ਕਰਨ ਦਾ ਮੌਕਾ ਮਿਲ ਗਿਆ।

ਇਸ ਫਿਲਮ ਦਾ ਨਾਮ ਸੀ 'ਗੁਜ਼ਾਰਾ' (1954) ਜੋ ਬਤੌਰ ਅਦਾਕਾਰਾ ਜਬੀਨ ਦੀ ਪਹਿਲੀ ਹਿੰਦੀ ਫਿਲਮ ਸੀ। ਇਸ ਫਿਲਮ ਨੂੰ ਭਾਵੇਂ ਬਹੁਤੀ ਕਾਮਯਾਬੀ ਨਹੀਂ ਮਿਲੀ ਪਰ ਜਬੀਨ ਦੀ ਚਰਚਾ ਹੋਈ। ਉਸ ਦੀ ਦੂਸਰੀ ਹਿੰਦੀ ਫਿਲਮ 'ਲੁਟੇਰਾ' (1955) ਸੀ ਜਿਸ ਵਿਚ ਹੀਰੋ ਦਾ ਪਾਤਰ ਨਾਸਿਰ ਖਾਨ (ਦਲੀਪ ਕੁਮਾਰ ਦਾ ਭਰਾ) ਨੇ ਅਦਾ ਕੀਤਾ। 'ਚਾਰ ਮੀਨਾਰ' (1956) 'ਚ ਇਕ ਵਾਰ ਫੇਰ ਨਾਸਿਰ ਖਾਨ, ਜਬੀਨ ਦੇ ਹੀਰੋ ਸਨ। 'ਕੀਮਤ' (1956) ਵਿਚ ਉਹ ਅਭੀ ਭੱਟਾਚਾਰਿਆ ਤੇ ਰੇਹਾਨਾ ਦਰਮਿਆਨ ਦੂਜੀ ਹੀਰੋਇਨ ਵਜੋਂ ਮੌਜੂਦ ਸੀ। 'ਨਈ ਦਿੱਲੀ' (1958) 'ਚ ਉਸ ਨੇ ਕਿਸ਼ੋਰ ਕੁਮਾਰ ਦੀ ਛੋਟੀ ਭੈਣ ਦਾ ਕਿਰਦਾਰ ਨਿਭਾਇਆ। ਇਸ ਫਿਲਮ ਨੇ ਜਬੀਨ ਦੀ ਅਦਾਕਾਰੀ ਨੂੰ ਪੁਖਤਾ ਪਛਾਣ ਦਿੱਤੀ। ਫਿਲਮ 'ਫੈਸ਼ਨ' (1957) 'ਚ ਚੰਦਰ ਸ਼ੇਖਰ ਨਾਲ ਹੀਰੋਇਨ ਦਾ ਕਿਰਦਾਰ ਨਿਭਾਇਆ। 'ਹੱਥਕੜੀ' (1958) 'ਚ ਉਸ ਨੇ ਮੋਤੀ ਲਾਲ ਦੇ ਰੂ-ਬ-ਰੂ ਹੀਰੋਇਨ ਦਾ ਪਾਰਟ ਅਦਾ ਕੀਤਾ। 'ਪੰਚਾਇਤ' (1958) ਵਿਚ ਉਸ ਦਾ ਹੀਰੋ ਮਨੋਜ ਕੁਮਾਰ ਸੀ। ਇਕਬਾਲ ਕੁਰੈਸ਼ੀ ਦੇ ਸੰਗੀਤ 'ਚ ਜਬੀਨ ਅਤੇ ਸ਼ਿਆਮਾ 'ਤੇ ਫਿਲਮਾਇਆ 'ਤਾ ਥੈਯਾ ਕਰਤੇ ਆਨਾ ਓ ਜਾਦੂਗਰ ਮੋਰੇ ਸਈਆਂ' (ਲਤਾ ਮੰਗੇਸ਼ਕਰ, ਗੀਤਾ ਦੱਤ) ਅਤੇ ਮਨੋਜ ਕੁਮਾਰ ਤੇ ਜਬੀਨ 'ਤੇ ਫਿਲਮਾਇਆ ਗੀਤ 'ਹਾਲ ਯਹ ਕਰ ਦੀਯਾ ਜ਼ਾਲਿਮ' (ਮੁਹੰਮਦ ਰਫੀ, ਗੀਤਾ ਦੱਤ) ਬੜੇ ਪਸੰਦ ਕੀਤੇ ਗਏ।

ਫਿਲਮ 'ਰਾਗਿਨੀ' (1958) 'ਚ ਜਬੀਨ ਨੇ ਰਾਗਿਨੀ ਦਾ ਪਾਤਰ ਅਤੇ ਕਿਸ਼ੋਰ ਕੁਮਾਰ ਨੇ ਰਾਜਨ ਦਾ ਕਿਰਦਾਰ ਨਿਭਾਇਆ। ਓ. ਪੀ. ਨਈਅਰ ਦੇ ਸੰਗੀਤ 'ਚ ਜਬੀਨ ਤੇ ਕਿਸ਼ੋਰ ਕੁਮਾਰ 'ਤੇ ਫਿਲਮਾਇਆ 'ਪਿਯਾ ਮੈਂ ਹੂੰ ਪਤੰਗ ਤੂੰ ਡੋਰ' (ਆਸ਼ਾ ਭੋਸਲੇ, ਕਿਸ਼ੋਰ ਕੁਮਾਰ) ਵੀ ਬਹੁਤ ਪਿਆਰਾ ਗੀਤ ਹੈ। ਫਿਲਮ 'ਬੇਦਰਦ ਜ਼ਮਾਨਾ ਕਯਾ ਜਾਨੇ' (1959) 'ਚ ਉਸ ਨੇ ਨਿਰੂਪਾ ਰਾਏ ਦੀ ਧੀ ਦਾ ਰੋਲ ਨਿਭਾਇਆ। ਕਲਿਆਣ ਜੀ ਵੀਰ ਸ਼ਾਹ ਦੇ ਸੰਗੀਤ 'ਚ ਰਜਿੰਦਰ ਕ੍ਰਿਸ਼ਨ ਲਿਖਤ ਸੁਦੇਸ਼ ਤੇ ਜਬੀਨ 'ਤੇ ਫਿਲਮਾਇਆ ਗੀਤ 'ਦੂਰ ਕਹੀਂ ਤੂ ਚੱਲ' (ਲਤਾ, ਰਫੀ), 'ਨੈਨਾ ਹੈ ਜਾਦੂ ਭਰੇ ਓ ਗੋਰੀ ਤੇਰੇ' (ਮੁਕੇਸ਼) ਤੋਂ ਇਲਾਵਾ 'ਕੈਦ ਮੇਂ ਹੈ ਬੁਲਬੁਲ ਸੱਯਾਦ ਮੁਸਕਰਾਏ' (ਲਤਾ ਮੰਗੇਸ਼ਕਰ) ਗੀਤ ਨੂੰ ਜਬੀਨ ਆਪਣਾ ਬਿਹਤਰੀਨ ਗੀਤ ਮੰਨਦੀ ਹੈ।

ਫਿਲਮ 'ਜੱਗਾ ਡਾਕੂ' (1959) ਉਸ ਨੇ ਅਦਾਕਾਰ ਜੈਰਾਜ ਨਾਲ ਕੀਤੀ। ਫਿਲਮ 'ਰਾਤ ਕੇ ਰਾਹੀ' (1959) 'ਚ ਉਸ ਨੇ ਪਹਿਲੀ ਵਾਰ ਸ਼ਮੀ ਕਪੂਰ ਦੀ ਹੀਰੋਇਨ ਦਾ ਰੋਲ ਨਿਭਾਇਆ। 'ਬਟਵਾਰਾ' (1961) ਵਿਚ ਜਬੀਨ ਅਤੇ ਜਵਾਹਰ ਕੌਲ 'ਤੇ ਫਿਲਮਾਇਆ ਗੀਤ 'ਯੇਹ ਰਾਤ ਯੇਹ ਫਿਜ਼ਾਏਂ' (ਆਸ਼ਾ, ਰਫੀ) ਬੜਾ ਪਸੰਦ ਕੀਤਾ ਗਿਆ। ਉਸ ਦੀਆਂ ਫਿਲਮਾਂ ਵਿਚ 'ਖਿਲਾੜੀ' (1961), 'ਜਾਦੂਗਰ ਡਾਕੂ', 'ਸੱਚੇ ਮੋਤੀ', (1962), 'ਤਾਜ ਮਹਿਲ', 'ਸਦਨ ਧਾਰਕ', ਜਿੰਗਾਰੂ' (1963), 'ਰਾਜੂ' (1967) ਸ਼ਾਮਲ ਹਨ। 'ਵਚਨ' (1974) ਸਹਾਇਕ ਅਦਾਕਾਰਾ ਵਜੋਂ ਉਸ ਦੀ ਆਖਰੀ ਫਿਲਮ ਸੀ। ਇਸ ਫਿਲਮ ਤੋਂ ਬਾਅਦ ਉਸ ਨੇ 2004-05 ਵਿਚ ਦੂਰਦਰਸ਼ਨ ਦੇ ਲੜੀਵਾਰ 'ਹਵਾਏਂ' ਵਿਚ ਅਦਾਕਾਰੀ ਕੀਤੀ।

1968 ਵਿਚ ਜਬੀਨ ਦਾ ਵਿਆਹ ਕਸ਼ਮੀਰੀ ਹਿੰਦੂ ਖਾਨਦਾਨ ਦੇ ਫਰਜ਼ੰਦ ਅਸ਼ੋਕ ਕਾਕ ਨਾਲ ਹੋਇਆ ਜੋ ਉਨ੍ਹੀਂ ਦਿਨੀਂ ਕੋਡੈਕ ਕੰਪਨੀ ਦੇ ਪ੍ਰਧਾਨ ਅਤੇ ਦੇਸ਼ ਦੇ ਸਭ ਤੋਂ ਛੋਟੀ ਉਮਰ ਦੇ ਸੀ.ਈ.ਓ. ਸਨ। ਵਿਆਹ ਤੋਂ ਬਾਅਦ ਜਬੀਨ ਨੇ ਫਿਲਮਾਂ ਦੀ ਬਜਾਏ ਆਪਣੀ ਗ੍ਰਹਿਸਥੀ ਸੰਭਾਲਣ ਨੂੰ ਤਰਜੀਹ ਦਿੱਤੀ। ਅੱਜ ਕੱਲ੍ਹ ਉਹ ਆਪਣੇ ਪਤੀ ਅਸ਼ੋਕ ਕਾਕ ਅਤੇ ਪੁੱਤਰ ਦਿਵਿਜ ਕਾਕ ਨਾਲ ਮੁੰਬਈ ਵਿਚ ਰਹਿ ਰਹੀ ਹੈ। ਦਿਵਿਜ ਕਾਕ ਨੇ ਵੀ ਮਾਂ ਦੇ ਨਕਸ਼-ਏ-ਕਦਮ 'ਤੇ ਚੱਲਦਿਆਂ ਦੋ ਹਿੰਦੀ ਫਿਲਮਾਂ 'ਸਾਥੀ' (2005) ਅਤੇ 'ਪਹਿਲੀ ਨਜ਼ਰ ਕਾ ਪਿਆਰ' (2008) ਵਿਚ ਅਦਾਕਾਰੀ ਕੀਤੀ।

*-ਮਨਦੀਪ ਸਿੰਘ ਸਿੱਧੂ*

## ਜਬੀਨ ਦੀਆਂ ਚਾਰ ਪੰਜਾਬੀ ਫਿਲਮਾਂ

ਹਿੰਦੀ ਫਿਲਮਾਂ ਦੇ ਨਾਲ-ਨਾਲ ਉਸ ਨੇ ਚਾਰ ਪੰਜਾਬੀ ਫਿਲਮਾਂ ਵਿਚ ਵੀ ਯਾਦਗਾਰੀ ਅਦਾਕਾਰੀ ਕੀਤੀ। ਉਸ ਦੀ ਪਹਿਲੀ ਪੰਜਾਬੀ ਫਿਲਮ 'ਚੌਧਰੀ ਕਰਨੈਲ ਸਿੰਘ' (1962) ਸੀ। ਵੰਡ 'ਤੇ ਆਧਾਰਿਤ ਇਸ ਫਿਲਮ 'ਚ ਜਬੀਨ ਨੇ ਮੁਸਲਿਮ ਲੜਕੀ ਦੀ ਭੂਮਿਕਾ ਨਿਭਾਈ। ਪੰਡਤ ਹਰਬੰਸ ਦੇ ਸੰਗੀਤ 'ਚ ਬੀ.ਸੀ. ਬੇਕਲ 'ਅੰਮ੍ਰਿਤਸਰੀ' ਦੇ ਲਿਖੇ ਜਬੀਨ ਤੇ ਪ੍ਰੇਮ ਚੋਪੜਾ 'ਤੇ ਫਿਲਮਾਏ ਗੀਤ 'ਬੇਲੀਆ ਹੋ ਹਾਣੀਆ ਹੋ... ਆਜਾ ਵੇ ਆਜਾ ਆ ਕੇ ਮੁੜ ਨਾ ਜਾਣ ਬਹਾਰਾਂ' (ਸੁਮਨ ਕਲਿਆਣਪੁਰ), ਭੰਗੜਾ ਗੀਤ 'ਅੱਡੀ ਮਾਰ ਕੇ ਨੱਚੀ ਜਦੋਂ ਬੰਤੋ' (ਮੁਹੰਮਦ ਰਫੀ, ਆਸ਼ਾ ਭੋਸਲੇ, ਮੀਨੂੰ ਪੁਰਸ਼ੋਤਮ), ਕੱਵਾਲੀ 'ਪਿਆਰ ਪਾਉਣਾ ਔਖਾ ਤੇ ਨਿਭਾਉਣਾ ਸੌਖਾ ਏ' (ਆਸ਼ਾ ਭੋਸਲੇ, ਊਸ਼ਾ ਮੰਗੇਸ਼ਕਰ) ਤੋਂ ਇਲਾਵਾ ਜਬੀਨ 'ਤੇ ਫਿਲਮਾਇਆ ਵਿਦਾਈ ਗੀਤ 'ਓ ਘਰ ਬਾਬੁਲ ਦਾ ਛੱਡ ਕੇ ਧੀਏ, ਧੀਆਂ ਇਕ ਦਿਨ ਜਾਣਾ ਏ' (ਮੁਹੰਮਦ ਰਫੀ) ਵੀ ਸੁਣਨ ਵਾਲਿਆਂ ਦੀਆਂ ਅੱਖਾਂ ਨਮ ਕਰ ਜਾਂਦਾ ਹੈ।


1962 ਵਿਚ ਇਸ ਫਿਲਮ ਨੂੰ ਬਿਹਤਰੀਨ ਪੰਜਾਬੀ ਫਿਲਮ ਦਾ ਕੌਮੀ ਇਨਾਮ ਮਿਲਿਆ। 'ਗੀਤ ਬਹਾਰਾਂ ਦੇ' (1964) ਵਿਚ ਮੁੱਖ ਕਿਰਦਾਰ ਜਬੀਨ ਅਤੇ ਮਨੋਹਰ ਦੀਪਕ ਦੇ ਸਨ। ਦੱਤਾ ਰਾਮ ਦੇ ਸੰਗੀਤ 'ਚ ਜਬੀਨ ਤੇ ਮਨੋਹਰ ਦੀਪਕ 'ਤੇ ਫਿਲਮਾਏ 'ਸੋਹਣੇ ਰੱਬ ਦੀਆਂ ਕੀ ਕਰੀਏ' (ਮੁਹੰਮਦ ਰਫੀ, ਆਸ਼ਾ ਭੋਸਲੇ), 'ਵੇ ਚੰਨਾ ਅੱਖੀਆਂ 'ਚ ਘੋਲ ਦੇ ਅੱਖੀਆਂ' (ਲਤਾ ਮੰਗੇਸ਼ਕਰ, ਮਹਿੰਦਰ ਕਪੂਰ), 'ਤੂੰ ਤੇ ਸੌਂ ਗਈ ਗੂੜ੍ਹੀ ਨੀਂਦਰੇ' (ਲਤਾ ਮੰਗੇਸ਼ਕਰ) ਗੀਤ ਬੜੇ ਪਸੰਦ ਕੀਤੇ ਗਏ। 'ਇਹ ਧਰਤੀ ਪੰਜਾਬ ਦੀ' (1966) ਵਿਚ ਨਕਸ਼ ਲਾਇਲਪੁਰੀ ਦਾ ਲਿਖਿਆ ਅਤੇ ਜਬੀਨ ਤੇ ਪ੍ਰੇਮ ਚੋਪੜਾ 'ਤੇ ਫਿਲਮਾਇਆ ਗੀਤ 'ਸੁਣਦੀ ਜਾ ਇਕ ਗੱਲ ਨੀਂ ਕੁੜੀਏ' (ਐਸ. ਬਲਬੀਰ, ਮੀਨੂੰ ਪ੍ਰਸ਼ੋਤਮ) ਵੀ ਖੂਬ ਚੱਲਿਆ। ਉਸ ਦੀ ਚੌਥੀ ਪੰਜਾਬੀ ਫਿਲਮ 'ਕਦੇ ਧੁੱਪ ਕਦੇ ਛਾਂ' (1966) ਸੀ। ਪਰਿਵਾਰ ਨਿਯੋਜਨ 'ਤੇ ਆਧਾਰਿਤ ਇਸ ਫਿਲਮ ਵਿਚ ਜਬੀਨ ਦਾ ਹੀਰੋ ਪੁਰਿੰਦਰ ਸੀ। ਹਰਬੰਸ ਦੇ ਸੰਗੀਤ 'ਚ ਨਕਸ਼ ਲਾਇਲਪੁਰੀ ਦੇ ਲਿਖੇ ਅਤੇ ਜਬੀਨ 'ਤੇ ਫਿਲਮਾਏ 'ਓਏ ਡਿੱਗ-ਡਿੱਗ ਪੈਂਦੀ ਚੁੰਨੀ ਸਿਲਕ ਦੀ ਜਾਵੇ ਤਿਲ੍ਹਕ ਦੀ' (ਕ੍ਰਿਸ਼ਨ ਕੱਲੇ) ਅਤੇ 'ਹੱਥ ਵਟਾ ਲੈ ਹਈ ਸ਼ਾ... ਚੱਲੀ ਟੋਕਰੀ' (ਐਸ. ਬਲਬੀਰ, ਬਦਰੀ, ਮੀਨਾ ਪਟਕੀ, ਸ਼ੈਲਜਾ) ਗੀਤ ਪਸੰਦ ਕੀਤੇ ਗਏ। ਇਸ ਫਿਲਮ ਨੂੰ ਬਿਹਤਰੀਨ ਕਹਾਣੀ ਦਾ ਸਟੇਟ ਐਵਾਰਡ ਵੀ ਮਿਲਿਆ।

# ਰੰਗ ਅਤੇ ਫਿਲਮਾਂ ਦੀ ਦੁਨੀਆਂ

ਰੰਗਾਂ ਦਾ ਜ਼ਿੰਦਗੀ ਨਾਲ ਗੂੜ੍ਹਾ ਅਤੇ ਗਹਿਰਾ ਸਬੰਧ ਹੈ। ਰੰਗਾਂ ਤੋਂ ਬਿਨਾ ਜ਼ਿੰਦਗੀ ਨੀਰਸ ਲੱਗਦੀ ਹੈ। ਖਾਸ ਤੌਰ 'ਤੇ ਤਸਵੀਰਾਂ ਰੰਗਾਂ ਤੋਂ ਬਗੈਰ ਜਚਦੀਆਂ ਹੀ ਨਹੀਂ। ਫਿਲਮਾਂ ਵੀ ਚੱਲਦੀਆਂ ਫਿਰਦੀਆਂ ਤਸਵੀਰਾਂ ਹਨ, ਇਨ੍ਹਾਂ ਦਾ ਰੰਗੀਨ ਹੋਣਾ ਵੀ ਦਰਸ਼ਕਾਂ ਅੰਦਰ ਸੁਹਜ-ਸੁਆਦ ਤੇ ਚੇਤਨਾ ਪੈਦਾ ਕਰਦਾ ਹੈ। ਜਿਸ ਸਮੇਂ ਕਾਲੀਆਂ-ਚਿੱਟੀਆਂ ਫਿਲਮਾਂ ਤੋਂ ਬਾਅਦ ਰੰਗਦਾਰ ਫਿਲਮਾਂ ਦਰਸ਼ਕਾਂ ਦੇ ਸਾਹਮਣੇ ਆਈਆਂ ਹੋਣਗੀਆਂ ਤਾਂ ਸੁਭਾਵਿਕ ਤੌਰ 'ਤੇ ਹੀ ਇਨ੍ਹਾਂ ਫਿਲਮਾਂ ਨੇ ਦਰਸ਼ਕਾਂ ਦੇ ਮਨ ਮੋਹ ਲਏ ਹੋਣਗੇ।

ਦੂਜੇ ਪਾਸੇ ਖਾਸ ਧਿਆਨ ਦੇਣ ਵਾਲੀ ਗੱਲ ਹੈ ਕਿ ਜਿਹੜੀਆਂ ਫਿਲਮਾਂ ਦੇ ਨਾਮ ਰੰਗਾਂ ਦੇ ਨਾਵਾਂ 'ਤੇ ਰੱਖੇ ਗਏ, ਉਨ੍ਹਾਂ ਫਿਲਮਾਂ ਦੇ ਬਿਰਤਾਂਤ ਦਰਸ਼ਕਾਂ 'ਤੇ ਕੀ ਪ੍ਰਭਾਵ ਪਾਉਂਦੇ ਹਨ? ਉਨ੍ਹਾਂ ਬਾਰੇ ਵਾਕਿਫ ਹੋਣਾ ਬਹੁਤ ਜ਼ਰੂਰੀ ਹੈ ਕਿ ਫਿਲਮਾਂ ਦੇ ਸਿਰਲੇਖ ਜੋ ਰੰਗਾਂ ਦੇ ਨਾਵਾਂ 'ਤੇ ਹਨ, ਕੀ ਉਹ ਫਿਲਮਾਂ ਨਾਲ ਨਿਆਂ ਕਰਦੇ ਹਨ? ਜਿਵੇਂ 'ਰੰਗ ਦੇ ਬਸੰਤੀ', 'ਕੇਸਰੀ', 'ਪਿੰਕ', 'ਗੁਲਾਬੀ ਗੈਂਗ', 'ਦਿ ਸਕਾਈ ਇਜ਼ ਪਿੰਕ', 'ਬਲੈਕ', 'ਬਲੈਕ ਫਰਾਈਡੇਅ', 'ਕਾਲਾ ਸੋਨਾ', 'ਗੋਲਡ', 'ਖਾਕੀ', 'ਮਹਿੰਦੀ', ਬਲਿਊ', 'ਬਲਿਊ ਅੰਬਰੇਲਾ' ਆਦਿ।

'ਰੰਗ ਦੇ ਬਸੰਤੀ' ਫਿਲਮ ਵਿਚ ਦੋ ਸਮਾਨਾਂਤਰ ਬਿਰਤਾਂਤ ਚੱਲਦੇ ਹਨ। ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਜੀਵਨ ਅਤੇ ਦੂਸਰੀ ਤਰਫ ਮੌਜੂਦਾ ਨੌਜਵਾਨ ਪੀੜ੍ਹੀ ਅੰਦਰ ਸਵੈਮਾਣ ਦੀ ਤਲਬ ਜਗਾਉਣ ਦੀ ਗੱਲ ਤੁਰਦੀ ਹੈ। ਬਸੰਤੀ ਰੰਗ ਆਜ਼ਾਦੀ ਤੇ ਸਵੈਮਾਣ ਦਾ ਪ੍ਰਤੀਕ ਹੈ ਜਿਸ ਕਰਕੇ ਨਿਰਦੇਸ਼ਕ ਤੇ ਲੇਖਕ ਵਲੋਂ ਇਸ ਰੰਗ ਦੀ ਭਾਵਪੂਰਨ ਵਰਤੋਂ ਕੀਤੀ ਗਈ ਹੈ ਜਦੋਂਕਿ ਕੇਸਰੀ ਰੰਗ ਨੂੰ ਹਿੰਦੋਸਤਾਨੀ ਸਭਿਆਚਾਰ ਵਿਚ ਬਲੀਦਾਨ, ਭਾਵ ਕੁਰਬਾਨੀ ਦਾ ਰੰਗ ਮੰਨਿਆ ਜਾਂਦਾ ਹੈ। 'ਕੇਸਰੀ' ਫਿਲਮ ਵਿਚ ਸਿੱਖ ਫੌਜੀਆਂ ਵਲੋਂ ਅਫਗਾਨਿਸਤਾਨ ਦੇ ਕਬਾਇਲੀ ਲੋਕਾਂ ਨਾਲ ਯੁੱਧ ਦਿਖਾਇਆ ਗਿਆ ਹੈ। ਸਿੱਖ ਫੌਜੀ ਬਸਤੀਵਾਦੀ ਸਰਕਾਰ ਵਲੋਂ ਲੜਦੇ ਹਨ। ਇਨ੍ਹਾਂ ਫੌਜੀਆਂ ਦੀ ਸ਼ਹਾਦਤ ਤਾਂ ਆਜ਼ਾਦੀ ਦੀ ਲੜਾਈ ਲੜ ਰਹੇ ਅਫਗਾਨਾਂ ਕਰਕੇ ਹੁੰਦੀ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਅਫਗਾਨਿਸਤਾਨ ਦੇ ਲੋਕ ਜੋ ਆਪਣੇ ਹੱਕਾਂ ਲਈ ਬਸਤੀਵਾਦੀ ਸਰਕਾਰ ਨਾਲ ਲੜ ਰਹੇ ਸਨ, ਉਨ੍ਹਾਂ ਦੀ ਲੜਾਈ ਨੂੰ ਕਿਸ ਅਰਥਾਂ ਵਿਚ ਲੈਣਾ ਚਾਹੀਦਾ ਹੈ?










ਫਿਲਮ 'ਰੰਗ ਦੇ ਬਸੰਤੀ', 'ਬਲੈਕ' ਅਤੇ 'ਦਿ ਸਕਾਈ ਇਜ਼ ਪਿੰਕ' ਦੇ ਪੋਸਟਰ।

ਫਿਲਮ 'ਪਿੰਕ' ਅਨਿਰੁਧ ਰਾਏ ਚੌਧਰੀ ਦੇ ਨਿਰਦੇਸ਼ਨ ਹੇਠ ਬਣੀ ਹੈ। 'ਪਿੰਕ' ਰੰਗ ਦੀ ਮਹੱਤਤਾ ਅੰਗਰੇਜ਼ੀ ਭਾਵ ਪੱਛਮੀ ਸਭਿਆਚਾਰ ਦੇ ਪ੍ਰਸੰਗ ਵਿਚ ਦੇਖਣੀ ਪਵੇਗੀ, ਭਾਵੇਂ 'ਪਿੰਕ' ਨੂੰ ਗੁਲਾਬੀ, ਭਾਵ ਲਾਲ ਦੇ ਅਰਥਾਂ ਵਿਚ ਸਮਝ ਲਿਆ ਜਾਂਦਾ ਹੈ ਪਰ ਗੁਲਾਬੀ ਤਾਂ ਸੂਹਾ ਰੰਗ ਹੈ, 'ਪਿੰਕ' ਰੰਗ ਦਾ ਸੁਭਾਅ ਲਾਲ ਦੇ ਮੁਕਾਬਲੇ ਹਲਕਾ ਤੇ ਨਰਮ ਤਬੀਅਤ ਵਾਲਾ ਹੈ। 'ਪਿੰਕ' ਲਾਲ ਰੰਗ ਦਾ ਹੀ ਫਿੱਕਾ ਜਿਹਾ ਭਾਅ ਮਾਰਨ ਵਾਲਾ ਰੰਗ ਹੈ। ਫਿਲਮ ਦੇ ਸਿਰਲੇਖ ਤੋਂ ਹੀ ਸਪਸ਼ਟ ਹੋ ਜਾਂਦਾ ਹੈ ਕਿ ਔਰਤਾਂ ਦੇ ਸਵੈਮਾਣ ਤੇ ਅਧਿਕਾਰਾਂ ਦੀ ਗੱਲ ਮਰਦ ਪ੍ਰਧਾਨ ਸਮਾਜ ਵਲੋਂ ਬਣਾਏ ਨੈਤਿਕ ਤੇ ਕਾਨੂੰਨ ਦੇ ਦਾਇਰੇ ਅੰਦਰ ਰਹਿ ਕੇ ਹੀ ਹੋ ਸਕਦੀ ਹੈ।

ਇਸੇ ਤਰ੍ਹਾਂ ਦੇ ਵਿਸ਼ੇ ਵਾਲੀ ਦੂਸਰੀ ਫਿਲਮ 'ਗੁਲਾਬੀ ਗੈਂਗ' ਹੈ। ਜਿਸ ਤਰ੍ਹਾਂ ਗੁਲਾਬ ਦਾ ਰੰਗ ਸੂਹਾ ਭਾਵ ਗੂੜ੍ਹਾ ਲਾਲ ਹੈ, ਠੀਕ ਫਿਲਮ ਦਾ ਬਿਰਤਾਂਤ ਵੀ 'ਪਿੰਕ' ਫਿਲਮ ਦੇ ਸੁਭਾਅ ਵਾਂਗ ਨਹੀਂ ਸਗੋਂ ਉਸ ਦੇ ਉਲਟ ਚੱਲਦਾ ਹੈ। 'ਪਿੰਕ' ਪੱਛਮੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਅਧੀਨ ਬਣੀ ਫਿਲਮ ਹੈ; ਦੂਸਰੇ ਪਾਸੇ 'ਗੁਲਾਬੀ ਗੈਂਗ' ਫਿਲਮ ਪੇਂਡੂ ਔਰਤਾਂ ਦੀ ਆਪਣੇ ਅਧਿਕਾਰਾਂ ਦੇ ਸੰਘਰਸ਼ ਦੀ ਕਹਾਣੀ ਹੈ। ਉਹ ਆਪਣੇ ਕੁਦਰਤੀ ਸੁਭਾਅ ਵਾਂਗ ਮਰਦ ਪ੍ਰਧਾਨ ਸਮਾਜ ਨਾਲ ਭਿੜ ਕੇ ਔਰਤਾਂ ਦੇ ਅਧਿਕਾਰਾਂ ਦੀ ਲੜਾਈ ਲੜਦੀਆਂ ਹਨ।

ਤੀਜੀ ਫਿਲਮ 'ਦਿ ਸਕਾਈ ਇਜ਼ ਪਿੰਕ' ਸੋਨਾਲੀ ਬੋਸ ਦੇ ਨਿਰਦੇਸ਼ਨ ਹੇਠ ਤਿਆਰ ਹੋਈ ਹੈ। ਇਸ ਦਾ ਸਿਰਲੇਖ ਅਸਮਾਨ ਦੀ ਗੱਲ ਕਰਦਾ ਹੈ ਕਿ ਉਹ 'ਪਿੰਕ' ਹੈ। 'ਪਿੰਕ' ਇਥੇ ਵੀ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਉਭਰਿਆ ਰੰਗ ਹੈ। ਇਹ ਰੰਗ ਫਿਲਮ ਵਿਚ ਮਿੱਥਾਂ ਨੂੰ ਤੋੜ ਕੇ ਖਾਹਿਸ਼ਾਂ ਦਾ ਪ੍ਰਤੀਕ ਬਣਦਾ ਹੈ। ਉਹ ਵੀ ਔਰਤਾਂ ਦੀਆਂ ਖਾਹਿਸ਼ਾਂ ਦਾ। ਫਿਲਮ ਬਿਰਤਾਂਤ ਹਿੰਦੋਸਤਾਨੀ ਸਭਿਅਤਾ ਦੇ ਧਰਾਤਲ 'ਤੇ ਨਹੀਂ ਵਿਚਰਦਾ, ਭਾਵ ਹਿੰਦੋਸਤਾਨੀ ਸਭਿਅਤਾ ਦੀਆਂ ਨੈਤਿਕ ਕਦਰਾਂ-ਕੀਮਤਾਂ 'ਤੇ ਖਰਾ ਨਹੀਂ ਉਤਰਦਾ। ਇਹ ਫਿਲਮ ਭਾਵੁਕਤਾ ਦੇ ਵਹਿਣ ਵਿਚ ਵਹਿੰਦੀ ਹੋਈ ਬਣੀਆਂ ਬਣਾਈਆਂ ਕਦਰਾਂ-ਕੀਮਤਾਂ ਦੇ ਉਲਟ ਗੱਲ ਕਰਦੀ ਹੈ। ਕਿਉਂ ਇਸ ਫਿਲਮ ਵਿਚ ਮਾਂ-ਪਿਓ ਵਲੋਂ ਆਪਣੀ ਕੁੜੀ ਨੂੰ ਬਿਮਾਰੀ ਦੀ ਹਾਲਾਤ ਵਿਚ ਜ਼ਿੰਦਗੀ ਨਾਲ ਜਦੋ-ਜਹਿਦ ਕਰਦੇ ਦੇਖਿਆ ਗਿਆ ਹੈ। ਇਸੇ ਕਰਕੇ 'ਦਿ ਸਕਾਈ ਇਜ਼ ਬਲਿਊ' ਦੀ ਮਿੱਥ ਨੂੰ ਤੋੜ ਕੇ ਫਿਲਮ ਦਾ ਸਿਰਲੇਖ 'ਦਿ ਸਕਾਈ ਇਜ਼ ਪਿੰਕ' ਰੱਖਿਆ ਗਿਆ ਲੱਗਦਾ ਹੈ।

ਇਨ੍ਹਾਂ ਫਿਲਮਾਂ ਤੋਂ ਇਲਾਵਾ 'ਬਲੈਕ' ਫਿਲਮ ਸੰਜੇ ਲੀਲਾ ਭੰਸਾਲੀ ਦੇ ਨਿਰਦੇਸ਼ਨ ਹੇਠ ਬਣੀ ਜਿਸ ਵਿਚ ਮੁੱਖ ਅਦਾਕਾਰਾ ਰਾਣੀ ਮੁਖਰਜੀ ਜਿਸ ਕੁੜੀ ਦਾ ਰੋਲ ਕਰਦੀ ਹੈ, ਉਹ ਬਿਮਾਰੀ ਕਾਰਨ ਨਾ ਸੁਣ ਸਕਦੀ ਹੈ ਅਤੇ ਨਾ ਹੀ ਬੋਲ ਸਕਦੀ ਹੈ। ਇਸ ਕਰਕੇ ਉਸ ਦਾ ਇਸ ਸੰਸਾਰ ਨਾਲੋਂ ਨਾਤਾ ਟੁੱਟ ਜਾਂਦਾ ਹੈ ਜਿਸ ਕਰਕੇ ਉਸ ਦੀ ਜ਼ਿੰਦਗੀ ਹਨੇਰੇ ਵਾਂਗ ਬਤੀਤ ਹੁੰਦੀ ਹੈ। ਇਸ ਵਿਚ ਕਾਲੇ ਨੂੰ ਹਨੇਰੇ ਦੇ ਅਰਥਾਂ ਵਿਚ ਵਿਚਾਰਿਆ ਜਾਂਦਾ ਹੈ।

ਦੂਸਰੀ ਫਿਲਮ 'ਬਲੈਕ ਫਰਾਈਡੇਅ' ਵਿਚ 'ਬਲੈਕ' ਨੂੰ ਨਾਕਾਰਾਤਮਕ ਵਰਤਾਰੇ ਵਾਲਾ ਦਿਖਾਇਆ ਗਿਆ ਹੈ। ਇਹ ਫਿਲਮ 1993 ਵਿਚ ਬੰਬਈ ਬੰਬ ਕਾਂਡ ਨਾਲ ਸਬੰਧਤ ਹੈ। ਇਸੇ ਤਰ੍ਹਾਂ 'ਕਾਲਾ ਸੋਨਾ' ਫਿਲਮ ਅਫੀਮ ਦੇ ਕਾਰੋਬਾਰ 'ਤੇ ਆਧਾਰਿਤ ਹੈ। ਇਥੇ ਅਫੀਮ ਦੇ ਵਪਾਰ ਨੂੰ ਸੋਨੇ ਨਾਲ ਜੋੜ ਦਿੱਤਾ ਗਿਆ ਹੈ। ਜਿਥੇ ਕਾਲੇ ਦੇ ਅਰਥ ਭਾਵੇਂ ਵੱਖਰੇ ਹਨ ਪਰ ਸੁਭਾਅ ਪਹਿਲੀਆਂ ਫਿਲਮਾਂ ਵਰਗਾ ਹੀ ਹੋ ਨਿਬੜਦਾ ਹੈ।

ਇਸੇ ਲਈ ਰੰਗਾਂ ਦਾ ਸਿੱਧਾ ਸਬੰਧ ਸਭਿਆਚਾਰ ਅਤੇ ਖਿੱਤੇ ਨਾਲ ਹੁੰਦਾ ਹੈ ਜਿਸ ਨੂੰ ਉਸ ਸਮਾਜ ਨਾਲ ਜੋੜ ਕੇ ਹੀ ਸਮਝਿਆ ਜਾ ਸਕਦਾ ਹੈ।

*-ਜਤਿੰਦਰ ਸਿੰਘ*

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

# ਵਿਸ਼ੇਸ਼ ਸਮਾਗਮ

## ਨਵੇਂ ਸਾਲ ਦੀ ਪੂਰਬ ਸੰਧਿਆ 'ਤੇ

31 ਦਸੰਬਰ 2019 ਨੂੰ ਸ਼ਾਮ 5:30 ਤੋਂ ਰਾਤ 12 ਵਜੇ ਤੱਕ ਕੀਰਤਨ ਦਰਬਾਰ ਸਜੇਗਾ ਅਤੇ ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ
ਪਹਿਲੀ ਜਨਵਰੀ 2020 ਨੂੰ ਸਵੇਰੇ 9:30 ਤੋਂ ਬਾਅਦ ਦੁਪਹਿਰ 1:30 ਵਜੇ ਤੱਕ ਕੀਰਤਨ ਦਰਬਾਰ ਸਜੇਗਾ

## ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਕੀਰਤਨ ਦਰਬਾਰ

### ਪਹਿਲੀ ਜਨਵਰੀ 2020 (ਬੁੱਧਵਾਰ)

ਸ਼ਾਮ 5:30 ਤੋਂ ਰਾਤ 12:30 ਵਜੇ ਤੱਕ ਕੀਰਤਨ ਦਰਬਾਰ ਸਜੇਗਾ ਅਤੇ ਪ੍ਰਕਾਸ਼ ਪੁਰਬ ਦੀ ਕਥਾ ਹੋਵੇਗੀ। ਸਮਾਗਮ ਦੀ ਸਮਾਪਤੀ ਆਰਤੀ ਅਤੇ ਗੁਰੂ ਗ੍ਰੰਥ ਸਾਹਿਬ ਉਤੇ ਫੁੱਲਾਂ ਦੀ ਵਰਖਾ ਨਾਲ ਹੋਵੇਗੀ।

### 2 ਜਨਵਰੀ 2020 (ਵੀਰਵਾਰ)

ਸਵੇਰੇ 9 ਵਜੇ ਤੋਂ ਦੁਪਹਿਰ 1:30 ਵਜੇ ਤੱਕ ਕੀਰਤਨ ਦਰਬਾਰ ਸਜੇਗਾ। ਰਾਗੀ ਸਿੰਘ ਸ਼ਬਦ ਕੀਰਤਨ ਅਤੇ ਕਥਾਵਾਚਕ ਕਥਾ ਵਿਆਖਿਆ ਕਰਨਗੇ।

### ਪਹੁੰਚ ਰਹੇ ਜਥੇ, ਕਥਾਵਾਚਕ ਅਤੇ ਢਾਡੀ

ਭਾਈ ਬੇਤਾਬ ਸਿੰਘ (ਗੁਰਦੁਆਰਾ ਦੂਖ ਨਿਵਾਰਣ, ਲੁਧਿਆਣਾ)
ਭਾਈ ਗੁਰਪ੍ਰੀਤ ਸਿੰਘ ਬੱਲ੍ਹੜਵਾਲ
ਭਾਈ ਗੁਰਮੇਲ ਸਿੰਘ (ਸਾਬਕਾ ਹਜੂਰੀ ਰਾਗੀ, ਦਰਬਾਰ ਸਾਹਿਬ)
ਭਾਈ ਦਲਵੀਰ ਸਿੰਘ ਬਾਬਾ ਬਕਾਲਾ ਵਾਲੇ
ਬੀਬੀਆਂ ਦਾ ਕੀਰਤਨੀ ਜਥਾ-ਅਰਪਨ ਕੌਰ ਤੇ ਮਹਿਕ ਕੌਰ ਕੈਨੇਡਾ ਵਾਲੇ
ਕਥਾਵਾਚਕ ਭਾਈ ਭੁਪਿੰਦਰ ਸਿੰਘ ਬੋਪਾਰਾਏ ਦਮਦਮੀ ਟਕਸਾਲ ਵਾਲੇ
ਕਥਾਵਾਚਕ ਭਾਈ ਬਲਵਿੰਦਰ ਸਿੰਘ ਜਲੰਧਰ ਵਾਲੇ
ਢਾਡੀ ਜਥਾ ਭਾਈ ਮੋਹਣ ਸਿੰਘ ਬਡਾਣਾ

### ਸ਼ਹੀਦਾਂ ਦੀ ਯਾਦ ਵਿਚ ਪਾਠ

23 ਦਸੰਬਰ ਤੋਂ 28 ਦਸੰਬਰ 2019 ਤੱਕ ਇਸਤਰੀ ਸਤਿਸੰਗਤ ਸਭਾ ਦੀਆਂ ਬੀਬੀਆਂ ਵਲੋਂ ਰੋਜ਼ਾਨਾ
**ਸੁਖਮਨੀ ਸਾਹਿਬ ਦਾ ਪਾਠ**
ਸਮਾਂ ਸਵੇਰੇ 10:30 ਤੋਂ 12:30
ਬਾਅਦ ਦੁਪਹਿਰ 1:30 ਤੋਂ 3:30 (ਸਨਿਚਰਵਾਰ)

ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਸਾਰੇ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਣ ਯੂ-ਟਿਊਬ 'ਤੇ ਹੋਵੇਗਾ

ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-347-5659 ਜਾਂ 718-343-1030
ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)